ਚੜ੍ਹਦੀਕਲਾ ਪੜ੍ਹੋ ! ਚੜ੍ਹਦੀਕਲਾ 'ਚ ਰਹੋ ! !

ਚੜ੍ਹਦੀਕਲਾ

ਬੀਤੀ ਅੱਧੀ ਸਦੀ ਤੋਂ ਧਰੂ ਤਾਰੇ ਵਾਂਗ ਚਮਕ ਰਿਹਾ ਰੋਜ਼ਾਨਾ 'ਚੜ੍ਹਦੀਕਲਾ' ਅਖ਼ਬਾਰ

- ਦੇਸ਼ ਦੇ ਸਭ ਤੋਂ ਸੀਨੀਅਰ ਪੱਤਰਕਾਰਾਂ ਵਿਚੋਂ ਇੱਕ ਸ੍ਰ. ਜਗਜੀਤ ਸਿੰਘ ਦਰਦੀ ਦੀ ਯੋਗ ਰਹਿਨੁਮਾਈ
- ਬਿਨਾਂ ਕਿਸੇ ਸਿਆਸੀ ਦਬਾਅ ਜਾਂ ਲਾਲਚ ਤੋਂ ਨਿਰਪੱਖਤਾ ਅਤੇ ਨਿਡਰਤਾ ਨਾਲ ਲੋਕ ਮੁੱਦਿਆਂ ਨੂੰ ਪੇਸ਼ ਕਰਨਾ
- ਧਾਰਮਿਕ ਕੱਟੜਤਾ ਅਤੇ ਵਪਾਰਕ ਲਾਭਾਂ ਜਿਹੀ ਸੌੜੀ ਸੋਚ ਤੋਂ ਕੋਹਾਂ ਦੂਰ, ਕੌਮੀ ਹਿੱਤਾਂ ਨੂੰ ਸਮਰਪਿਤ ਸੋਚ
- ਪੇਸ਼ੇ ਪ੍ਰਤੀ ਇਮਾਨਦਾਰ, ਸਮਰਪਿਤ ਅਤੇ ਸੰਵੇਦਨਸ਼ੀਲ ਪੱਤਰਕਾਰ ਅਤੇ ਸੰਪਾਦਕ ਸਟਾਫ
- ਹਰ ਵਰਗ ਦੇ ਪਾਠਕਾਂ ਲਈ ਉਸਾਰੂ ਸਮੱਗਰੀ ਦੀ ਭਰਮਾਰ

ਰਾਜਨੀਤਿਕ, ਸਮਾਜਿਕ, ਆਰਥਿਕ ਅਤੇ ਹਰ ਤਰ੍ਹਾਂ ਦੀਆਂ ਤਾਜ਼ਾ ਖ਼ਬਰਾਂ

ਪੰਜਾਬ ਦੇ ਹਰ ਪਿੰਡ ਹਰ ਸ਼ਹਿਰ 'ਚ ਮਿਲਦਾ ਹੈ

ਵੱਖ-ਵੱਖ ਵਿਸ਼ਿਆਂ ਅਤੇ ਚਾਲੂ ਮਾਮਲਿਆਂ ਬਾਰੇ ਜਾਣਕਾਰੀ
ਭਰਪੂਰ ਸੰਪਾਦਕੀ ਲੇਖ, ਫੀਚਰ ਅਤੇ ਪੜ੍ਹਨਯੋਗ ਸਮੱਗਰੀ
ਆਪਣੇ ਅਖ਼ਬਾਰਾਂ ਏਜੰਟ ਤੋਂ 'ਚੜ੍ਹਦੀਕਲਾ' ਦੀ ਮੰਗ ਕਰੋ



ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬੱਤ ਦਾ ਭਲਾ

PRGI (RNI) Regd. No. 22972/1972

# ਚੜ੍ਹਦੀਕਲਾ

DAILY CHARHDIKALA, PATIALA

ਬਾਨੀ : (ਸਵ:) ਗਿ: ਹਰਨਾਮ ਸਿੰਘ ਜੀ

ਮੁੱਖ ਸੰਪਾਦਕ: ਡਾ. ਜਗਜੀਤ ਸਿੰਘ 'ਦਰਦੀ'

ਸੰਪਾਦਕ : ਹਰਪ੍ਰੀਤ ਸਿੰਘ 'ਦਰਦੀ'

(ਕੁੱਲ ਸਫ਼ੇ 12 Pages 12)

(Wednesday, 7 May, 2025) ਪਟਿਆਲਾ ਬੁੱਧਵਾਰ, 7 ਮਈ, 2025, 25 ਵੈਸਾਖ (ਦਸਮੀ), ਨਾਨਕਸ਼ਾਹੀ ਸੰਮਤ 557, ਬਿਕ੍ਰਮੀ 2082

ਰਜਿਸਟਰਡ ਪੋਸਟਲ ਰਜਿ: ਨੰ. Pb/PTA(0274)/2024-26, ਸਾਲ (Year) 57 ਅੰਕ ਨੰਬਰ (Volume No.) 125 ਮੁੱਲ : 2.00 ਰੁਪਏ ਫ਼ੋਨ: +91- 92168-07500 Posted at RMS Patiala www.charhdikala.com E-mail: news@charhdikala.com


## ਸੁਪਰੀਮ ਕੋਰਟ ਵੱਲੋਂ '84 ਸਿੱਖ ਨਸਲਕੁਸ਼ੀ ਮਾਮਲੇ 'ਚ ਮੁਲਜ਼ਮਾਂ ਨੂੰ ਨੋਟਿਸ

ਨਵੀਂ ਦਿੱਲੀ, 6 ਮਈ (ਚੜ੍ਹਦੀਕਲਾ ਬਿਊਰੋ) : 1984 ਦੇ ਸਿੱਖ ਨਸਲਕੁਸ਼ੀ ਮਾਮਲਿਆਂ ਨਾਲ ਸਬੰਧਤ ਮਾਮਲੇ 'ਚ ਸੁਪਰੀਮ ਕੋਰਟ ਨੇ ਮੁਲਜ਼ਮਾਂ ਨੂੰ ਬਰੀ ਕਰਨ ਵਿਰੁੱਧ 6 ਅਪੀਲਾਂ 'ਤੇ ਨੋਟਿਸ ਭੇਜ ਕੇ 21 ਜੁਲਾਈ ਤੱਕ ਇਸ ਦਾ ਜਵਾਬ ਮੰਗਿਆ ਹੈ। ਜਸਟਿਸ ਅਭੈ ਐਸ ਓਕਾ ਅਤੇ ਜਸਟਿਸ ਉੱਜਵਲ ਭੂਈਆਂ ਦੇ ਬੈਂਚ ਨੇ ਇਹ ਨੋਟਿਸ ਭੇਜਿਆ ਹੈ।ਜ਼ਿਕਰਯੋਗ ਹੈ ਕਿ '84 ਸਿੱਖ ਨਸਲਕੁਸ਼ੀ ਮਾਮਲੇ ਸਬੰਧੀ ਕਈ ਕੇਸ ਦੇਸ਼ ਦੀਆਂ ਵੱਖ-ਵੱਖ ਅਦਾਲਤਾਂ ਵਿਚ ਚੱਲ ਰਹੇ ਹਨ।




# ਪੰਜਾਬ ਸਰਕਾਰ ਵੱਲੋਂ 1.25 ਲੱਖ ਹੈਕਟੇਅਰ ਰਕਬੇ ਨੂੰ ਨਰਮੇ ਦੀ ਕਾਸ਼ਤ ਹੇਠ ਲਿਆਉਣ ਦਾ ਟੀਚਾ: ਖੁੱਡੀਆਂ



ਚੰਡੀਗੜ੍ਹ, 6 ਮਈ, (ਚ.ਨ.ਸ.) : ਸੂਬੇ 'ਚ ਨਰਮੇ ਦੀ ਕਾਸ਼ਤ ਨੂੰ ਹੁਲਾਰਾ ਦੇਣ ਲਈ ਅਹਿਮ ਕਦਮ ਚੁੱਕਦਿਆਂ ਪੰਜਾਬ ਦੇ ਖੇਤੀਬਾੜੀ ਤੇ ਕਿਸਾਨ ਭਲਾਈ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਮਾਲਵਾ ਖੇਤਰ ਦੇ ਅੱਠ ਜ਼ਿਲ੍ਹਿਆਂ ਦੇ ਮੁੱਖ ਖੇਤੀਬਾੜੀ ਅਫ਼ਸਰਾਂ ਨੂੰ ਕਿਸਾਨਾਂ ਨੂੰ ਨਰਮੇ ਦੀ ਖੇਤੀ ਦੀਆਂ ਆਧੁਨਿਕ ਤਕਨੀਕਾਂ ਬਾਰੇ ਸਿਖਲਾਈ ਅਤੇ ਸੇਧ ਦੇਣ ਦੇ ਹੁਕਮ ਦਿੱਤੇ ਹਨ। ਇਸ ਦੇ ਨਾਲ ਹੀ ਉਨ੍ਹਾਂ ਨੂੰ ਕੀਟਾਂ ਦੀ ਰੋਕਥਾਮ ਸਬੰਧੀ ਉਪਾਵਾਂ ਦੀ ਸਖ਼ਤੀ ਨਾਲ ਪਾਲਣਾ ਅਤੇ ਨਿਗਰਾਨੀ ਯਕੀਨੀ ਬਣਾਉਣ ਲਈ ਕਿਹਾ ਹੈ।

ਸ. ਖੁੱਡੀਆਂ ਨੇ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੇ ਪ੍ਰਬੰਧਕੀ ਸਕੱਤਰ ਡਾ. ਬਸੰਤ ਗਰਗ ਨਾਲ ਮਾਲਵਾ ਖੇਤਰ ਦੇ ਅੱਠ ਜ਼ਿਲ੍ਹਿਆਂ, ਜਿਨ੍ਹਾਂ ਵਿੱਚ ਫਾਜ਼ਿਲਕਾ, ਸ੍ਰੀ ਮੁਕਤਸਰ ਸਾਹਿਬ, ਬਠਿੰਡਾ, ਮਾਨਸਾ, ਬਰਨਾਲਾ, ਸੰਗਰੂਰ, ਮੋਗਾ ਅਤੇ ਫਰੀਦਕੋਟ ਸ਼ਾਮਲ ਹਨ, ਵਿੱਚ ਨਰਮੇ ਦੀ ਫਸਲ ਦੀ ਕਾਸ਼ਤ ਦੀ ਬਲਾਕ-ਵਾਰ ਪ੍ਰਗਤੀ ਦੀ ਸਮੀਖਿਆ ਕੀਤੀ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਚਿੱਟੇ ਸੋਨੇ ਅਰਥਾਤ ਨਰਮੇ ਦੇ ਮੋਹਰੀ ਉਤਪਾਦਕ ਵਜੋਂ ਪੰਜਾਬ ਦੀ ਸਥਿਤੀ ਨੂੰ ਮਜ਼ਬੂਤ ਕਰਨ ਦੀ ਵਚਨਬੱਧਤਾ ਦੀ ਪੁਸ਼ਟੀ ਕਰਦਿਆਂ ਖੇਤੀਬਾੜੀ ਮੰਤਰੀ ਨੇ ਕਿਹਾ ਕਿ ਸੂਬੇ ਨੇ ਇਸ ਸੀਜ਼ਨ ਵਿੱਚ 1.25 ਲੱਖ ਹੈਕਟੇਅਰ ਰਕਬਾ ਨਰਮੇ ਦੀ ਕਾਸ਼ਤ ਹੇਠ ਲਿਆਉਣ ਦਾ ਟੀਚਾ ਮਿੱਥਿਆ ਹੈ।

ਸ. ਖੁੱਡੀਆਂ ਨੇ ਮੁੱਖ ਖੇਤੀਬਾੜੀ ਅਫ਼ਸਰਾਂ ਨੂੰ ਕਿਹਾ ਕਿ ਉਹ ਰੂੰ ਮਿੱਲਾਂ ਵਿੱਚ ਗੁਲਾਬੀ ਸੁੰਡੀ ਦੀ ਨਿਗਰਾਨੀ ਅਤੇ ਮਿੱਲਾਂ ਵਿੱਚ ਗੁਲਾਬੀ ਸੁੰਡੀ ਦੇ ਲਾਰਵੇ ਦੀ ਰੋਕਥਾਮ ਲਈ ਨਰਮੇ ਦੇ ਸਟਾਕ 'ਤੇ ਕੀਟਨਾਸ਼ਕ ਦੇ ਛਿੜਕਾ ਨੂੰ ਯਕੀਨੀ ਬਣਾਉਣ।

ਡਾ. ਬਸੰਤ ਗਰਗ ਨੇ ਖੇਤੀਬਾੜੀ ਮੰਤਰੀ ਨੂੰ ਦੱਸਿਆ ਕਿ ਮਈ ਮਹੀਨੇ ਵਿੱਚ 961 ਕਿਸਾਨ ਜਾਗਰੂਕਤਾ ਕੈਂਪ ਲਾ ਕੇ ਆਊਟਰੀਚ ਮੁਹਿੰਮ ਚਲਾਈ ਜਾਵੇਗੀ, ਜਿਸ ਵਿੱਚ ਕਿਸਾਨਾਂ ਨੂੰ ਪਾਣੀ ਦੀ ਜ਼ਿਆਦਾ ਖਪਤ ਵਾਲੇ ਝੋਨੇ ਦੀ ਫ਼ਸਲ ਤੋਂ ਨਰਮੇ ਦੀ ਕਾਸ਼ਤ ਲਈ ਜਾਗਰੂਕ ਅਤੇ ਪ੍ਰੇਰਿਤ ਕੀਤਾ ਜਾਵੇਗਾ। ਉਨ੍ਹਾਂ ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਨੂੰ ਮਿਆਰੀ ਬੀਜਾਂ ਅਤੇ ਖਾਦਾਂ ਦੀ ਉਪਲੱਬਧਤਾ ਨੂੰ ਯਕੀਨੀ ਬਣਾਉਣ ਅਤੇ ਬੀਜ ਤੇ ਖਾਦ ਸਟੋਰਾਂ ਦੀ ਨਿਯਮਤ ਜਾਂਚ ਦੇ ਨਿਰਦੇਸ਼ ਵੀ ਦਿੱਤੇ। ਇਸ ਸਰਗਰਮ ਪਹੁੰਚ ਦਾ ਉਦੇਸ਼ ਕਿਸਾਨਾਂ ਨੂੰ ਸੰਭਾਵੀਂ ਤੌਰ 'ਤੇ ਨੁਕਸਾਨਦੇਹ ਜਾਂ ਘਟੀਆ ਮਿਆਰ ਦੇ ਬੀਜਾਂ ਦੀ ਖਰੀਦ ਤੋਂ ਬਚਾਉਣਾ ਹੈ।

ਡਾਇਰੈਕਟਰ ਖੇਤੀਬਾੜੀ ਜਸਵੰਤ ਸਿੰਘ ਨੇ ਕਿਹਾ ਕਿ ਵਿਭਾਗ ਵੱਲੋਂ ਕਿਸਾਨਾਂ ਨੂੰ ਨਰਮੇ ਦੀ ਖੇਤੀ ਸਬੰਧੀ ਬਿਹਤਰ ਅਭਿਆਸਾਂ ਅਤੇ ਆਧੁਨਿਕ ਤਕਨੀਕਾਂ ਦੀ ਜਾਣਕਾਰੀ ਦੇਣ ਲਈ 1,875 ਹੈਕਟੇਅਰ ਰਕਬੇ ਵਿੱਚ ਢੁਕਵੇਂ ਖੇਤੀ ਅਭਿਆਸਾਂ ਨੂੰ ਪ੍ਰਦਰਸ਼ਿਤ ਕਰੇਗਾ। ਸੁਚੱਜੇ ਤਾਲਮੇਲ ਅਤੇ ਨੀਤੀਆਂ ਦੇ ਸਹੀ ਢੰਗ ਨਾਲ ਲਾਗੂਕਰਨ ਨੂੰ ਯਕੀਨੀ ਬਣਾਉਣ ਲਈ ਇੱਕ ਜਾਇੰਟ ਡਾਇਰੈਕਟ ਪੱਧਰ ਦੇ ਅਧਿਕਾਰੀ ਨੂੰ ਨਰਮੇ ਦੀ ਖੇਤੀ ਸਬੰਧੀ ਨੋਡਲ ਅਫ਼ਸਰ ਲਾਇਆ ਗਿਆ ਹੈ।

# ਚੋਣ ਕਮਿਸ਼ਨ ਦਾ ਰਾਸ਼ਟਰੀ ਅਤੇ ਸੂਬਾਈ ਰਾਜਨੀਤਿਕ ਪਾਰਟੀਆਂ ਨਾਲ ਵਿਚਾਰ-ਵਟਾਂਦਰਾ




ਚੰਡੀਗੜ੍ਹ, 6 ਮਈ, (ਚ.ਨ.ਸ.) : ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਦੱਸਿਆ ਹੈ ਕਿ ਚੋਣ ਕਮਿਸ਼ਨ ਨੇ ਵੱਖ-ਵੱਖ ਭਾਈਵਾਲਾਂ ਨਾਲ ਵਧੇਰੇ ਅਤੇ ਨਿਯਮਤ ਸ਼ਮੂਲੀਅਤ ਨੂੰ ਉਤਸ਼ਾਹਿਤ ਕਰਨ ਦੇ ਮੱਦੇਨਜ਼ਰ ਰਾਸ਼ਟਰੀ ਅਤੇ ਸੂਬਾ ਪੱਧਰ ਦੀਆਂ ਰਾਜਨੀਤਿਕ ਪਾਰਟੀਆਂ ਨਾਲ ਵਿਚਾਰ ਵਟਾਂਦਰੇ ਦਾ ਸਿਲਸਿਲਾ ਸ਼ੁਰੂ ਕੀਤਾ ਹੈ। ਇਸ ਗੱਲ ਦੀ ਲੋੜ ਲੰਬੇ ਸਮੇਂ ਤੋਂ ਮਹਿਸੂਸ ਕੀਤੀ ਜਾ ਰਹੀ ਸੀ ਕਿ ਰਾਸ਼ਟਰੀ ਅਤੇ ਸੂਬਾਈ ਪਾਰਟੀ ਪ੍ਰਧਾਨ ਆਪਣੇ ਸੁਝਾਅ ਅਤੇ ਸਮੱਸਿਆਵਾਂ ਸਿੱਧੇ ਤੌਰ 'ਤੇ ਕਮਿਸ਼ਨ ਨਾਲ ਸਾਂਝੇ ਕਰਨ ਅਤੇ ਇਸੇ ਲੜੀ ਤਹਿਤ ਸਿਆਸੀ ਪਾਰਟੀਆਂ ਨਾਲ ਚੋਣ ਕਮਿਸ਼ਨ ਨੇ ਸਿੱਧਾ ਰਾਬਤਾ ਰੱਖਣ ਲਈ ਵਿਚਾਰ ਵਟਾਂਦਰੇ ਦਾ ਇਹ ਸਿਲਸਿਲਾ ਅੱਜ ਤੋਂ ਸ਼ੁਰੂ ਕਰ ਦਿੱਤਾ ਹੈ।

ਉਨ੍ਹਾਂ ਕਿਹਾ ਕਿ ਇਹ ਪਹਿਲਕਦਮੀ ਸਾਰੇ ਭਾਈਵਾਲਾਂ ਨਾਲ ਮੌਜੂਦਾ ਕਾਨੂੰਨੀ ਢਾਂਚੇ ਅਨੁਸਾਰ ਚੋਣ ਪ੍ਰਕਿਰਿਆ ਨੂੰ ਹੋਰ ਮਜ਼ਬੂਤ ਅਤੇ ਸੁਚਾਰੂ ਬਣਾਉਣ ਦੇ ਕਮਿਸ਼ਨ ਦੇ ਦ੍ਰਿਸ਼ਟੀਕੋਣ ਨੂੰ ਦਰਸਾਉਂਦੀ ਹੈ। ਇਸ ਤੋਂ ਪਹਿਲਾਂ, ਕੁੱਲ 4,719 ਸਰਬ ਪਾਰਟੀ ਮੀਟਿੰਗਾਂ ਕੀਤੀਆਂ ਗਈਆਂ, ਜਿਨ੍ਹਾਂ ਵਿੱਚ ਮੁੱਖ ਚੋਣ ਅਧਿਕਾਰੀਆਂ ਵੱਲੋਂ 40 ਮੀਟਿੰਗਾਂ, ਜ਼ਿਲ੍ਹਾ ਚੋਣ ਅਧਿਕਾਰੀਆਂ ਵੱਲੋਂ 800 ਅਤੇ ਈ.ਆਰ.ਓਜ਼. ਵੱਲੋਂ 3879 ਮੀਟਿੰਗਾਂ ਸ਼ਾਮਲ ਹਨ। ਇਨ੍ਹਾਂ ਮੀਟਿੰਗਾਂ ਵਿੱਚ ਵੱਖ-ਵੱਖ ਰਾਜਨੀਤਿਕ ਪਾਰਟੀਆਂ ਦੇ 28,000 ਤੋਂ ਵੱਧ ਨੁਮਾਇੰਦੇ ਸ਼ਾਮਲ ਹੋਏ ਸਨ।

# ਖੇਤੀਬਾੜੀ ਸੈਕਟਰ ਦੀ ਤਰੱਕੀ ਲਈ ਡਿਫਾਲਟਰਾਂ ਤੋਂ ਮੁਕਤ ਕਰਵਾਏ ਜਾਣ ਸਹਿਕਾਰੀ ਬੈਂਕ : ਮੁੱਖ ਮੰਤਰੀ



ਚੰਡੀਗੜ੍ਹ, 6 ਮਈ, (ਚ.ਨ.ਸ.) : ਸਹਿਕਾਰੀ ਬੈਂਕਾਂ ਦੀ ਕਾਰਗੁਜ਼ਾਰੀ ਵਿੱਚ ਵੱਡੇ ਸੁਧਾਰ ਲਿਆਉਣ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਇਨ੍ਹਾਂ ਬੈਂਕਾਂ ਦੇ ਡਿਫਾਲਟਰ ਖਾਤਾਧਾਰਕਾਂ ਤੋਂ ਵਸੂਲੀ ਕਰਨ ਦੀ ਪ੍ਰਕਿਰਿਆ ਤੇਜ਼ ਕਰਨ ਦੇ ਹੁਕਮ ਦਿੱਤੇ ਤਾਂ ਕਿ ਖੇਤੀ ਤੇ ਸਹਾਇਕ ਧੰਦਿਆਂ ਵਿੱਚ ਕਰਜ਼ਾ ਦੇਣ ਵਿੱਚ ਕੋਈ ਮੁਸ਼ਕਲ ਪੇਸ਼ ਨਾ ਆਵੇ।

ਅੱਜ ਇੱਥੇ ਮੁੱਖ ਮੰਤਰੀ ਦੀ ਸਰਕਾਰੀ ਰਿਹਾਇਸ਼ 'ਤੇ ਹੋਈ ਮੀਟਿੰਗ ਦੌਰਾਨ ਸਹਿਕਾਰੀ ਬੈਂਕਾਂ ਦੇ ਕੰਮਕਾਜ ਦੀ ਪ੍ਰਗਤੀ ਦਾ ਜਾਇਜ਼ਾ ਲੈਂਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਬੈਂਕਾਂ ਦੇ ਵਿਕਾਸ ਵਿੱਚ ਡਿਫਾਲਟਰ ਸਭ ਤੋਂ ਵੱਡੀ ਰੁਕਾਵਟ ਬਣਦੇ ਹਨ ਕਿਉਂਕਿ ਇਨ੍ਹਾਂ ਕੋਲ ਡੁੱਬੇ ਪੈਸੇ ਨਾਲ ਹੋਰ ਲੋੜਵੰਦ ਲੋਕਾਂ ਦੀ ਮਾਲੀ ਇਮਦਾਦ ਕਰਨ ਵਿੱਚ ਵਿਘਨ ਪੈਂਦਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਛੋਟੇ ਤੇ ਦਰਮਿਆਨੇ ਕਿਸਾਨ ਹਮੇਸ਼ਾ ਬੈਂਕ ਨੂੰ ਪਹਿਲ ਦੇ ਆਧਾਰ ਉੱਤੇ ਕਰਜ਼ਾ ਮੋੜਦਾ ਹੈ, ਪਰ ਦੁੱਖ ਦੀ ਗੱਲ ਹੈ ਕਿ ਵੱਡੇ ਕਿਸਾਨ ਸਹਿਕਾਰੀ ਬੈਂਕਾਂ ਦੇ ਡਿਫਾਲਟਰ ਹਨ। ਉਨ੍ਹਾਂ ਕਿਹਾ ਕਿ ਜਿਹੜੇ ਸਰਕਾਰੀ ਮੁਲਾਜ਼ਮ ਸਹਿਕਾਰੀ ਬੈਂਕਾਂ ਦੇ ਡਿਫਾਲਟਰ ਹਨ, ਉਨ੍ਹਾਂ ਨੂੰ ਵੀ ਆਪਣੇ ਬਕਾਏ ਦਾ ਭੁਗਤਾਨ ਤੁਰੰਤ ਕਰਨਾ ਚਾਹੀਦਾ ਹੈ। ਭਗਵੰਤ ਸਿੰਘ ਮਾਨ ਨੇ ਸਹਿਕਾਰਤਾ ਵਿਭਾਗ ਨੂੰ ਡਿਫਾਲਟਰਾਂ ਪਾਸੋਂ ਵਸੂਲੀ ਕਰਵਾਉਣ ਲਈ ਢੁੱਕਵੀਂ ਪ੍ਰਕਿਰਿਆ ਅਪਣਾਉਣ ਦੇ ਆਦੇਸ਼ ਦਿੱਤੇ ਤਾਂ ਕਿ ਕਰਜ਼ੇ ਦੀ ਪੂਰੀ ਵਸੂਲੀ ਨੂੰ ਯਕੀਨੀ ਬਣਾਇਆ ਜਾ ਸਕੇ।

ਫਸਲੀ ਕਰਜ਼ਿਆਂ ਦੀ ਵਸੂਲੀ ਸਿਰਫ 65 ਫੀਸਦੀ ਰਹਿਣ 'ਤੇ ਚਿੰਤਾ ਜ਼ਾਹਰ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਸ ਨਾਲ ਸਹਿਕਾਰੀ ਬੈਂਕਿੰਗ ਸਿਸਟਮ ਉਤੇ ਬਹੁਤ ਬੁਰਾ ਅਸਰ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਸਹਿਕਾਰੀ ਬੈਂਕਾਂ ਵਿੱਚ ਫਸਲੀ ਕਰਜ਼ਾ ਸਮੇਂ ਸਿਰ ਮੋੜਨ ਵਿੱਚ ਵਿਆਜ ਦਰ ਵਿੱਚ ਵੀ ਤਿੰਨ ਫੀਸਦੀ ਰਾਹਤ ਮਿਲਦੀ ਹੈ, ਪਰ ਫੇਰ ਵੀ ਬਹੁਤ ਸਾਰੇ ਕਿਸਾਨ ਕਰਜ਼ਾ ਨਹੀਂ ਮੋੜਦੇ ਜਿਸ ਨਾਲ ਜਿੱਥੇ ਉਹ ਵਿਆਜ ਵੱਧ ਭਰਦੇ ਹਨ, ਉਥੇ ਭਵਿੱਖ ਵਿੱਚ ਕਰਜ਼ਾ ਤੇ ਹੋਰ ਸਹੂਲਤਾਂ ਲੈਣ ਤੋਂ ਵੀ ਖੁੰਝ ਜਾਂਦੇ ਹਨ।

ਮੀਟਿੰਗ ਦੌਰਾਨ ਦੱਸਿਆ ਗਿਆ ਕਿ ਕਿਸਾਨਾਂ ਨੂੰ ਖੇਤੀ ਲਈ ਸੂਬੇ ਵਿੱਚ 3523 ਸਹਿਕਾਰੀ ਸਭਾਵਾਂ ਵੱਲੋਂ ਸਹਿਕਾਰੀ ਬੈਂਕਾਂ ਰਾਹੀਂ ਹਰੇਕ ਸਾਲ ਤਕਰੀਬਨ 8000 ਕਰੋੜ ਰੁਪਏ ਦਾ ਫਸਲੀ ਕਰਜ਼ਾ ਦਿੱਤਾ ਜਾਂਦਾ ਹੈ ਜੋ ਸਿਰਫ 7 ਫੀਸਦੀ ਵਿਆਜ 'ਤੇ ਮਿਲਦਾ ਹੈ ਅਤੇ ਜੇਕਰ ਕਿਸਾਨ ਸਮੇਂ ਸਿਰ ਕਰਜ਼ਾ ਮੋੜ ਦਿੰਦਾ ਹੈ ਤਾਂ 7 ਫੀਸਦੀ ਵਿਆਜ ਵਿੱਚ ਵੀ 3 ਫੀਸਦੀ ਛੋਟ ਮਿਲ ਜਾਂਦੀ ਹੈ ਅਤੇ ਇਸ ਦੇ ਉਲਟ ਜਿਹੜੇ ਕਿਸਾਨ ਸਮੇਂ ਸਿਰ ਕਰਜ਼ਾ ਵਾਪਸ ਨਹੀਂ ਕਰਦੇ, ਉਹਨਾਂ ਨੂੰ 2.5 ਫੀਸਦੀ ਵੱਧ ਵਿਆਜ ਅਦਾ ਕਰਨਾ ਪੈਂਦਾ ਹੈ, ਜੋ ਕਿ 9.5 ਫੀਸਦੀ ਬਣ ਜਾਂਦਾ ਹੈ।

ਫਸਲੀ ਕਰਜ਼ੇ ਦੀ ਵਸੂਲੀ ਕਰਨ ਦੇ ਸ਼ਾਨਦਾਰ ਰਿਕਾਰਡ ਵਾਲੀਆਂ ਮੁੱਢਲੀਆਂ ਖੇਤੀਬਾੜੀ ਸਹਿਕਾਰੀ ਸਭਾਵਾਂ (ਪੀ.ਏ.ਸੀ.ਐਸ.) ਨੂੰ ਉਤਸ਼ਾਹਤ ਕਰਨ ਲਈ ਮੁੱਖ ਮੰਤਰੀ ਨੇ ਵਿਭਾਗ ਨੂੰ ਹਦਾਇਤ ਕੀਤੀ ਕਿ ਇਨ੍ਹਾਂ ਸਹਿਕਾਰੀ ਸਭਾਵਾਂ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਜਾਵੇ ਤਾਂ ਕਿ ਸਹਿਕਾਰੀ ਖੇਤਰ ਵਿੱਚ ਇਨ੍ਹਾਂ ਸਭਾਵਾਂ ਨੂੰ ਰੋਲ ਮਾਡਲ ਵਜੋਂ ਉਭਾਰਿਆ ਜਾ ਸਕੇ। ਮੀਟਿੰਗ ਵਿੱਚ ਮੁੱਖ ਸਕੱਤਰ ਕੇ.ਏ.ਪੀ. ਸਿਨਹਾ, ਚੇਅਰਮੈਨ ਪੰਜਾਬ ਰਾਜ ਸਹਿਕਾਰੀ ਬੈਂਕ ਲਿਮਟਡ ਜਗਦੇਵ ਸਿੰਘ ਬਾਮ, ਵਧੀਕ ਮੁੱਖ ਸਕੱਤਰ-ਕਮ-ਵਿੱਤ ਕਮਿਸ਼ਨਰ ਸਹਿਕਾਰਤਾ ਅਲੋਕ ਸ਼ੇਖਰ, ਪ੍ਰਮੁੱਖ ਸਕੱਤਰ ਵਿੱਤ ਕ੍ਰਿਸ਼ਨ ਕੁਮਾਰ, ਪ੍ਰਮੁੱਖ ਸਕੱਤਰ ਖੁਰਾਕ ਤੇ ਸਿਵਲ ਸਪਲਾਈਜ਼ ਰਾਹੁਲ ਤਿਵਾੜੀ, ਮੁੱਖ ਮੰਤਰੀ ਦੇ ਪ੍ਰਮੁੱਖ ਸਕੱਤਰ ਰਵੀ ਭਗਤ, ਮੁੱਖ ਮੰਤਰੀ ਦੇ ਵਿਸ਼ੇਸ਼ ਪ੍ਰਮੁੱਖ ਸਕੱਤਰ ਕੁਮਾਰ ਅਮਿਤ, ਰਜਿਸਟਰਾਰ ਸਹਿਕਾਰੀ ਸਭਾਵਾਂ ਵਿਮਲ ਕੁਮਾਰ ਸੇਤੀਆ ਅਤੇ ਐਮ.ਡੀ. ਪੰਜਾਬ ਰਾਜ ਸਹਿਕਾਰੀ ਬੈਂਕ ਲਿਮਟਡ ਹਰਜੀਤ ਸਿੰਘ ਸੰਧੂ ਹਾਜ਼ਰ ਸਨ।

# ਨਵੀਂ ਮਾਈਨਿੰਗ ਨੀਤੀ : ਭ੍ਰਿਸ਼ਟਾਚਾਰ 'ਤੇ ਲਗਾਮ, ਰੇਤ-ਬਜਰੀ ਦੇ ਅਧਿਕਾਰ ਹੁਣ ਸਿੱਧੇ ਆਮ ਲੋਕਾਂ ਦੇ ਹੱਥ : ਚੀਮਾ



ਚੰਡੀਗੜ੍ਹ, 6 ਮਈ, (ਚ.ਨ.ਸ.) : ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਅੱਜ ਐਲਾਨ ਕੀਤਾ ਕਿ ਪੰਜਾਬ ਸਰਕਾਰ ਦੀ ਨਵੀਂ ਮਾਈਨਿੰਗ ਨੀਤੀ ਰੇਤ ਅਤੇ ਬਜਰੀ ਸਰੋਤਾਂ ਦਾ ਕੰਟਰੋਲ ਸਿੱਧੇ ਤੌਰ 'ਤੇ ਲੋਕਾਂ ਦੇ ਹੱਥਾਂ ਵਿੱਚ ਦੇ ਕੇ ਭ੍ਰਿਸ਼ਟਾਚਾਰ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਨੱਥ ਪਾਉਣ ਅਤੇ ਸੂਬੇ ਦੇ ਮਾਲੀਏ ਵਿੱਚ ਚੋਖਾ ਵਾਧਾ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਏਗੀ। ਵਿੱਤ ਮੰਤਰੀ, ਜਿਨ੍ਹਾਂ ਨਾਲ ਮਾਈਨਿੰਗ ਅਤੇ ਭੂ-ਵਿਗਿਆਨ ਮੰਤਰੀ ਬਰਿੰਦਰ ਕੁਮਾਰ ਗੋਇਲ ਵੀ ਮੌਜੂਦ ਸਨ, ਨੇ ਇਹ ਐਲਾਨ ਪੰਜਾਬ ਮਾਈਨਿੰਗ ਪੋਰਟਲ ਤੇ ਲੈਂਡਓਨਰ ਮਾਈਨਿੰਗ ਸਾਈਟਾਂ (ਐਲ.ਐਮ.ਐਸ) ਅਤੇ ਕਰੱਸ਼ਰ ਮਾਈਨਿੰਗ ਸਾਈਟਾਂ (ਸੀ.ਆਰ.ਐਮ.ਐਸ) ਲਈ ਆਨਲਾਈਨ ਅਰਜ਼ੀ ਫਾਰਮਾਂ ਦੀ ਸ਼ੁਰੂਆਤ ਮੌਕੇ ਕੀਤੇ।

ਇਸ ਮੌਕੇ ਮੀਡੀਆ ਨੂੰ ਸੰਬੋਧਨ ਕਰਦਿਆਂ ਵਿੱਤ ਮੰਤਰੀ ਨੇ ਕਿਹਾ ਕਿ ਨਵੀਂ ਨੀਤੀ ਦਾ ਮੁੱਖ ਉਦੇਸ਼ ਜ਼ਮੀਨ ਮਾਲਕਾਂ ਨੂੰ ਸਮਰੱਥ ਬਣਾਉਣਾ ਹੈ ਕਿਉਂਕਿ ਇਸ ਨਵੇਂ ਢਾਂਚੇ ਤਹਿਤ ਜ਼ਮੀਨ ਮਾਲਕਾਂ ਨੂੰ ਹੁਣ ਨੀਲਾਮੀ ਤੋਂ ਬਿਨਾਂ ਆਪਣੀ ਜ਼ਮੀਨ ਤੋਂ ਰੇਤ ਅਤੇ ਬਜਰੀ ਕੱਢਣ ਦਾ ਸਿੱਧਾ ਅਧਿਕਾਰ ਹੋਵੇਗਾ। ਇਸ ਤੋਂ ਇਲਾਵਾ ਨਵੀਂ ਮਾਈਨਿੰਗ ਨੀਤੀ ਵਿੱਚ ਮਾਈਨਿੰਗ ਸਾਈਟਾਂ ਅਤੇ ਆਵਾਜਾਈ ਰੂਟਾਂ 'ਤੇ ਕੈਮਰੇ ਅਤੇ ਰੇਡੀਓ ਫ੍ਰੀਕੁਐਂਸੀ ਆਈਡੈਂਟੀਫਿਕੇਸ਼ਨ (ਆਰ.ਐਫ.ਆਈ. ਡੀ) ਨਿਗਰਾਨੀ ਦੀ ਲਾਜ਼ਮੀ ਤੈਨਾਤੀ ਨਾਲ ਗ਼ੈਰ-ਕਾਨੂੰਨੀ ਮਾਈਨਿੰਗ ਗਤੀਵਿਧੀਆਂ ਨੂੰ ਖ਼ਤਮ ਕਰਨ ਲਈ ਮਜ਼ਬੂਤ ਤਕਨੀਕੀ ਉਪਾਅ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਇਹ ਮਹੱਤਵਪੂਰਨ ਤਬਦੀਲੀ ਵਿਚੋਲਿਆਂ ਦੀ ਭੂਮਿਕਾ ਅਤੇ ਇਜ਼ਾਰੇਦਾਰੀ ਦੀ ਸੰਭਾਵਨਾ ਨੂੰ ਖ਼ਤਮ ਕਰੇਗੀ, ਜਿਸ ਨਾਲ ਸਿੱਧਾ ਜ਼ਮੀਨ ਦੇ ਅਸਲ ਮਾਲਕਾਂ ਕੋਲ ਅਧਿਕਾਰ ਹੋਣਗੇ।

ਵਿੱਤ ਮੰਤਰੀ ਚੀਮਾ ਨੇ ਕਿਹਾ ਕਿ ਪਿਛਲੀਆਂ ਅਕਾਲੀ-ਭਾਜਪਾ ਅਤੇ ਕਾਂਗਰਸ ਸਰਕਾਰਾਂ, ਜੋ ਆਪਣੇ ਖ਼ਜ਼ਾਨੇ ਭਰਨ ਲਈ ਗ਼ੈਰ-ਕਾਨੂੰਨੀ ਮਾਈਨਿੰਗ ਨੂੰ ਸਰਪ੍ਰਸਤੀ ਦੇ ਕੇ ਉਤਸ਼ਾਹਿਤ ਕਰਦੀਆਂ ਰਹੀਆਂ ਹਨ, ਦੇ ਉਲਟ ਅਸੀਂ ਮਾਈਨਿੰਗ ਸੈਕਟਰ ਵਿੱਚ ਪੂਰੀ ਪਾਰਦਰਸ਼ਤਾ ਅਤੇ ਜਵਾਬਦੇਹੀ ਨੂੰ ਯਕੀਨੀ ਬਣਾਉਣ ਲਈ ਵਚਨਬੱਧ ਹਾਂ। ਉਨ੍ਹਾਂ ਕਿਹਾ ਕਿ ਉੱਨਤ ਨਿਗਰਾਨੀ ਤਕਨੀਕਾਂ ਨੂੰ ਲਾਗੂ ਕਰਨ ਨਾਲ ਗ਼ੈਰ-ਕਾਨੂੰਨੀ ਵਪਾਰ ਨੂੰ ਨੱਥ ਪਾਉਣ ਵਿੱਚ ਮੱਦਦ ਮਿਲੇਗੀ ਅਤੇ ਇਹ ਸਾਡੇ ਕੁਦਰਤੀ ਸਰੋਤਾਂ ਦੀ ਰਾਖੀ ਕਰਦਿਆਂ ਮਾਈਨਿੰਗ ਦਾ ਲਾਭ ਚੋਣਵੇਂ ਲੋਕਾਂ, ਜੋ ਪੁਰਾਣੀਆਂ ਸਰਕਾਰਾਂ ਦੀ ਪੁਸ਼ਤਪਨਾਹੀ ਤੋਂ ਲਾਭ ਕਮਾਉਂਦੇ ਆਏ ਹਨ, ਦੀ ਥਾਂ ਆਮ ਜਨਤਾ ਤੱਕ ਪਹੁੰਚਣ ਨੂੰ ਯਕੀਨੀ ਬਣਾਏਗਾ।

ਆਨਲਾਈਨ ਮਾਈਨਿੰਗ ਅਰਜ਼ੀ ਪ੍ਰਕਿਰਿਆਵਾਂ ਨੂੰ ਉਜਾਗਰ ਕਰਦਿਆਂ ਵਿੱਤ ਮੰਤਰੀ ਨੇ ਕਿਹਾ ਕਿ ਇਹ ਆਪ ਸਰਕਾਰ ਦੀ ਪ੍ਰਸ਼ਾਸਕੀ ਪਾਰਦਰਸ਼ਤਾ, ਪ੍ਰਕਿਰਿਆ ਦੇ ਸਰਲੀਕਰਨ ਅਤੇ ਤਕਨੀਕੀ ਏਕੀਕਰਨ ਪ੍ਰਤੀ ਵਚਨਬੱਧਤਾ ਦੀ ਮਿਸਾਲ ਹੈ। ਉਨ੍ਹਾਂ ਦੱਸਿਆ ਕਿ ਅਰਜ਼ੀ ਫਾਰਮ ਹੁਣ ਅਧਿਕਾਰਤ ਪੋਰਟਲ (https://minesandgeology.punjab.gov.in) 'ਤੇ ਸਾਰੇ ਸਬੰਧਤ ਬਿਨੈਕਾਰਾਂ ਲਈ ਤੁਰੰਤ ਪ੍ਰਭਾਵ ਨਾਲ ਉਪਲੱਬਧ ਹਨ। ਜ਼ਮੀਨ ਮਾਲਕ ਹੁਣ ਉਪਭੋਗਤਾ-ਕੇਂਦ੍ਰਿਤ ਇੰਟਰਫੇਸ ਰਾਹੀਂ ਮਾਈਨਿੰਗ ਸਬੰਧੀ ਮਨਜ਼ੂਰੀਆਂ ਲਈ ਆਸਾਨ ਤਰੀਕੇ ਨਾਲ ਅਰਜ਼ੀ ਦੇ ਸਕਦੇ ਹਨ। ਉਨ੍ਹਾਂ ਕਿਹਾ ਕਿ ਪ੍ਰਾਪਤ ਅਰਜ਼ੀਆਂ ਨੂੰ ਜਲਦ ਤੋਂ ਜਲਦ ਵਿਚਾਰਦਿਆਂ ਇਹ ਯਕੀਨੀ ਬਣਾਇਆ ਜਾਵੇਗਾ ਕਿ ਯੋਗ ਜ਼ਮੀਨ ਮਾਲਕ ਪ੍ਰਕਿਰਿਆ ਸਬੰਧੀ ਅੜਚਨਾਂ ਤੋਂ ਬਿਨਾਂ ਜਾਇਜ਼ ਢੰਗ ਨਾਲ ਮਾਈਨਿੰਗ ਕਾਰਜ ਸ਼ੁਰੂ ਕਰ ਸਕਣ।

# ਵਿਜੀਲੈਂਸ ਬਿਊਰੋ ਨੇ 25,000 ਰੁਪਏ ਰਿਸ਼ਵਤ ਲੈਂਦਾ ਸਹਾਇਕ ਸਬ-ਇੰਸਪੈਕਟਰ ਕੀਤਾ ਗ੍ਰਿਫ਼ਤਾਰ



ਚੰਡੀਗੜ੍ਹ, 6 ਮਈ, (ਚ.ਨ.ਸ.) : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਰਿਸ਼ਵਤਖੋਰੀ ਵਿਰੁੱਧ ਅਪਣਾਈ ਗਈ ਨਾ-ਕਾਬਿਲ-ਏ-ਬਰਦਾਸ਼ਤ ਪਹੁੰਚ ਅਨੁਸਾਰ, ਪੰਜਾਬ ਵਿਜੀਲੈਂਸ ਬਿਊਰੋ ਨੇ ਮੰਗਲਵਾਰ ਨੂੰ ਅੰਮ੍ਰਿਤਸਰ ਜ਼ਿਲ੍ਹੇ ਦੇ ਥਾਣਾ ਘਰਿੰਡਾ ਅਧੀਨ ਪੈਂਦੀ ਖਾਸਾ ਪੁਲਿਸ ਚੌਕੀ ਦੇ ਇੰਚਾਰਜ, ਸਹਾਇਕ ਸਬ-ਇੰਸਪੈਕਟਰ (ਏਐਸਆਈ) ਅਜਾਇਬ ਸਿੰਘ ਨੂੰ 25,000 ਰੁਪਏ ਰਿਸ਼ਵਤ ਲੈਂਦਿਆਂ ਗ੍ਰਿਫ਼ਤਾਰ ਕੀਤਾ ਹੈ।

ਅੱਜ ਇੱਥੇ ਇਹ ਖੁਲਾਸਾ ਕਰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਕਿਹਾ ਕਿ ਅੰਮ੍ਰਿਤਸਰ ਦੇ ਪਿੰਡ ਘੁੱਮਣਪੁਰਾ ਦੇ ਇੱਕ ਨਿਵਾਸੀ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਦੀ ਜਾਂਚ ਤੋਂ ਬਾਅਦ ਇਹ ਗ੍ਰਿਫ਼ਤਾਰੀ ਅਮਲ ਵਿੱਚ ਲਿਆਂਦੀ ਗਈ ਹੈ।

ਬੁਲਾਰੇ ਨੇ ਅੱਗੇ ਕਿਹਾ ਕਿ ਸ਼ਿਕਾਇਤਕਰਤਾ ਨੇ ਬਿਊਰੋ ਨੂੰ ਦਿੱਤੇ ਬਿਆਨਾਂ ਵਿੱਚ ਦੱਸਿਆ ਸੀ ਕਿ ਉਕਤ ਪੁਲਿਸ ਥਾਣੇ ਵਿੱਚ ਉਸਦੇ ਚਚੇਰੇ ਭਰਾ ਵਿਰੁੱਧ ਪੁਲਿਸ ਮੁਕੱਦਮਾ ਦਰਜ ਹੈ ਅਤੇ ਉਕਤ ਏਐਸਆਈ ਇਸ ਕੇਸ ਦਾ ਜਾਂਚ ਅਧਿਕਾਰੀ ਹੋਣ ਨਾਤੇ ਅਦਾਲਤ ਵਿੱਚ ਰਿਕਾਰਡ ਪੇਸ਼ ਕਰਨ ਅਤੇ ਜ਼ਮਾਨਤ ਦਿਵਾਉਣ ਵਿੱਚ ਮੱਦਦ ਕਰਨ ਬਦਲੇ 50,000 ਰੁਪਏ ਰਿਸ਼ਵਤ ਦੀ ਮੰਗ ਰਿਹਾ ਹੈ।

ਬੁਲਾਰੇ ਨੇ ਅੱਗੇ ਦੱਸਿਆ ਕਿ ਇਸ ਸ਼ਿਕਾਇਤ ਦੀ ਮੁੱਢਲੀ ਤਫ਼ਤੀਸ਼ ਤੋਂ ਬਾਅਦ ਵਿਜੀਲੈਂਸ ਬਿਊਰੋ ਦੀ ਟੀਮ ਨੇ ਜਾਲ ਵਿਛਾਇਆ ਅਤੇ ਉਕਤ ਪੁਲਿਸ ਮੁਲਾਜ਼ਮ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ 25000 ਰੁਪਏ ਦੀ ਪਹਿਲੀ ਕਿਸ਼ਤ ਰਿਸ਼ਵਤ ਵਸੂਲਦਿਆਂ ਮੌਕੇ ਤੇ ਕਾਬੂ ਕਰ ਲਿਆ। ਇਸ ਸਬੰਧ ਵਿੱਚ ਉਕਤ ਮੁਲਜ਼ਮ ਵਿਰੁੱਧ ਵਿਜੀਲੈਂਸ ਬਿਊਰੋ ਦੇ ਥਾਣਾ, ਅੰਮ੍ਰਿਤਸਰ ਰੇਂਜ ਵਿਖੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਮੁਕੱਦਮਾ ਦਰਜ ਕੀਤਾ ਗਿਆ ਹੈ। ਉਸਨੂੰ ਕੱਲ੍ਹ ਸਮਰੱਥ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ ਅਤੇ ਇਸ ਸਬੰਧੀ ਅਗਲੇਰੀ ਜਾਂਚ ਜਾਰੀ ਹੈ।

# ਪੰਜਾਬ ਵਿੱਚ ਸੰਭਾਵੀ ਅੱਤਵਾਦੀ ਹਮਲਾ ਟਲਿਆ, ਐਸ.ਬੀ.ਐਸ. ਨਗਰ ਤੋਂ ਪਾਕਿ—ਆਈ.ਐਸ.ਆਈ. ਨਾਲ ਸਬੰਧਤ ਅੱਤਵਾਦੀ ਹਾਰਡਵੇਅਰ ਬਰਾਮਦ

## ਬਰਾਮਦੀ ਵਿੱਚ 2 ਆਰ.ਪੀ.ਜੀ., 2 ਆਈਈਡੀਜ਼ ਅਤੇ 5 ਗ੍ਰਨੇਡ ਸ਼ਾਮਲ

ਚੰਡੀਗੜ੍ਹ/ਅੰਮ੍ਰਿਤਸਰ, 6 ਮਈ, (ਬਬਲੂ ਮਹਾਜਨ) : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਅਨੁਸਾਰ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਦੇ ਮੰਤਵ ਨਾਲ ਚੱਲ ਰਹੀ ਮੁਹਿੰਮ ਦੌਰਾਨ ਪਾਕਿਸਤਾਨ ਦੇ ਆਈਐਸਆਈ-ਸਮਰਥਿਤ ਅੱਤਵਾਦੀ ਨੈੱਟਵਰਕ ਨੂੰ ਵੱਡਾ ਝਟਕਾ ਦਿੰਦਿਆਂ, ਪੰਜਾਬ ਪੁਲਿਸ ਦੇ ਸਟੇਟ ਸਪੈਸ਼ਲ ਆਪ੍ਰੇਸ਼ਨ ਸੈੱਲ (ਐਸ.ਐਸ.ਓ.ਸੀ) ਅੰਮ੍ਰਿਤਸਰ ਅਤੇ ਕੇਂਦਰੀ ਏਜੰਸੀ ਨੇ ਖੁਫੀਆ ਆਪ੍ਰੇਸ਼ਨ ਤਹਿਤ ਐਸਬੀਐਸ ਨਗਰ ਦੇ ਟਿੱਬਾ ਨੰਗਲ-ਕੁਲਾਰ ਰੋਡ ਨੇੜੇ ਸੁੰਨੇ ਜੰਗਲੀ ਖੇਤਰ ਵਿੱਚ ਅੱਤਵਾਦੀ ਹਾਰਡਵੇਅਰ ਦਾ ਇੱਕ ਵੱਡਾ ਜ਼ਖੀਰਾ ਬਰਾਮਦ ਕੀਤਾ। ਇਹ ਜਾਣਕਾਰੀ ਡੀਜੀਪੀ ਪੰਜਾਬ ਗੌਰਵ ਯਾਦਵ ਨੇ ਮੰਗਲਵਾਰ ਨੂੰ ਇੱਥੇ ਦਿੱਤੀ।




ਬਰਾਮਦ ਕੀਤੇ ਗਏ ਅੱਤਵਾਦੀ ਹਾਰਡਵੇਅਰ ਵਿੱਚ ਦੋ ਰਾਕੇਟ ਪ੍ਰੋਪੈਲਡ ਗਰਨੇਡ (ਆਰਪੀਜੀ), ਦੋ ਇੰਪਰੋਵਾਈਜ਼ਡ ਐਕਸਪਲੋਸਿਵ ਡਿਵਾਈਸ (ਆਈਈਡੀ), ਪੰਜ ਪੀ-86 ਹੈਂਡ ਗਰਨੇਡ ਅਤੇ ਸਹਾਇਕ ਉਪਕਰਣਾਂ ਸਮੇਤ ਇੱਕ ਵਾਇਰਲੈੱਸ ਸੈੱਟ ਸ਼ਾਮਲ ਹੈ।

ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਬਰਾਮਦ ਕੀਤੀ ਗਈ ਖੇਪ ਨੂੰ , ਕਾਰਕੁੰਨਾਂ ਨੇ ਜਾਣਬੁੱਝ ਕੇ ਸੂਬੇ ਵਿੱਚ ਜਨਤਕ ਵਿਵਸਥਾ ਵਿੱਚ ਦਹਿਸ਼ਤ ਫੈਲਾਉਣ ਲਈ ਛੁਪਾਇਆ ਸੀ। ਉਹਨਾਂ ਕਿਹਾ ਕਿ ਜਾਂਚ ਵਿੱਚ, ਪਾਕਿਸਤਾਨ ਦੀ ਆਈ.ਐਸ.ਆਈ. ਅਤੇ ਸਹਿਯੋਗੀ ਅੱਤਵਾਦੀ ਸੰਗਠਨਾਂ ਵੱਲੋਂ ਸੂਬੇ ਵਿੱਚ ਸਲੀਪਰ ਸੈੱਲਾਂ ਨੂੰ ਮੁੜ ਸਰਗਰਮ ਕਰਨ ਦੇ ਸੰਭਾਵੀ ਯਤਨਾਂ ਦਾ ਵੀ ਸੰਕੇਤ ਮਿਲਿਆ ਹੈ।

ਡੀਜੀਪੀ ਨੇ ਕਿਹਾ ਕਿ ਇਹ ਬਰਾਮਦਗੀਆਂ ਪਾਕਿਸਤਾਨ ਦੀ ਆਈਐਸਆਈ ਵੱਲੋਂ ਸਪਾਂਸਰ ਕੀਤੇ ਅੱਤਵਾਦੀ ਮਾਡਿਊਲਾਂ ਵਿਰੁੱਧ ਪੰਜਾਬ ਪੁਲਿਸ ਦੀ ਨਿਰੰਤਰ ਕਾਰਵਾਈ ਦਾ ਹਿੱਸਾ ਹਨ। ਉਹਨਾਂ ਅੱਗੇ ਕਿਹਾ ਕਿ ਪੰਜਾਬ ਪੁਲਿਸ ਇਹਨਾਂ ਖ਼ਤਰਿਆਂ ਨੂੰ ਬੇਅਸਰ ਕਰਨ ਅਤੇ ਸੂਬੇ ਦੀ ਸ਼ਾਂਤੀ ਅਤੇ ਸੁਰੱਖਿਆ ਦੀ ਰਾਖੀ ਲਈ ਦ੍ਰਿੜਤਾ ਨਾਲ ਵਚਨਬੱਧ ਹੈ।

ਹੋਰ ਵੇਰਵੇ ਸਾਂਝੇ ਕਰਦੇ ਹੋਏ, ਏ.ਆਈ.ਜੀ., ਐਸਐਸਓਸੀ ਅੰਮ੍ਰਿਤਸਰ ਸੁਖਮਿੰਦਰ ਸਿੰਘ ਮਾਨ ਨੇ ਕਿਹਾ ਕਿ ਕਾਨੂੰਨ ਦੀਆਂ ਸਬੰਧਤ ਧਾਰਾਵਾਂ ਤਹਿਤ ਪੁਲਿਸ ਥਾਣਾ ਸਟੇਟ ਸਪੈਸ਼ਲ ਆਪਰੇਸ਼ਨ ਸੈੱਲ (ਐਸਐਸਓਸੀ) ਅੰਮ੍ਰਿਤਸਰ ਵਿਖੇ ਐਫਆਈਆਰ ਦਰਜ ਕੀਤੀ ਗਈ ਹੈ। ਉਹਨਾਂ ਕਿਹਾ ਕਿ ਬਰਾਮਦ ਕੀਤੀ ਗਈ ਵਿਸਫੋਟਕ ਸਮੱਗਰੀ ਨੂੰ ਛੁਪਾਉਣ ਲਈ ਜ਼ਿੰਮੇਵਾਰ ਲੋਕਾਂ ਦੀ ਪਛਾਣ ਕਰਨ ਅਤੇ ਉਨ੍ਹਾਂ ਨੂੰ ਕਾਬੂ ਕਰਨ ਲਈ ਜਾਂਚ ਜਾਰੀ ਹੈ।

ਇਸ ਸਬੰਧ ਵਿੱਚ, ਅੰਮ੍ਰਿਤਸਰ ਦੇ ਪੁਲਿਸ ਥਾਣਾ ਐਸਐਸਓਸੀ ਵਿਖੇ ਅਸਲਾ ਐਕਟ ਦੀ ਧਾਰਾ 25, ਵਿਸਫੋਟਕ ਪਦਾਰਥ ਐਕਟ ਦੀ ਧਾਰਾ 3, 4 ਅਤੇ 5 ਅਤੇ ਬੀਐਨਐਸ ਦੀ ਧਾਰਾ 111 ਅਤੇ 61(2) ਤਹਿਤ ਐਫਆਈਆਰ ਨੰਬਰ 28 ਮਿਤੀ 05.05.2025 ਨੂੰ ਕੇਸ ਦਰਜ ਕੀਤਾ ਗਿਆ ਹੈ।

# ਕੇਂਦਰ ਦੀ ਅਣਗਹਿਲੀ ਕਰਕੇ ਮੰਡੀਆਂ ਵਿੱਚ ਲੱਗੇ ਕਣਕ ਦੇ ਅੰਬਾਰ : ਬਰਸਟ



ਮੋਹਾਲੀ, 6 ਮਈ 2025 (ਹਰਦੀਪ ਕੌਰ) : ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਨੇ ਕਿਹਾ ਕਿ ਪੰਜਾਬ ਦੇ ਮਾਨਯੋਗ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬੇ ਦੀਆਂ ਮੰਡੀਆਂ ਵਿੱਚ ਕੀਤੇ ਪੁਖਤਾ ਪ੍ਰਬੰਧਾਂ ਸਦਕਾ ਕਣਕ ਦੇ ਖਰੀਦ ਕਾਰਜ ਸੁਚਾਰੂ ਢੰਗ ਨਾਲ ਚੱਲ ਰਹੇ ਹਨ। ਕਿਸਾਨਾਂ ਨੂੰ ਫਸਲ ਦੀ ਅਦਾਇਗੀ ਵੀ ਨਾਲੋਂ-ਨਾਲ ਕੀਤੀ ਜਾ ਰਹੀ ਹੈ, ਪਰ ਕੇਂਦਰ ਸਰਕਾਰ ਆਪਣੀ ਜਿੰਮੇਵਾਰੀਆਂ ਨੂੰ ਸਹੀ ਢੰਗ ਨਾਲ ਨਹੀਂ ਨਿਭਾ ਰਹੀ। ਮੰਡੀਆਂ ਵਿੱਚੋਂ ਖਰੀਦੀ ਗਈ ਕਣਕ ਦੀ ਲਿਫਟਿੰਗ ਕਰਵਾਉਣ ਦੀ ਜਿੰਮੇਵਾਰੀ ਕੇਂਦਰ ਸਰਕਾਰ ਦੀ ਬਣਦੀ ਹੈ, ਪਰ ਕੇਂਦਰ ਸਰਕਾਰ ਅਤੇ ਐਫ.ਸੀ.ਆਈ ਵੱਲੋਂ ਮੰਡੀਆਂ ਵਿੱਚੋਂ ਕਣਕ ਦੀ ਲਿਫਟਿੰਗ ਕਰਵਾਉਣ ਵਿੱਚ ਅਣਗਹਿਲੀ ਵਰਤੀ ਜਾ ਰਹੀ ਹੈ।

ਉਨ੍ਹਾਂ ਦੱਸਿਆ ਕਿ ਹੁਣ ਤੱਕ ਮੰਡੀਆਂ ਵਿੱਚ 124.05 ਲੱਖ ਮੀਟ੍ਰਿਕ ਟਨ ਕਣਕ ਦੀ ਆਮਦ ਹੋ ਚੁੱਕੀ ਹੈ ਅਤੇ 123.35 ਲੱਖ ਮੀਟ੍ਰਿਕ ਟਨ ਕਣਕ ਦੀ ਖਰੀਦ ਹੋ ਚੁੱਕੀ ਹੈ, ਜਿਸ ਵਿੱਚੋਂ 79.36 ਲੱਖ ਮੀਟ੍ਰਿਕ ਟਨ ਕਣਕ ਦੀ ਲਿਫਟਿੰਗ ਹੋ ਚੁੱਕੀ ਹੈ ਅਤੇ 43.99 ਲੱਖ ਮੀਟ੍ਰਿਕ ਟਨ ਕਣਕ ਮੰਡੀਆਂ ਵਿੱਚ ਪਈ ਹੈ। ਉਨ੍ਹਾਂ ਦੱਸਿਆ ਕਿ 5 ਮਈ ਨੂੰ ਸੂਬੇ ਦੀਆਂ ਮੰਡੀਆਂ ਵਿੱਚ 1.10 ਲੱਖ ਮੀਟ੍ਰਿਕ ਟਨ ਕਣਕ ਦੀ ਆਮਦ ਹੋਈ, ਜਦਕਿ 1.19 ਲੱਖ ਮੀਟ੍ਰਿਕ ਟਨ ਕਣਕ ਦੀ ਖਰੀਦ ਹੋਈ ਹੈ। ਉਨ੍ਹਾਂ ਦੱਸਿਆ ਕਿ ਕਿਸਾਨਾਂ ਨੂੰ 25821.71 ਕਰੋੜ ਰੁਪਏ ਦੀ ਅਦਾਇਗੀ ਕੀਤੀ ਜਾ ਚੁੱਕੀ ਹੈ।

ਚੇਅਰਮੈਨ ਨੇ ਕਿਹਾ ਕਿ ਸੂਬੇ ਵਿੱਚ ਮੌਸਮ ਖਰਾਬ ਹੋ ਰਿਹਾ ਹੈ ਅਤੇ ਲਿਫਟਿੰਗ ਘੱਟ ਹੋਣ ਕਾਰਨ ਮੰਡੀਆਂ ਵਿੱਚ ਕਣਕ ਦੇ ਢੇਰ ਲੱਗੇ ਹੋਏ ਹਨ। ਕੇਂਦਰ ਸਰਕਾਰ ਦੀ ਮਾੜੀ ਕਾਰਗੁਜਾਰੀ ਦੇ ਚਲਦਿਆਂ ਮੰਡੀਆਂ ਵਿੱਚ ਕਣਕ ਭਿੱਜ ਰਹੀ ਹੈ, ਹਾਲਾਂਕਿ ਪੰਜਾਬ ਸਰਕਾਰ ਵੱਲੋਂ ਮੰਡੀਆਂ ਵਿੱਚ ਪੁਖਤਾ ਪ੍ਰਬੰਧ ਕੀਤੇ ਗਏ ਹਨ, ਪਰ ਮੌਸਮ ਖਰਾਬ ਹੋਣ ਕਰਕੇ ਜੇਕਰ ਖਰੀਦ ਕੀਤੀ ਕਣਕ ਭਿੱਜ ਜਾਂਦੀ ਹੈ, ਤਾਂ ਉਸਦੀ ਜਿੰਮੇਵਾਰੀ ਕੇਂਦਰ ਸਰਕਾਰ ਦੀ ਹੋਵੇਗੀ। ਕੇਂਦਰ ਸਰਕਾਰ ਦੇ ਰਵੱਈਏ ਨੂੰ ਪੰਜਾਬ ਦੇ ਲੋਕਾਂ ਵੱਲੋਂ ਵਿਤਕਰੇ ਦੇ ਤੌਰ 'ਤੇ ਦੇਖਿਆ ਜਾ ਰਿਹਾ ਹੈ। ਬਰਸਟ ਨੇ ਕਿਹਾ ਕਿ ਕੇਂਦਰ ਸਰਕਾਰ ਨੂੰ ਮੰਡੀਆਂ ਵਿੱਚੋਂ ਖਰੀਦੀ ਗਈ ਕਣਕ ਦੀ ਲਿਫਟਿੰਗ ਕਰਵਾਉਣ ਲਈ ਪੁਖਤਾ ਪ੍ਰਬੰਧ ਕਰਨੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਲੋਕਾਂ ਤੱਕ ਸਹੀ ਕਿਸਮ ਦਾ ਅਨਾਜ ਪਹੁੰਚਾਉਣ ਵਾਸਤੇ ਕੇਂਦਰ ਸਰਕਾਰ ਅਤੇ ਐਫ.ਸੀ.ਆਈ. ਆਪਣੀ ਜਿੰਮੇਵਾਰੀ ਸਮਝੇ ਅਤੇ ਜਲਦ ਤੋਂ ਜਲਦ ਸਪੈਸ਼ਲ ਟਰੇਨਾਂ ਲਗਾ ਕੇ ਕਣਕ ਦੀ ਲਿਫਟਿੰਗ ਕਰਵਾਵੇ ਅਤੇ ਜਿੱਥੇ-ਜਿੱਥੇ ਅਨਾਜ ਪਹੁੰਚਾਉਣਾ ਹੈ, ਉੱਥੇ ਤੱਕ ਪਹੁੰਚਾਵੇ।

ਉਨ੍ਹਾਂ ਕਿਹਾ ਕਿ ਪੰਜਾਬ ਦੇ ਮਾਨਯੋਗ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬੇ ਦੀਆਂ ਮੰਡੀਆਂ ਵਿੱਚ ਕਣਕ ਦੀ ਖਰੀਦ ਦੇ ਕਾਰਜਾਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਪੁਖਤਾ ਪ੍ਰਬੰਧ ਕੀਤੇ ਗਏ ਹਨ। ਮੰਡੀਆਂ ਵਿੱਚ ਸਾਫ਼-ਸਫਾਈ, ਪੀਣ ਯੋਗ ਪਾਣੀ, ਬਾਥਰੂਮ, ਛਾਂ, ਬੈਠਣ ਆਦਿ ਦੇ ਪੂਰੇ ਪ੍ਰਬੰਧ ਕੀਤੇ ਗਏ ਹਨ, ਤਾਂ ਜੋ ਕਿਸਾਨਾਂ, ਆੜ੍ਹਤੀਆਂ, ਮਜਦੂਰਾਂ ਨੂੰ ਕਿਸੇ ਕਿਸਮ ਦੀ ਸਮੱਸਿਆਂ ਦਾ ਸਾਹਮਣਾ ਨਾ ਕਰਨਾ ਪਵੇ। ਮੰਡੀ ਬੋਰਡ ਵੱਲੋਂ ਕਣਕ ਦੀ ਖਰੀਦ ਕਰਵਾਉਣ ਲਈ ਕੁੱਲ 1865 ਪੱਕੀਆਂ ਮੰਡੀਆਂ ਘੋਸ਼ਿਤ ਕੀਤੀਆਂ ਗਈਆਂ ਹਨ। ਜਿਨ੍ਹਾਂ ਵਿੱਚ 152 ਮੁੱਖ ਯਾਰਡ, 285 ਸਬ-ਯਾਰਡ ਅਤੇ 1428 ਖਰੀਦ ਕੇਂਦਰ ਆਉਂਦੇ ਹਨ। ਇਸ ਦੇ ਨਾਲ ਹੀ ਕਣਕ ਦੀ ਫਸਲ ਦੀ ਆਮਦ ਨੂੰ ਧਿਆਨ ਵਿੱਚ ਰੱਖਦਿਆਂ ਹੋਇਆ 1028 ਆਰਜੀ ਮੰਡੀਆਂ ਘੋਸ਼ਿਤ ਕੀਤੀਆਂ ਜਾ ਚੁੱਕੀਆਂ ਹਨ, ਜਿਨ੍ਹਾਂ ਵਿੱਚ ਕਣਕ ਦੀ ਖਰੀਦ ਜਾਰੀ ਹੈ।

# ਪ੍ਰਬੰਧਕੀ ਸਕੱਤਰ (ਖੇਤੀਬਾੜੀ), ਪੰਜਾਬ ਦੀ ਪ੍ਰਧਾਨਗੀ ਹੇਠ ਸਮੂਹ ਮੁੱਖ ਖੇਤੀਬਾੜੀ ਅ.ਫਸਰਾਂ ਦੀ ਮੀਟਿੰਗ



ਚੰਡੀਗੜ੍ਹ, 6 ਮਈ, (ਚ.ਨ.ਸ.) : ਅੱਜ ਡਾ. ਬਸੰਤ ਗਰਗ, ਪ੍ਰਬੰਧਕੀ ਸਕੱਤਰ (ਖੇਤੀਬਾੜੀ), ਪੰਜਾਬ ਦੀ ਪ੍ਰਧਾਨਗੀ ਹੇਠ ਵਿਭਾਗ ਵੱਲੋਂ ਚਲਾਈਆਂ ਜਾਣ ਵਾਲੀਆਂ ਕਿਸਾਨ ਭਲਾਈ ਸਕੀਮਾਂ ਦੀ ਰਿਵਿਊ ਮੀਟਿੰਗ ਕਿਸਾਨ ਭਵਨ, ਸੈਕਟਰ-35, ਚੰਡੀਗੜ੍ਹ ਵਿਖੇ ਕੀਤੀ ਗਈ। ਮੀਟਿੰਗ ਦੌਰਾਨ ਸਮੂਹ ਮੁੱਖ ਖੇਤੀਬਾੜੀ ਅਫਸਰਾਂ ਨੂੰ ਹਦਾਇਤ ਕੀਤੀ ਗਈ ਕਿ ਫਸਲੀ ਵਿਭਿੰਨਤਾ ਨੂੰ ਵੱਧ ਤੋਂ ਵੱਧ ਉਤਸ਼ਾਹਿਤ ਕੀਤਾ ਜਾਵੇ, ਕਿਸਾਨਾਂ ਨੂੰ ਵੱਧ ਤੋਂ ਵੱਧ ਪ੍ਰੇਰਿਤ ਕੀਤਾ ਜਾਵੇ ਤਾਂ ਜੋ ਕਿ ਮੱਕੀ ਅਤੇ ਨਰਮੇ/ਕਪਾਹ ਹੇਠ ਰਕਬਾ ਵਧਾਇਆ ਜਾ ਸਕੇ। ਝੋਨੇ ਦੀ ਸਿੱਧੀ ਬਿਜਾਈ ਹੇਠ ਰਕਬਾ ਵਧਾਉਣ ਲਈ ਵੀ ਕਿਸਾਨਾਂ ਨੂੰ ਉਤਸ਼ਾਹਿਤ ਕਰਨ ਦੀ ਹਦਾਇਤ ਕੀਤੀ ਗਈ ਅਤੇ ਪੰਜਾਬ ਸਰਕਾਰ ਵੱਲੋਂ ਦਿੱਤੀ ਜਾਣ ਵਾਲੀ 1500/- ਰੁਪਏ ਪ੍ਰਤੀ ਏਕੜ ਵਿੱਤੀ ਸਹਾਇਤਾ ਬਾਰੇ ਵੀ ਕਿਸਾਨਾਂ ਨੂੰ ਸੂਚਿਤ ਕਰਨ ਦੀ ਹਦਾਇਤ ਕੀਤੀ। ਪਰਾਲੀ ਦੇ ਸੁਚੱਜੇ ਪ੍ਰਬੰਧਨ ਲਈ ਸਬਸਿਡੀ ਤੇ ਦਿੱਤੀਆਂ ਜਾਣ ਵਾਲੀਆਂ ਮਸ਼ੀਨਾਂ ਦੇ ਡਰਾਅ ਸਮੇਂ ਸਿਰ ਕੱਢੇ ਜਾਣ ਅਤੇ ਮਸ਼ੀਨਾਂ ਦੀ ਸੁਚੱਜੀ ਵਰਤੋਂ ਲਈ ਕਿਸਾਨਾਂ ਨੂੰ ਵਿਸ਼ੇਸ਼ ਟ੍ਰੇਨਿੰਗ ਵੀ ਦਿੱਤੀ ਜਾਵੇ। ਜਸਵੰਤ ਸਿੰਘ, ਡਾਇਰੈਕਟਰ ਖੇਤੀਬਾੜੀ, ਪੰਜਾਬ ਵੱਲੋਂ ਸਮੂਹ ਜਿਲ੍ਹਿਆਂ ਦੇ ਮੁੱਖੀਆਂ ਨੂੰ ਵਿਸ਼ੇਸ਼ ਹਦਾਇਤਾਂ ਜਾਰੀ ਕਰਦਿਆਂ ਕਿਹਾ ਕਿ ਆਪ ਦੇ ਜਿਲ੍ਹਿਆਂ ਵਿੱਚ ਕਿਸਾਨਾਂ ਨੂੰ ਜਰੂਰੀ ਖੇਤੀ ਸਹੂਲਤਾਂ ਜਿਵੇਂ ਕਿ ਬੀਜ, ਖਾਦ ਅਤੇ ਪੈਸਟੀਸਾਈਡਜ ਆਦਿ ਦੇ ਮਿਆਰੀ ਉਤਪਾਦ ਹੀ ਉਪਲੱਬਧ ਕਰਵਾਏ ਜਾਣ ਅਤੇ ਇਸ ਸਬੰਧੀ ਵਿਕ੍ਰੇਤਾਵਾਂ ਦੀ ਨਿਰੰਤਰ ਚੈਕਿੰਗ ਕੀਤੀ ਜਾਵੇ ਅਤੇ ਸੈਂਪਲ ਭਰਨੇ ਯਕੀਨੀ ਬਣਾਏ ਜਾਣ। ਇਸ ਮੀਟਿੰਗ ਵਿੱਚ ਪੰਜਾਬ ਰਾਜ ਦੇ ਸਮੂਹ ਮੁੱਖ ਖੇਤੀਬਾੜੀ ਅਫਸਰ ਅਤੇ ਸੰਯੁਕਤ ਡਾਇਰੈਕਟਰ ਖੇਤੀਬਾੜੀ ਵੱਲੋਂ ਵੀ ਭਾਗ ਲਿਆ ਗਿਆ। ਮੌਕੇ 'ਤੇ ਮੌਜੂਦ ਵੱਖ-ਵੱਖ ਸਕੀਮਾਂ ਦੇ ਇੰਚਾਰਜ ਸੰਯੁਕਤ ਡਾਇਰੈਕਟਰ ਖੇਤੀਬਾੜੀ ਜਿਹਨਾਂ ਵਿੱਚ ਮੁੱਖ ਤੌਰ 'ਤੇ ਡਾ. ਨਰਿੰਦਰ ਸਿੰਘ ਬੇਨੀਪਾਲ, ਡਾ. ਦਿਲਬਾਗ ਸਿੰਘ, ਡਾ.ਤੇਜਪਾਲ ਸਿੰਘ, ਡਾ.ਬਲਬੀਰ ਚੰਦ, ਡਾ.ਗੁਰਜੀਤ ਸਿੰਘ ਬਰਾੜ, ਡਾ.ਅਰੁਣ ਕੁਮਾਰ ਅਤੇ ਸ੍ਰੀਮਤੀ ਹਰਪ੍ਰੀਤ ਕੌਰ ਤੋਂ ਇਲਾਵਾ ਰਾਜ ਪੱਧਰੀ ਅਫਸਰਾਂ ਨੇ ਚੱਲ ਰਹੀਆਂ ਸਕੀਮਾਂ ਦਾ ਰੀਵਿਊ ਕੀਤਾ।

# ਤੁਸੀਂ ਆਵਾਜ਼ ਨੂੰ ਚੁੱਪ ਕਰਾਉਣ ਦੀ ਕੋਸ਼ਿਸ਼ ਕਰ ਸਕਦੇ ਹੋ, ਪਰ ਤੁਸੀਂ ਸੱਚ ਨੂੰ ਦਬਾ ਨਹੀਂ ਸਕਦੇ : ਰਾਜਾ ਵੜਿੰਗ



ਚੰਡੀਗੜ੍ਹ, 6 ਮਈ, (ਅੰਮ੍ਰਿਤਪਾਲ ਸਿੰਘ): ਅਮਰਿੰਦਰ ਸਿੰਘ ਰਾਜਾ ਵੜਿੰਗ ਦੀ ਅਗਵਾਈ ਵਾਲੀ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ (ਪੀਪੀਸੀਸੀ) ਨੇ ਆਮ ਆਦਮੀ ਪਾਰਟੀ (ਆਪ) ਸਰਕਾਰ ਵੱਲੋਂ ਵਿਰੋਧੀ ਧਿਰ ਦੇ ਨੇਤਾ ਸ਼੍ਰੀ ਪ੍ਰਤਾਪ ਸਿੰਘ ਬਾਜਵਾ ਨੂੰ ਲਗਾਤਾਰ ਪਰੇਸ਼ਾਨ ਕਰਨ ਦੇ ਸਖ਼ਤ ਵਿਰੋਧ ਵਿੱਚ ਆਉਂਦਿਆਂ ਇਸਨੂੰ ਪੰਜਾਬ ਵਿੱਚ ਸੰਵਿਧਾਨਕ ਲੋਕਤੰਤਰ 'ਤੇ ਇੱਕ ਖ਼ਤਰਨਾਕ ਅਤੇ ਜਾਣਬੁੱਝ ਕੇ ਹਮਲਾ ਦੱਸਿਆ ਹੈ। 13 ਅਪ੍ਰੈਲ, 23 ਅਪ੍ਰੈਲ ਅਤੇ 3 ਮਈ ਨੂੰ ਪਿਛਲੇ ਨੋਟਿਸਾਂ ਤੋਂ ਬਾਅਦ ਅੱਜ ਪ੍ਰਤਾਪ ਬਾਜਵਾ ਨੂੰ ਇੱਕ ਹੋਰ ਸੰਮਨ ਜਾਰੀ ਕੀਤਾ ਗਿਆ ਹੈ। ਇਹ ਜਾਂਚ ਵਿੱਚ ਉਨ੍ਹਾਂ ਦੇ ਪੂਰੇ ਸਹਿਯੋਗ ਦੇ ਬਾਵਜੂਦ ਆਇਆ ਹੈ, ਜਿਸ ਵਿੱਚ ਦੋ ਪੇਸ਼ੀਆਂ ਦੌਰਾਨ 12 ਘੰਟੇ ਤੋਂ ਵੱਧ ਪੁੱਛਗਿੱਛ ਵੀ ਸ਼ਾਮਲ ਹੈ।

'ਆਪ' ਸਰਕਾਰ ਸਿਰਫ਼ ਇੱਕ ਨੇਤਾ ਨੂੰ ਨਿਸ਼ਾਨਾ ਨਹੀਂ ਬਣਾ ਰਹੀ ਹੈ - ਬਲਕਿ ਇਹ ਇੱਕ ਸੰਵਿਧਾਨਕ ਅਹੁਦੇ ਨੂੰ ਕਮਜ਼ੋਰ ਕਰ ਰਹੀ ਹੈ। ਇਹ ਕਾਨੂੰਨ ਦੀ ਸਰਾਸਰ ਉਲੰਘਣਾ ਹੈ, ਇਹ ਪੰਜਾਬ ਪੁਲਿਸ ਜ਼ਰੀਏ ਇੱਕ ਸਾਧਨ ਵਜੋਂ ਸਿਆਸੀ ਧੱਕੇਸ਼ਾਹੀ ਹੈ, ਰਾਜਾ ਵੜਿੰਗ ਨੇ ਕਿਹਾ।

ਇਹ ਤਾਜ਼ਾ ਸੰਮਨ ਉਸੇ ਦਿਨ ਆਇਆ ਜਦੋਂ ਪੰਜਾਬ ਪੁਲਿਸ ਨੇ ਐਸਬੀਐਸ ਨਗਰ ਵਿੱਚ ਦੋ ਰਾਕੇਟ-ਪ੍ਰੋਪੇਲਡ ਗ੍ਰਨੇਡ (ਆਰਪੀਜੀ) ਅਤੇ ਪੰਜ ਹੈਂਡ ਗ੍ਰਨੇਡ ਬਰਾਮਦ ਕੀਤੇ, ਜਿਸ ਨਾਲ ਰਾਜ ਨੂੰ ਸੁਰੱਖਿਆ ਖਤਰਿਆਂ ਬਾਰੇ ਪ੍ਰਤਾਪ ਬਾਜਵਾ ਦੀਆਂ ਪਹਿਲਾਂ ਦਿੱਤੀਆਂ ਚੇਤਾਵਨੀਆਂ ਨੂੰ ਹੋਰ ਸਹੀ ਸਾਬਤ ਕੀਤਾ ਗਿਆ। 13 ਅਪ੍ਰੈਲ ਤੋਂ, ਕੁੱਲ ਅੱਠ ਗ੍ਰਨੇਡ ਬਰਾਮਦ ਕੀਤੇ ਗਏ ਹਨ, ਜੋ ਸਥਿਤੀ ਦੀ ਗੰਭੀਰਤਾ ਨੂੰ ਦਰਸਾਉਂਦੇ ਹਨ।

ਸੁਰੱਖਿਆ ਨੂੰ ਮਜ਼ਬੂਤ ਕਰਨ ਦੀ ਬਜਾਏ, ਮਾਨ ਸਰਕਾਰ ਜਾਣਕਾਰੀ ਦੇਣ ਵਾਲੇ 'ਤੇ ਕਾਰਵਾਈ ਕਰ ਰਹੀ ਹੈ। ਬਾਜਵਾ ਦੀਆਂ ਚੇਤਾਵਨੀਆਂ ਸਹੀ ਸਾਬਤ ਹੋਈਆਂ - ਫਿਰ ਵੀ ਉਹਨਾਂ ਨੂੰ ਹੀ ਨਿਸ਼ਾਨਾ ਬਣਾਇਆ ਜਾ ਰਿਹਾ ਹੈ, ਵੜਿੰਗ ਨੇ ਕਿਹਾ।

ਖਾਸ ਤੌਰ 'ਤੇ ਭਿਆਨਕ ਗੱਲ ਇਹ ਹੈ ਕਿ ਪ੍ਰਤਾਪ ਬਾਜਵਾ ਵੱਲੋਂ ਕੱਲ੍ਹ ਹੀ ਸੰਵੇਦਨਸ਼ੀਲ ਪਾਣੀ-ਵੰਡ ਦੇ ਮੁੱਦਿਆਂ 'ਤੇ ਸਰਕਾਰ ਨੂੰ ਸਮਰਥਨ ਦੇਣ ਤੋਂ ਬਾਅਦ ਵੀ ਇਹ ਬਦਲਾਖੋਰੀ ਕਾਰਵਾਈਆਂ ਜਾਰੀ ਹਨ - ਦੋ-ਪੱਖੀ ਸਹਿਯੋਗ ਦਾ ਸੰਕੇਤ ਬਦਲੇ ਵਿੱਚ ਬਦਨੀਤੀ ਨਾਲ ਮਿਲਿਆ। ਕਾਂਗਰਸ ਪਾਰਟੀ ਨੇ ਇਸ ਰਾਜਨੀਤਿਕ ਬਦਲੇ ਦੀ ਭਾਵਨਾ ਨੂੰ ਤੁਰੰਤ ਖਤਮ ਕਰਨ ਦੀ ਮੰਗ ਕੀਤੀ ਹੈ ਅਤੇ ਪੰਜਾਬ ਪੁਲਿਸ ਨੂੰ ਰਾਜਨੀਤੀ ਨਹੀਂ, ਸਗੋਂ ਕਾਨੂੰਨ ਦੇ ਹਿੱਤ ਵਿੱਚ ਕੰਮ ਕਰਨ ਲਈ ਕਿਹਾ ਹੈ।

# ਸੰਧਵਾਂ ਵੱਲੋਂ ਪੰਜਾਬੀ ਯੂਨੀਵਰਸਿਟੀ ਨੂੰ ਨਿਰਦੇਸ਼ : 'ਮਹਾਨ ਕੋਸ਼' ਬਾਰੇ ਮਾਹਿਰ ਕਮੇਟੀ ਦੀ ਰਿਪੋਰਟ ਦੋ ਹ.ਫਤਿਆਂ ਵਿੱਚ ਸੌਂਪੇ



ਚੰਡੀਗੜ੍ਹ, 6 ਮਈ, (ਚ.ਨ.ਸ.) :ਪੰਜਾਬ ਵਿਧਾਨ ਸਭਾ ਦੇ ਸਪੀਕਰ ਸਰਦਾਰ ਕੁਲਤਾਰ ਸਿੰਘ ਸੰਧਵਾਂ ਨੇ ਭਾਈ ਕਾਨ ਸਿੰਘ ਨਾਭਾ ਵੱਲੋਂ ਰਚਿਤ ਮਹਾਨ ਕੋਸ਼ ਦੀ ਸੁਧਾਈ ਲਈ ਅੱਜ ਆਪਣੇ ਦਫਤਰ ਪੰਜਾਬ ਵਿਧਾਨ ਸਭਾ ਸਕੱਤਰੇਤ ਵਿੱਚ ਪੰਜਾਬੀ ਯੂਨੀਵਰਸਿਟੀ ਅਤੇ ਭਾਸ਼ਾ ਵਿਭਾਗ ਦੇ ਉੱਚ ਅਧਿਕਾਰੀਆਂ ਨਾਲ ਅਹਿਮ ਮੀਟਿੰਗ ਕੀਤੀ। ਉਨਾਂ ਨੇ ਪੰਜਾਬੀ ਯੂਨੀਵਰਸਿਟੀ ਤੋਂ ਆਏ ਡੀਨ ਨਾਲ ਗਹਿਨ ਚਰਚਾ ਕੀਤੀ ਅਤੇ ਉਹਨਾਂ ਨੂੰ ਇਹ ਆਦੇਸ਼ ਦਿੱਤੇ ਕਿ ਉਹ ਮਹਾਨ ਕੋਸ਼ ਵਿੱਚ ਪਾਈਆਂ ਗਈਆਂ ਤਰੁਟੀਆਂ ਨੂੰ ਜਲਦੀ ਤੋਂ ਜਲਦੀ ਠੀਕ ਕਰ ਲੈਣ। ਵਿਚਾਰ-ਵਟਾਂਦਰੇ ਦੌਰਾਨ, ਉਨ੍ਹਾਂ ਨੇ ਸਬੰਧਤ ਅਧਿਕਾਰੀਆਂ ਨੂੰ ਸੁਧਾਰ ਕਰਨ ਤੋਂ ਬਾਅਦ ਮਹਾਨ ਕੋਸ਼ ਨੂੰ ਦੁਬਾਰਾ ਛਾਪਣ ਲਈ ਕਿਹਾ।

ਸਪੀਕਰ ਵੱਲੋਂ ਪੰਜਾਬੀ ਯੂਨੀਵਰਸਿਟੀ ਦੇ ਡੀਨ ਨੂੰ ਇਹ ਵੀ ਕਿਹਾ ਗਿਆ ਕੀ ਉਹ ਯੂਨੀਵਰਸਿਟੀ ਵੱਲੋਂ ਗਠਿਤ ਐਕਸਪਰਟ ਕਮੇਟੀ ਦੀ ਮੀਟਿੰਗ 15 ਦਿਨਾਂ ਦੇ ਅੰਦਰ ਅੰਦਰ ਰੱਖਣ ਅਤੇ ਉਸ ਕਮੇਟੀ ਵੱਲੋਂ ਦਿੱਤੇ ਗਏ ਸੁਝਾਵਾਂ ਨੂੰ ਸਰਕਾਰ ਨੂੰ ਭੇਜ ਦੇਣ ਤਾਂ ਜੋ ਸਰਕਾਰ ਇਸ ਉੱਪਰ ਬਣਦੀ ਕਾਰਵਾਈ ਕਰ ਸਕੇ।

ਇਸ ਮੀਟਿੰਗ ਵਿੱਚ ਗਰੀਸ਼ ਦਿਆਲਨ ਡੀ.ਜੀ.ਐਸ.ਈ ਸਕੂਲ ਐਜੂਕੇਸ਼ਨ, ਡਾ ਨਰਿੰਦਰ ਕੌਰ ਮੁਲਤਾਨੀ ਡੀਨ ਪੰਜਾਬੀ ਯੂਨੀਵਰਸਿਟੀ, ਡਾ. ਪਰਮਿੰਦਰਜੀਤ ਕੌਰ ਪੰਜਾਬੀ ਯੂਨੀਵਰਸਿਟੀ, ਕੁਲਜੀਤ ਸਿੰਘ, ਐਡਵੋਕੇਟ ਜਸਵਿੰਦਰ ਸਿੰਘ, ਪਰਮਜੀਤ ਸਿੰਘ, ਹਸ਼ਪਾਲ ਸਿੰਘ, ਡਾ ਖੁਸ਼ਹਾਲ ਸਿੰਘ, ਰਾਜਿੰਦਰ ਸਿੰਘ ਖਾਲਸਾ, ਅਮਰਿੰਦਰ ਸਿੰਘ, ਪਿਆਰੇ ਲਾਲ ਗਰਗ ਅਸ਼ੋਕ ਚਾਵਲਾ ਸ਼ਾਮਲ ਹੋਏ।

**ਚੜ੍ਹਦੀਕਲਾ**
ਪਰਮਜੀਤ ਸਿੰਘ, ਪ੍ਰਿੰਟਰ ਪਬਲਿਸ਼ਰ ਨੇ ਰੋਜ਼ਾਨਾ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈੱਸ ਪ੍ਰਾਈਵੇਟ ਲਿਮਟਿਡ ਲਈ ਦਲਜੀਤ ਪ੍ਰਿੰਟਰਜ਼, 593 ਐਸ.ਐਸ.ਟੀ. ਨਗਰ ਪਟਿਆਲਾ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਚੜ੍ਹਦੀਕਲਾ, 577, ਐਸ.ਐਸ.ਟੀ. ਨਗਰ, ਪਟਿਆਲਾ ਤੋਂ ਪ੍ਰਕਾਸ਼ਿਤ ਕੀਤਾ। ਮੁੱਖ ਸੰਪਾਦਕ : ਜਗਜੀਤ ਸਿੰਘ 'ਦਰਦੀ'।
PRGI (RNI) Regd. No. 22972/1972

Printed & Published by Paramjit Singh on behalf of Charhdikala Printing Press Pvt. Ltd., Patiala & Printed at Daljit Printers 593, SST Nagar Patiala. Published at Office Daily Charhdikala 577, SST Nagar Patiala. Chief Editor : Jagjit Singh Dardi
PRGI (RNI) Regd. No. 22972/1972

# 10,000 ਰੁਪਏ ਰਿਸ਼ਵਤ ਲੈਂਦਾ ਏ.ਐਸ.ਆਈ. ਕਾਬੂ



ਚੰਡੀਗੜ੍ਹ, 6 ਮਈ, 2025, (ਚ.ਨ.ਸ.) : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਜ਼ੀਰੋ ਸਹਿਣਸ਼ੀਲਤਾ ਨੀਤੀ ਤਹਿਤ ਸੂਬੇ ਵਿੱਚੋਂ ਭ੍ਰਿਸ਼ਟਾਚਾਰ ਦੇ ਖ਼ਾਤਮੇ ਲਈ ਚਲਾਈ ਮੁਹਿੰਮ ਤਹਿਤ ਪੰਜਾਬ ਵਿਜੀਲੈਂਸ ਬਿਊਰੋ ਨੇ ਮੋਗਾ ਜ਼ਿਲ੍ਹੇ ਦੇ ਥਾਣਾ ਸਮਾਲਪੁਰ ਵਿੱਚ ਤਾਇਨਾਤ ਸਹਾਇਕ ਸਬ-ਇੰਸਪੈਕਟਰ (ਏਐਸਆਈ) ਹਰਬਿੰਦਰ ਸਿੰਘ (ਨੰਬਰ 115/ਮੋਗਾ) ਨੂੰ 10,000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ।

ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਭ੍ਰਿਸ਼ਟਾਚਾਰ ਵਿਰੁੱਧ ਜਾਰੀ ਮੁਹਿੰਮ ਦੌਰਾਨ ਉਕਤ ਮੁਲਜ਼ਮ ਨੂੰ ਫਰੀਦਕੋਟ ਜ਼ਿਲ੍ਹੇ ਦੇ ਕੋਟਕਪੂਰਾ ਕਸਬੇ ਦੇ ਇੱਕ ਨਿਵਾਸੀ ਦੁਆਰਾ ਦਰਜ ਕਰਵਾਈ ਗਈ ਸ਼ਿਕਾਇਤ ਦੇ ਆਧਾਰ 'ਤੇ ਗ੍ਰਿਫ਼ਤਾਰ ਕੀਤਾ ਗਿਆ ਹੈ। ਉਨ੍ਹਾਂ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੋਸ਼ ਲਾਇਆ ਕਿ ਉਕਤ ਪੁਲਿਸ ਥਾਣੇ ਵਿੱਚ ਉਸਨੇ ਆਪਣੇ ਅਗਵਾ ਹੋਣ ਸਬੰਧੀ ਐਫ.ਆਈ.ਆਰ. ਦਰਜ ਕਰਵਾਈ ਹੈ ਅਤੇ ਉਕਤ ਏਐਸਆਈ ਇਸ ਕੇਸ ਦਾ ਜਾਂਚ ਅਧਿਕਾਰੀ ਹੈ। ਸ਼ਿਕਾਇਤਕਰਤਾ ਨੇ ਅੱਗੇ ਦੋਸ਼ ਲਗਾਇਆ ਕਿ ਉਕਤ ਪੁਲਿਸ ਮੁਲਾਜ਼ਮ ਨੇ ਮੁਲਜ਼ਮਾਂ ਵਿਰੁੱਧ ਕਾਰਵਾਈ ਕਰਨ ਲਈ ਉਸ ਤੋਂ ਰਿਸ਼ਵਤ ਮੰਗੀ ਹੈ। ਬੁਲਾਰੇ ਨੇ ਅੱਗੇ ਦੱਸਿਆ ਕਿ ਸ਼ਿਕਾਇਤ ਦੀ ਤਸਦੀਕ ਤੋਂ ਬਾਅਦ ਵਿਜੀਲੈਂਸ ਬਿਊਰੋ ਦੀ ਟੀਮ ਨੇ ਜਾਲ ਵਿਛਾਇਆ, ਜਿਸ ਦੌਰਾਨ ਉਕਤ ਪੁਲਿਸ ਮੁਲਾਜ਼ਮ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ 10000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ ਗਿਆ। ਇਸ ਸਬੰਧੀ ਵਿਜੀਲੈਂਸ ਬਿਊਰੋ ਦੇ ਥਾਣਾ ਫਿਰੋਜ਼ਪੁਰ ਰੇਂਜ ਵਿਖੇ ਮੁਲਜ਼ਮ ਵਿਰੁੱਧ ਕੇਸ ਦਰਜ ਕਰ ਲਿਆ ਗਿਆ ਹੈ ਅਤੇ ਉਸਨੂੰ ਭਲਕੇ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਸਬੰਧੀ ਕੇਸ ਦੀ ਅਗਲੇਰੀ ਜਾਂਚ ਜਾਰੀ ਹੈ।

# ਬੀ.ਬੀ.ਐਮ.ਬੀ. ਦੀ ਪਟੀਸ਼ਨ 'ਤੇ ਹਾਈਕੋਰਟ ਨੇ ਫ਼ੈਸਲਾ ਰੱਖਿਆ ਸੁਰੱਖਿਅਤ




ਚੰਡੀਗੜ੍ਹ, 6 ਮਈ (ਚੜ੍ਹਦੀਕਲਾ ਬਿਊਰੋ) : ਪਾਣੀ ਦੇ ਵਿਵਾਦ ਨੂੰ ਲੈ ਕੇ ਬੀ.ਬੀ.ਐਮ.ਬੀ. ਦੀ ਪਟੀਸ਼ਨ 'ਤੇ ਅੱਜ ਲਗਾਤਾਰ ਦੂਜੇ ਦਿਨ ਪੰਜਾਬ ਤੇ ਹਰਿਆਣਾ ਹਾਈਕੋਰਟ ਵਿਚ ਸੁਣਵਾਈ ਹੋਈ। ਦੋਵਾਂ ਪੱਖਾਂ ਨੂੰ ਸੁਣਦੇ ਹੋਏ ਫੈਸਲਾ ਸੁਰੱਖਿਅਤ ਰੱਖਿਆ ਗਿਆ ਹੈ। ਪੰਜਾਬ ਸਰਕਾਰ ਵੱਲੋਂ ਹਾਈਕੋਰਟ ਵਿਚ ਦਲੀਲ ਦਿੱਤੀ ਗਈ ਸੀ ਕਿ ਪੰਜਾਬ ਪੁਲਿਸ ਸਿਰਫ ਸੁਰੱਖਿਆ ਲਈ ਲਗਾਈ ਹੈ ਨਾ ਕਿ ਮੈਨੇਜਮੈਂਟ ਵਾਸਤੇ। ਦੱਸ ਦੇਈਏ ਕਿ ਬੀ.ਬੀ.ਐੱਮ.ਬੀ. ਵੱਲੋਂ ਪਟੀਸ਼ਨ ਪਾਈ ਗਈ ਸੀ ਕਿ ਭਾਖੜਾ 'ਤੇ ਜੋ ਪੰਜਾਬ ਪੁਲਿਸ ਤਾਇਨਾਤ ਕੀਤੀ ਗਈ ਹੈ, ਉਸ ਨੂੰ ਹਟਾਇਆ ਜਾਵੇ। ਜਿਸ ਨੂੰ ਲੈ ਕੇ ਪੰਜਾਬ ਸਰਕਾਰ ਵੱਲੋਂ ਹਾਈਕੋਰਟ ਵਿਚ ਆਪਣਾ ਪੱਖ ਰੱਖਿਆ ਗਿਆ।

ਕਿਹਾ ਗਿਆ ਕਿ ਪੰਜਾਬ ਪੁਲਿਸ ਸੁਰੱਖਿਆ ਲਈ ਲਗਾਈ ਗਈ ਸੀ ਦੂਜੇ ਪਾਸੇ ਕੇਂਦਰ ਸਰਕਾਰ ਦੇ ਨੁਮਾਇੰਦੇ ਨੇ ਮੰਗ ਕੀਤੀ ਕੀ ਪੁਲਿਸ, ਬੀ.ਬੀ.ਐੱਮ.ਬੀ. ਵੱਲੋ ਜੋ ਕਿਹਾ ਗਿਆ ਹੈ ਕਿ ਹਟਾਈ ਜਾਵੇ, ਉਸ ਨੂੰ ਹਟਾਇਆ ਜਾਵੇ ਤੇ ਬੀ.ਬੀ.ਐਮ.ਬੀ. ਨੂੰ ਇਸ ਦਾ ਚਾਰਜ ਦਿੱਤਾ ਜਾਵੇ। ਜ਼ਿਕਰਯੋਗ ਹੈ ਕਿ ਹਰਿਆਣਾ ਵੱਲੋਂ ਲਗਾਤਾਰ 8500 ਕਿਊਸਿਕ ਪਾਣੀ ਦੀ ਮੰਗ ਕੀਤੀ ਜਾ ਰਹੀ ਹੈ। ਪਿਛਲੇ ਦਿਨੀਂ ਹਰਿਆਣਾ ਸਰਕਾਰ ਵੱਲੋਂ ਬੈਠਕ ਕੀਤੀ ਗਈ ਜਿਸ ਵਿਚ ਫੈਸਲਾ ਲਿਆ ਗਿਆ ਕਿ ਹਰਿਆਣਾ ਨੂੰ 8500 ਕਿਊਸਿਕ ਪਾਣੀ ਦਿੱਤਾ ਜਾਵੇਗਾ ਜਿਸ ਦਾ ਪੰਜਾਬ ਵੱਲੋਂ ਵਿਰੋਧ ਕੀਤਾ ਜਾ ਰਿਹਾ ਸੀ ਕਿ ਪੰਜਾਬ ਕੋਲ ਪਾਣੀ ਨਹੀਂ ਹੈ।

## ਨੰਗਲ ਡੈਮ ਦੀ ਸੁਰੱਖਿਆ ਨੂੰ ਖ਼ਤਰੇ ਬਾਰੇ ਮੁੱਖ ਇੰਜੀਨੀਅਰ ਨੇ ਗ੍ਰਹਿ ਵਿਭਾਗ ਨੂੰ ਲਿਖੀ ਚਿੱਠੀ

ਚੰਡੀਗੜ੍ਹ, 6 ਮਈ (ਚੜ੍ਹਦੀਕਲਾ ਬਿਊਰੋ) :ਬੀ.ਬੀ. ਐੱਮ.ਬੀ. ਵੱਲੋਂ ਹਰਿਆਣਾ ਨੂੰ ਵਾਧੂ ਪਾਣੀ ਦੇਣ ਦੇ ਫ਼ੈਸਲੇ ਮਗਰੋਂ ਨੰਗਲ ਡੈਮ ਦੀ ਸੁਰੱਖਿਆ ਲਈ ਖ਼ਤਰਾ ਖੜ੍ਹਾ ਹੋ ਗਿਆ ਹੈ ਜਿਸ ਦੇ ਮੱਦੇਨਜ਼ਰ ਭਾਖੜਾ ਡੈਮ ਦੇ ਮੁੱਖ ਇੰਜੀਨੀਅਰ ਨੇ ਫ਼ੌਰੀ ਪੁਲਿਸ ਦੀ ਸੁਰੱਖਿਆ ਮੰਗੀ ਹੈ। ਅੱਜ ਦੁਪਹਿਰ 12 ਵਜੇ ਪਿੱਛੋਂ ਨੰਗਲ ਡੈਮ ਅਤੇ ਲੋਹੰਡ ਖੱਡ ਦੇ ਗੇਟਾਂ ਲਾਗੇ ਮਾਹੌਲ ਵਿਗੜਨ ਦਾ ਖ਼ਦਸ਼ਾ ਜ਼ਾਹਿਰ ਕੀਤਾ ਗਿਆ ਹੈ। ਵੇਰਵਿਆਂ ਅਨੁਸਾਰ ਜਲ ਸਰੋਤ ਵਿਭਾਗ ਨੇ ਅੱਜ ਹੀ ਪੰਜਾਬ ਦੇ ਗ੍ਰਹਿ ਵਿਭਾਗ ਦੇ ਵਧੀਕ ਮੁੱਖ ਸਕੱਤਰ ਨੂੰ ਪੱਤਰ ਲਿਖ ਕੇ ਨੰਗਲ ਡੈਮ ਅਤੇ ਆਸ ਪਾਸ ਦੇ ਖੇਤਰਾਂ 'ਚ ਅਮਨ ਕਾਨੂੰਨ ਦੀ ਵਿਵਸਥਾ ਦੀ ਪੈਦਾ ਹੋਈ ਸਥਿਤੀ ਨਾਲ ਨਜਿੱਠਣ ਲਈ ਫ਼ੌਰੀ ਗ੍ਰਹਿ ਵਿਭਾਗ ਦੇ ਦਖ਼ਲ ਦੀ ਮੰਗ ਕੀਤੀ ਹੈ। ਭਾਖੜਾ ਡੈਮ ਦੇ ਮੁੱਖ ਇੰਜੀਨੀਅਰ ਚਰਨਪ੍ਰੀਤ ਸਿੰਘ ਵੱਲੋਂ ਐੱਸ.ਐੱਸ.ਪੀ. ਰੋਪੜ ਨੂੰ ਈਮੇਲ ਭੇਜ ਕੇ ਸਥਿਤੀ ਤੋਂ ਜਾਣੂ ਕਰਾਇਆ ਗਿਆ ਹੈ। ਨੰਗਲ ਡੈਮ ਅਤੇ ਲੋਹੰਡ ਖੱਡ ਦੇ ਲਾਗੇ ਪ੍ਰਦਰਸ਼ਨਕਾਰੀ ਪੁੱਜੇ ਹੋਏ ਹਨ ਜਿਨ੍ਹਾਂ ਵੱਲੋਂ ਧਰਨਾ ਦਿੱਤੇ ਜਾਣ ਕਰ ਕੇ ਡੈਮ ਦੇ ਕਰਮਚਾਰੀਆਂ ਨੂੰ ਕੰਮ ਕਰਨ ਵਿੱਚ ਮੁਸ਼ਕਲਾਂ ਖੜ੍ਹੀਆਂ ਹੋ ਗਈਆਂ ਹਨ। ਈ-ਮੇਲ ਜ਼ਰੀਏ ਪੁਲਿਸ ਦੀ ਸੁਰੱਖਿਆ ਮੰਗੀ ਗਈ ਹੈ ਤਾਂ ਜੋ ਅਧਿਕਾਰੀਆਂ ਅਤੇ ਕਰਮਚਾਰੀਆਂ ਸਮੇਤ ਡੈਮਾਂ ਦੀ ਸੁਰੱਖਿਆ ਹੋ ਸਕੇ। ਦੂਜੇ ਪਾਸੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਬੀ.ਬੀ.ਐੱਮ.ਬੀ. ਦੀ ਪਟੀਸ਼ਨ 'ਤੇ ਸੁਣਵਾਈ ਸ਼ੁਰੂ ਹੋ ਗਈ ਹੈ। ਬੀ.ਬੀ.ਐੱਮ.ਬੀ. ਦੀ ਮੰਗ ਹੈ ਕਿ ਡੈਮਾਂ ਤੋਂ ਪੰਜਾਬ ਪੁਲਿਸ ਹਟਾਈ ਜਾਵੇ। ਲੰਘੀ ਰਾਤ ਬੀ.ਬੀ.ਐੱਮ.ਬੀ. ਨੇ ਭਾਖੜਾ ਡੈਮ ਦੇ ਗੇਟ ਖੁਲ੍ਹਵਾਉਣ ਲਈ ਹਰਿਆਣਾ ਤਰਫ਼ੋਂ ਤਾਇਨਾਤ ਮੁਲਾਜ਼ਮਾਂ 'ਤੇ ਦਬਾਅ ਬਣਾਇਆ ਸੀ ਪ੍ਰੰਤੂ ਪੰਜਾਬ ਸਰਕਾਰ ਨੇ ਭਿਣਕ ਪੈਂਦਿਆਂ ਹੀ ਸਾਰੀਆਂ ਕੋਸ਼ਿਸ਼ਾਂ ਨੂੰ ਨਾਕਾਮ ਬਣਾ ਦਿੱਤਾ।

*ਪਹਿਲਗਾਮ ਅੱਤਵਾਦੀ ਹਮਲੇ ਤੋਂ ਬਾਅਦ ਪਾਕਿ ਵਿਰੁੱਧ ਕਾਰਵਾਈ ਦੀ ਤਿਆਰੀ?*

# ਮੋਦੀ ਨੂੰ 24 ਘੰਟਿਆਂ 'ਚ ਦੂਜੀ ਵਾਰ ਮਿਲੇ ਦੋਵਾਲ



ਨਵੀਂ ਦਿੱਲੀ, 6 ਮਈ (ਚੜ੍ਹਦੀਕਲਾ ਬਿਊਰੋ) : ਜੰਮੂ-ਕਸ਼ਮੀਰ ਦੇ ਪਹਿਲਗਾਮ ਵਿੱਚ ਹੋਏ ਹਮਲੇ ਤੋਂ ਬਾਅਦ ਭਾਰਤ ਅਤੇ ਪਾਕਿਸਤਾਨ ਵਿਚਕਾਰ ਤਣਾਅ ਜਾਰੀ ਹੈ। ਇਸ ਦੌਰਾਨ, ਐਨ.ਐਸ.ਏ. ਅਜੀਤ ਡੋਵਾਲ ਪ੍ਰਧਾਨ ਮੰਤਰੀ ਮੋਦੀ ਨੂੰ ਮਿਲਣ ਪਹੁੰਚੇ। ਇਹ ਮੁਲਾਕਾਤ ਪ੍ਰਧਾਨ ਮੰਤਰੀ ਦੇ ਨਿਵਾਸ ਸਥਾਨ 'ਤੇ ਹੋਈ। ਕੇਂਦਰ ਸਰਕਾਰ ਅਤਿਵਾਦ ਵਿਰੁਧ ਫ਼ੈਸਲਾਕੁੰਨ ਕਾਰਵਾਈ ਲਈ ਰਣਨੀਤੀ ਤਿਆਰ ਕਰਨ ਵਿੱਚ ਰੁੱਝੀ ਹੋਈ ਹੈ। ਇਸ ਹਮਲੇ ਤੋਂ ਬਾਅਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕਈ ਉੱਚ-ਪੱਧਰੀ ਮੀਟਿੰਗਾਂ ਕਰ ਰਹੇ ਹਨ। ਪਿਛਲੇ 24 ਘੰਟਿਆਂ ਵਿੱਚ ਇਹ ਦੂਜੀ ਵਾਰ ਹੈ ਜਦੋਂ ਪ੍ਰਧਾਨ ਮੰਤਰੀ ਅਜੀਤ ਦੋਵਾਲ ਨੂੰ ਮਿਲੇ ਹਨ। ਇਹ ਮੀਟਿੰਗ ਰਾਜ ਸਰਕਾਰਾਂ ਵੱਲੋਂ ਕੀਤੇ ਜਾਣ ਵਾਲੇ ਮੌਕ ਡ੍ਰਿਲ ਤੋਂ ਇੱਕ ਦਿਨ ਪਹਿਲਾਂ ਹੋਈ। ਪਿਛਲੇ ਕੁਝ ਦਿਨਾਂ ਵਿੱਚ, ਨਰਿੰਦਰ ਮੋਦੀ ਨੇ ਰੱਖਿਆ ਮੰਤਰੀ ਰਾਜਨਾਥ ਸਿੰਘ, ਐਨ.ਐਸ.ਏ. ਡੋਵਾਲ, ਚੀਫ਼ ਆਫ਼ ਡਿਫੈਂਸ ਸਟਾਫ਼ ਜਨਰਲ ਅਨਿਲ ਚੌਹਾਨ ਅਤੇ ਸੈਨਾ, ਜਲ ਸੈਨਾ ਅਤੇ ਹਵਾਈ ਸੈਨਾ ਦੇ ਮੁਖੀਆਂ ਨਾਲ ਕਈ ਉੱਚ-ਪੱਧਰੀ ਮੀਟਿੰਗਾਂ ਕੀਤੀਆਂ ਹਨ, ਜਿਸ ਨਾਲ ਲਸ਼ਕਰ ਅਤਿਵਾਦੀ ਸਮੂਹ ਵਿਰੁਧ ਫ਼ੌਜੀ ਕਾਰਵਾਈ ਦੀ ਗੱਲਬਾਤ ਤੇਜ਼ ਹੋਈ ਹੈ। ਪਿਛਲੇ ਹਫ਼ਤੇ, ਪ੍ਰਧਾਨ ਮੰਤਰੀ ਨੇ ਡੋਵਾਲ ਅਤੇ ਜਨਰਲ ਚੌਹਾਨ ਨਾਲ ਮੁਲਾਕਾਤ ਕੀਤੀ ਅਤੇ ਹਥਿਆਰਬੰਦ ਬਲਾਂ ਨੂੰ ਭਾਰਤ ਦੀ ਫ਼ੌਜੀ ਪ੍ਰਤੀਕਿਰਿਆ ਦੇ "ਢੰਗ, ਉਦੇਸ਼ ਅਤੇ ਸਮੇਂ ਬਾਰੇ ਫ਼ੈਸਲਾ ਲੈਣ ਦੀ ਪੂਰੀ ਆਜ਼ਾਦੀ' ਦਿੱਤੀ। ਪ੍ਰਭਾਵਸ਼ਾਲੀ ਨਾਗਰਿਕ ਰੱਖਿਆ ਲਈ 7 ਮਈ ਨੂੰ ਦੇਸ਼ ਭਰ ਵਿੱਚ ਮੌਕ ਡ੍ਰਿਲਸ ਆਯੋਜਿਤ ਕੀਤੇ ਜਾ ਰਹੇ ਹਨ। ਇਸ ਸਬੰਧ ਵਿੱਚ, ਕੇਂਦਰੀ ਗ੍ਰਹਿ ਸਕੱਤਰ ਗੋਵਿੰਦ ਮੋਹਨ ਵੱਲੋਂ ਦਿੱਲੀ ਵਿੱਚ ਬੁਲਾਈ ਗਈ ਮੀਟਿੰਗ ਸਮਾਪਤ ਹੋ ਗਈ। ਆਖ਼ਰੀ ਵਾਰ ਅਜਿਹਾ ਅਭਿਆਸ 1971 ਵਿੱਚ ਕੀਤਾ ਗਿਆ ਸੀ, ਜੋ ਕਿ ਭਾਰਤ ਅਤੇ ਪਾਕਿਸਤਾਨ ਵਿਚਕਾਰ ਜੰਗ ਦਾ ਸਾਲ ਸੀ।

*'ਨੋਟਿਸ ਟੂ ਏਅਰਮੈਨ' ਜਾਰੀ*

## ਪਾਕਿਸਤਾਨ ਦੀ ਸਰਹੱਦ 'ਤੇ ਅਸਮਾਨ 'ਚ ਗਰਜਣਗੇ ਰਾਫੇਲ, ਸੁਖੋਈ ਅਤੇ ਮਿਰਾਜ

ਨਵੀਂ ਦਿੱਲੀ, 6 ਮਈ (ਚੜ੍ਹਦੀਕਲਾ ਬਿਊਰੋ) : ਭਾਰਤ ਸਰਕਾਰ ਨੇ ਪਾਕਿਸਤਾਨ ਨਾਲ ਲੱਗਦੀ ਦੱਖਣੀ ਸਰਹੱਦ ਦੇ ਨੇੜੇ 7 ਅਤੇ 8 ਮਈ ਨੂੰ ਵੱਡੇ ਪੱਧਰ 'ਤੇ ਹਵਾਈ ਫੌਜ ਦੇ ਅਭਿਆਸ ਲਈ 'ਨੋਟਿਸ ਟੂ ਏਅਰਮੈਨ' (ਨੋਟਮ) ਜਾਰੀ ਕੀਤਾ ਹੈ। ਇਹ ਜਾਣਕਾਰੀ ਮੰਗਲਵਾਰ ਨੂੰ ਜੀਓ-ਇੰਟੈਲੀਜੈਂਸ ਮਾਹਿਰ ਡੈਮੀਅਨ ਸਾਈਮਨ ਨੇ ਦਿੱਤੀ ਹਾਲਾਂਕਿ ਇਸ ਅਭਿਆਸ ਬਾਰੇ ਵਿਸਤ੍ਰਿਤ ਜਾਣਕਾਰੀ ਅਜੇ ਜਨਤਕ ਨਹੀਂ ਕੀਤੀ ਗਈ ਪਰ 'ਨੋਟਿਸ ਟੂ ਏਅਰਮੈਨ' ਰਾਹੀਂ ਸਪੱਸ਼ਟ ਸੰਕੇਤ ਹਨ ਕਿ ਇਸ ਸਮੇਂ ਦੌਰਾਨ ਸਬੰਧਤ ਖੇਤਰ ਦੀ ਹਵਾਈ ਸਰਹੱਦ ਨੂੰ ਸੀਮਤ ਰੱਖਿਆ ਜਾਵੇਗਾ। ਇਹ ਭਾਰਤੀ ਹਵਾਈ ਫੌਜ ਦੁਆਰਾ ਇੱਕ ਵਿਸ਼ਾਲ ਫੌਜੀ ਅਭਿਆਸ ਦੀਆਂ ਤਿਆਰੀਆਂ ਨੂੰ ਦਰਸਾਉਂਦਾ ਹੈ। ਜਾਣਕਾਰੀ ਅਨੁਸਾਰ, ਭਾਰਤ-ਪਾਕਿਸਤਾਨ ਸਰਹੱਦ 'ਤੇ ਮਾਰੂਥਲ ਖੇਤਰ ਅਤੇ ਨਾਲ ਲੱਗਦੇ ਇਲਾਕਿਆਂ ਵਿੱਚ ਅਭਿਆਸ ਦੌਰਾਨ ਰਾਫੇਲ, ਮਿਰਾਜ 2000 ਅਤੇ ਸੁਖੋਈ-30 ਸਮੇਤ ਸਾਰੇ ਫਰੰਟਲਾਈਨ ਜਹਾਜ਼ ਹਿੱਸਾ ਲੈਣਗੇ। ਪ੍ਰਮੁੱਖ ਬੇੜੇ ਜ਼ਮੀਨੀ ਹਮਲੇ ਅਤੇ ਹਵਾ ਤੋਂ ਹਵਾ ਵਿੱਚ ਲੜਾਈ ਲਈ ਅਭਿਆਸ ਕਰਨਗੇ। ਹਵਾਈ ਰੱਖਿਆ ਅਭਿਆਸ ਵੀ ਲੜਾਕੂ ਜਹਾਜ਼ਾਂ ਦੁਆਰਾ ਕੀਤੇ ਜਾਣਗੇ ਕਿਉਂਕਿ ਮਿਗ-29 ਦੀ ਹਵਾਈ ਫੌਜ ਵਿੱਚ ਭੂਮਿਕਾ ਹੁੰਦੀ ਹੈ। ਹਵਾਈ ਫੌਜ ਦੇ ਇਸ ਅਭਿਆਸ ਦੀ ਨਿਗਰਾਨੀ ਉੱਚ ਅਧਿਕਾਰੀਆਂ ਦੁਆਰਾ ਕੀਤੀ ਜਾਵੇਗੀ ਅਤੇ ਇਸ ਦੀਆਂ ਮਿਆਰੀ ਪ੍ਰਕਿਰਿਆਵਾਂ ਵਿੱਚ ਸੁਧਾਰ ਕੀਤਾ ਜਾਵੇਗਾ। ਦੱਸ ਦੇਈਏ ਕਿ 'ਨੋਟਿਸ ਟੂ ਏਅਰਮੈਨ' ਆਮ ਤੌਰ 'ਤੇ ਉਦੋਂ ਜਾਰੀ ਕੀਤਾ ਜਾਂਦਾ ਹੈ ਜਦੋਂ ਹਵਾਈ ਫੌਜ ਕਿਸੇ ਖਾਸ ਹਵਾਈ ਖੇਤਰ ਵਿੱਚ ਅਭਿਆਸ ਕਰ ਰਹੀ ਹੁੰਦੀ ਹੈ, ਮੌਸਮ ਖਰਾਬ ਹੁੰਦਾ ਹੈ ਜਾਂ ਉੱਥੇ ਕੋਈ ਰੁਕਾਵਟ ਆਉਂਦੀ ਹੈ। ਇਸ ਵਾਰ ਦਾ 'ਨੋਟਿਸ ਟੂ ਏਅਰਮੈਨ' ਇੱਕ ਵੱਡੇ ਪੱਧਰ 'ਤੇ ਕੀਤੇ ਜਾਣ ਵਾਲੇ ਅਭਿਆਸ ਨੂੰ ਦਰਸਾਉਂਦਾ ਹੈ, ਜੋ ਕਿ ਪਾਕਿਸਤਾਨ ਨਾਲ ਮੌਜੂਦਾ ਕੂਟਨੀਤਕ ਤਣਾਅ ਦੀ ਗੰਭੀਰਤਾ ਨੂੰ ਵੀ ਦਰਸਾਉਂਦਾ ਹੈ। ਇਹ ਕਦਮ ਅਜਿਹੇ ਸਮੇਂ ਚੁੱਕਿਆ ਗਿਆ ਹੈ ਜਦੋਂ ਭਾਰਤ ਅਤੇ ਪਾਕਿਸਤਾਨ ਵਿਚਕਾਰ ਤਣਾਅ ਆਪਣੇ ਸਿਖਰ 'ਤੇ ਹੈ। ਹਾਲ ਹੀ ਵਿੱਚ ਜੰਮੂ-ਕਸ਼ਮੀਰ ਦੇ ਪਹਿਲਗਾਮ ਵਿੱਚ ਇੱਕ ਭਿਆਨਕ ਅੱਤਵਾਦੀ ਹਮਲੇ ਵਿੱਚ 26 ਲੋਕਾਂ ਦੀ ਜਾਨ ਚਲੀ ਗਈ, ਜਿਸ ਕਾਰਨ ਪੂਰੇ ਦੇਸ਼ ਵਿੱਚ ਗੁੱਸੇ ਅਤੇ ਚਿੰਤਾ ਦਾ ਮਾਹੌਲ ਹੈ।

## ਪੰਜਾਬ 'ਚ ਅੱਜ ਵੱਜਣਗੇ ਘੁੱਗੂ, 20 ਥਾਵਾਂ 'ਤੇ ਹੋਵੇਗੀ ਮੌਕ ਡ੍ਰਿਲ

ਚੰਡੀਗੜ੍ਹ, 6 ਮਈ (ਚੜ੍ਹਦੀਕਲਾ ਬਿਊਰੋ) : ਪਹਿਲਗਾਮ ਹਮਲੇ ਤੋਂ ਬਾਅਦ ਭਾਰਤ ਅਤੇ ਪਾਕਿਸਤਾਨ ਵਿਚਾਲੇ ਤਣਾਅ ਵਧਦਾ ਜਾ ਰਿਹਾ ਹੈ ਅਤੇ ਇਸ ਵਿਚਾਲੇ ਭਾਰਤ ਵੱਲੋਂ ਜੰਗ ਦੀ ਤਿਆਰੀ ਕੀਤੀ ਜਾ ਰਹੀ ਹੈ।

ਦੇਸ਼ ਦੇ 244 ਜ਼ਿਲ੍ਹਿਆਂ ਵਿੱਚ ਸਿਵਲ ਡਿਫੈਂਸ ਮੌਕ ਡ੍ਰਿਲ ਕੱਲ੍ਹ ਯਾਨੀ ਬੁੱਧਵਾਰ ਨੂੰ ਕੀਤੀ ਜਾਵੇਗੀ। ਪੰਜਾਬ ਵਿੱਚ ਕੁੱਲ 20 ਥਾਂ ਸੂਚੀਬੱਧ ਕੀਤੇ ਗਏ ਹਨ, ਜਿਨ੍ਹਾਂ ਵਿੱਚ ਮੌਕ ਡ੍ਰਿਲ ਕੀਤੇ ਜਾਣਗੇ। ਇਸ ਸਬੰਧੀ ਕੇਂਦਰ ਸਰਕਾਰ ਵੱਲੋਂ ਦਿੱਲੀ ਵਿੱਚ ਹੋਈ ਮੀਟਿੰਗ ਤੋਂ ਬਾਅਦ ਸੂਚੀ ਜਾਰੀ ਕੀਤੀ ਗਈ ਹੈ। ਇਸ ਮੌਕ ਡਰਿੱਲ ਵਿੱਚ, ਪੁਲਿਸ, ਐਸ.ਡੀ.ਆਰ.ਐਫ. ਅਤੇ ਹੋਰ ਬਚਾਅ ਟੀਮਾਂ ਨੂੰ ਜੰਗ ਦੌਰਾਨ ਬਚਣ ਲਈ ਸਿਖਲਾਈ ਦਿੱਤੀ ਜਾਵੇਗੀ ਅਤੇ ਮੌਕ ਡਰਿੱਲ ਦੌਰਾਨ ਹਵਾਈ ਹਮਲੇ ਦੀ ਚੇਤਾਵਨੀ ਦੇਣ ਵਾਲੇ ਘੁੱਗੂ ਵਜਾਏ ਜਾਣਗੇ। ਪਹਿਲਗਾਮ ਹਮਲੇ ਤੋਂ ਬਾਅਦ ਭਾਰਤ ਅਤੇ ਪਾਕਿਸਤਾਨ ਵਿਚਾਲੇ ਚੱਲ ਰਹੇ ਤਣਾਅ ਦੌਰਾਨ ਕੇਂਦਰ ਸਰਕਾਰ ਵੱਲੋਂ ਇਹ ਪਹਿਲੀ ਵਾਰ ਅਜਿਹਾ ਕੀਤਾ ਜਾ ਰਿਹਾ ਹੈ। ਜਾਣਕਾਰੀ ਅਨੁਸਾਰ ਇਹ ਮੌਕ ਡਰਿੱਲ ਅੰਮ੍ਰਿਤਸਰ, ਬਠਿੰਡਾ, ਫਿਰੋਜ਼ਪੁਰ, ਗੁਰਦਾਸਪੁਰ, ਹੁਸ਼ਿਆਰਪੁਰ, ਜਲੰਧਰ, ਲੁਧਿਆਣਾ, ਪਟਿਆਲਾ, ਪਠਾਨਕੋਟ, ਬਰਨਾਲਾ, ਭਾਖੜਾ-ਨੰਗਲ, ਕੋਟਕਪੂਰਾ, ਬਟਾਲਾ, ਮੋਹਾਲੀ (ਐਸ.ਏ.ਐਸ. ਨਗਰ), ਅਬੋਹਰ, ਫਰੀਦਕੋਟ, ਰੋਪੜ ਅਤੇ ਸੰਗਰੂਰ ਵਿੱਚ ਕਰਵਾਈ ਜਾਵੇਗੀ।

ਇਸ ਮੌਕ ਡ੍ਰਿਲ ਦੌਰਾਨ, ਬਲੈਕਆਊਟ ਲਗਾਇਆ ਜਾਵੇਗਾ ਅਤੇ ਹਮਲੇ ਦੀ ਚੇਤਾਵਨੀ ਦੇਣ ਵਾਲੇ ਘੁੱਗੂ ਵਜਾਏ ਜਾਣਗੇ।

*ਐੱਸ.ਵਾਈ.ਐੱਲ. ਵਿਵਾਦ 'ਤੇ ਸੁਪਰੀਮ ਕੋਰਟ 'ਚ ਹੋਈ ਸੁਣਵਾਈ*

## ਅਦਾਲਤ ਵੱਲੋਂ ਪੰਜਾਬ ਤੇ ਹਰਿਆਣਾ ਦੀਆਂ ਸਰਕਾਰਾਂ ਨੂੰ ਕੇਂਦਰ ਨਾਲ ਸਹਿਯੋਗ ਦੇ ਨਿਰਦੇਸ਼



ਨਵੀਂ ਦਿੱਲੀ, 6 ਮਈ (ਚੜ੍ਹਦੀਕਲਾ ਬਿਊਰੋ) : ਸਤਲੁਜ-ਯਮੁਨਾ ਲਿੰਕ (ਐੱਸ.ਵਾਈ.ਐੱਲ.) ਨਹਿਰ ਵਿਵਾਦ ਨੂੰ ਲੈ ਕੇ ਸੁਪਰੀਮ ਕੋਰਟ ਵਿੱਚ ਅੱਜ ਮੰਗਲਵਾਰ ਨੂੰ ਸੁਣਵਾਈ ਹੋਈ। ਇਸ ਦੌਰਾਨ ਕੋਰਟ ਨੇ ਪੰਜਾਬ ਅਤੇ ਹਰਿਆਣਾ ਸਰਕਾਰਾਂ ਨੂੰ ਐੱਸ.ਵਾਈ.ਐੱਲ. ਵਿਵਾਦ ਨੂੰ ਹੱਲ ਕਰਨ ਲਈ ਕੇਂਦਰ ਨਾਲ ਸਹਿਯੋਗ ਕਰਨ ਦੇ ਨਿਰਦੇਸ਼ ਦਿੱਤੇ। ਕੋਰਟ ਨੇ ਕਿਹਾ-ਦੋਵੇਂ ਰਾਜ ਵਿਵਾਦ ਨੂੰ ਸੁਲਝਾਉਣ ਲਈ ਕੇਂਦਰ ਨਾਲ ਸਹਿਯੋਗ ਕਰਨ ਮਾਮਲੇ ਦੀ ਸੁਣਵਾਈ ਦੌਰਾਨ, ਜਸਟਿਸ ਬੀ.ਆਰ. ਗਵਈ ਅਤੇ ਜਸਟਿਸ ਆਗਸਟੀਨ ਜਾਰਜ ਮਸੀਹ ਦੇ ਬੈਂਚ ਨੂੰ ਦੱਸਿਆ ਗਿਆ ਕਿ ਇਸਨੇ ਆਪਸੀ ਗੱਲਬਾਤ ਰਾਹੀਂ ਮੁੱਦੇ ਨੂੰ ਹੱਲ ਕਰਨ ਲਈ ਜ਼ਰੂਰੀ ਕਦਮ ਚੁੱਕੇ ਹਨ। ਇਸ 'ਤੇ ਅਦਾਲਤ ਨੇ ਕਿਹਾ ਕਿ ਅਸੀਂ ਦੋਵਾਂ ਰਾਜਾਂ ਨੂੰ ਕੇਂਦਰ ਸਰਕਾਰ ਦੇ ਸਹਿਯੋਗ ਨਾਲ ਹੱਲ ਲੱਭਣ ਦਾ ਨਿਰਦੇਸ਼ ਦਿੰਦੇ ਹਾਂ। ਕੇਂਦਰ ਸਰਕਾਰ ਵੱਲੋਂ ਸੁਣਵਾਈ ਦੌਰਾਨ ਏ.ਐਸ.ਜੀ. ਐਸ਼ਵਰਿਆ ਭਾਟੀ ਨੇ ਅਦਾਲਤ ਨੂੰ ਦੱਸਿਆ ਕਿ ਅਸੀਂ ਵਿਚੋਲਗੀ ਦੀ ਕੋਸ਼ਿਸ਼ ਕੀਤੀ ਹੈ, ਪਰ ਹੁਣ ਰਾਜਾਂ ਨੂੰ ਵੀ ਇਮਾਨਦਾਰੀ ਨਾਲ ਸਹਿਯੋਗ ਕਰਨਾ ਪਵੇਗਾ। ਇਸ ਦੌਰਾਨ ਹਰਿਆਣਾ ਸਰਕਾਰ ਦੇ ਵਕੀਲ ਸ਼ਿਆਮ ਦੀਵਾਨ ਨੇ ਕਿਹਾ ਕਿ ਗੱਲਬਾਤ ਰਾਹੀਂ ਕੋਈ ਹੱਲ ਨਹੀਂ ਨਿਕਲ ਸਕਦਾ। ਜਿੱਥੋਂ ਤੱਕ ਨਹਿਰ ਦੇ ਨਿਰਮਾਣ ਦਾ ਸਵਾਲ ਹੈ, ਹਰਿਆਣਾ ਨੇ ਆਪਣੇ ਖੇਤਰ ਵਿੱਚ ਸਾਰਾ ਕੰਮ ਪੂਰਾ ਕਰ ਲਿਆ ਹੈ ਅਤੇ ਪਾਣੀ ਨਾ ਛੱਡਣਾ ਇੱਕ ਵੱਡਾ ਮੁੱਦਾ ਹੈ। ਤੁਹਾਨੂੰ ਦੱਸ ਦੇਈਏ ਕਿ ਜੇਕਰ 13 ਅਗਸਤ ਤੱਕ ਮਾਮਲਾ ਹੱਲ ਨਹੀਂ ਹੁੰਦਾ ਹੈ, ਤਾਂ ਸੁਪਰੀਮ ਕੋਰਟ ਇਸ ਮਾਮਲੇ ਦੀ ਦੁਬਾਰਾ ਸੁਣਵਾਈ ਕਰੇਗੀ। ਐੱਸ.ਵਾਈ.ਐੱਲ. ਨਹਿਰ ਦੀ ਕਲਪਨਾ ਰਾਵੀ ਅਤੇ ਬਿਆਸ ਦਰਿਆਵਾਂ ਤੋਂ ਪਾਣੀ ਦੀ ਪ੍ਰਭਾਵਸ਼ਾਲੀ ਵੰਡ ਲਈ ਕੀਤੀ ਗਈ ਸੀ।

## ਹਾਈ ਕੋਰਟ ਅਤੇ ਸੁਪਰੀਮ ਕੋਰਟ ਦੇ ਜੱਜਾਂ ਦੀ ਨਿਯੁਕਤੀ ਪ੍ਰਕਿਰਿਆ ਕੀਤੀ ਜਨਤਕ

ਨਵੀਂ ਦਿੱਲੀ, 6 ਮਈ (ਚੜ੍ਹਦੀਕਲਾ ਬਿਊਰੋ) : ਪਾਰਦਰਸ਼ਤਾ ਵਧਾਉਣ ਵੱਲ ਇਕ ਇਤਿਹਾਸਕ ਕਦਮ ਚੁੱਕਦੇ ਹੋਏ, ਸੁਪਰੀਮ ਕੋਰਟ ਨੇ ਹਾਈ ਕੋਰਟ ਅਤੇ ਸੁਪਰੀਮ ਕੋਰਟ ਦੇ ਜੱਜਾਂ ਦੀ ਨਿਯੁਕਤੀ ਦੀ ਪੂਰੀ ਪ੍ਰਕਿਰਿਆ ਨੂੰ ਆਪਣੀ ਵੈੱਬਸਾਈਟ 'ਤੇ ਅਪਲੋਡ ਕਰ ਦਿਤਾ ਹੈ।

ਇਸ ਵਿਚ ਹਾਈ ਕੋਰਟ ਕਾਲੇਜੀਅਮ ਨੂੰ ਸੌਂਪੀ ਗਈ ਭੂਮਿਕਾ, ਕੇਂਦਰ ਅਤੇ ਰਾਜ ਸਰਕਾਰਾਂ ਤੋਂ ਪ੍ਰਾਪਤ ਇਨਪੁਟ ਅਤੇ ਸੁਪਰੀਮ ਕੋਰਟ ਕਾਲੇਜੀਅਮ ਦੇ ਵਿਚਾਰ ਸ਼ਾਮਲ ਹਨ। ਇਹ ਵੀ ਜਾਣਕਾਰੀ ਦਿਤੀ ਜਾਂਦੀ ਹੈ ਕਿ ਕੀ ਕੋਈ ਜੱਜ ਕਿਸੇ ਮੌਜੂਦਾ ਜਾਂ ਸੇਵਾਮੁਕਤ ਜੱਜ ਨਾਲ ਸਬੰਧਤ ਹੈ। ਸੁਪਰੀਮ ਕੋਰਟ ਵਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਹੈ ਕਿ ਇਹ ਜਨਤਾ ਦੇ ਗਿਆਨ ਨੂੰ ਵਧਾਉਣ ਅਤੇ ਉਨ੍ਹਾਂ ਨੂੰ ਜਾਗਰੂਕ ਕਰਨ ਦੇ ਇਰਾਦੇ ਨਾਲ ਕੀਤਾ ਗਿਆ ਹੈ। ਇਸ ਵਿਚ 9 ਨਵੰਬਰ, 2022 ਤੋਂ 5 ਮਈ, 2025 ਤਕ ਦੀ ਮਿਆਦ ਦੌਰਾਨ ਹਾਈ ਕੋਰਟ ਦੇ ਜੱਜਾਂ ਵਜੋਂ ਨਿਯੁਕਤੀਆਂ ਲਈ ਸੁਪਰੀਮ ਕੋਰਟ ਕਾਲੇਜੀਅਮ ਦੁਆਰਾ ਪ੍ਰਵਾਨਿਤ ਪ੍ਰਸਤਾਵ ਸ਼ਾਮਲ ਹਨ।

ਜੱਜਾਂ ਦੇ ਨਾਮ, ਹਾਈ ਕੋਰਟ, ਸਰੋਤ - ਭਾਵੇਂ ਸੇਵਾ ਜਾਂ ਬਾਰ ਤੋਂ, ਸੁਪਰੀਮ ਕੋਰਟ ਕਾਲੇਜੀਅਮ ਦੁਆਰਾ ਸਿਫ਼ਾਰਸ਼ ਦੀ ਮਿਤੀ, ਨਿਆਂ ਵਿਭਾਗ ਦੁਆਰਾ ਜਾਰੀ ਨੋਟੀਫ਼ਿਕੇਸ਼ਨ ਦੀ ਮਿਤੀ, ਨਿਯੁਕਤੀ ਦੀ ਮਿਤੀ, ਵਿਸ਼ੇਸ਼ ਸ਼੍ਰੇਣੀ (ਐਸ.ਟੀ./ਓ.ਬੀ.ਸੀ. /ਘੱਟ ਗਿਣਤੀ/ਮਹਿਲਾ) ਅਤੇ ਕੀ ਉਮੀਦਵਾਰ ਕਿਸੇ ਮੌਜੂਦਾ ਜਾਂ ਸੇਵਾਮੁਕਤ ਹਾਈ ਕੋਰਟ ਜਾਂ ਸੁਪਰੀਮ ਕੋਰਟ ਦੇ ਜੱਜ ਨਾਲ ਸਬੰਧਤ ਹੈ, ਵਰਗੀਆਂ ਜਾਣਕਾਰੀਆਂ ਵੈੱਬਸਾਈਟ 'ਤੇ ਅਪਲੋਡ ਕੀਤੀਆਂ ਗਈਆਂ ਹਨ।

*ਮਾਨ ਸਰਕਾਰ ਦਾ ਵੱਡਾ ਫ਼ੈਸਲਾ*

## ਤਹਿਸੀਲ ਦਫ਼ਤਰਾਂ ਵਿੱਚ ਅਫ਼ਸਰਸ਼ਾਹੀ 'ਤੇ ਸਖ਼ਤੀ, ਹੁਣ ਨਹੀਂ ਚੱਲੇਗਾ ਮਨਮਰਜ਼ੀ ਦਾ ਰਵੱਈਆ

**ਅਧਿਕਾਰੀਆਂ ਨੂੰ ਸਵੇਰੇ 9 ਵਜੇ ਤੋਂ ਸ਼ਾਮ ਤੱਕ ਹਾਜ਼ਰੀ ਯਕੀਨੀ ਬਣਾਉਣ ਦੇ ਨਿਰਦੇਸ਼**

ਚੰਡੀਗੜ੍ਹ, 6 ਮਈ (ਅੰਮ੍ਰਿਤਪਾਲ ਸਿੰਘ) :ਤਹਿਸੀਲ ਦਫਤਰਾਂ ਵਿੱਚ ਅਧਿਕਾਰੀਆਂ ਤੇ ਕਰਮਚਾਰੀਆਂ ਦੀ ਗੈਰ ਹਾਜ਼ਰੀ ਰੋਕਣ ਅਤੇ ਆਮ ਲੋਕਾਂ ਦੀ ਖੱਜਲ ਖੁਆਰੀ ਖਤਮ ਕਰਨ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਨੇ ਵੱਡਾ ਫੈਸਲਾ ਲੈਂਦਿਆਂ ਸਰਕਾਰੀ ਦਫਤਰਾਂ ਵਿੱਚ ਸਵੇਰੇ 9 ਵਜੇ ਤੋਂ ਸ਼ਾਮ ਤੱਕ ਤਹਿਸੀਲਦਾਰਾਂ ਤੇ ਨਾਇਬ ਤਹਿਸੀਲਦਾਰਾਂ ਨੂੰ ਹਾਜ਼ਰ ਰਹਿਣ ਦੇ ਸਖ਼ਤ ਨਿਰਦੇਸ਼ ਦਿੱਤੇ ਗਏ ਹਨ।

ਮਾਲ ਤੇ ਮੁੜ ਵਸੇਬਾ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ ਅੱਜ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਡਿਪਟੀ ਕਮਿਸ਼ਨਰਾਂ ਨੂੰ ਤਹਿਸੀਲ ਦਫਤਰਾਂ ਵਿੱਚ ਅਧਿਕਾਰੀਆਂ ਦੀ ਹਾਜ਼ਰੀ ਯਕੀਨੀ ਬਣਾਉਣ ਦੇ ਨਿਰਦੇਸ਼ ਦਿੰਦਿਆਂ ਤਹਿਸੀਲਦਾਰਾਂ, ਨਾਇਬ ਤਹਿਸੀਲਦਾਰਾਂ ਤੇ ਸਬ-ਰਜਿਸਟਰਾਰਾਂ ਦੀ ਹਾਜ਼ਰੀ ਐਮ-ਸੇਵਾ ਐਪ ਰਾਹੀਂ ਲਗਾਉਣ ਲਈ ਆਖਿਆ ਹੈ। ਇਸ ਲਈ ਸਾਰੇ ਦਫਤਰਾਂ ਦੀ ਜੀ.ਪੀ.ਐਸ. ਲੋਕੇਸ਼ਨ ਮਾਲ ਵਿਭਾਗ ਨੂੰ ਪਹੁੰਚਦੀ ਕੀਤੀ ਜਾਵੇ।

ਸ. ਮੁੰਡੀਆਂ ਨੇ ਕਿਹਾ ਕਿ ਖਾਲੀ ਸਟੇਸ਼ਨਾਂ ਉਪਰ ਉਥੇ ਲੋੜੀਂਦੇ ਸਟਾਫ ਦੀ ਉਪਲੱਬਧਤਾ ਵਿੱਚੋਂ ਸੀਨੀਅਰਤਾ ਨੂੰ ਮੁੱਖ ਰੱਖ ਕੇ ਬਦਲਵੇਂ ਪ੍ਰਬੰਧ ਕੀਤੇ ਜਾਣ ਤਾਂ ਜੋ ਰਜਿਸਟ੍ਰੇਸ਼ਨ ਲਈ ਆਏ ਕਿਸੇ ਵੀ ਵਿਅਕਤੀ ਨੂੰ ਕੋਈ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਇਹ ਵੀ ਕਿਹਾ ਕਿ ਜੇਕਰ ਕਿਸੇ ਵੀ ਵਿਅਕਤੀ ਨੇ ਵੈਬਸਾਈਟ ਉਪਰ ਆਨਲਾਈਨ ਸਮਾਂ ਲਿਆ ਹੈ ਤਾਂ ਉਸ ਦੀ ਰਜਿਸਟ੍ਰੇਸ਼ਨ ਉਸੇ ਦਿਨ ਯਕੀਨੀ ਬਣਾਏ ਜਾਵੇ।

ਮਾਲ ਵਿਭਾਗ ਵੱਲੋਂ ਜਾਰੀ ਕੀਤੇ ਨਿਰਦੇਸ਼ਾਂ ਦੀ ਇੰਨ-ਬਿੰਨ ਪਾਲਣਾ ਲਈ ਵਿੱਤ ਕਮਿਸ਼ਨਰ ਮਾਲ ਅਨੁਰਾਗ ਵਰਮਾ ਨੂੰ ਸਾਰੇ ਡਿਪਟੀ ਕਮਿਸ਼ਨਰਾਂ ਨੂੰ ਬਾਕਾਇਦਾ ਪੱਤਰ ਵੀ ਜਾਰੀ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦਾ ਮਨੋਰਥ ਹੈ ਕਿ ਆਮ ਲੋਕਾਂ ਨੂੰ ਵਸੀਕੇ ਰਜਿਸਟਰ ਕਰਵਾਉਣ ਵਿੱਚ ਕਿਸੇ ਵੀ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ।

### ਕੈਨੇਡਾ 'ਚ ਪੰਜਾਬੀ ਨੌਜਵਾਨ ਦਾ ਗੋਲ਼ੀਆਂ ਮਾਰ ਕੇ ਕਤਲ

ਟੋਰਾਂਟੋ, 6 ਮਈ (ਚੜ੍ਹਦੀਕਲਾ ਬਿਊਰੋ) : ਮਾਨਸਾ ਦੇ ਇਕ ਨੌਜਵਾਨ ਦਾ ਕੈਨੇਡਾ 'ਚ ਅਣਪਛਾਤੇ ਵਿਅਕਤੀਆਂ ਵੱਲੋਂ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਹੈ। ਮ੍ਰਿਤਕ ਦੀ ਪਛਾਣ ਲਵਦੀਪ ਸਿੰਘ (27) ਵਜੋਂ ਹੋਈ ਹੈ। ਉਹ ਲਗਭਗ ਸਾਢੇ 7 ਸਾਲ ਪਹਿਲਾਂ ਰੋਜ਼ਗਾਰ ਲਈ ਕੈਨੇਡਾ ਗਿਆ ਸੀ। ਲਵਦੀਪ ਉਥੇ ਟਰੱਕ ਚਲਾਉਣ ਦਾ ਕੰਮ ਕਰਦਾ ਸੀ। ਘਟਨਾ 29 ਅਪ੍ਰੈਲ ਦੀ ਹੈ ਪਰ ਪਰਿਵਾਰ ਵਾਲਿਆਂ ਨੂੰ ਇਸ ਦਾ ਪਤਾ 2 ਮਈ ਨੂੰ ਲੱਗਾ। ਪਰਿਵਾਰ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਲਵਦੀਪ ਦੀ ਕਿਸੇ ਨਾਲ ਕੋਈ ਰੰਜਿਸ਼ ਨਹੀਂ ਸੀ ਪਰ ਉਸ ਦਾ ਕਤਲ ਕਿਉਂ ਕੀਤਾ ਗਿਆ, ਇਹ ਅਜੇ ਜਾਂਚ ਦਾ ਵਿਸ਼ਾ ਹੈ। ਲਵਦੀਪ ਮੰਢਾਲੀ ਪਿੰਡ ਦਾ ਰਹਿਣ ਵਾਲਾ ਸੀ। ਲਵਦੀਪ ਦੇ ਪਿਤਾ ਨੇ ਦੱਸਿਆ ਕਿ 29 ਮਈ ਨੂੰ ਉਹ ਸਰੀ ਤੋਂ ਟੋਰਾਂਟੋ ਵਲ ਜਾ ਰਿਹਾ ਸੀ ਕਿ ਰਸਤੇ ਵਿਚ ਉਸ ਦਾ ਟਰੱਕ ਖਰਾਬ ਹੋ ਗਿਆ ਤਾਂ ਉਹ ਕੁਝ ਦੋਸਤਾਂ ਕੋਲ ਰੁਕ ਗਿਆ ਤੇ ਕਿਸੇ ਕੁੜੀ ਨੇ ਇੰਸਟਾਗ੍ਰਾਮ ਉਤੇ ਮੈਸੇਜ ਕੀਤੇ ਤੇ ਉਸ ਨੂੰ ਆਪਣੇ ਕੋਲ ਬੁਲਾਇਆ ਤੇ ਇਸੇ ਦੌਰਾਨ ਉਸ ਦਾ ਅਣਪਛਾਤਿਆਂ ਵੱਲੋਂ ਕਤਲ ਕਰ ਦਿੱਤਾ ਗਿਆ।

*ਪਹਿਲਗਾਮ ਮਾਮਲੇ 'ਤੇ ਕਾਂਗਰਸ ਪ੍ਰਧਾਨ ਦਾ ਵੱਡਾ ਦਾਅਵਾ*

## ਪ੍ਰਧਾਨ ਮੰਤਰੀ ਨੂੰ ਪਹਿਲਾਂ ਹੀ ਮਿਲ ਗਈ ਸੀ ਹਮਲੇ ਦੀ ਖ਼ੁਫ਼ੀਆ ਜਾਣਕਾਰੀ: ਖੜਗੇ



ਰਾਂਚੀ, 6 ਮਈ (ਚੜ੍ਹਦੀਕਲਾ ਬਿਊਰੋ) : ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਮੰਗਲਵਾਰ ਨੂੰ ਦਾਅਵਾ ਕੀਤਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 22 ਅਪ੍ਰੈਲ ਨੂੰ ਪਹਿਲਗਾਮ ਅੱਤਵਾਦੀ ਹਮਲੇ ਤੋਂ ਤਿੰਨ ਦਿਨ ਪਹਿਲਾਂ ਖੁਫੀਆ ਰਿਪੋਰਟਾਂ ਦੇ ਆਧਾਰ 'ਤੇ ਆਪਣਾ ਜੰਮੂ-ਕਸ਼ਮੀਰ ਦੌਰਾ ਰੱਦ ਕਰ ਦਿੱਤਾ ਸੀ। ਇੱਥੇ ਕਾਂਗਰਸ ਦੀ 'ਸੰਵਿਧਾਨ ਬਚਾਓ ਰੈਲੀ' ਨੂੰ ਸੰਬੋਧਨ ਕਰਦਿਆਂ ਉਨ੍ਹਾਂ ਇਹ ਵੀ ਪੁੱਛਿਆ ਕਿ ਇਸ ਖੁਫੀਆ ਰਿਪੋਰਟ ਦੇ ਆਧਾਰ 'ਤੇ ਲੋਕਾਂ ਦੀ ਸੁਰੱਖਿਆ ਕਿਉਂ ਨਹੀਂ ਕੀਤੀ ਗਈ? ਉਨ੍ਹਾਂ ਕਿਹਾ ਕਿ ਸਰਕਾਰ ਨੇ ਪਹਿਲਗਾਮ ਅੱਤਵਾਦੀ ਹਮਲੇ ਸਬੰਧੀ ਖੁਫੀਆ ਅਸਫਲਤਾ ਨੂੰ ਸਵੀਕਾਰ ਕਰ ਲਿਆ ਹੈ ਅਤੇ ਅਜਿਹੀ ਸਥਿਤੀ ਵਿੱਚ ਉਸਨੂੰ 26 ਲੋਕਾਂ ਦੀ ਮੌਤ ਦੀ ਜ਼ਿੰਮੇਵਾਰੀ ਵੀ ਲੈਣੀ ਚਾਹੀਦੀ ਹੈ। ਖੜਗੇ ਨੇ ਦੁਹਰਾਇਆ ਕਿ ਕਾਂਗਰਸ ਪਾਕਿਸਤਾਨ ਸਪਾਂਸਰਡ ਅੱਤਵਾਦ ਵਿਰੁੱਧ ਚੁੱਕੇ ਗਏ ਹਰ ਕਦਮ ਦਾ ਸਮਰਥਨ ਕਰੇਗੀ ਅਤੇ ਸਰਕਾਰ ਦੇ ਨਾਲ ਖੜ੍ਹੀ ਰਹੇਗੀ। 22 ਅਪ੍ਰੈਲ ਨੂੰ ਜੰਮੂ-ਕਸ਼ਮੀਰ ਦੇ ਪਹਿਲਗਾਮ ਵਿੱਚ ਅੱਤਵਾਦੀਆਂ ਨੇ ਘੱਟੋ-ਘੱਟ 26 ਲੋਕਾਂ ਨੂੰ ਬੇਰਹਿਮੀ ਨਾਲ ਮਾਰ ਦਿੱਤਾ ਸੀ। ਉਨ੍ਹਾਂ ਵਿੱਚੋਂ ਜ਼ਿਆਦਾਤਰ ਸੈਲਾਨੀ ਸਨ। ਭਾਰਤ ਨੇ ਇਸ ਭਿਆਨਕ ਘਟਨਾ ਲਈ ਪਾਕਿਸਤਾਨ ਸਥਿਤ ਅੱਤਵਾਦੀ ਸਮੂਹਾਂ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਪਹਿਲਗਾਮ ਅੱਤਵਾਦੀ ਹਮਲੇ ਦਾ ਹਵਾਲਾ ਦਿੰਦੇ ਹੋਏ ਖੜਗੇ ਨੇ ਕਿਹਾ, 22 ਅਪ੍ਰੈਲ ਨੂੰ ਦੇਸ਼ ਵਿੱਚ ਇੱਕ ਵੱਡਾ ਅੱਤਵਾਦੀ ਹਮਲਾ ਹੋਇਆ ਜਿਸ ਵਿੱਚ 26 ਨਿਰਦੋਸ਼ ਲੋਕ ਮਾਰੇ ਗਏ। ਸਰਕਾਰ ਨੇ ਮੰਨਿਆ ਕਿ ਇਹ ਇੱਕ ਖੁਫੀਆ ਅਸਫਲਤਾ ਸੀ ਅਤੇ ਇਸਨੂੰ ਸੁਧਾਰਨ ਦੀ ਲੋੜ ਹੈ। ਉਨ੍ਹਾਂ ਪੁੱਛਿਆ,ਜਦੋਂ ਤੁਸੀਂ ਇਹ (ਖੁਫੀਆ ਅਸਫਲਤਾ) ਜਾਣਦੇ ਹੋ, ਤਾਂ ਪਹਿਲਾਂ ਬਿਹਤਰ ਪ੍ਰਬੰਧ ਕਿਉਂ ਨਹੀਂ ਕੀਤੇ ਗਏ? ਖੜਗੇ ਨੇ ਜ਼ੋਰ ਦੇ ਕੇ ਕਿਹਾ, ਜਦੋਂ ਤੁਸੀਂ ਗਲਤੀ ਨੂੰ ਸਵੀਕਾਰ ਕਰ ਰਹੇ ਹੋ, ਤਾਂ ਤੁਹਾਨੂੰ ਇੰਨੇ ਸਾਰੇ ਲੋਕਾਂ ਦੀ ਮੌਤ ਦੀ ਜ਼ਿੰਮੇਵਾਰੀ ਵੀ ਲੈਣੀ ਚਾਹੀਦੀ ਹੈ।

### ਰਾਸ਼ਨ ਮੰਗਣ 'ਤੇ ਡਿਪੂ ਹੋਲਡਰ ਨੇ ਬੱਚੇ ਨੂੰ ਖੂਹ 'ਚ ਸੁੱਟਿਆ

ਨੂਹ, 6 ਮਈ (ਚੜ੍ਹਦੀਕਲਾ ਬਿਊਰੋ): ਜ਼ਿਲ੍ਹੇ ਦੇ ਇੱਕ ਪਿੰਡ ਵਿੱਚ ਇੱਕ ਡਿਪੂ ਹੋਲਡਰ ਵੱਲੋਂ ਕੀਤੀ ਗਈ ਧੱਕੇਸ਼ਾਹੀ ਦਾ ਮਾਮਲਾ ਸਾਹਮਣੇ ਆਇਆ ਹੈ।

ਦਰਅਸਲ ਜ਼ਿਲ੍ਹੇ ਦੇ ਕੁਲਦਹੇੜਾ ਸਕਰਾਸ ਪਿੰਡ ਦੇ ਡਿਪੂ ਹੋਲਡਰ ਨੇ ਪਰਿਵਾਰਕ ਮੈਂਬਰਾਂ 'ਤੇ ਹਮਲਾ ਕੀਤਾ ਅਤੇ 12 ਸਾਲ ਦੇ ਬੱਚੇ ਨੂੰ ਚੁੱਕ ਕੇ ਖੂਹ ਵਿੱਚ ਸੁੱਟ ਦਿੱਤਾ। ਦੋ ਗੰਭੀਰ ਜ਼ਖਮੀ ਬੱਚਿਆਂ ਨੂੰ ਬਾਅਦ ਵਿੱਚ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ। ਪੁਲਿਸ ਨੇ ਡਿਪੂ ਹੋਲਡਰ ਖਿਲਾਫ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਫਿਰੋਜ਼ਪੁਰ ਝਿਰਕਾ ਥਾਣੇ ਅਧੀਨ ਪੈਂਦੇ ਪਿੰਡ ਕੁਲਦਹੇੜਾ ਸਕਰਾਸ ਦੇ ਵਸਨੀਕ ਅਨੀਸ਼ ਨੇ ਪੁਲਿਸ ਨੂੰ ਦਿੱਤੀ ਆਪਣੀ ਸ਼ਿਕਾਇਤ ਵਿੱਚ ਕਿਹਾ ਕਿ ਡਿਪੂ ਹੋਲਡਰ ਹਾਰੂਨ ਦਾ ਪਿੰਡ ਵਿੱਚ ਹੀ ਇੱਕ ਸਰਕਾਰੀ ਰਾਸ਼ਨ ਡਿਪੂ ਹੈ। ਫਿਲਹਾਲ ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ।

*ਕਰਨਲ ਬਾਠ ਕੁੱਟਮਾਰ ਮਾਮਲਾ*

## ਇੰਸਪੈਕਟਰ ਰੌਨੀ ਸਿੰਘ ਨੂੰ ਨਹੀਂ ਮਿਲੀ ਜ਼ਮਾਨਤ, ਪੰਜਾਬ ਸਰਕਾਰ ਨੂੰ ਨੋਟਿਸ ਜਾਰੀ

ਚੰਡੀਗੜ੍ਹ, 6 ਮਈ (ਚੜ੍ਹਦੀਕਲਾ ਬਿਊਰੋ) : ਕਰਨਲ ਬਾਠ ਕੁੱਟਮਾਰ ਮਾਮਲੇ 'ਚ ਸਸਪੈਂਡ ਇੰਸਪੈਕਟਰ ਰੌਨੀ ਸਿੰਘ ਨੂੰ ਹਾਈਕੋਰਟ ਤੋਂ ਜ਼ਮਾਨਤ ਨਹੀਂ ਮਿਲੀ ਹੈ ਤੇ ਇਸ ਦੇ ਨਾਲ ਹੀ ਰੌਨੀ ਸਿੰਘ ਦੀ ਜ਼ਮਾਨਤ ਅਰਜ਼ੀ 'ਤੇ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕੀਤਾ ਗਿਆ ਹੈ। ਹਾਈਕੋਰਟ ਵੱਲੋਂ ਪੰਜਾਬ ਸਰਕਾਰ ਨੂੰ 9 ਮਈ ਤੱਕ ਜਵਾਬ ਦਾਇਰ ਕਰਨ ਦੇ ਹੁਕਮ ਦਿੱਤੇ ਗਏ ਹਨ। ਦੱਸ ਦੇਈਏ ਕਿ ਕਰਨਲ ਬਾਠ ਮਾਮਲੇ ਵਿੱਚ ਇੰਸਪੈਕਟਰ ਰੌਨੀ ਸਿੰਘ ਅਤੇ ਚਾਰ ਹੋਰ ਇੰਸਪੈਕਟਰ ਦੋਸ਼ੀ ਹਨ। ਇਸ ਮਾਮਲੇ ਵਿੱਚ 22 ਮਾਰਚ ਨੂੰ ਉਸ ਦੇ ਖਿਲਾਫ ਐਫ.ਆਈ.ਆਰ. ਦਰਜ ਕੀਤੀ ਗਈ ਸੀ। 11 ਅਪ੍ਰੈਲ ਨੂੰ ਪਟਿਆਲਾ ਦੀ ਅਦਾਲਤ ਨੇ ਉਸ ਦੀ ਅਗਾਊਂ ਜ਼ਮਾਨਤ ਪਟੀਸ਼ਨ ਰੱਦ ਕਰ ਦਿੱਤੀ ਸੀ। ਸ਼ੁੱਕਰਵਾਰ ਨੂੰ ਮਾਮਲੇ ਦੀ ਅਗਲੀ ਸੁਣਵਾਈ ਹੋਵੇਗੀ। ਪਿਛਲੀ ਸੁਣਵਾਈ ਵਿੱਚ, ਹਾਈ ਕੋਰਟ ਨੇ ਉਸ ਦੀ ਪਟੀਸ਼ਨ ਨੂੰ ਸੁਣਵਾਈ ਲਈ ਕਿਸੇ ਹੋਰ ਬੈਂਚ ਨੂੰ ਭੇਜ ਦਿੱਤਾ ਸੀ। ਕਰਨਲ ਬਾਠ ਮਾਮਲੇ ਵਿੱਚ ਇੰਸਪੈਕਟਰ ਰੌਨੀ ਸਿੰਘ ਸਮੇਤ ਚਾਰ ਹੋਰ ਪੁਲਿਸ ਇੰਸਪੈਕਟਰ ਵੀ ਦੋਸ਼ੀ ਹਨ। ਇਸ ਮਾਮਲੇ ਵਿੱਚ 22 ਮਾਰਚ ਨੂੰ ਉਨ੍ਹਾਂ ਵਿਰੁੱਧ ਐਫ.ਆਈ.ਆਰ. ਦਰਜ ਕੀਤੀ ਗਈ ਸੀ। ਮੰਗਲਵਾਰ ਨੂੰ ਪਟੀਸ਼ਨ 'ਤੇ ਸੁਣਵਾਈ ਕਰਦੇ ਹੋਏ ਜਸਟਿਸ ਅਨੂਪ ਚਿਤਕਾਰਾ ਨੇ ਪੰਜਾਬ ਸਰਕਾਰ ਤੋਂ ਜਵਾਬ ਮੰਗਿਆ। 13 ਮਾਰਚ ਦੀ ਰਾਤ ਨੂੰ, ਪਟਿਆਲਾ ਵਿੱਚ ਸ਼ਰਾਬੀ ਪੰਜਾਬ ਪੁਲਿਸ ਦੇ ਮੁਲਾਜ਼ਮਾਂ ਨੇ ਫੌਜ ਦੇ ਕਰਨਲ ਪੁਸ਼ਪਿੰਦਰ ਅਤੇ ਉਸ ਦੇ ਪੁੱਤਰ ਅੰਗਦ ਸਿੰਘ ਦੀ ਕੁੱਟਮਾਰ ਕੀਤੀ। ਕਰਨਲ ਦਾ ਬਿਆਨ ਲੈਣ ਦੀ ਬਜਾਏ, ਪੁਲਿਸ ਨੇ ਇੱਕ ਢਾਬੇ 'ਤੇ ਕੰਮ ਕਰਨ ਵਾਲੇ ਇੱਕ ਵਿਅਕਤੀ ਦੇ ਬਿਆਨ 'ਤੇ ਅਣਪਛਾਤੇ ਵਿਅਕਤੀਆਂ ਵਿਰੁੱਧ ਕੇਸ ਦਰਜ ਕੀਤਾ ਸੀ ਅਤੇ ਸਿਪਾਹੀ 'ਤੇ ਹਮਲਾ ਕਰਨ ਵਾਲੇ ਜਵਾਨਾਂ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਗਈ ਸੀ।

### ਗੁਜਰਾਤ 'ਚ ਅਸਮਾਨੀ ਬਿਜਲੀ ਨੇ ਲਈ 14 ਦੀ ਜਾਨ

ਅਹਿਮਦਾਬਾਦ, 6 ਮਈ (ਚੜ੍ਹਦੀਕਲਾ ਬਿਊਰੋ) : : ਉੱਤਰੀ ਭਾਰਤ ਤੇ ਪੱਛਮੀ ਸੂਬਿਆਂ 'ਚ ਮੌਸਮ ਲਗਾਤਾਰ ਕਰਵਟ ਬਦਲ ਰਿਹਾ ਹੈ, ਜਿਸ ਕਾਰਨ ਕਦੇ ਅਚਾਨਕ ਗਰਮੀ ਹੋ ਜਾਂਦੀ ਹੈ ਤੇ ਕਦੇ ਬਾਰਿਸ਼ ਕਾਰਨ ਤਾਪਮਾਨ ਹੇਠਾਂ ਡਿੱਗ ਜਾਂਦਾ ਹੈ। ਇਸ ਦੌਰਾਨ ਬੇਮੌਸਮੀ ਬਾਰਿਸ਼, ਗੜ੍ਹੇਮਾਰੀ ਅਤੇ ਗਰਜ-ਤੂਫਾਨ ਨੇ ਗੁਜਰਾਤ ਭਰ ਵਿੱਚ ਭਾਰੀ ਤਬਾਹੀ ਮਚਾਈ ਹੈ। ਇਸ ਦੌਰਾਨ ਬਿਜਲੀ ਡਿੱਗਣ ਕਾਰਨ 14 ਲੋਕਾਂ ਦੀ ਮੌਤ ਹੋ ਗਈ ਹੈ। ਪ੍ਰਭਾਵਿਤ ਜ਼ਿਲ੍ਹਿਆਂ ਵਿੱਚ ਦਾਹੋਦ, ਭਰੂਚ, ਅਮਰੇਲੀ, ਸੁਰੇਂਦਰਨਗਰ, ਮਹਿਸਾਣਾ, ਬੋਟਾਦ, ਪੰਚਮਹਿਲ, ਖੇੜਾ, ਸਾਬਰਕਾਂਠਾ, ਸੂਰਤ ਅਤੇ ਅਹਿਮਦਾਬਾਦ ਸ਼ਾਮਲ ਹਨ। ਸਟੇਟ ਐਮਰਜੈਂਸੀ ਆਪ੍ਰੇਸ਼ਨ ਸੈਂਟਰ ਨੇ ਰਿਪੋਰਟ ਦਿੱਤੀ ਹੈ ਕਿ ਗੁਜਰਾਤ ਦੇ ਕਈ ਇਲਾਕਿਆਂ 'ਚ 10 ਘੰਟਿਆਂ ਦੀ ਮਿਆਦ ਦੇ ਅੰਦਰ 50 ਮਿਲੀਮੀਟਰ ਤੱਕ ਬਾਰਿਸ਼ ਹੋਈ, ਜਿਸ ਨਾਲ ਆਮ ਜੀਵਨ ਕਾਫ਼ੀ ਪ੍ਰਭਾਵਿਤ ਹੋਇਆ ਹੈ।

## ਪਾਕਿ ਵੱਲੋਂ ਲਗਾਤਾਰ 12ਵੀਂ ਰਾਤ ਗੋਲੀਬੰਦੀ ਦਾ ਉਲੰਘਣ

**ਭਾਰਤੀ ਦਸਤਿਆਂ ਨੇ ਗੋਲੀਬਾਰੀ ਦਾ ਢੁੱਕਵਾਂ ਜਵਾਬ ਦਿੱਤਾ**



ਜੰਮੂ, 6 ਮਈ (ਚੜ੍ਹਦੀਕਲਾ ਬਿਊਰੋ) : ਪਾਕਿਸਤਾਨੀ ਫੌਜਾਂ ਨੇ ਜੰਮੂ-ਕਸ਼ਮੀਰ ਵਿੱਚ ਕੰਟਰੋਲ ਰੇਖਾ (ਐੱਲ.ਓ.ਸੀ.) ਦੇ ਨਾਲ ਗੋਲੀਬੰਦੀ ਦੀ ਉਲੰਘਣਾ ਜਾਰੀ ਰੱਖੀ ਤੇ ਕਈ ਸੈਕਟਰਾਂ ਵਿੱਚ ਬਿਨਾਂ ਕਿਸੇ ਭੜਕਾਹਟ ਦੇ ਗੋਲੀਬਾਰੀ ਕੀਤੀ, ਜਿਸ ਦਾ ਭਾਰਤੀ ਫੌਜ ਨੇ ਮੂੰਹ ਤੋੜ ਜਵਾਬ ਦਿੱਤਾ। ਪਹਿਲਗਾਮ ਦਹਿਸ਼ਤੀ ਹਮਲੇ ਮਗਰੋਂ ਭਾਰਤ ਅਤੇ ਪਾਕਿਸਤਾਨ ਵਿਚਕਾਰ ਵਧੇ ਤਣਾਅ ਦਰਮਿਆਨ ਇਹ ਲਗਾਤਾਰ 12ਵੀਂ ਰਾਤ ਹੈ ਜਦੋਂ ਪਾਕਿਸਤਾਨ ਨੇ ਸਰਹੱਦ ਪਾਰੋਂ ਬਿਨਾਂ ਕਿਸੇ ਭੜਕਾਹਟ ਦੇ ਗੋਲੀਬਾਰੀ ਕੀਤੀ ਹੈ।ਰੱਖਿਆ ਤਰਜਮਾਨ ਨੇ ਜੰਮੂ ਵਿਚ ਕਿਹਾ, "5 ਤੇ 6 ਮਈ ਦੀ ਦਰਮਿਆਨੀ ਰਾਤ ਨੂੰ ਪਾਕਿਸਤਾਨੀ ਫੌਜ ਨੇ ਕੰਟਰੋਲ ਰੇਖਾ ਦੇ ਨਾਲ ਕੁਪਵਾੜਾ, ਬਾਰਾਮੂਲਾ, ਪੁਣਛ, ਰਾਜੌਰੀ, ਮੇਂਧੜ, ਨੌਸ਼ਹਿਰਾ, ਸੁੰਦਰਬਨੀ ਤੇ ਅਖਨੂਰ ਸੈਕਟਰਾਂ ਵਿਚ ਬਿਨਾਂ ਕਿਸੇ ਭੜਕਾਹਟ ਦੇ ਛੋਟੇ ਹਥਿਆਰਾਂ ਨਾਲ ਫਾਇਰਿੰਗ ਕੀਤੀ ਹੈ। ਭਾਰਤੀ ਫੌਜ ਨੇ ਪਾਕਿਸਤਾਨ ਦੀ ਇਸ ਹਿਮਾਕਤ ਦਾ ਢੁੱਕਵਾਂ ਜਵਾਬ ਦਿੱਤਾ।'' ਜੰਮੂ-ਕਸ਼ਮੀਰ ਦੇ ਸੱਤ ਸਰਹੱਦੀ ਜ਼ਿਲ੍ਹਿਆਂ ਵਿੱਚੋਂ ਪੰਜ ਜ਼ਿਲ੍ਹਿਆਂ ਵਿੱਚ ਗੋਲੀਬਾਰੀ ਹੋ ਰਹੀ ਹੈ। ਹੁਣ ਤੱਕ ਸਾਂਬਾ ਅਤੇ ਕਠੂਆ ਜ਼ਿਲ੍ਹਿਆਂ ਵਿੱਚ ਕੌਮਾਂਤਰੀ ਸਰਹੱਦ 'ਤੇ ਗੋਲੀਬਾਰੀ ਦੀ ਕੋਈ ਰਿਪੋਰਟ ਨਹੀਂ ਹੈ।

ਸਰਹੱਦ ਪਾਰੋਂ ਗੋਲੀਬਾਰੀ ਦਾ ਤਾਜ਼ਾ ਦੌਰ ਫਰਵਰੀ 2021 ਵਿੱਚ ਹੋਏ ਜੰਗਬੰਦੀ ਸਮਝੌਤੇ ਨੂੰ ਕਮਜ਼ੋਰ ਕਰਦਾ ਹੈ, ਜਿਸ ਨੂੰ ਹੁਣ 740 ਕਿਲੋਮੀਟਰ ਲੰਮੀ ਕੰਟਰੋਲ ਰੇਖਾ 'ਤੇ ਪਾਕਿਸਤਾਨ ਵੱਲੋਂ ਲਗਾਤਾਰ ਉਲੰਘਣਾਵਾਂ ਕਾਰਨ ਵੱਡੇ ਪੱਧਰ 'ਤੇ ਬੇਅਸਰ ਦੇਖਿਆ ਜਾ ਰਿਹਾ ਹੈ।ਪਾਕਿਸਤਾਨ ਨੇ ਉੱਤਰੀ ਕਸ਼ਮੀਰ ਦੇ ਕੁਪਵਾੜਾ ਅਤੇ ਬਾਰਾਮੂਲਾ ਜ਼ਿਲ੍ਹਿਆਂ ਵਿੱਚ ਕੰਟਰੋਲ ਰੇਖਾ ਦੇ ਨਾਲ ਕਈ ਚੌਕੀਆਂ 'ਤੇ ਬਿਨਾਂ ਕਿਸੇ ਭੜਕਾਹਟ ਦੇ ਛੋਟੇ ਹਥਿਆਰਾਂ ਨਾਲ ਗੋਲੀਬਾਰੀ ਦੀ ਸ਼ੁਰੂਆਤ ਕਰਦੇ ਹੋਏ, ਮਗਰੋਂ ਪੁਣਛ ਸੈਕਟਰ ਅਤੇ ਜੰਮੂ ਖੇਤਰ ਦੇ ਅਖਨੂਰ ਸੈਕਟਰ ਤੱਕ ਆਪਣੀ ਜੰਗਬੰਦੀ ਦੀ ਉਲੰਘਣਾ ਦਾ ਵਿਸਥਾਰ ਕੀਤਾ।

## ਸੁਪਰੀਮ ਕੋਰਟ ਵੱਲੋਂ ਜੱਜਾਂ ਦੀਆਂ ਜਾਇਦਾਦਾਂ ਸਬੰਧੀ ਵੇਰਵੇ ਜਨਤਕ

**ਸੇਵਾ ਮੁਕਤ ਹੋ ਰਹੇ ਸੀ.ਜੇ.ਆਈ. ਕੋਲ 55.75 ਲੱਖ ਦੀ ਐਫ.ਡੀ., ਗਵਈ ਦੇ ਬੈਂਕ ਖਾਤੇ 'ਚ 19.63 ਲੱਖ ਮੌਜੂਦ**




ਨਵੀਂ ਦਿੱਲੀ, 6 ਮਈ (ਚੜ੍ਹਦੀਕਲਾ ਬਿਊਰੋ) : ਫੁੱਲ ਬੈਂਚ ਦੇ ਫੈਸਲੇ ਤੋਂ ਬਾਅਦ ਪਾਰਦਰਸ਼ਤਾ ਵਧਾਉਣ ਦੀ ਇਕ ਕੋਸ਼ਿਸ਼ ਵਜੋਂ ਸੁਪਰੀਮ ਕੋਰਟ ਨੇ ਜੱਜਾਂ ਦੀਆਂ ਜਾਇਦਾਦਾਂ ਸਬੰਧੀ ਵੇਰਵੇ ਸੋਮਵਾਰ ਨੂੰ ਆਪਣੀ ਵੈੱਬਸਾਈਟ 'ਤੇ ਅਪਲੋਡ ਕੀਤੇ ਹਨ। ਇਨ੍ਹਾਂ ਵੇਰਵਿਆਂ ਮੁਤਾਬਕ ਸੇਵਾ ਮੁਕਤ ਹੋ ਰਹੇ ਸੀਜੇਆਈ ਸੰਜੀਵ ਖੰਨਾ ਕੋਲ 55.75 ਲੱਖ ਰੁਪਏ ਦੀ ਫਿਕਸਡ ਡਿਪਾਜ਼ਿਟ, ਦੱਖਣੀ ਦਿੱਲੀ ਵਿਚ ਤਿੰਨ ਬੈੱਡਰੂਮ ਵਾਲਾ ਡੀਡੀਏ ਫਲੈਟ ਅਤੇ ਰਾਸ਼ਟਰਮੰਡਲ ਖੇਡਾਂ ਦੇ ਪਿੰਡ ਵਿਚ 2,446 ਵਰਗ ਫੁੱਟ ਦਾ ਚਾਰ ਬੈੱਡਰੂਮ ਵਾਲਾ ਅਪਾਰਟਮੈਂਟ ਹੈ।

ਇਸ ਤੋਂ ਇਲਾਵਾ ਸੀਜੇਆਈ ਵਜੋਂ ਨਾਮਜ਼ਦ ਜਸਟਿਸ ਬੀਆਰ ਗਵਈ ਕੋਲ ਬੈਂਕ ਵਿਚ 19.63 ਲੱਖ ਰੁਪਏ ਤੋਂ ਵੱਧ ਦੀ ਰਕਮ, ਮਹਾਰਾਸ਼ਟਰ ਦੇ ਅਮਰਾਵਤੀ ਵਿਚ ਇਕ ਘਰ ਜੋ ਉਨ੍ਹਾਂ ਦੇ ਮ੍ਰਿਤਕ ਪਿਤਾ ਤੋਂ ਵਿਰਾਸਤ ਵਿਚ ਮਿਲਿਆ ਹੈ, ਮੁੰਬਈ ਦੇ ਬਾਂਦਰਾ ਅਤੇ ਦਿੱਲੀ ਦੀ ਡਿਫੈਂਸ ਕਲੋਨੀ ਵਿਚ ਅਪਾਰਟਮੈਂਟ ਅਤੇ ਅਮਰਾਵਤੀ ਅਤੇ ਨਾਗਪੁਰ ਵਿਚ ਖੇਤੀਬਾੜੀ ਜ਼ਮੀਨਾਂ ਹਨ। ਅਦਾਲਤ ਵੱਲੋਂ ਜਾਰੀ ਇਕ ਰਿਲੀਜ਼ ਵਿਚ ਕਿਹਾ ਗਿਆ, "ਭਾਰਤ ਦੀ ਸੁਪਰੀਮ ਕੋਰਟ ਦੀ ਪੂਰੀ ਅਦਾਲਤ ਨੇ 1 ਅਪਰੈਲ 2025 ਨੂੰ ਫੈਸਲਾ ਕੀਤਾ ਸੀ ਕਿ ਇਸ ਅਦਾਲਤ ਦੇ ਜੱਜਾਂ ਦੀਆਂ ਜਾਇਦਾਦਾਂ ਦੇ ਬਿਆਨ ਵੈੱਬਸਾਈਟ 'ਤੇ ਅਪਲੋਡ ਕਰਕੇ ਜਨਤਕ ਡੋਮੇਨ ਵਿਚ ਰੱਖੇ ਜਾਣਗੇ। ਪਹਿਲਾਂ ਹੀ ਪ੍ਰਾਪਤ ਜੱਜਾਂ ਦੀਆਂ ਜਾਇਦਾਦਾਂ ਦੇ ਵੇਰਵੇ ਅਪਲੋਡ ਕੀਤੇ ਜਾ ਰਹੇ ਹਨ। ਹੋਰ ਜੱਜਾਂ ਦੀਆਂ ਜਾਇਦਾਦਾਂ ਦੇ ਵੇਰਵੇ ਉਦੋਂ ਹੀ ਅਪਲੋਡ ਕੀਤੇ ਜਾਣਗੇ ਜਦੋਂ ਮੌਜੂਦਾ ਜਾਇਦਾਦਾਂ ਦਾ ਵੇਰਵੇ ਪ੍ਰਾਪਤ ਹੋਵੇਗਾ।" ਪ੍ਰਾਪਤ ਅੰਕੜਿਆਂ ਅਨੁਸਾਰ ਸੀਜੇਆਈ ਖੰਨਾ, ਜੋ 13 ਮਈ ਨੂੰ ਸੇਵਾਮੁਕਤ ਹੋ ਰਹੇ ਹਨ, ਦਾ ਗੁਰੂਗ੍ਰਾਮ ਦੇ ਸੈਕਟਰ 49 ਦੇ ਸਿਸਪਾਲ ਵਿਹਾਰ ਵਿਚ ਇਕ ਚਾਰ ਬੈੱਡਰੂਮ ਵਾਲੇ ਫਲੈਟ ਵਿਚ 56 ਫੀਸਦੀ ਹਿੱਸਾ ਹੈ, ਜੋ ਕਿ 2016 ਵਰਗ ਫੁੱਟ ਸੁਪਰ ਏਰੀਆ ਹੈ ਅਤੇ ਹਿਮਾਚਲ ਪ੍ਰਦੇਸ਼ ਦੇ ਡਲਹੌਜ਼ੀ ਵਿਚ ਇਕ ਘਰ ਅਤੇ ਜ਼ਮੀਨ ਵਿਚ ਹਿੱਸਾ ਹੈ। ਅੰਕੜਿਆਂ ਤੋਂ ਅੱਗੇ ਪਤਾ ਚੱਲਿਆ ਹੈ ਕਿ ਉਨ੍ਹਾਂ ਦਾ ਪਬਲਿਕ ਪ੍ਰੋਵੀਡੈਂਟ ਫੰਡ ਵਿਚ 1.06 ਕਰੋੜ ਰੁਪਏ ਤੋਂ ਵੱਧ ਦਾ ਨਿਵੇਸ਼, 1,77,89,000 ਰੁਪਏ ਦਾ ਜੀਪੀਐਫ, 29,625 ਰੁਪਏ ਦਾ ਐਲਆਈਸੀ ਮਨੀ ਬੈਕ ਪਾਲਿਸੀ ਦਾ ਸਾਲਾਨਾ ਪ੍ਰੀਮੀਅਮ ਅਤੇ 14,000 ਰੁਪਏ ਦੇ ਸ਼ੇਅਰ ਹਨ। ਚੱਲ ਜਾਇਦਾਦਾਂ ਵਿਚੋਂ ਸੀਜੇਆਈ ਖੰਨਾ ਕੋਲ 250 ਗ੍ਰਾਮ ਸੋਨਾ ਅਤੇ 2 ਕਿਲੋ ਚਾਂਦੀ ਹੈ, ਜੋ ਕਿ ਜ਼ਿਆਦਾਤਰ ਵਿਰਾਸਤ ਵਿਚ ਅਤੇ ਤੋਹਫ਼ੇ ਵਿਚ ਮਿਲੀ ਹੈ। ਇਸ ਤੋਂ ਇਲਾਵਾ 2015 ਮਾਡਲ ਦੀ ਮਾਰੂਤੀ ਸਵਿਫਟ ਕਾਰ ਹੈ।

ਜਸਟਿਸ ਗਵਈ ਜੋ 14 ਮਈ ਨੂੰ ਸੀਜੇਆਈ ਵਜੋਂ ਅਹੁਦਾ ਸੰਭਾਲਣਗੇ, ਕੋਲ ਚੱਲ ਜਾਇਦਾਦ ਹੈ ਜਿਸ ਵਿਚ 5.25 ਲੱਖ ਰੁਪਏ ਦੇ ਸੋਨੇ ਦੇ ਗਹਿਣੇ ਸ਼ਾਮਲ ਹਨ, ਉਨ੍ਹਾਂ ਦੀ ਪਤਨੀ ਕੋਲ 29.70 ਲੱਖ ਰੁਪਏ ਦੇ ਗਹਿਣੇ ਅਤੇ 61,320 ਰੁਪਏ ਦੀ ਨਕਦ ਜਮ੍ਹਾਂ ਰਾਸ਼ੀ ਹੈ। ਜ਼ਿਕਰਯੋਗ ਹੈ ਕਿ 33 ਜੱਜਾਂ ਵਿਚੋਂ 21 ਨੇ ਆਪਣੀਆਂ ਜਾਇਦਾਦਾਂ ਦੇ ਵੇਰਵੇ ਜਨਤਕ ਕੀਤੇ ਹਨ।

## ਸੰਪਾਦਕੀ

# ਧਾਰਮਿਕ ਸਥਾਨਾਂ ਉਤੇ ਭਗਦੜ

ਧਾਰਮਿਕ ਸਥਾਨਾਂ, ਸਮਾਗਮਾਂ, ਤਿਉਹਾਰਾਂ ਤੇ ਭੀੜ ਨੂੰ ਕੰਟਰੋਲ ਕਰਨ ਵਿੱਚ ਅਸਮਰੱਥਾ ਅਤੇ ਢੁਕਵੇਂ ਆਵਾਜਾਈ ਪ੍ਰਬੰਧਾਂ ਦੀ ਘਾਟ ਕਾਰਨ ਅਕਸਰ ਭਗਦੜ, ਦਮ ਘੁੱਟਣ ਆਦਿ ਕਾਰਨ ਵੱਡੀ ਗਿਣਤੀ ਵਿੱਚ ਲੋਕਾਂ ਦੇ ਮਾਰੇ ਜਾਣ ਜਾਂ ਜ਼ਖ਼ਮੀ ਹੋਣ ਦੀਆਂ ਰਿਪੋਰਟਾਂ ਮਿਲਦੀਆਂ ਹਨ। ਪਰ ਹੈਰਾਨੀ ਦੀ ਗੱਲ ਹੈ ਕਿ ਉਨ੍ਹਾਂ ਤੋਂ ਕੋਈ ਸਬਕ ਨਹੀਂ ਸਿੱਖਿਆ ਜਾਂਦਾ। ਇੱਕੋ ਜਿਹੀਆਂ ਥਾਵਾਂ 'ਤੇ ਵੀ ਇਸੇ ਤਰ੍ਹਾਂ ਦੇ ਹਾਦਸੇ ਦੁਬਾਰਾ ਹੁੰਦੇ ਦੇਖੇ ਜਾ ਸਕਦੇ ਹਨ। ਗੋਆ ਦੇ ਇੱਕ ਮੰਦਰ ਵਿੱਚ ਵਾਪਰਿਆ ਹਾਦਸਾ ਇਸਦੀ ਇੱਕ ਤਾਜ਼ਾ ਉਦਾਹਰਣ ਹੈ। ਸ਼ਨੀਵਾਰ ਨੂੰ ਮੰਦਰ ਉਤਸਵ ਦੌਰਾਨ ਭਗਦੜ ਮਚਣ ਕਾਰਨ ਛੇ ਲੋਕ ਕੁਚਲੇ ਜਾਣ ਕਾਰਨ ਮਾਰੇ ਗਏ ਅਤੇ ਸੱਤਰ ਹੋਰ ਜ਼ਖ਼ਮੀ ਹੋ ਗਏ। ਘਟਨਾ ਦੀ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਜਿਸ ਥਾਂ 'ਤੇ ਹਾਦਸਾ ਹੋਇਆ ਉਹ ਇੱਕ ਤੰਗ ਗਲੀ ਸੀ ਅਤੇ ਸੜਕ ਢਲਾਣ ਵਾਲੀ ਸੀ। ਢਲਾਣ 'ਤੇ ਖੜ੍ਹੇ ਕੁਝ ਲੋਕ ਆਪਣਾ ਸੰਤੁਲਨ ਗੁਆ ਬੈਠੇ ਅਤੇ ਹੇਠਾਂ ਡਿੱਗ ਪਏ, ਜਿਸ ਕਾਰਨ ਭਗਦੜ ਮਚ ਗਈ ਅਤੇ ਛੇ ਲੋਕਾਂ ਦੀ ਕੁਚਲ ਕੇ ਮੌਤ ਹੋ ਗਈ। ਦੱਸਿਆ ਜਾ ਰਿਹਾ ਹੈ ਕਿ ਪਿਛਲੇ ਸਾਲ ਵੀ ਇਸੇ ਜਗ੍ਹਾ 'ਤੇ ਅਜਿਹੀ ਹੀ ਘਟਨਾ ਵਾਪਰੀ ਸੀ, ਪਰ ਖੁਸ਼ਕਿਸਮਤੀ ਨਾਲ ਕੋਈ ਜਾਨੀ ਨੁਕਸਾਨ ਨਹੀਂ ਹੋਇਆ। ਪੁਲਿਸ ਦਾ ਕਹਿਣਾ ਹੈ ਕਿ ਪ੍ਰਬੰਧਕਾਂ ਨੇ ਭੀੜ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਅਤੇ ਲੋਕਾਂ ਨੂੰ ਅੱਗੇ ਨਾ ਵਧਣ ਦੀ ਅਪੀਲ ਕੀਤੀ, ਪਰ ਉਨ੍ਹਾਂ ਨੇ ਨਹੀਂ ਸੁਣੀ ਅਤੇ ਇਹ ਘਟਨਾ ਵਾਪਰ ਗਈ। ਭਾਵੇਂ ਜਾਂਚ ਰਿਪੋਰਟ ਆਉਣ ਤੋਂ ਬਾਅਦ ਘਟਨਾ ਦਾ ਅਸਲ ਕਾਰਨ ਪਤਾ ਲੱਗੇਗਾ, ਪਰ ਮੁੱਢਲੇ ਤੱਥਾਂ ਤੋਂ ਪਤਾ ਲੱਗਦਾ ਹੈ ਕਿ ਮੰਦਰ ਪ੍ਰਬੰਧਨ ਭੀੜ ਨੂੰ ਕਾਬੂ ਕਰਨ ਵਿੱਚ ਅਸਫਲ ਰਿਹਾ। ਕਿਹਾ ਜਾ ਰਿਹਾ ਹੈ ਕਿ ਉੱਥੇ ਚਾਲੀ ਤੋਂ ਪੰਜਾਹ ਹਜ਼ਾਰ ਲੋਕ ਇਕੱਠੇ ਹੋਏ ਸਨ। ਹਾਲਾਂਕਿ, ਇਹ ਕੋਈ ਨਵਾਂ ਤਜਰਬਾ ਨਹੀਂ ਹੈ। ਧਾਰਮਿਕ ਸਮਾਗਮਾਂ ਵਿੱਚ ਜ਼ਿਆਦਾਤਰ ਹਾਦਸਿਆਂ ਦਾ ਮੁੱਖ ਕਾਰਨ ਉਨ੍ਹਾਂ ਦੇ ਪ੍ਰਬੰਧਕਾਂ ਦੀ ਲਾਪਰਵਾਹੀ ਹੈ। ਨਿਯਮਾਂ ਅਨੁਸਾਰ ਕਿਸੇ ਵੀ ਘਟਨਾ ਤੋਂ ਪਹਿਲਾਂ, ਪੁਲਿਸ ਨੂੰ ਉਸਦੀਆਂ ਤਿਆਰੀਆਂ ਬਾਰੇ ਸੂਚਿਤ ਕਰਨਾ ਪੈਂਦਾ ਹੈ, ਫਿਰ ਉਹ ਉਸ ਅਨੁਸਾਰ ਸੁਰੱਖਿਆ ਪ੍ਰਬੰਧ ਕਰਦੇ ਹਨ। ਪਰ ਜ਼ਿਆਦਾਤਰ ਅਜਿਹੇ ਸਮਾਗਮਾਂ ਵਿੱਚ, ਇਸ ਪ੍ਰਤੀ ਲਾਪਰਵਾਹੀ ਦਿਖਾਈ ਜਾਂਦੀ ਹੈ ਅਤੇ ਇਹ ਮੰਨਿਆ ਜਾਂਦਾ ਹੈ ਕਿ ਸ਼ਰਧਾਲੂ ਖੁਦ ਇੱਕ ਨਿਯੰਤਰਿਤ ਢੰਗ ਨਾਲ ਵਿਵਹਾਰ ਕਰਨਗੇ। ਪਰ, ਅਜਿਹਾ ਨਹੀਂ ਹੁੰਦਾ। ਜ਼ਿਆਦਾਤਰ ਮੰਦਰਾਂ ਅਤੇ ਧਾਰਮਿਕ ਸਥਾਨਾਂ ਦੇ ਆਲੇ-ਦੁਆਲੇ ਦੀਆਂ ਥਾਵਾਂ ਤੰਗ ਹਨ। ਮੰਦਰ ਜਿੰਨਾ ਪੁਰਾਣਾ ਹੋਵੇਗਾ, ਸ਼ਰਧਾਲੂਆਂ ਦੀ ਆਵਾਜਾਈ ਲਈ ਓਨੀ ਹੀ ਘੱਟ ਜਗ੍ਹਾ ਦਿਖਾਈ ਦੇਵੇਗੀ। ਫਿਰ, ਫੁੱਲ, ਹਾਰ, ਪ੍ਰਸ਼ਾਦ ਆਦਿ ਵੇਚਣ ਵਾਲੇ ਲੋਕ ਉਨ੍ਹਾਂ ਸੜਕਾਂ 'ਤੇ ਆਪਣੀਆਂ ਦੁਕਾਨਾਂ ਲਗਾ ਲੈਂਦੇ ਹਨ, ਜਿਸ ਨਾਲ ਸੜਕਾਂ ਹੋਰ ਵੀ ਤੰਗ ਹੋ ਜਾਂਦੀਆਂ ਹਨ। ਗੋਆ ਮੰਦਰ ਵਿੱਚ ਵੀ ਅਜਿਹੀ ਹੀ ਸਥਿਤੀ ਦੇਖੀ ਗਈ। ਅਜਿਹੀ ਸਥਿਤੀ ਵਿੱਚ, ਜਦੋਂ ਹਫੜਾ-ਦਫੜੀ ਮੱਚ ਜਾਂਦੀ ਹੈ ਅਤੇ ਲੋਕ ਕਿਸੇ ਕਾਰਨ ਕਰਕੇ ਬੇਕਾਬੂ ਹੋ ਜਾਂਦੇ ਹਨ, ਤਾਂ ਲੋਕਾਂ ਦੇ ਮਾਰੇ ਜਾਣ ਦਾ ਖ਼ਤਰਾ ਵੱਧ ਜਾਂਦਾ ਹੈ। ਅਜਿਹੇ ਤੱਥ ਆਮ ਤੌਰ 'ਤੇ ਮੰਦਰ ਪ੍ਰਬੰਧਕਾਂ ਅਤੇ ਤਿਉਹਾਰ ਪ੍ਰਬੰਧਕਾਂ ਤੋਂ ਲੁਕੇ ਨਹੀਂ ਹੁੰਦੇ। ਜਦੋਂ ਉਹ ਜਾਣਦੇ ਹਨ ਕਿ ਸ਼ਰਧਾਲੂਆਂ ਦੀ ਗਿਣਤੀ ਵੱਧ ਰਹੀ ਹੈ, ਤਾਂ ਉਨ੍ਹਾਂ ਦੇ ਦਾਖਲੇ ਅਤੇ ਬਾਹਰ ਜਾਣ ਲਈ ਢੁਕਵੇਂ ਪ੍ਰਬੰਧ ਕਿਉਂ ਨਹੀਂ ਕੀਤੇ ਜਾਂਦੇ। ਵਲੰਟੀਅਰਾਂ ਨੂੰ ਉਨ੍ਹਾਂ ਥਾਵਾਂ 'ਤੇ ਕਿਉਂ ਨਹੀਂ ਤਾਇਨਾਤ ਕੀਤਾ ਜਾਂਦਾ ਜੋ ਹਾਦਸਿਆਂ ਪ੍ਰਤੀ ਸੰਵੇਦਨਸ਼ੀਲ ਹਨ, ਤਾਂ ਜੋ ਉਹ ਸ਼ਰਧਾਲੂਆਂ ਨੂੰ ਸਾਵਧਾਨੀ ਨਾਲ ਅੱਗੇ ਵਧਣ ਦੀ ਹਦਾਇਤ ਕਰ ਸਕਣ। ਅਜਿਹੀਆਂ ਘਟਨਾਵਾਂ ਨੂੰ ਰੋਕਣ ਵਿੱਚ ਸਫਲ ਨਾ ਹੋਣ ਅਤੇ ਪ੍ਰਬੰਧਕਾਂ ਅਤੇ ਮੰਦਰ ਪ੍ਰਬੰਧਕਾਂ ਨੂੰ ਜਵਾਬਦੇਹ ਨਾ ਠਹਿਰਾਉਣ ਦਾ ਇੱਕ ਵੱਡਾ ਕਾਰਨ ਇਹ ਹੈ ਕਿ ਅਜਿਹੇ ਹਾਦਸੇ ਵਾਪਰਨ ਤੋਂ ਬਾਅਦ, ਉਨ੍ਹਾਂ ਦੀ ਜਵਾਬਦੇਹੀ ਆਮ ਤੌਰ 'ਤੇ ਤੈਅ ਨਹੀਂ ਹੁੰਦੀ। ਅੰਤ ਵਿੱਚ, ਇਹ ਪੁਲਿਸ ਦੀ ਜ਼ਿੰਮੇਵਾਰੀ ਹੈ ਕਿ ਉਹ ਕਿਸੇ ਵੀ ਘਟਨਾ ਵਿੱਚ ਸੁਰੱਖਿਆ ਮਾਪਦੰਡਾਂ ਦੀ ਕਿਸੇ ਵੀ ਕਿਸਮ ਦੀ ਲਾਪਰਵਾਹੀ ਨੂੰ ਰੋਕੇ। ਪਰ ਹਰ ਹਾਦਸੇ ਤੋਂ ਬਾਅਦ ਇਹ ਮੰਗ ਭੁੱਲ ਜਾਂਦੀ ਜਾਪਦੀ ਹੈ।

**-ਜਗਜੀਤ ਸਿੰਘ ਦਰਦੀ**

# ਦਿੱਲੀ ਨਸਲਕੁਸ਼ੀ, ਹੋਂਦ ਚਿੱਲੜ, ਪਟੌਦੀ, ਚਿੱਠੀ ਸਿੰਘਪੁਰਾ ਤੇ ਪਹਿਲਗਾਮ ਦਾ ਦਰਦ ਇਕੋ ਜਿਹਾ ਪਰ.....



ਡਾ. ਕੁਲਵੰਤ ਕੌਰ
ਮੋ: 98156-20515

ਬੇਕਸੂਰ, ਪੁਰਅਮਨ, ਸ਼ਾਂਤੀ ਪਸੰਦ, ਭੋਲੇ ਭਾਲੇ ਅਤੇ ਦੇਸ਼ ਪ੍ਰੇਮੀ ਲੋਕਾਂ ਦੀ ਮਾਰ ਵੱਢ, ਕਤਲੋਗਾਰਤ, ਮੌਤ ਤੇ ਅੰਨ੍ਹੇਵਾਹ ਹਿੰਸਾ ਭਾਵੇਂ ਯੂਕਰੇਨ 'ਚ ਹੋਵੇ ਜਾਂ ਰੂਸ ਵਿੱਚ, ਇਜ਼ਰਾਈਲ 'ਚ ਹੋਵੇ ਜਾਂ ਹਮਾਸ ਵੱਲੋਂ, ਮਨੀਪੁਰ 'ਚ ਹੋਵੇ ਜਾਂ ਦਾਂਤੇਵਾੜਾ 'ਚ ਅਤੇ ਜਾਂ ਫਿਰ ਗਵਾਂਢੀ ਮੁਲਕ ਵੱਲੋਂ ਹੋਵੇ, ਹਮੇਸ਼ਾ ਹੀ ਨਿੰਦਣੀਯ, ਸ਼ਿਮਕਣ ਅਤੇ ਤਬਾਹਕੁੰਨ ਹੋਇਆ ਕਰਦੀ ਹੈ। ਬੀਤੇ ਸਮਿਆਂ ਦਾ ਇਤਿਹਾਸ ਤੇ ਮਿਥਿਹਾਸ ਸਾਡੇ ਸਾਹਮਣੇ ਉਹ ਹੌਲਨਾਕ ਤੇ ਖ਼ੌਫ਼ਨਾਕ ਦ੍ਰਿਸ਼ ਲਿਆ ਖਲ੍ਹਾਰਦਾ ਹੈ ਜਦੋਂ ਮਨੁੱਖ ਨੇ ਮਨੁੱਖ ਦਾ ਜਿਊਣਾ ਦੁੱਭਰ ਕਰੀ ਰੱਖਿਆ। ਇਸ ਦੀ ਕਬਜ਼ੇ ਦੀ ਭਾਵਨਾ, ਬਦਲਾ ਲਊ ਨੀਤੀ, ਈਰਖਾ, ਲਾਲਸਾ ਤੇ ਵਾਸਨਾ ਨੇ ਹਜ਼ਾਰਾਂ ਵਰ੍ਹਿਆਂ ਤੋਂ ਦੁੱਖਾਂ, ਦਰਦਾਂ, ਪੀੜਾ, ਹਉਕਿਆਂ ਅਤੇ ਜ਼ਿਆਦਤੀਆਂ ਦੀ ਇਬਾਰਤ ਲਿਖੀ ਹੈ ਤੇ ਹੁਣ ਵੀ ਲਿਖਣੋਂ ਸੰਕੋਚ ਨਹੀਂ ਕਰ ਰਿਹਾ। ਭਾਵੇਂ ਸਾਡੇ ਮਹਾਂਪੁਰਖਾਂ ਨੇ 'ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ' ਦੀ ਸਿੱਖ ਵੀ ਦਿੱਤੀ, 'ਹਮ ਨਹੀ ਚੰਗੇ ਬੁਰਾ ਨਹੀ ਕੋਇ' ਅਤੇ 'ਨਾ ਕੋ ਬੈਰੀ ਨਾਹਿ ਬਿਗਾਨਾ' ਫ਼ਰਮਾ ਕੇ ਸਮਝਾਉਣ ਦੇ ਭਰਸਕ ਯਤਨ ਕੀਤੇ ਪਰ ਕੁੱਤੇ ਦੀ ਪੂਛ ਵਾਂਗ ਕਦੇ ਵੀ ਸਿੱਧੀ ਨਾ ਹੋਣ ਦੀ ਸੱਚਾਈ ਵਾਂਗ ਦੋਖੀ, ਦੁਸ਼ਮਣ, ਕਮੀਨੇ, ਬੁਜ਼ਦਿਲ ਅਤੇ ਮੂੰਹ ਜ਼ੋਰ ਆਪਣੀ ਆਈ ਤੋਂ ਨਾ ਟਲੇ। ਮਨੁੱਖਤਾ ਦੇ ਵੈਰੀਆਂ ਨੇ ਸਭੇ ਕਦਰਾਂ-ਕੀਮਤਾਂ, ਮਾਨਵੀ ਮੁੱਲ ਅਤੇ ਚੰਗਿਆਈਆਂ ਛਿੱਕੇ ਟੰਗ ਕੇ ਅਜਿਹੀਆਂ ਕਰਤੂਤਾਂ ਅਤੇ ਸ਼ੈਤਾਨੀਆਂ ਕੀਤੀਆਂ ਕਿ ਜ਼ਮਾਨਾ ਕੰਬ ਉੱਠਿਆ। ਪਿਛਲੇ ਦਿਨੀਂ, ਕਸ਼ਮੀਰ ਦੀ ਬਹਿਸ਼ਤੀ ਦੁਨੀਆਂ ਵਿੱਚ ਕੁਹਰਾਮ ਮਚਿਆ। ਪੂਰੇ ਸੰਸਾਰ ਵਿੱਚ ਹਾਹਾਕਾਰ ਮਚ ਉੱਠੀ। ਸਵਰਗੀ ਨਜ਼ਾਰੇ ਮਾਣਦੇ, ਸ਼ਿਕਾਰਿਆਂ ਦਾ ਮਜ਼ਾ ਲੁੱਟਦੇ, ਪਹਾੜਾਂ ਤੇ ਵਾਦੀਆਂ ਦਾ ਲੁਤਫ਼ ਉਠਾਉਂਦੇ। ਅਣਭੋਲ ਸੈਲਾਨੀਆਂ 'ਤੇ ਜਿਉਂ ਹੀ ਅਚਨਚੇਤੀ ਗੋਲੀਆਂ ਦੀਆਂ ਬੁਛਾੜਾਂ ਆਣ ਪਈਆਂ, 'ਕੇਲ ਕਰੇਂਦੇ ਹੰਝ ਨੂੰ ਅਚਿੰਤੇ ਬਾਜ ਪਏ' ਵਾਲੀ ਤੁਕ ਸਾਕਾਰ ਹੋ ਉੱਠੀ। ਯੋਜਨਾਬੱਧ ਢੰਗ ਨਾਲ ਕੀਤੇ ਇਸ ਆਤੰਕੀ ਹਮਲੇ ਦੀ ਤਿਆਰੀ ਚਿਰਾਂ ਤੋਂ ਕੀਤੀ ਜਾ ਰਹੀ ਸੀ ਭਾਵੇਂ ਸਾਡੀਆਂ ਖ਼ੁਫ਼ੀਆਂ ਏਜੰਸੀਆਂ ਪੂਰੀ ਤਰ੍ਹਾਂ ਅਵੇਸਲੀਆਂ ਹੋਈਆਂ ਬੈਠੀਆਂ ਸਨ। ਬੈਸਰਨ ਦੇ ਇਸ ਸੈਲਾਨੀ-ਸਥਲ 'ਤੇ ਕੋਈ ਸਕਿਓਰਿਟੀ, ਕੋਈ ਬਚਾਅ ਸਾਧਨ ਜਾਂ ਸੁਰੱਖਿਆ ਇੰਤਜ਼ਾਮ ਨਹੀਂ ਸਨ ਜਦੋਂ ਕਿ ਦੋਖੀ ਮਹੀਨਿਆਂ ਤੋਂ ਤਾਕ ਲਾਈ ਸਭ ਕੁੱਝ ਤੱਕ ਰਹੇ ਸਨ। ਐਡੀ ਅਣਗਹਿਲੀ ਮੌਕੇ, ਜਿਵੇਂ ਨਿਰਦੋਸ਼ ਸੈਲਾਨੀ ਫ਼ਿਰਕਾਪ੍ਰਸਤੀ ਤੇ ਕੱਟੜਵਾਦ ਦੀ ਆੜ ਹੇਠ ਗੋਲੀਆਂ ਨਾਲ ਭੁੰਨ ਦਿੱਤੇ ਗਏ ਤਿਵੇਂ ਹੀ ਚਿੱਠੀ ਸਿੰਘਪੁਰਾ (ਅਨੰਤ ਨਾਗ ਲਾਗੇ) ਵਿਖੇ ਵੀ 2000 ਈ. ਦੀ ਰਾਤ ਨੂੰ 36 ਬੇਕਸੂਰ ਭੋਲੇ-ਭਾਲੇ ਸਿੱਖ ਕਤਲ ਕਰ ਦਿੱਤੇ ਗਏ ਸਨ। ਉਦੋਂ ਅਮਰੀਕਾ ਦਾ ਰਾਸ਼ਟਰਪਤੀ (ਬਿਲ ਕਲਿੰਟਨ) ਭਾਰਤ ਦੇ ਦੌਰੇ 'ਤੇ ਸੀ ਅਤੇ ਹੁਣ, ਉਸ ਦੇਸ਼ ਦਾ ਉਪ ਰਾਸ਼ਟਰਪਤੀ ਇੱਥੇ ਦੀ ਯਾਤਰਾ ਦੇ ਨਜ਼ਾਰੇ ਮਾਣ ਰਿਹਾ ਸੀ। ਜਿੱਥੇ ਪਹਿਲਗਾਮ ਲਾਗੇ ਨਿੱਕੇ ਤੇ ਮਾਸੂਮ ਲੋਕਾਂ ਦਾ ਵਹਿਸ਼ਿਆਨਾ ਕਤਲ ਕਰਕੇ ਜਨੂੰਨੀ ਸ਼ਰਮਿੰਦੀ ਗਈ ਉੱਥੇ ਪੂਰੇ ਪੱਚੀ ਸਾਲ ਪਹਿਲਾਂ, (2000 ਈਸਵੀ ਵਿੱਚ) ਇਸੇ ਹੀ ਤਰ੍ਹਾਂ, ਆਪਣੇ ਘਰਾਂ ਪਰਿਵਾਰਾਂ ਵਿੱਚ ਬੈਠੇ ਬੇਗੁਨਾਹ ਸਿੱਖਾਂ 'ਤੇ ਠਾਹ-ਠਾਹ ਗੋਲੀਆਂ ਚਲਾ ਕੇ ਬਾਲ ਬੱਚਿਆਂ ਤੇ ਮਾਵਾਂ, ਭੈਣਾਂ ਸਾਹਮਣੇ ਸਾਰੇ ਮਰਦ ਮੌਤ ਦੇ ਘਾਟ ਉਤਾਰ ਦਿੱਤੇ ਗਏ। ਉਨ੍ਹਾਂ ਦਾ ਕਸੂਰ ਐਨਾ ਹੀ ਸੀ ਕਿ ਉਹ ਇਸ ਦੇਸ਼ ਦੀ ਇੱਜ਼ਤ ਆਬਰੂ ਬਚਾਉਣ ਵਾਲੇ ਗੁਰੂ ਸਾਹਿਬਾਨ ਦੀ ਉੱਤਮ ਸੰਤ-ਸਿੱਖ ਸਨ (ਜੋ ਦੂਜਿਆਂ ਨੂੰ ਬਚਾਉਣ ਵਾਲੇ ਸਨ) ਉਨ੍ਹਾਂ ਕੋਈ ਹਾਲ ਪਾਹਰਿਆ ਨਹੀਂ ਹੋਈ, ਕਿਸੇ ਨੇ ਐਨਾ ਮਾਤਮ ਵੀ ਨਹੀਂ ਮਨਾਇਆ। ਕਿਸੇ ਨੇ ਪਰਿਵਾਰਾਂ ਨੂੰ ਗਲ ਲਾ ਕੇ ਧਰਵਾਸ ਵੀ ਨਹੀਂ ਦਿੱਤਾ। ਇਹ ਇਸ ਦੇਸ਼ ਦੇ ਵਾਸੀਆਂ ਦੀ ਫ਼ਿਤਰਤ ਹੈ ਕਿ ਘੱਟ ਗਿਣਤੀ ਕੌਮ ਦੀ ਪੀੜਾ ਬਹੁਤ ਵਾਰ ਅਣਗੌਲੀ ਜਾਂਦੀ ਹੈ। ਅਜਿਹੀ ਬੇਇਨਸਾਫ਼ੀ, ਦੁੱਖ-ਦਰਦ ਤੇ ਪੀੜਾ ਦੀ ਗੱਲ ਤੁਰੀ ਹੈ ਤਾਂ ਦਿੱਲੀ ਦੀ ਨਸਲਕੁਸ਼ੀ, ਹੋਂਦ ਚਿੱਲੜ ਤੇ ਪਟੌਦੀ ਦੀ ਬਰਬਾਦੀ ਦਾ ਮੰਜ਼ਰ ਵੀ ਯਾਦ ਆ ਗਿਆ। ਆਪਣੇ ਹੀ ਦੇਸ਼ ਵਿੱਚ, ਆਪਣੀ ਹੀ ਧਰਤੀ 'ਤੇ (ਧਰਤੀ ਵੀ ਉਹ ਜੋ ਉਨ੍ਹਾਂ ਦੇ ਪੁਰਖਿਆਂ ਦੀ ਆਪਣੀ ਖ਼ਰੀਦ ਸੀ ਤੇ ਜਿਸ 'ਤੇ ਪੂਰਾ ਦਿੱਲੀ ਸ਼ਹਿਰ ਵੱਸਿਆ ਹੋਇਆ ਹੈ) ਐਸੀ ਖ਼ੂਨੀ ਹੋਲੀ ਖੇਡੀ ਗਈ ਕਿ ਸ਼ੈਤਾਨ ਵੀ ਮਾਤ ਪੈ ਗਏ। ਮਾਵਾਂ ਦੀਆਂ ਬੇਬਸ ਚੀਕਾਂ ਆਸਮਾਨ ਛਲਣੀ ਕਰਦੀਆਂ, ਬੀਵੀਆਂ ਦੇ ਵੈਣ, ਧੁਰ ਅੰਦਰ ਤੱਕ ਚੀਰਦੇ, ਭੈਣਾਂ ਦੇ ਵਿਰਲਾਪ ਰੂਹ ਕੰਬਾਉਂਦੇ, ਬੇਪੱਤ ਤੇ ਬੇਪਰਦ ਹੁੰਦੀਆਂ ਧੀਆਂ ਭੈਣਾਂ ਦੇ ਹਉਕੇ ਰੱਬ ਨੂੰ ਵੀ ਉਲਾਂਭੇ ਦਿੰਦੇ ਹੋਏ - ਇਹ ਦ੍ਰਿਸ਼ ਸੀ 18 ਸੂਬਿਆਂ ਦੇ ਸੌ ਤੋਂ ਵੱਧ ਸ਼ਹਿਰਾਂ, ਨਗਰਾਂ ਤੇ ਕਸਬਿਆਂ ਦਾ ਜ਼ਿਕਰ । ਭਾਵੇਂ ਦਿੱਲੀ ਦਾ ਹੀ ਹੁੰਦਾ ਆਇਆ ਹੈ ਪਰ ਕਿੰਨੀਆਂ ਕੁ ਹੋਰ ਧਰਤੀਆਂ ਸਨ, ਜਿੱਥੇ ਸਿੱਖਾਂ ਦੀਆਂ ਪੀੜ੍ਹੀਆਂ ਦੀਆਂ ਪੀੜ੍ਹੀਆਂ ਖ਼ਤਮ ਕਰ ਦਿੱਤੀਆਂ ਗਈਆਂ। ਜਿਸ ਨੂੰ ਤੱਕ ਕੇ ਹਰ ਸੁਹਿਰਦ, ਸੰਵੇਦਨਸ਼ੀਲ ਤੇ ਅਮਨ ਪਸੰਦ ਸ਼ਹਿਰੀ ਸ਼ਰਮਸਾਰ ਹੋਏ, ਮਰਨਹਾਕੇ ਹੋਏ। ਵੱਡੇ ਦਰੱਖ਼ਤ ਦੇ ਡਿਗਣ ਨਾਲ ਧਰਤੀ ਅਜਿਹੀ ਕੰਬੀ ਕਿ ਉਸ ਨੇ ਜਾਂਬਾਜ਼, ਬਹਾਦਰ, ਸਮਰਪਿਤ, ਸਿਦਕੀ ਤੇ ਸਿਰੜੀ ਸਿੱਖ ਕੌਮ ਦਾ ਖੁਰਾ-ਖੋਜ ਮਿਟਾ ਦੇਣ ਦਾ ਤਹੱਈਆ ਕਰ ਲਿਆ।

ਦਰਅਸਲ, ਜੂਨ ਚੌਰਾਸੀ ਦਾ ਸਿੱਖੀ ਦੇ ਮੱਕੇ 'ਤੇ ਹਥਿਆਰਬੰਦ ਹਮਲਾ ਇਕ ਅਜਿਹਾ ਅਮਲ ਸੀ, ਜਿਸ ਨੇ ਨਾਨਕ ਵੰਸ਼ੀਆਂ ਨੂੰ ਗਹਿਰੇ ਤੇ ਅਭੁੱਲ ਜ਼ਖ਼ਮ ਦਿੱਤੇ। ਵਿਦੇਸ਼ੀ ਤਾਕਤਾਂ ਦੀ ਮੱਦਦ ਨਾਲ, ਸਿੱਖੀ ਨੂੰ ਤਹਿਸ-ਨਹਿਸ ਕਰਨ ਦੀ ਜੁਰਅਤ, ਦਰਬਾਰ ਸਾਹਿਬ ਦੇ ਮਾਡਲ ਬਣਾ-ਬਣਾ ਕੇ ਹਮਲਾ ਕਰਨ ਦੀਆਂ ਦੂਰ ਦੁਰਾਡੀਆਂ ਰਿਹਰਸਲਾਂ (ਜੋ ਬਾਅਦ ਵਿੱਚ ਜੱਗ ਜ਼ਾਹਿਰ ਹੋਈਆਂ)। ਤੱਤਕਾਲੀ ਪ੍ਰਧਾਨ ਮੰਤਰੀ ਵੱਲੋਂ ਬਰਪਾਇਆ ਅਜਿਹਾ ਕਹਿਰ ਸੀ ਜਿਸ ਦੀ ਦੇਸ਼ ਭਗਤ ਸਿੱਖ ਕੌਮ ਕਦੇ ਕਲਪਨਾ ਵੀ ਨਹੀਂ ਸੀ ਕਰ ਸਕਦੀ। ਆਪਣੇ ਗੁਰਧਾਮਾਂ ਦੀ ਰਾਖੀ ਕਰਦੇ ਮਰਜੀਵੜਿਆਂ ਨੇ ਕਈ ਦਿਨਾਂ ਤੱਕ ਫ਼ੌਜੀ ਹਮਲੇ ਨੂੰ ਠੱਲ੍ਹੀ ਹੀ ਨਹੀਂ ਰੱਖਿਆ ਬਲਕਿ ਅਣਕਿਆਸਿਆ ਮੁਕਾਬਲਾ ਵੀ ਕੀਤਾ। ਗੁਰੂ ਪਾਤਿਸ਼ਾਹੀਆਂ ਦੇ ਵਰੋਸਾਏ ਇਸ ਮੁਕੱਦਸ ਸਥੱਲ ਦੀ ਬਰਬਾਦੀ, ਖ਼ਰਾਬੀ, ਹੱਤਕ, ਨੁਕਸਾਨ ਅਤੇ ਜ਼ਾਲਮਾਨਾ ਕਾਰਵਾਈ ਨੇ ਮਜ਼ਲੂਮ ਸਿੱਖ ਕੌਮ ਨੂੰ ਛਲਣੀ-ਛਲਣੀ ਕਰ ਦਿੱਤਾ ਤੇ ਇਹੀ ਭਾਵਨਾ ਸਮਕਾਲੀ ਪ੍ਰਧਾਨ ਮੰਤਰੀ ਦੇ ਦੋ ਸਿੱਖ ਅੰਗ ਰੱਖਿਅਕਾਂ ਅੰਦਰ ਵੀ ਘਰ ਕਰ ਗਈ, ਜਿਨ੍ਹਾਂ ਨੇ ਆਪਣੀ ਜਾਨਾਂ ਦੀ ਪ੍ਰਵਾਹ ਨਾ ਕਰਦਿਆਂ, ਬਦਲੇ ਦੀ ਕਾਰਵਾਈ ਕਰਦਿਆਂ ਉਸ ਨੂੰ ਮਾਰ ਮੁਕਾਇਆ। ਇੱਥੋਂ ਹੀ ਮੁੜ ਸ਼ੁਰੂ ਹੋਇਆ 31 ਅਕਤੂਬਰ ਤੋਂ 6 ਨਵੰਬਰ ਤੱਕ ਦਾ ਹੌਲਨਾਕ ਸਫ਼ਰ। ਹਜ਼ਾਰਾਂ ਬੇਗੁਨਾਹ ਸਿੱਖਾਂ ਦਾ ਇਕਤਰਫ਼ਾ ਕਤਲ ਤੇ ਬਰਬਾਦੀ।

ਚਾਰ ਦਹਾਕਿਆਂ ਤੋਂ ਵੱਧ ਸਮਾਂ ਬੀਤ ਜਾਣ 'ਤੇ ਵੀ, ਇਸ ਕਤਲ ਕਾਂਡ ਦੇ ਜ਼ਾਲਮਾਂ, ਜਨੂੰਨੀਆਂ, ਗੁੰਡਿਆਂ ਤੇ ਧਾੜਵੀਆਂ ਨੂੰ ਨੱਥ ਨਹੀਂ ਪਾਈ ਜਾ ਸਕੀ। ਗੁੱਸੇ, ਪੀੜਾ, ਰੰਜਿਸ਼, ਦੁੱਖ, ਦਰਦ, ਬੇਇਨਸਾਫ਼ੀ ਤੇ ਇਸ ਜ਼ਿਆਦਤੀ ਨਾਲ ਅੱਜ ਤੱਕ ਸਮੁੱਚੀ ਕੌਮ ਉਬਲ ਰਹੀ ਹੈ। ਮਨੁੱਖਤਾ ਦੇ ਇਤਿਹਾਸ ਦਾ ਸਿਆਹ ਪੰਨਾ ਬਣ ਚੁੱਕਾ ਇਸ ਕਤਲੇਆਮ ਦਾ ਕਹਿਰ ਅਜਿਹਾ ਹੈ ਕਿ ਪੂਰੇ 33 ਸਾਲ ਦੇਸ਼ ਦੀ ਸਰਵਉੱਚ ਅਦਾਲਤ ਨੇ ਇਸ ਦਾ ਨੋਟਿਸ ਤੱਕ ਨਹੀਂ ਲਿਆ ਜਦੋਂ ਕਿ ਕਾਂਗਰਸ ਦੇ ਉੱਚੇ ਲੀਡਰਾਂ ਨੇ ਪੂਰੀ ਵਿਉਂਤ ਨਾਲ ਵੋਟਰ ਸੂਚੀਆਂ ਹੱਥਾਂ ਵਿੱਚ ਫੜ ਕੇ ਸਿੱਖ ਬਸਤੀਆਂ, ਕਾਰੋਬਾਰਾਂ, ਦੁਕਾਨਾਂ, ਮਕਾਨਾਂ ਤੇ ਹੋਰ ਟਿਕਾਣਿਆਂ ਨੂੰ ਅੱਗਾਂ ਲਾਉਣ, ਰਾਡਾਂ ਨਾਲ ਹਮਲੇ ਕਰਨ ਤੇ ਜਲਦੇ ਬਲਦੇ ਟਾਇਰ ਨੌਜਵਾਨਾਂ ਤੇ ਬੁੱਢਿਆਂ ਦੇ ਗਲੇ ਵਿੱਚ ਪਾ ਕੇ ਹਜ਼ਾਰਾਂ-ਹਜ਼ਾਰਾਂ ਸਿੱਖਾਂ ਨੂੰ ਭਿਅੰਕਰ ਮੌਤ ਦਿੱਤੀ। ਗੁਰਦੁਆਰੇ ਅੱਗ ਦੇ ਹਵਾਲੇ ਕਰ ਦਿੱਤੇ ਗਏ। ਇੱਥੋਂ ਤੱਕ ਕਿ ਵੱਕਾਰੀ, ਸਮ੍ਰਿੱਧ, ਮਸ਼ਹੂਰ, ਜਾਣੇ ਮਾਨੇ ਅਤੇ ਅਸਰ ਰਸੂਖਦਾਰ ਵੀ ਬਚ ਨਾ ਸਕੇ-ਨਾ ਖ਼ੁਸ਼ਵੰਤ ਸਿੰਘ, ਨਾ ਡਾ. ਇੰਦਰਜੀਤ ਸਿੰਘ, ਨਾ ਕੈਂਪਾ ਕੋਲਾ ਵਾਲੇ ਸ੍ਰ. ਚਰਨਜੀਤ ਸਿੰਘ ਅਤੇ ਨਾ ਕੋਈ ਹੋਰ ਪਹੁੰਚ ਵਾਲਾ ਸਖ਼ਸ਼। ਵਿਦੇਸ਼ੀ ਐਮਬੈਸੀਆਂ ਵਿੱਚ ਜਾ-ਜਾ ਕੇ ਜਾਨ ਬਚਾਉਣ ਵਾਲੇ ਕੀ ਸੱਜਣ ਕੁਮਾਰ, ਟਾਇਟਲਰ, ਐਚ.ਐਲ.ਕੇ. ਭਗਤ, ਕਮਲ ਨਾਥ ਤੇ ਹੋਰ ਗੁੰਡਿਆਂ ਦੀਆਂ ਕਰਤੂਤਾਂ ਨੂੰ ਭੁੱਲ ਸਕਦੇ ਹਨ। ਜਿਨ੍ਹਾਂ ਨੇ ਲੁਟੇਰਿਆਂ ਦੀ ਅਗਵਾਈ ਕੀਤੀ ਸੀ। ਅੱਜ ਕਾਂਗਰਸ ਜੇ ਹਾਸ਼ੀਏ 'ਤੇ ਗਈ ਹੈ, ਉਸ ਦੀ ਜੇ ਕੋਈ ਪੁੱਛ-ਗਿੱਛ ਨਹੀਂ ਰਹੀ ਤਾਂ ਇਸ ਸਭ ਕੁਝ ਦੇ ਪਿਛੋਕੜ ਵਿੱਚ ਉਹੀ ਨਰਸੰਹਾਰ ਹੈ ਜੋ 1984 ਦੇ ਨਵੰਬਰ ਵਿੱਚ ਇਨ੍ਹਾਂ ਨੇ ਬਰਪਾਇਆ ਸੀ ਤੇ ਇਨ੍ਹਾਂ ਸ਼ੈਤਾਨ ਆਗੂਆਂ ਨੂੰ ਵੱਡੇ-ਵੱਡੇ ਵੱਕਾਰੀ ਅਹੁਦੇ ਬਖਸ਼ੇ ਜਾਂਦੇ ਰਹੇ, ਆਹਲਾ ਕਮੇਟੀਆਂ ਵਿੱਚ ਪਾਇਆ ਗਿਆ ਤੇ ਕਿਤੇ ਵੀ ਕਾਨੂੰਨ ਦੀ ਜ਼ਦ ਵਿੱਚ ਨਾ ਲਿਆਂਦਾ ਗਿਆ।

ਅੱਜ ਵੀ ਦੇਸ਼ ਤੋਂ ਸਭ ਕੁਝ ਨਿਛਾਵਰ ਕਰ ਦੇਣ ਵਾਲੇ ਸਿੱਖ ਕੌਮ ਦੇ ਮਨ ਵਿੱਚ ਇਹ ਸਵਾਲ ਵਾਰ-ਵਾਰ ਉੱਠ ਰਿਹਾ ਹੈ ਕਿ ਕੋਈ ਦੇਸ਼ ਆਪਣੇ ਹੀ ਇਕ ਅਹਿਮ ਸੂਬੇ (ਪੰਜਾਬ, ਸਿੰਧ, ਗੁਜਰਾਤ ਮਰਾਠਾ...) ਤੇ ਅਜਿਹੀ ਫ਼ੌਜੀ ਚੜ੍ਹਾਈ ਕਿਵੇਂ ਕਰ ਸਕਦਾ ਹੈ? ਤਾਂ ਹੀ ਇਹ ਦਰਦ ਘਟਣ ਦਾ ਕਦੇ ਨਾਂ ਨਹੀਂ ਲੈਂਦੇ। ਇਹ ਹਉਕੇ ਘਟਦੇ ਨਹੀਂ। ਇਹ ਜ਼ਖ਼ਮ ਹਰ ਪਲ ਵਿੱਚ ਮੁੜ-ਮੁੜ ਉੱਚੜ ਜਾਂਦੇ ਹਨ। ਚਾਲੀ ਸਾਲ ਦਾ ਲੰਮਾ ਸਮਾਂ ਇਸ ਨਾਸੂਰ ਨੂੰ ਠੀਕ ਨਹੀਂ ਕਰ ਸਕਿਆ ਕਿਉਂਕਿ ਦੋਸ਼ੀਆਂ ਦਾ ਵਾਲ ਵੀ ਵਿੰਗਾ ਨਹੀਂ ਹੋਇਆ। ਇੱਥੇ ਮੈਨੂੰ M.J. Akbar (India, the cease within) ਦੀ ਇਹ ਗੱਲ ਵਜ਼ਨਦਾਰ ਜਾਪਦੀ ਹੈ ਕਿ 'ਮਹਾਤਮਾ ਗਾਂਧੀ ਦੇ ਕਤਲ ਨੇ ਦੇਸ਼ ਨੂੰ ਫ਼ਿਰਕੂ ਪਾਗਲਪਨ ਵਿੱਚੋਂ ਬਾਹਰ ਧੱਕ ਦਿੱਤਾ ਸੀ। ਸੰਭਵ ਹੈ ਕਿ ਇੰਦਰਾ ਗਾਂਧੀ ਦਾ ਦੋ ਸਿੱਖਾਂ ਰਾਹੀਂ ਕਤਲ, ਹਰਿਮੰਦਰ ਸਾਹਿਬ ਦੇ ਹਮਲੇ 'ਤੇ ਰੋਹ ਨਾਲ ਭਰੇ ਸਿੱਖ ਭਾਈਚਾਰੇ ਨੂੰ ਇਸ ਗੁੱਸੇ ਤੋਂ ਮੁਕਤ ਕਰ ਦਿੰਦਾ ਪਰ ਦਿੱਲੀ ਦੇ ਦੰਗਿਆਂ ਨੇ ਇਸ ਆਸ 'ਤੇ ਪਾਣੀ ਫੇਰ ਦਿੱਤਾ।'

ਨਿਰਸੰਦੇਹ, ਸਾਕਾ ਨੀਲਾ ਤਾਰਾ ਨੇ ਸਾਨੂੰ ਅਕਹਿ ਤੇ ਅਸਹਿ ਜ਼ਖ਼ਮ ਦਿੱਤੇ ਕਿਉਂਕਿ ਜਿਸ ਪਾਤਿਸ਼ਾਹ ਨੂੰ 'ਯਾਸਾ' ਦੀ ਸਜ਼ਾ ਅਧੀਨ, ਤਸੀਹੇ ਦੇ ਦੇ ਕੇ ਲਾਹੌਰ ਸ਼ਹੀਦ ਕੀਤਾ ਗਿਆ ਸੀ, ਉਨ੍ਹਾਂ ਦੇ ਹੀ ਸ਼ਹੀਦੀ ਦਿਹਾੜੇ ਮੌਕੇ, ਗੁਰਦੁਆਰਿਆਂ 'ਤੇ ਫ਼ੌਜੀ ਹਮਲੇ ਦੀ ਯੋਜਨਾ ਬਣਾਈ ਗਈ ਤਾਂ ਜੋ ਨੁਕਸਾਨ ਤੇ ਮੌਤਾਂ ਵੱਧ ਤੋਂ ਵੱਧ ਹੋਣ। ਛਬੀਲਾਂ ਦੀ ਠੰਡੇ ਪਾਣੀ ਤੋਂ ਤਰਸਾ-ਤਰਸਾ ਕੇ ਸੰਗਤਾਂ ਨੂੰ ਮਾਰ ਮੁਕਾਉਣ ਵਾਲੇ ਕੀ ਸਭ ਦੇ ਹੀ ਲੋਕ ਸਨ? ਸ੍ਰੀ ਦਰਬਾਰ ਸਾਹਿਬ, ਸ੍ਰੀ ਅਕਾਲ ਤਖ਼ਤ ਤੇ 38 ਹੋਰ ਗੁਰਦੁਆਰਿਆਂ ਨੂੰ ਢਹਿ-ਢੇਰੀ ਕਰਕੇ, ਸਾਡੇ ਖ਼ੂਨ ਦੇ ਪਿਆਸੇ, ਸਾਡੇ ਦੁਸ਼ਮਣ ਕਿੰਨੇ ਕੁ ਭਿੜਰਾਂ ਵਾਲੇ ਢੂੰਡ ਰਹੇ ਸਨ? ਗੁਰਧਾਮਾਂ ਦੀ ਬੇਅਦਬੀ ਕੌਣ ਵਿਸਾਰ ਸਕਦੈ। ਬੀ.ਬੀ.ਸੀ. (ਕਦੇ ਦੁਨੀਆਂ ਦਾ ਸਭ ਤੋਂ ਵੱਧ ਭਰੋਸੇਯੋਗ ਮੀਡੀਆ) ਦੇ ਪੱਤਰਕਾਰ ਮਾਰਕ ਟਲੀ ਤੇ ਸਤੀਸ਼ ਜੈਕਬ (ਜਿਨਾਂ ਨੇ ਇਸ ਬਾਰੇ ਕਿਤਾਬ ਵੀ ਲਿਖੀ ਹੈ) ਓਦੋਂ ਵੀ ਸਰਕਾਰੀ ਦਾਅਵਿਆਂ ਦੀ ਪੋਲ ਖੋਲ੍ਹਦੇ ਰਹੇ ਹਨ। ਸਵਾਲ ਪੈਦਾ ਹੁੰਦੈ ਕਿ ਜੇ ਕਸ਼ਮੀਰੀ ਅਤਿਵਾਦੀਆਂ ਨੂੰ ਫੜਣ ਲਈ, ਬਿਜਲੀ, ਪਾਣੀ, ਰਾਸ਼ਨ ਆਦਿ ਸਭ ਕੁਝ ਬੰਦ ਕਰਕੇ ਤੇ ਨਿਰੰਤਰ ਘੇਰਾ ਘੱਤ ਕੇ, ਇਹ ਤਰਕੀਬ ਵਰਤੀ ਗਈ ਤਾਂ ਫਿਰ ਸਾਡੇ ਪਵਿੱਤਰ ਅਸਥਾਨਾਂ ਦੀ ਬਰਬਾਦੀ ਕਿਉਂ ਕੀਤੀ ਗਈ? ਬੇਸ਼ੱਕ ਇਹ ਸੱਚ ਦੇ ਪੈਗਾਮ ਅਤੇ ਸਰਬ ਸਾਂਝੇ ਉਪਦੇਸ਼ਾਂ ਨੂੰ ਬੰਦ ਕਰਨ ਲਈ ਹੀ ਕੀਤੀ ਗਈ ਕਾਰਵਾਈ ਸੀ। ਪਰ ਮਨੂੰ ਸਾਡੀ ਦਾਤਰੀ, ਅਸੀਂ ਮਨੂੰ ਦੇ ਸੋਏ

ਜਿਓਂ ਜਿਓਂ ਮਨੂੰ ਵੱਢਦਾ, ਅਸੀਂ ਦੂਣ ਸਵਾਏ ਹੋਏ।

ਇਕ ਹੋਰ ਸਿਤਮਜ਼ਰੀਫੀ ਦੇਖੋ। ਭਾਰਤੀ ਫ਼ੌਜਾਂ ਦਾ ਸੁਪਰੀਮ ਕਮਾਂਡਰ ਹੋਵੇ ਰਾਸ਼ਟਰਪਤੀ ਪਰ ਉਸ ਨੂੰ ਇਸ ਫ਼ੌਜੀ ਹਮਲੇ ਦੀ ਕਨਸੋਅ ਤੱਕ ਨਾ ਲੱਗਣ ਦਿੱਤੀ ਗਈ ਹੋਵੇ ਤੇ ਫਿਰ ਉਹ ਸ਼ਖਸ ਇਕ ਸਿੱਖ ਵੀ ਹੋਵੇ ਤੇ ਸ਼੍ਰੋਮਣੀ ਕਮੇਟੀ ਦਾ ਪ੍ਰਚਾਰਕ ਰਹਿ ਚੁੱਕਾ ਹੋਵੇ। ਹਮਲੇ ਉਪਰੰਤ ਖ਼ੂਨ ਭਿੱਜੇ ਇਸ ਇਲਾਹੀ ਸਥੱਲ ਨੂੰ ਤੱਕ ਕੇ ਖ਼ੂਨ ਦੇ ਹੰਝੂ ਵਹਾਉਣ ਵਾਲਾ ਸਾਡਾ ਇਹ ਰਾਸ਼ਟਰਪਤੀ ਭਲੀ ਭਾਂਤ ਉਸ ਕਪਟੀ, ਕਮੀਨੀ, ਆਪਹੁਦਰੀ, ਬੇਰਹਿਮ ਤੇ ਜ਼ਾਲਮ ਪ੍ਰਧਾਨ ਮੰਤਰੀ ਦੀ ਮਨਸ਼ਾ ਤੇ ਕਰਤੂਤ ਸਮਝ ਗਿਆ ਸੀ। ਇਸ ਫ਼ੌਜੀ ਹਮਲੇ ਨਾਲ ਜਿੱਥੇ ਕਰੋੜਾਂ ਮਾਨਵਤਾਵਾਦੀਆਂ ਦੇ ਹਿਰਦੇ ਵਲੂੰਧਰੇ ਗਏ ਸਨ ਓਥੇ ਫ਼ੌਜ ਵਿੱਚ ਕਾਰਜਸ਼ੀਲ ਸਿੱਖ ਫ਼ੌਜੀ ਵੀ ਆਪਣੀਆਂ ਬੈਰਕਾਂ ਛੱਡ ਕੇ ਪੰਜਾਬ ਨੂੰ ਤੁਰ ਪਏ ਸਨ। ਕੁੱਝ ਰਾਹ ਵਿੱਚ ਮਾਰ ਦਿੱਤੇ ਗਏ, ਕੁਝ ਫੜ ਲਏ ਗਏ ਤੇ ਕੁਝ ਸ੍ਰੀ ਅੰਮ੍ਰਿਤਸਰ ਪਹੁੰਚਣ ਵਿੱਚ ਕਾਮਯਾਬ ਹੋ ਗਏ। ਇਹ ਧਰਮੀ ਫ਼ੌਜੀ, ਨੌਕਰੀਓਂ ਕੱਢ ਦਿੱਤੇ ਗਏ ਪਰ ਇਨ੍ਹਾਂ ਦੀ ਬਾਂਹ ਕਿਸੇ ਨੇ ਵੀ ਨਹੀਂ ਫੜੀ।

ਗੋਲੀਆਂ ਨਾਲ ਤਾਂ ਦੇਸ਼ ਦਾ ਬਾਪੂ ਵੀ ਭੁੰਨ ਦਿੱਤਾ ਗਿਆ ਸੀ ਪਰ ਉਦੋਂ ਅਕਤੂਬਰ/ਨਵੰਬਰ ਵਰਗੇ ਸੁਨਿਸ਼ਚਿਤ ਕਤਲੇਆਮ (ਨਸਲਕੁਸ਼ੀ) ਕਿਤੇ ਨਹੀਂ ਹੋਏ। ਇਕੱਲੀ ਦਿੱਲੀ ਦੀ ਗੱਲ ਚੱਲਦੀ ਤੇ ਮੁੱਕ ਜਾਂਦੀ ਹੈ ਪਰ 110 ਸ਼ਹਿਰਾਂ 'ਤੇ ਕਸਬਿਆਂ ਵਿੱਚ ਭੁੰਨ-ਭੁੰਨ ਕੇ ਮਾਰੇ ਸਿੱਖਾਂ ਦਾ ਜ਼ਿਕਰ ਤੱਕ ਨਹੀਂ ਕੀਤਾ ਜਾਂਦਾ। ਹਿੰਦੂ ਅਖ਼ਬਾਰ ਨੇ ਇਸ ਨੂੰ Gruesome tale of systemic failure ਕਿਹਾ ਸੀ ਕਿਉਂਕਿ ਕੱਟੜ ਪ੍ਰਸਤਾਂ ਤੇ ਵਹਿਸ਼ੀਆਂ ਨੇ ਹਰ ਥਾਂ ਕਹਿਰ ਕਮਾਇਆ ਸੀ। ਦਿੱਲੀ, ਕਾਨਪੁਰ, ਬਕਾਰ, ਮਹੀਪਾਲਪੁਰ ਅਤੇ ਦੂਸਰੇ ਥਾਵਾਂ 'ਤੇ ਭਾਵੇਂ ਹਜ਼ਾਰਾਂ-ਹਜ਼ਾਰਾਂ ਬੇਕਸੂਰ ਲੋਕ ਬੇਰਹਿਮੀ ਨਾਲ ਮਾਰ ਦਿੱਤੇ ਗਏ ਸਨ ਪਰ ਹੋਂਦ ਚਿੱਲੜ ਅਤੇ ਪਟੌਦੀ ਦੇ ਸਰਬਨਾਸ਼ ਦਾ ਜ਼ਿਕਰ 2011 ਤੱਕ ਦੱਬਿਆ ਹੀ ਰਿਹਾ। ਇਹ ਉਦੋਂ ਜੱਗ ਜ਼ਾਹਿਰ ਹੋਇਆ ਜਦੋਂ ਇਕ ਸਿੱਖ ਅਫ਼ਸਰ ਨੌਕਰੀ ਦੀ ਬਦਲੀ ਦੌਰਾਨ ਹੋਂਦ ਚਿੱਲੜ ਵਾਲੇ ਇਲਾਕੇ ਵੱਲ ਗਿਆ। ਉੱਥੋਂ ਦੇ ਥੇਹ ਅਤੇ ਸੜੇ ਗੁਰਦੁਆਰੇ ਦੇ ਨਿਸ਼ਾਨ ਦੇਖ ਕੇ ਉਸ ਨੂੰ ਕੁਝ ਹੋਰ ਬਸ਼ਿੰਦਿਆਂ ਨੇ ਪੂਰੀ ਸੱਚਾਈ ਦੱਸੀ। ਅੱਜ ਹੋਂਦ ਚਿੱਲੜ ਤੇ ਪਟੌਦੀ ਦੇ 32 ਅਤੇ 47 ਸਿੱਖਾਂ ਦੇ ਕਤਲ ਦਾ ਮੁਕੱਦਮਾ ਸ੍ਰ. ਦਰਸ਼ਨ ਸਿੰਘ ਘੋਲੀਆ ਦੀ ਅਗਵਾਈ ਵਿੱਚ ਲੜਿਆ ਜਾ ਰਿਹਾ ਹੈ। ਭਾਈ ਘੋਲੀਆ ਨੇ 133 ਪਟੀਸ਼ਨਾਂ ਦਰਜ ਕਰਵਾਈਆਂ ਹਨ ਜੋ ਇਸ ਨਸਲਕੁਸ਼ੀ ਵਿਰੁੱਧ ਇਨਸਾਫ਼ ਦੀ ਲੜੀ ਜਾ ਰਹੀ ਲੜਾਈ ਦਾ ਹਿਸਾ ਹਨ। ਉਹ ਇਸ ਨਸਲਕੁਸ਼ੀ ਦੀ ਲੰਮੀ ਲੜਾਈ ਅੰਜਾਮ ਤੱਕ ਲਿਜਾਣ ਲਈ ਬਜ਼ਿੱਦ ਹਨ। ਹਿਟਲਰ ਵੱਲੋਂ ਯਹੂਦੀਆਂ 'ਤੇ ਕੀਤੇ ਅੰਨ੍ਹੇਵਾਹ ਤਸ਼ੱਦਦ ਨੂੰ ਵੀ ਮਾਤ ਪਾਉਂਦੇ ਇਹ ਇਕਤਰਫ਼ਾ ਕਤਲ ਦੇਸ਼ ਦੀ ਸਾਖ 'ਤੇ ਵੀ ਧੱਬਾ ਹਨ ਤੇ ਕਾਂਗਰਸ ਦੇ ਪਤਨ ਦਾ ਕਾਰਨ ਵੀ, ਜਿਨ੍ਹਾਂ ਨੇ ਦੇਸ਼ ਦੀ ਸਭ ਤੋਂ ਘੱਟ ਗਿਣਤੀ ਵਾਲੀ ਜੁਝਾਰੂ ਸਿੱਖ ਕੌਮ ਦੀਆਂ ਸਭ ਤੋਂ ਵੱਧ ਕੁਰਬਾਨੀਆਂ ਨੂੰ ਭੁਲਾ ਕੇ ਉਨ੍ਹਾਂ ਨੂੰ ਨਾ ਭਰਨ ਵਾਲੇ ਜ਼ਖ਼ਮ ਦਿੱਤੇ ਹਨ। ਇਹ ਭਾਰਤ ਦੇ ਇਤਿਹਾਸ ਦਾ ਕਾਲਾ ਦੌਰ ਕਿਹਾ ਜਾਵੇਗਾ। ਭਾਵੇਂ ਮੌਜੂਦਾ ਸਰਕਾਰ ਨੇ ਨਵੇਂ ਹੈਰਾਨੀ ਤੇ ਸਿਰੇ ਤੋਂ ਕਮਿਸ਼ਨ ਬਿਠਾ ਕੇ, ਇਨਸਾਫ਼ ਦੇ ਦਰਵਾਜ਼ੇ ਦੋਬਾਰਾ ਖੋਲ੍ਹੇ ਹਨ ਪਰ ਦੁਖ ਦੀ ਗੱਲ ਹੈ ਕਿ 33 ਸਾਲ, ਸੁਪਰੀਮ ਕੋਰਟ ਵੀ ਇਸ ਕਤਲੇਆਮ ਦਾ ਕੇਸ ਦਰਜ ਨਾ ਕਰੇ ਤੇ ਕੋਈ ਕਾਰਵਾਈ ਅੱਗੇ ਨਾ ਤੁਰੇ, ਇਹ ਸੁਪ੍ਰਸਿੱਧ ਵਕੀਲ ਫੂਲਕਾ ਦੀ ਪ੍ਰੈਸ ਵਾਰਤਾ 'ਚ ਕਿਹਾ ਗਿਆ ਸੀ। ਮਨੁੱਖਤਾ ਦਾ ਕਤਲ ਦੁਨੀਆਂ ਦਾ ਸਭ ਤੋਂ ਵੱਡਾ ਗੁਨਾਹ ਹੈ, ਉਹ ਭਾਵੇਂ ਦਿੱਲੀ 'ਚ ਹੋਵੇ ਜਾਂ ਕਸ਼ਮੀਰ ਵਿੱਚ। ਅੰਤ ਵਿੱਚ ਮੈਂ, ਇਸ ਵਿਚਾਰ-ਚਰਚਾ ਨੂੰ ਇਨ੍ਹਾਂ ਸਤਰਾਂ ਨਾਲ ਸਮੇਟਣਾ ਚਾਹਾਂਗੀ ਕਿ

ਅੰਬਰ ਕਾਲਾ ਕਿਤ ਬਿਧ ਹੋਆ
ਅਸਾਂ ਦਰਦਮੰਦਾਂ ਦੀ ਆਹੀ।

# ਭਾਰਤ ਵਿੱਚ 54 ਸਾਲਾਂ ਬਾਅਦ ਬਲੈਕ ਆਊਟ



ਕਮਲਜੀਤ ਸਿੰਘ ਬਨਵੈਤ
98147 34035

- ਚਿਨਾਬ ਸੁੱਕੀ: ਤਿੰਨ ਦਿਨ ਬਾਅਦ 24 ਸ਼ਹਿਰਾਂ ਦੇ ਤਿੰਨ ਕਰੋੜ ਪਾਕਿਸਤਾਨੀ ਤਰਸਣਗੇ ਪਾਣੀ ਨੂੰ
- ਚਿਨਾਬ ਨਦੀ ਦਾ ਪਾਣੀ ਰਿਹਾ ਕੇਵਲ 15 ਫੁੱਟ, ਦੋ ਦਿਨ ਪਹਿਲਾਂ ਨਾਲੋਂ ਸੱਤ ਫੁੱਟ ਹੇਠਾਂ ਆਇਆ
- ਪਾਕਿਸਤਾਨ ਵਿੱਚ ਝੋਨੇ ਹੇਠਲਾ ਰਕਬਾ 21 ਫ਼ੀਸਦੀ ਘਟਣ ਦੇ ਆਸਾਰ ਬਣੇ
- ਭਾਰਤ ਵੱਲੋਂ ਦਰਿਆ ਦਾ ਪਾਣੀ ਰੋਕਣ ਦੇ ਵਿਰੋਧ ਵਿੱਚ ਕਿਸਾਨਾਂ ਨੇ ਕੱਢਿਆ ਮਾਰਚ
- ਪਾਕਿਸਤਾਨ ਨੇ ਭਾਰਤ ਦੇ ਪਾਣੀ ਦੀ ਨਾਕਾਬੰਦੀ ਨੂੰ ਜਲ ਅੱਤਵਾਦ ਦੀ ਕਾਰਵਾਈ ਕਰਾਰ ਦਿੱਤਾ
- ਗ੍ਰਹਿ ਮੰਤਰਾਲੇ ਵੱਲੋਂ ਸੂਬਿਆਂ ਨੂੰ ਕਿਸੇ ਵੀ ਹਮਲੇ ਦੀ ਤਿਆਰੀ ਲਈ ਮੌਕਡਰਿੱਲ ਕਰਨ ਦੇ ਨਿਰਦੇਸ਼

ਨਵੀਂ ਪੀੜੀ ਨੂੰ ਸ਼ਾਇਦ ਬਲੈਕ ਆਊਟ ਦਾ ਪਤਾ ਨਾ ਹੋਵੇ ਕਿ ਇਹ ਕਿਸ ਬਲਾਅ ਦਾ ਨਾਂ ਹੈ। ਜਿਨ੍ਹਾਂ ਨੇ ਪਾਕਿਸਤਾਨ ਨਾਲ 1962 ਅਤੇ 1971 ਤੇ 1965 ਦੀ ਚੀਨ ਨਾਲ ਜੰਗ ਦੇਖੀ ਹੈ , ਉਹਨਾਂ ਨੂੰ ਪੁੱਛਿਆ ਜਾਣੀਏ ਕਿ ਕਿਸ ਭਾਅ ਬੀਤਦੀ ਰਹੀ ਹੈ। ਅਸੀਂ ਆਪ ਰਾਤ ਨੂੰ ਘਰਾਂ ਤੋਂ ਬਾਹਰ ਖੇਤਾਂ ਵਿੱਚ ਜਾ ਕੇ ਸੌਂਦੇ ਰਹੇ ਹਾਂ। ਬਹੁਤ ਵਾਰ ਦੋ ਦੋ ਤਿੰਨ ਤਿੰਨ ਫੁੱਟ ਡੂੰਘੀਆਂ ਖਾਈਆਂ ਖਾਲਾਂ ਪੁੱਟ ਕੇ ਵੀ ਰਾਤਾਂ ਗੁਜ਼ਾਰਨੀਆਂ ਪਈਆਂ ਸਨ। ਚਿੱਟੇ ਘਰਾਂ ਉੱਤੇ ਹਰੇ ਕੱਪੜੇ ਪਾ ਦੇਣੇ। ਤਾਂ ਕਿ ਦੁਸ਼ਮਣ ਦੇ ਜਹਾਜ਼ ਦੇ ਅੱਖੀਂ ਪਿੰਡ ਨਾ ਪੈ ਜਾਣ। ਰਾਤ ਵੇਲੇ ਬੱਤੀ ਜਗਾਉਣ ਦੀ ਆਗਿਆ ਤਾਂ ਬਿਲਕੁਲ ਨਹੀਂ ਸੀ ਹੁੰਦੀ। ਕਿਤੇ ਐਮਰਜੰਸੀ ਨੂੰ ਦੀਵਾ ਬੱਤੀ ਜਗਾਉਣਾ ਤਾਂ ਘਰਾਂ ਦੀਆਂ ਦਰਵਾਜ਼ੇ ਤਾਕੀਆਂ ਬੰਦ ਕਰਨ ਤੋਂ ਅੱਗੇ ਝੀਥਾਂ ਵਿੱਚ ਵੀ ਕੱਪੜੇ ਜਾਣੇ ਪੈਂਦੇ ਸਨ।

ਹੁਣ ਜਦੋਂ ਦੁਬਾਰਾ ਪਾਕਿਸਤਾਨ ਨਾਲ ਹਾਲਾਤ ਲੜਾਈ ਵਾਲੇ ਬਣੇ ਹਨ ਤਾਂ ਪਿਛਲੇ ਦਿਨੀਂ ਫ਼ਿਰੋਜ਼ਪੁਰ ਦੇ ਇੱਕ ਖਾਸ ਏਰੀਏ ਵਿੱਚ ਬਲੈਕ ਆਊਟ ਮੌਕ ਡਰਿੱਲ ਕੀਤੀ ਗਈ ਸੀ। ਹੁਣ ਕੇਂਦਰੀ ਗ੍ਰਹਿ ਮੰਤਰਾਲੇ ਨੇ 7 ਮਈ ਨੂੰ ਦੇਸ਼ ਭਰ ਵਿੱਚ ਸਿਵਲ ਡਿਫੈਂਸ ਮੌਕ ਡਰਿਲ ਕਰਨੇ ਦੇ ਹੁਕਮ ਦਿੱਤੇ ਹਨ। ਇਸ ਵਿੱਚ ਹਵਾਈ ਹਮਲਾ ਸਾਇਰਨ ਵੱਜਣਗੇ। ਹਮਲੇ ਦੀ ਸਥਿਤੀ ਵਿੱਚ ਬਚਾਅ ਲਈ ਨਾਗਰਿਕਾਂ ਅਤੇ ਵਿਦਿਆਰਥੀਆਂ ਨੂੰ ਪ੍ਰੈਕਟਿਸ ਕਰਵਾਈ ਜਾਵੇਗੀ। ਅਜਿਹੀ ਮੌਕ ਡਰਿੱਲ 54 ਸਾਲ ਬਾਅਦ ਪਹਿਲੀ ਵਾਰ ਹੋ ਰਹੀ ਹੈ। ਇਸ ਦਾ ਮਕਸਦ ਇਹ ਹੈ ਕਿ ਲੋਕ ਦੁਸ਼ਮਣ ਦੇ ਹਮਲੇ ਦੀ ਸਥਿਤੀ ਵਿੱਚ ਖ਼ੁਦ ਨੂੰ ਬਚਾਅ ਸਕਣ।

ਇੱਕ ਹੋਰ ਜਾਣਕਾਰੀ ਅਨੁਸਾਰ ਪਾਕਿਸਤਾਨ ਦੇ ਰਾਜਦੂਤ ਨੇ ਚਿਤਾਵਨੀ ਦਿੱਤੀ ਹੈ ਕਿ ਜੇ ਪਾਕਿਸਤਾਨ ਉੱਤੇ ਹਮਲਾ ਕੀਤਾ ਗਿਆ ਜਾਂ ਉਸ ਦੇ ਪਾਣੀ ਦੇ ਮਹੱਤਵਪੂਰਨ ਵਹਾਅ ਦੀ ਸਪਲਾਈ ਰੋਕੀ ਤਾਂ ਉਹ ਪਰਵਾਣੂ ਹਮਲੇ ਸਮੇਤ ਪੂਰੀ ਤਾਕਤ ਨਾਲ ਜਵਾਬ ਦੇਵੇਗਾ। ਮੁਹੰਮਦ ਖ਼ਾਲਿਦ ਜਮਾਲੀ ਨੇ ਰੂਸ ਦੀ ਸਰਕਾਰੀ ਸਮਾਚਾਰ ਏਜੰਸੀ ਤਾਸ ਨੂੰ ਦਿੱਤੇ ਇੰਟਰਵਿਊ ਦੌਰਾਨ ਇਹ ਟਿੱਪਣੀ ਕੀਤੀ ਹੈ। ਉਹਨਾਂ ਨੇ ਕਿਹਾ ਕਿ ਪਾਕਿਸਤਾਨ ਰਵਾਇਤੀ ਅਤੇ ਪਰਮਾਣੂ ਦੋਹਾਂ ਤਰ੍ਹਾਂ ਦੀ ਤਾਕਤ ਦੀ ਪੂਰੀ ਵਰਤੋਂ ਕਰੇਗਾ। ਉਸ ਨੇ ਸਿੰਧੂ ਜਲ ਸਮਝੌਤੇ ਬਾਰੇ ਇਸਲਾਮਾਬਾਦ ਦੇ ਰੁੱਖ਼ ਨੂੰ ਦੁਹਰਾਇਆ ਜਿਹੜਾ ਕਿ ਭਾਰਤ ਅਤੇ ਪਾਕਿਸਤਾਨ ਵਿੱਚ ਕੁੜੱਤਣ ਦਾ ਕਾਰਨ ਬਣਿਆ ਹੈ।

ਦੂਜੇ ਬੰਨੇ ਪਹਿਲਗਾਮ ਸੈਲਾਨੀਆਂ ਉੱਤੇ ਹੋਏ ਅੱਤਵਾਦੀ ਹਮਲੇ ਤੋਂ ਬਾਅਦ ਭਾਰਤ ਤੇ ਪਾਕਿਸਤਾਨ ਵਿੱਚ ਵੱਧ ਰਹੇ ਤਣਾਅ ਵਿਚਾਲੇ ਅਮਰੀਕਾ ਤੋਂ ਬਾਅਦ ਰੂਸ ਨੇ ਵੀ ਅੱਤਵਾਦ ਖਿਲਾਫ਼ ਭਾਰਤ ਦੇ ਹੱਕ ਵਿੱਚ ਖੜ੍ਹਾ ਹੋਣ ਦੀ ਗੱਲ ਕਹੀ ਹੈ। ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਰੂਸ ਦੇ ਰਾਸ਼ਟਰਪਤੀ ਵੁਲਾਦੀਮੀਰ ਪੁਤਿਨ ਨਾਲ ਟੈਲੀਫੋਨ 'ਤੇ ਗੱਲ ਹੋਈ ਹੈ। ਰੂਸ ਦੇ ਰਾਸ਼ਟਰਪਤੀ ਨੇ ਅਤਿਵਾਦ ਖ਼ਿਲਾਫ਼ ਭਾਰਤ ਨੂੰ ਪੂਰੀ ਮਦਦ ਦੇਣ ਦਾ ਭਰੋਸਾ ਦਿੱਤਾ।

ਭਾਰਤ ਵੱਲੋਂ ਚਿਨਾਬ ਦਰਿਆ 'ਤੇ ਬਣੇ ਬਗਲੀਹਾਰ ਡੈਮ ਤੋਂ ਪਾਕਿਸਤਾਨ ਵੱਲ ਜਾਣ ਵਾਲੇ ਪਾਣੀ ਦੇ ਪਰਵਾਹ ਨੂੰ ਰੋਕਣ ਨਾਲ ਲੈਂਦੇ ਪੰਜਾਬ ਤੇ ਪਾਕਿ ਦੇ ਕਬਜ਼ੇ ਵਾਲੇ ਕਸ਼ਮੀਰ ਦੇ ਕੁਝ ਹਿੱਸਿਆਂ 'ਚ ਵਿੱਚ ਸੰਭਾਵੀ ਪਾਣੀ ਸੰਕਟ ਦਾ ਡਰ ਪੈਦਾ ਹੋ ਗਿਆ ਹੈ। ਭਾਰਤ ਵੱਲੋਂ ਸਿੰਧੂ ਜਲ ਸੰਧੀ ਨੂੰ ਮੁਅੱਤਲ ਕਰਨ ਦੇ ਮੱਦੇ ਨਜ਼ਰ ਇਹ ਕਦਮ ਚੁੱਕਿਆ ਗਿਆ ਹੈ। ਪਾਕਿਸਤਾਨ ਦੇ ਸਿੰਚਾਈ ਵਿਭਾਗ ਦੇ ਅਧਿਕਾਰੀਆਂ ਦੇ ਅਨੁਸਾਰ ਚਿਨਾਬ ਦਰਿਆ 'ਤੇ ਹੈਡ ਮਰਾਲਾ ਵਿਖੇ ਪਾਣੀ ਦਾ ਪ੍ਰਵਾਹ ਪਿਛਲੇ 24 ਘੰਟਿਆਂ ਵਿੱਚ 87,200 ਤੋਂ ਘੱਟ ਕੇ ਸਿਰਫ 10,800 ਕਿਊਸਕ ਰਹਿ ਗਿਆ ਹੈ। ਅਚਾਨਕ ਗਿਰਾਵਟ ਨੇ ਗੰਭੀਰ ਕਮੀ ਦੀ ਚਿੰਤਾ ਸਾਹਮਣੇ ਲੈ ਆਂਦੀ ਹੈ, ਜਿਸ ਨਾਲ ਜਿਹਲਮ ਤੇ ਆਲੇ ਦੁਆਲੇ ਦੇ ਖੇਤਰਾਂ ਵਿੱਚ ਸਿੰਚਾਈ ਤੇ ਪੀਣ ਵਾਲੇ ਪਾਣੀ ਦੀ ਸਪਲਾਈ ਪ੍ਰਭਾਵਿਤ ਹੋ ਸਕਦੀ ਹੈ। ਭਾਰਤ ਵੱਲੋਂ ਜੇਹਲਮ ਦਰਿਆ ਦੀ ਸਹਾਇਕ ਨਦੀ ਗੁਰੇਜ ਘਾਟੀ ਵਿੱਚ ਕਿਸ਼ਨ ਗੰਗਾ ਡੈਮ ਤੋਂ ਵੀ ਪਾਣੀ ਰੋਕਣ ਦੀ ਤਿਆਰੀ ਕੀਤੀ ਜਾ ਰਹੀ ਹੈ। ਕਿਸ਼ਨ ਗੰਗਾ ਤੋਂ ਬਹਾਅ ਵਿੱਚ ਕੋਈ ਵੀ ਰੁਕਾਵਟ ਉੱਤਰੀ ਪਾਕਿਸਤਾਨ ਦੇ ਪਹਿਲਾਂ ਤੋਂ ਪਾਣੀ ਸੰਕਟ ਵਾਲੇ ਖੇਤਰ ਵਿੱਚ ਸਥਿਤੀ ਨੂੰ ਹੋਰ ਵਿਗਾੜ ਸਕਦੀ ਹੈ। ਪਾਕਿਸਤਾਨ ਦੀ ਰਾਸ਼ਟਰੀ ਸੁਰੱਖਿਆ ਕਮੇਟੀ ਨੇ ਭਾਰਤ ਦੇ ਪਾਣੀ ਦੀ ਨਾਕਾਬੰਦੀ ਨੂੰ ਜਲ ਅੱਤਵਾਦੀ ਕਾਰਵਾਈ ਕਰਾਰ ਦਿੰਦਿਆਂ ਚੇਤਾਵਨੀ ਦਿੱਤੀ ਹੈ ਕਿ ਕੌਮਾਂਤਰੀ ਸਮਝੌਤਿਆਂ ਦੇ ਤਹਿਤ ਪਾਕਿ ਨੂੰ ਪਾਣੀ ਦੇ ਸਹੀ ਹਿੱਸੇ ਨੂੰ ਸੀਮਤ ਕਰਨ ਦੀ ਕਿਸੇ ਵੀ ਕੋਸ਼ਿਸ਼ ਨੂੰ ਜੰਗ ਦੀ ਕਾਰਵਾਈ ਵਜੋਂ ਦੇਖਿਆ ਜਾਵੇਗਾ। ਕਮੇਟੀ ਨੇ ਇਹ ਵੀ ਕਿਹਾ ਹੈ ਕਿ ਪਾਣੀ ਪਾਕਿ ਦੀ ਜੀਵਨ ਰੇਖਾ ਹੈ। ਭਾਰਤ ਸੰਧੀ ਦੀਆਂ ਉਲੰਘਣਾ ਕਰ ਰਿਹਾ ਹੈ।

ਪਤਾ ਤਾਂ ਇਹ ਵੀ ਲੱਗਾ ਹੈ ਕਿ ਭਾਰਤ ਵੱਲੋਂ ਪਾਕਿਸਤਾਨ ਵੱਲ ਜਾਂਦਾ ਦਰਿਆਵਾਂ ਦਾ ਪਾਣੀ ਰੋਕਣ ਦੇ ਵਿਰੋਧ ਵਿੱਚ ਲਾਹੌਰ ਵਿਖੇ ਕਿਸਾਨਾਂ ਨੇ ਮਰਕਜ਼ੀ ਕਿਸਾਨ ਲੀਗ ਵੱਲੋਂ ਕੱਢੇ ਗਏ ਕਿਸਾਨ ਮਾਰਚ ਵਿੱਚ ਵੀ ਹਿੱਸਾ ਲਿਆ। ਲਾਹੌਰ ਦੇ ਮਾਲ ਰੋਡ 'ਤੇ ਕੀਤੇ ਇਸ ਵਿਰੋਧ ਪ੍ਰਦਰਸ਼ਨ ਦੀ ਅਗਵਾਈ ਮੁੰਬਈ ਹਮਲਿਆਂ ਦੇ ਸਾਜ਼ਿਸ਼ਕਾਰ ਹਾਫ਼ਿਜ਼ ਸਈਅਦ ਦੇ ਅੱਤਵਾਦੀ ਸਮੂਹ ਜਮਾਤ ਉਦ ਦਾਵਾ ਦੇ ਸਿਆਸੀ ਸੰਗਠਨ ਪੀ ਐਮ ਐਲ ਦੇ ਪ੍ਰਧਾਨ ਖ਼ਾਲਦ ਮਹਿਸੂਲ ਨੇ ਕੀਤੀ। ਉਸ ਨੇ ਵੀ ਆਪਣੇ ਭਾਸ਼ਣ ਵਿੱਚ ਭਾਰਤ ਨੂੰ ਪਾਕਿ ਦੇ ਪਾਣੀ ਨੂੰ ਰੋਕਣ ਦੀ ਕਿਸੇ ਵੀ ਕੋਸ਼ਿਸ਼ ਵਿਰੁੱਧ ਚੇਤਾਵਨੀ ਦਿੱਤੀ ਹੈ।

ਪੁਖਤਾ ਸਰੋਤਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਪਾਕਿਸਤਾਨ ਵਿੱਚ ਝੋਨੇ ਹੇਠਲਾ ਰਕਬਾ 21 ਫ਼ੀਸਦੀ ਘਟਣ ਦੇ ਆਸਾਰ ਬਣ ਗਏ ਹਨ। ਪਾਣੀ ਬੰਦ ਰਿਹਾ ਤਾਂ ਚਾਰ ਦਿਨ ਬਾਅਦ 24 ਸ਼ਹਿਰਾਂ ਵਿੱਚ ਤਿੰਨ ਕਰੋੜ ਪਾਕਿਸਤਾਨੀ ਪਾਣੀ ਨੂੰ ਤਰਸਣਗੇ।

ਚਿਨਾਬ ਨਦੀ ਵਿੱਚ ਪਾਣੀ ਦਾ ਪੱਧਰ ਘੱਟ ਕੇ 15 ਫੁੱਟ ਰਹਿ ਗਿਆ ਹੈ, ਜਿਹੜਾ ਕਿ ਦੋ ਦਿਨ ਪਹਿਲਾਂ ਨਾਲੋਂ ਸੱਤ ਫੁੱਟ ਘੱਟ ਦੱਸਿਆ ਜਾਂਦਾ ਹੈ। ਪਾਕਿਸਤਾਨ ਦੀ 80 ਫ਼ੀਸਦੀ ਖੇਤੀ ਭਾਰਤ ਵੱਲੋਂ ਛੱਡੇ ਜਾਂਦੇ ਪਾਣੀ ਉੱਤੇ ਨਿਰਭਰ ਹੈ॥

ਦੂਜੇ ਬੰਨੇ ਇੱਕ ਤਾਜ਼ਾ ਜਾਣਕਾਰੀ ਅਨੁਸਾਰ ਸੁਰੱਖਿਆ ਏਜੰਸੀਆਂ ਨੇ ਪਹਿਲਗਾਮ ਅੱਤਵਾਦ ਹਮਲੇ ਦੇ ਗੁਨਾਹਗਾਰਾਂ ਨੂੰ ਫੜਨ ਲਈ ਕਾਰਵਾਈ ਹੋਰ ਤੇਜ਼ ਕਰ ਦਿੱਤੀ ਹੈ ਹੁਣ ਤੱਕ 2800 ਤੋਂ ਜ਼ਿਆਦਾ ਲੋਕਾਂ ਤੋਂ ਪੁੱਛਗਿੱਛ ਕੀਤੀ ਜਾ ਚੁੱਕੀ ਹੈ ਅਤੇ 180 ਸ਼ੱਕੀਆਂ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ। ਪੁਲਿਸ ਨੇ ਅੱਤਵਾਦੀਆਂ ਨੂੰ ਸ਼ਰਨ ਦੇਣ ਵਾਲਿਆਂ ਨਾਲ ਵੀ ਸਖ਼ਤੀ ਵਰਤਣੀ ਸ਼ੁਰੂ ਕਰ ਦਿੱਤੀ। ਇਸੇ ਦੌਰਾਨ ਪਤਾ ਲੱਗਾ ਹੈ ਕਿ ਪਹਿਲਗਾਮ ਅਤਿਵਾਦ ਹਮਲੇ ਤੋਂ ਬਾਅਦ ਕਸ਼ਮੀਰ ਘਾਟੀ ਵਿੱਚ ਸੈਲਾਨੀਆਂ ਦੀ ਗਿਣਤੀ 85 ਫ਼ੀਸਦੀ ਘੱਟ ਗਈ ਹੈ। ਹਮਲੇ ਤੋਂ ਪਹਿਲਾਂ ਹਰ ਰੋਜ਼ 7 ਹਜ਼ਾਰ ਸੈਲਾਨੀ ਕਸ਼ਮੀਰ ਪੁੱਜਦੇ ਸਨ ਜਦ ਕਿ ਹੁਣ ਇਹ ਗਿਣਤੀ 1000 ਤੋਂ ਵੀ ਘੱਟ ਗਈ ਹੈ।

ਲੜਾਈ ਕਿਸੇ ਵੀ ਮਸਲੇ ਦਾ ਹੱਲ ਨਹੀਂ ਹੁੰਦੀ। ਸੰਵਾਦ ਨਾਲ ਵੱਡੇ ਤੋਂ ਵੱਡੇ ਮਸਲੇ ਸੁਲਝ ਜਾਂਦੇ ਹਨ। ਇਤਿਹਾਸ ਇਸ ਦਾ ਗਵਾਹ ਹੈ। ਪਹਿਲਾਂ ਵੀ ਪਾਕਿਸਤਾਨ ਅਤੇ ਭਾਰਤ ਦਰਮਿਆਨ ਦੋ ਲੜਾਈਆਂ ਤੋਂ ਬਾਅਦ ਤਾਣੀ ਮੇਜ਼ ਉੱਤੇ ਬੈਠ ਕੇ ਕਰਨ ਨਾਲ ਹੀ ਸੁਲਝੀ ਸੀ। ਪਰ ਇੱਕ ਮਜ਼ਬੂਤ ਪੱਖ ਇਹ ਵੀ ਹੈ ਪਾਕਿਸਤਾਨ ਦੇ ਭਾਰਤ ਪ੍ਰਤੀ ਜਿਵੇਂ ਦੇ ਬੇਈਮਾਨ ਇਰਾਦੇ ਹਨ, ਉਸ ਨੂੰ ਸਬਕ ਸਿਖਾਉਣ ਤੋਂ ਉਰੇ ਸਰਦਾ ਵੀ ਨਹੀਂ ਲੱਗਦਾ ਹੈ। ਇਸ ਦੁੱਖ ਉਤੇ ਮਲ੍ਹਮ ਕਿਵੇਂ ਲੱਗੇ ਕਿ ਸਿਆਸਤਦਾਨਾਂ ਦੀ ਸੌੜੀ ਰਾਜਨੀਤੀ ਵਿੱਚ ਖ਼ੂਨ ਆਮ, ਮਾਸੂਮ ਅਤੇ ਬੇਕਸੂਰ ਲੋਕਾਂ ਦਾ ਵਹਿ ਰਿਹਾ ਹੈ। ਦੋਹਾਂ ਮੁਲਕਾਂ ਦੇ ਉੱਚੀ ਸੁੱਚੀ ਸੋਚ ਵਾਲੇ ਲੋਕ ਰਿਸ਼ਤੇ ਨਿੱਘੇ ਤੇ ਦੋਸਤਾਨਾ ਲੋਚਦੇ ਹਨ। ਉਹਨਾਂ ਨੂੰ ਲੱਗਦਾ ਹੈ ਕਿ ਦੋਹਾਂ ਦੇਸ਼ਾਂ ਦੀ ਵੰਡ ਹੋਣ ਤੋਂ ਬਾਅਦ ਵੀ ਜ਼ਮੀਨ 'ਤੇ ਲਕੀਰਾਂ ਤਾਂ ਖਿੱਚੀਆਂ ਗਈਆਂ ਹਨ ਪਰ ਉਹਨਾਂ ਦੇ ਦਿਲਾਂ ਨੂੰ ਵੰਡਿਆ ਨਹੀਂ ਜਾ ਸਕਿਆ ਹੈ। ਨਾ ਬੋਲੀ ਵੰਡੀ ਗਈ ਹੈ, ਨਾ ਸੱਭਿਆਚਾਰ ਅਤੇ ਨਾ ਹੀ ਇੱਕ ਦੂਜੇ ਦੇ ਦੁੱਖ ਦਰਦ ਅੱਡ ਹੋਏ ਹਨ।

# ਪੰਜਾਬ ਦੇ ਭੂਮੀ ਪੁੱਤਰ ਕੀ ਸਿਰਫ਼ ਧਰਨੇ ਮੁਜ਼ਾਹਰੇ ਲਈ ਹੀ ?



ਪ੍ਰੋ. ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

ਅੱਜ ਪੰਜਾਬ ਦਾ ਕਿਸਾਨ ਜਿਸ ਨੂੰ ਪੰਜਾਬ ਦਾ ਅੰਨਦਾਤਾ, ਖੇਤਾਂ ਦਾ ਪੁੱਤਰ ਅਤੇ ਖੇਤਾਂ ਦਾ ਰਖਵਾਲਾ ਕਰਕੇ ਜਾਣਿਆ ਜਾਂਦਾ ਹੈ ਪਿਛਲੇ ਇੱਕ ਦਹਾਕੇ ਤੋਂ ਜਿਸ ਤਰ੍ਹਾਂ ਦੀਆਂ ਹੋਣੀਆਂ ਅਣਹੋਣੀਆਂ ਦੇ ਨਾਲ ਕਿਸਾਨਾਂ ਦੀ ਪਰਿਭਾਸ਼ਾ ਅਤੇ ਕਿਸਾਨੀ ਦੇ ਕਿੱਤੇ ਦੀ ਜਿਸ ਤਰ੍ਹਾਂ ਦੀ ਇਕ ਤ੍ਰਾਸਦਿਕ ਪਹਿਚਾਣ ਬਣੀ ਹੈ, ਉਹ ਪੰਜਾਬ ਦੇ ਲਈ ਤੇ ਪੰਜਾਬ ਦੀ ਕਿਸਾਨੀ ਲਈ ਇੱਕ ਸ਼ਰਮਨਾਕ ਦ੍ਰਿਸ਼ ਪੈਦਾ ਕਰਦੀ ਹੈ। ਸਾਡੇ ਖੇਤਾਂ ਦਾ ਰਖਵਾਲਾ ਤੇ ਅੰਨਦਾਤਾ ਕਹਾਉਣ ਵਾਲਾ ਪੰਜਾਬ ਦਾ ਕਿਸਾਨ ਜਿਹੜਾ ਕਦੀ ਪੰਜਾਬ ਹੀ ਨਹੀਂ ਪੂਰੇ ਹਿੰਦੁਸਤਾਨ ਭਰ ਨੂੰ ਪੇਟ ਭਰਨ ਵਾਲਾ ਅਤੇ ਅੰਨ ਮੁਹੱਈਆ ਕਰਨ ਵਾਲਾ ਕਿਹਾ ਜਾਂਦਾ ਸੀ, ਪਿਛਲੇ ਇੱਕ ਦਹਾਕੇ ਤੋਂ ਆਪਣੀ ਇਸ ਪਹਿਚਾਣ ਤੋਂ ਕਿਤੇ ਪਿੱਛੇ ਚਲਾ ਗਿਆ ਹੈ ਅਤੇ ਇਸਦੇ ਪਿੱਛੇ ਲਗਾਤਾਰ ਰਾਜਨੀਤਿਕ ਸਮਾਜਿਕ ਤੇ ਆਰਥਿਕ ਅਤੇ ਤੇਜ਼ ਗਤੀ ਨਾਲ ਵਧਦਾ ਹੋਇਆ ਤੇ ਉਹ ਸੁਸਾਇਟੀ ਅਤੇ ਉਹ ਸਮਾਜਿਕ ਪ੍ਰਸਥਿਤੀਆਂ ਹਨ, ਜਿਨ੍ਹਾਂ ਦੇ ਨਾਲ ਖੇਤੀ ਹੁਣ ਇੱਕ ਲਾਹੇਵੰਦ ਕਿੱਤਾ ਨਹੀਂ ਰਹਿ ਗਈ ਹੈ। ਪੰਜਾਬ ਵਿੱਚ ਸਭ ਤੋਂ ਵੱਡਾ ਦੁਖਾਂਤ ਇਹ ਹੈ ਕਿ ਪੰਜਾਬ ਦੇ ਕਿਸਾਨਾਂ ਦੇ ਖੇਤੀ ਯੋਗ ਖੇਤ ਜਾਂ ਜੋਤਾਂ ਘੱਟ ਗਈਆਂ ਹਨ ਅਰਥਾਤ ਪਿੰਡਾਂ ਵਿੱਚ ਜ਼ਮੀਨ ਘੱਟ ਰਹੀ ਹੈ ਅਤੇ ਨਵੀਂ ਪੀੜ੍ਹੀ ਦਾ ਰੁਝਾਨ ਬਿਲਕੁਲ ਵੀ ਖੇਤੀ ਦੇ ਵੱਲ ਨਹੀਂ ਹੈ ਕਿਉਂਕਿ ਖੇਤੀ ਕੋਈ ਉਹ ਕਿੱਤਾ ਨਹੀਂ ਰਹਿ ਗਈ ਹੈ ਕਿ ਉਹ ਪੂਰੇ ਸਮਾਜ ਨੂੰ ਅਤੇ ਪੂਰੇ ਘਰ ਪਰਿਵਾਰ ਨੂੰ ਰੁਜ਼ਗਾਰ ਦਾ ਜ਼ਰੀਆ ਬਣ ਸਕੇ ਤੇ ਅਜਿਹੇ ਹਾਲਾਤਾਂ ਦੇ ਵਿੱਚ ਕੌਣ ਪੰਜਾਬ ਵਾਸਤੇ ਕਿਸਾਨੀ ਕਰਨਾ ਚਾਹੇਗਾ ਤੇ ਇਸਦਾ ਸਿੱਧਾ ਨਤੀਜਾ ਇਹ ਹੋਇਆ ਕਿ ਪੰਜਾਬ ਦੇ ਲੱਖਾਂ ਨੌਜਵਾਨ ਹਰ ਸਾਲ ਕਈ ਹਜ਼ਾਰ ਕਰੋੜ ਰੁਪਇਆ ਖਰਚ ਕਰਕੇ ਆਸਟਰੇਲੀਆ ਕੈਨੇਡਾ ਇੰਗਲੈਂਡ ਅਮਰੀਕਾ ਅਤੇ ਹੋਰ ਦੇਸ਼ਾਂ ਵਿੱਚ ਭਟਕਦੇ ਭਟਕਾਉਂਦੇ ਇਟਲੀ ਦੁਬਈ ਤੱਕ ਜਾ ਪਹੁੰਚੇ ਹਨ।

ਪੰਜਾਬੀਆਂ ਦੀ ਬੇਕਦਰੀ ਅਤੇ ਵਿਸ਼ੇਸ਼ਕਰ ਕਿਸਾਨਾਂ ਦੇ ਨਾਲ ਜੋ ਕੁੱਝ ਅੱਜ ਹੋ ਰਿਹਾ ਹੈ, ਉਹ ਇਕ ਦੁਖਾਂਤ ਹੀ ਨਹੀਂ ਹੈ, ਉਹ ਇਕ ਸਮਾਜਿਕ ਵਿਵਹਾਰ ਅਤੇ ਵਰਤਾਰਾ ਹੈ ਜਿਸ ਦੇ ਕਾਰਨ ਪੰਜਾਬੀ ਕਿਸਾਨਾਂ ਦਾ ਪਿਛੜਾਪਣ ਅਤੇ ਉਹਨਾਂ ਦੀਆਂ ਜ਼ਮੀਨਾਂ ਵਿਕਾਊ ਹੋ ਗਈਆਂ ਹਨ।

ਪੰਜਾਬ ਵਿੱਚ ਅੱਜ ਜਿੰਨੀਆਂ ਵੀ ਸਬਸਿਡੀ ਦੀਆਂ ਸਕੀਮਾਂ ਚੱਲ ਰਹੀਆਂ ਹਨ ਉਹ ਭਾਵੇਂ ਬਿਜਲੀ ਦੀ ਹੋਵੇ ਖਾਦ ਦੀ ਹੋਵੇ ਕੋਆਪਰੇਟਿਵ ਸੋਸਾਇਟੀਆਂ ਦੁਆਰਾ ਦਿੱਤਾ ਜਾਣ ਵਾਲਾ ਘੱਟ ਪ੍ਰਤੀਸ਼ਤ 'ਤੇ ਕਰਜ਼ਾ ਹੋਵੇ ਉਹ ਸਾਰੇ ਦਾ ਸਾਰਾ ਪੰਜਾਬ ਦੀ ਧਨੀ ਕਿਸਾਨੀ ਦੇ ਲੇਖੇ ਲੱਗਦਾ ਹੈ ਅਤੇ ਨਤੀਜਾ ਇਹ ਹੈ ਕਿ ਪੰਜਾਬ ਵਿੱਚ ਤਾਂ ਧਨੀ ਕਿਸਾਨੀ ਪਸਰ ਰਹੀ ਹੈ ਅਤੇ ਪ੍ਰਫੁੱਲਤ ਹੋ ਰਹੀ ਹੈ ਅਤੇ ਉਹ ਇਹਨਾਂ ਦਾ ਸੂਰ੍ਹਾਂ ਦਾ ਫ਼ਾਇਦਾ ਉਠਾ ਕੇ ਛੋਟੀਆਂ ਜੋਤਾਂ ਨੂੰ ਅਰਥਾਤ ਛੋਟੀਆਂ ਜ਼ਮੀਨਾਂ ਵਾਲਿਆਂ ਨੂੰ ਵਿਹਲੇ ਕਰ ਰਹੀ ਹੈ।

ਪੰਜਾਬ ਦੇ 15 ਪ੍ਰਤੀਸ਼ਤ ਕਿਸਾਨ ਉਹ ਹਨ ਜੋ ਅੱਜ ਜ਼ਮੀਨਾਂ ਤੋਂ ਸੱਖਣੇ ਹੋ ਗਏ ਹਨ ਅਤੇ ਸ਼ਹਿਰ ਨੂੰ ਪਲਾਇਨ ਕਰ ਗਏ ਹਨ। ਪਿੰਡਾਂ ਵਿੱਚ ਤਾਲੇ ਲੱਗ ਗਏ ਹਨ ਅਤੇ ਉਜਾੜ ਘਰਾਂ ਦੇ ਵੇਹੜਿਆਂ ਦੇ ਵਿੱਚੋਂ ਹੁਣ ਆਪਣੀ ਪਹਿਚਾਣ ਅਤੇ ਸ਼ਨਾਖਤ ਕਰਦੇ ਪਿੰਡ ਖ਼ਤਮ ਹੋ ਰਹੇ ਹਨ। ਅੱਜ ਪਿੰਡਾਂ ਦੀ 7 ਪ੍ਰਤੀਸ਼ਤ ਆਬਾਦੀ ਦੇ ਕੋਲ ਕੋਈ ਵੀ ਐਸਾ ਰੁਜ਼ਗਾਰ ਨਹੀਂ ਹੈ ਜੋ ਉਨ੍ਹਾਂ ਦਾ ਪੇਟ ਭਰ ਸਕੇ ਅਤੇ ਪਿਛਲੇ ਦਿਨਾਂ ਤੋਂ ਜਿਸ ਤਰ੍ਹਾਂ ਦਾ ਸਰਕਾਰਾਂ ਦਾ ਮਾਹੌਲ ਹੈ, ਉਹਨਾਂ ਨੇ ਕਿਸਾਨੀ ਦੀ ਪੱਤ ਨੂੰ ਇਸ ਤਰ੍ਹਾਂ ਰੋਲਿਆ ਹੈ ਕਿ ਅੱਜ ਕਿਸਾਨੀ ਦੀ ਪਹਿਚਾਣ ਜੋ ਭਾਰਤ ਭਰ ਵਿੱਚ ਬਣੀ ਹੈ ਉਹ ਸੜਕਾਂ 'ਤੇ ਮੁਜ਼ਾਹਰੇ ਧਰਨੇ ਰੇਲ ਰੋਕੋ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਦੇ ਦਫ਼ਤਰਾਂ ਨੂੰ ਘੇਰਨ ਤੱਕ ਬਣ ਗਈ ਹੈ। ਇਥੇ ਵਿਸ਼ੇਸ਼ ਤੌਰ 'ਤੇ ਦੇਖਿਆ ਜਾ ਸਕਦਾ ਹੈ ਕਿ ਜਿਸ ਤਰ੍ਹਾਂ ਪਿਛਲਿਆਂ ਕੁਝ ਸਾਲਾਂ ਤੋਂ ਜਿਸ ਤਰ੍ਹਾਂ ਪੰਜਾਬ ਪੁਲਿਸ ਕਿਸਾਨਾਂ ਨੂੰ ਬੱਸਾਂ ਵਿੱਚ ਬੰਦ ਕਰਕੇ ਅਤੇ ਹਰ ਜਗ੍ਹਾ 'ਤੇ ਬੇਪੱਤ ਕਰਕੇ ਅਤੇ ਇੱਕ ਨੀਵੇਂ ਦਰਜੇ ਦੇ ਨਾਗਰਿਕ ਦਿਖਾ ਰਹੀ ਹੈ, ਉਹ ਸ਼ਰਮਸ਼ਾਰ ਚਿਹਰਾ ਹੈ। ਇਹ ਉਸ ਪੰਜਾਬ ਦਾ ਰਾਜਨੀਤਿਕ ਦ੍ਰਿਸ਼ ਹੈ, ਜਿਸਦਾ ਮੁੱਖ ਕਿੱਤਾ ਕਿਸਾਨੀ ਅਤੇ ਜਿਸ ਦਾ ਇੱਕ ਸਭ ਤੋਂ ਵੱਡਾ ਸਰਦਾਰੀ ਨੂੰ ਕਾਇਮ ਰੱਖਣ ਦਾ ਰਿਜ਼ਕ ਅਣਖ ਅਤੇ ਜਜ਼ਬਾਤਾਂ ਨਾਲ ਘਿਰੇ ਹੋਏ ਪੰਜਾਬ ਦੀ ਕਹਾਣੀ ਵਿੱਚ ਕਿਸਾਨ ਦਾ ਚਿਹਰਾ ਕਿੱਥੇ ਹੈ। ਅੱਜ ਕਿਸਾਨ ਦਾ ਚਿਹਰਾ ਬੇਪੱਤ ਹੋਇਆ ਸੜਕਾਂ 'ਤੇ ਰੁਲ ਰਿਹਾ ਹੈ। ਟੋਲ ਪਲਾਜ਼ੇ ਬੰਦ ਕਰਦੇ ਹੋਏ ਕਿਸਾਨ, ਰੇਲ ਰੋਕਦੇ ਹੋਏ ਕਿਸਾਨ, ਧਰਨੇ ਦਿੰਦੇ ਹੋਏ ਕਿਸਾਨ, ਪੰਜਾਬ ਦੇ ਡੀਸੀ ਐਸਡੀਐਮ ਅਤੇ ਬਿਜਲੀ ਦਫਤਰਾਂ ਦੇ ਵਿੱਚ ਰਿਸ਼ਵਤਖੋਰ ਅਤੇ ਭ੍ਰਿਸ਼ਟਾਚਾਰ ਦੇ ਖਿਲਾਫ਼ ਲੜਦੇ ਹੋਏ ਕਿਸਾਨ ਅਤੇ ਪੁਲਿਸ ਰੋਹ ਦੇ ਖਿਲਾਫ਼ ਸੜਕਾਂ 'ਤੇ ਉਤਰੇ ਹੋਏ ਕਿਸਾਨ। ਅੱਜ ਇਹ ਕਿਸ ਤਰ੍ਹਾਂ ਦੀ ਤਸਵੀਰ ਹੈ ਜੋ ਪੰਜਾਬ ਦੇ ਕਿਸਾਨਾਂ ਦੀ ਅੱਜ ਬਣ ਗਈ ਹੈ। ਵਕਤ ਆਇਗਾ ਤੁਸੀਂ ਇਸ ਤਸਵੀਰ ਨੂੰ ਦੇਖ ਕੇ ਪਛਤਾਓਗੇ ਕਿ ਉਸ ਪੰਜਾਬ ਦੇ ਕਿਸਾਨਾਂ ਦੀ ਤਸਵੀਰ ਹੈ, ਜਿਸ ਵਿੱਚ ਬਾਬਾ ਨਾਨਕ ਨੇ ਇਸ ਕਿੱਤੇ ਨੂੰ ਦੁਨੀਆ ਦਾ ਸਭ ਤੋਂ ਮਹਾਨ ਪਵਿੱਤਰ ਕਿੱਤਾ ਮੰਨਿਆ ਸੀ ਅਤੇ ਜਿਸ ਵਿੱਚ ਕਿਹਾ ਗਿਆ ਸੀ ਕਿ ਇਹ ਉਹ ਇੱਕ ਸਾਂਝੀਵਾਲਤਾ ਅਤੇ ਕਿਰਤ ਦਾ ਕਿੱਤਾ ਹੈ, ਜਿਸ ਵਿੱਚ ਕੋਈ ਵੀ ਬੇਈਮਾਨੀ ਨਹੀਂ ਹੈ, ਇਸ ਵਿੱਚ ਰਿਜ਼ਕ ਹੈ, ਇਸ ਵਿੱਚ ਲੋਕਾਂ ਨੂੰ ਜ਼ਿੰਦਾ ਰਹਿਣ ਦੀ ਖੁਰਾਕ ਮੁਹੱਈਆ ਕਰਨ ਦਾ ਉਹ ਪੌਸ਼ਟਿਕ ਅਤੇ ਕੁਦਰਤੀ ਅਨੰਦ ਦਾ ਦਾਣਾ ਮੁਹੱਈਆ ਕਰਨ ਦਾ ਇੱਕ ਉਹ ਸਾਧਨ ਹੈ, ਜੋ ਸਿਰਫ਼ ਕਿਸਾਨ ਹੀ ਧਰਤੀ ਦੇ ਹਿੱਕ ਤੋਂ ਬੀਜ ਨਾਲ ਇੱਕ ਨਵਾਂ ਸੰਸਾਰ ਪੈਦਾ ਕਰਦਾ ਹੈ। ਅੱਜ ਦੁਨੀਆ ਭਰ ਦੇ ਕਿਸਾਨਾਂ ਨੂੰ ਸਰਕਾਰਾਂ ਸਬਸਿਡੀ ਦਿੰਦੀਆਂ ਹਨ। ਭਾਰਤ ਵਿੱਚ ਵੀ ਇਹ ਸਬਸਿਡੀਆਂ ਦਾ ਮਸਲਾ ਚੱਲ ਰਿਹਾ ਹੈ ਪ੍ਰੰਤੂ ਐਮਐਸਪੀ ਤੇ ਦੂਸਰੀਆਂ ਤਰ੍ਹਾਂ ਦੇ ਝਗੜੇ ਜਿਸ ਤਰ੍ਹਾਂ ਪਿਛਲੇ ਸਾਲਾਂ ਤੋਂ ਸੜਕਾਂ 'ਤੇ ਕਿਸਾਨਾਂ ਨੂੰ ਹਨ, ਉਹਨਾਂ ਨੇ ਇੱਕ ਨਵੀਂ ਤਰ੍ਹਾਂ ਦੀ ਪਰਿਭਾਸ਼ਾ ਕਿਸਾਨਾਂ ਦੇ ਕਿਰਦਾਰ ਦੀ ਕੀਤੀ ਹੈ। ਕੀ ਇਹ ਹੈ ਕਿਰਦਾਰਕੁਸ਼ੀ ਜੋ ਕਿਸਾਨਾਂ ਦੇ ਵਿਅਕਤਿਤਵ ਨੂੰ ਹਾਸੋਹੀਣਾ ਬਣਾ ਦੇਵੇਗੀ। ਹੁਣ ਸਵਾਲ ਇਹ ਹੈ ਕਿ ਜਿਸ ਤਰ੍ਹਾਂ ਸੂਬਿਆਂ ਦੀਆਂ ਸਰਕਾਰਾਂ ਅਤੇ ਭਾਰਤ ਸਰਕਾਰ ਕਿਸਾਨਾਂ ਦੀ ਬੇਪੱਤੀ ਅਤੇ ਕਿਸਾਨਾਂ ਨੂੰ ਬੇਇੱਜ਼ਤ ਕਰਕੇ ਉਹਨਾਂ ਦੀਆਂ ਜ਼ਮੀਨਾਂ ਖੋਹਣ ਤੋਂ ਬਾਅਦ ਜਿਸ ਤਰ੍ਹਾਂ ਉਹਨਾਂ ਦੇ ਬੱਚਿਆਂ ਤੇ ਉਹਨਾਂ ਦੇ ਵਜੂਦ ਪਰਿਵਾਰਕਾਰ ਖੇਤੀ ਬੱਚੇ ਪਰਿਵਾਰ, ਜਿਸ ਸੰਕਟ ਦੇ ਨਾਲ ਸ਼ਹਿਰਾਂ ਵੱਲ ਪਲਾਇਨ ਕਰ ਗਏ ਹਨ , ਵਿਦੇਸ਼ਾਂ ਵਿੱਚ ਚਲੇ ਗਏ ਕੀ ਉਹ ਅੰਨਦਾਤਾ ਦੀ ਪਹਿਚਾਣ ਹੈ। ਹੁਣ ਸਵਾਲ ਉਸ ਆਇਡੰਟਟੀ ਦਾ ਹੈ ਜੋ ਪੰਜਾਬ ਦੀ ਖੇਤੀ ਅਤੇ ਕਿਸਾਨੀ ਦੀ ਹੈ। ਪੰਜਾਬ ਦਾ ਕਿਸਾਨ ਪੰਜਾਬ ਦੇ ਸੱਭਿਆਚਾਰ ਦਾ ਇਕ ਅਜਿਹਾ ਕਿਰਦਾਰ ਹੈ, ਜਿਸ ਦੀ ਪਹਿਚਾਣ ਖ਼ਤਮ ਹੋ ਗਈ ਹੈ, ਹੁਣ ਇਹ ਪਹਿਚਾਣ ਕੰਗਾਲੀ ਵਿਕਦੇ ਹੋਏ ਜ਼ਮੀਨਾਂ ਦੇ ਟੱਕ ਅਤੇ ਵਿਕਦੇ ਹੋਏ ਪਿੰਡ ਤੱਕ ਅਤੇ ਮੋਟਰਾਂ ਦਾ ਪਾਣੀ ਖ਼ਤਮ ਹੋ ਗਿਆ ਹੈ ਅਤੇ ਝੋਨੇ ਦੇ ਖੇਤਾਂ ਵਾਸਤੇ ਕਰਜ਼ੇ ਦੇ ਥੱਲੇ ਡੁੱਬੀਆਂ ਹੋਈਆਂ ਪੰਜਾਬ ਦੇ ਬਚੇ ਖੁਚੇ ਕਿਸਾਨਾਂ ਦੀਆਂ ਜ਼ਮੀਨਾਂ ਹੁਣ ਕੀ ਸੰਦੇਸ਼ ਦੇ ਰਹੀਆਂ ਹਨ। ਆਉਣ ਵਾਲੇ ਦਿਨਾਂ ਦੇ ਵਿੱਚ ਧਰਨੇ ਮੁਜ਼ਾਹਰਿਆਂ ਤੇ ਸੜਕਾਂ 'ਤੇ ਬੈਠੇ ਕਿਸਾਨਾਂ ਦੀਆਂ ਇਹ ਤਸਵੀਰਾਂ ਜਦੋਂ ਅਗਲੀ ਪੀੜ੍ਹੀ ਤੇ ਅਗਲੀ ਨਸਲ ਦੇ ਬੱਚਿਆਂ ਤੱਕ ਪਹੁੰਚਣਗੀਆਂ ਤੇ ਫ਼ਿਰ ਤੁਸੀਂ ਅੰਦਾਜ਼ਾ ਲਗਾ ਸਕਦੇ ਹੋ ਕਿ ਇਤਿਹਾਸ ਵਿੱਚ ਪੰਜਾਬ ਦੇ ਕਿਸਾਨਾਂ ਦੀ ਕਿਹੋ ਜਿਹੀ ਤਸਵੀਰ ਅਤੇ ਕਿਹੋ ਜਿਹੀ ਇਤਿਹਾਸਿਕ ਚਿਤਰਸ਼ਾਲਾ ਬਣ ਚੁੱਕੀ ਹੋਵੇਗੀ। ਇਤਿਹਾਸ ਗਵਾਹ ਹੈ ਕਿ ਜਦੋਂ ਵੀ ਇਸ ਤਰ੍ਹਾਂ ਦੀਆਂ ਘਟਨਾਵਾਂ ਹੋਈਆਂ ਹਨ ਤਾਂ ਫ਼ਿਰ ਇਹ ਉਸ ਤਰ੍ਹਾਂ ਦਾ ਪਰਿਵਰਤਨ ਆਇਆ ਹੈ, ਜਿਸ ਤਰ੍ਹਾਂ ਸਭ ਚੀਜ਼ਾਂ ਬਦਲ ਗਈਆਂ ਹਨ ਪਰੰਤੂ ਹੁਣ ਪੰਜਾਬ ਵਿੱਚ ਵੀ ਉਪਭੋਗਤਾਵਾਦ ਅਤੇ ਬਦਲਦੀ ਹੋਏ ਦੁਨੀਆ ਦੇ ਨਾਲ ਨਾਲ ਵਿਦੇਸ਼ਾਂ 'ਚੋਂ ਐਨਆਰਆਈ ਦਾ ਪੈਸਾ ਅਤੇ ਪਲਾਇਨ ਕਰ ਗਏ ਬੱਚਿਆਂ ਦਾ ਉਹ ਸੰਤਾਪ, ਜਿਹੜੇ ਮਾਂ ਬਾਪ ਦੀ ਆਖ਼ਰੀ ਪੀੜ੍ਹੀ ਪੰਜਾਬ ਵਿੱਚ ਹੰਢਾ ਰਿਹਾ ਹੈ ਅਤੇ ਆਉਣ ਵਾਲੇ ਦਿਨਾਂ ਦੇ ਵਿੱਚ ਜਦੋਂ ਇਹ ਪੀੜ੍ਹੀ ਖਤਮ ਹੋ ਜਾਏਗੀ ਤਾਂ ਪੰਜਾਬ ਦੇ ਪਿੰਡਾਂ ਦੇ ਪਿੰਡ ਤੇ ਘਰ ਸੁੰਨੇ ਜੰਦਰੇ ਲੱਗੇ ਹੋਏ ਵਿਹੜੇ ਅਤੇ ਖਾਲੀ ਹਵੇਲੀਆਂ ਅਤੇ ਬੰਜਰ ਧਰਤੀ ਪੰਜਾਬ ਦੀ ਪਹਿਚਾਣ ਕਿਸ ਤਰ੍ਹਾਂ ਦੀ ਹੋਏਗੀ। ਪੰਜਾਬ ਦੇ ਅਸਲੀ ਵਾਰਿਸ ਕਿਸਾਨ ਸੜਕਾਂ 'ਤੇ ਲੜ ਕੇ ਇੱਕ ਪੂਰੀ ਪੀੜ੍ਹੀ ਖਪਾ ਦੇਣਗੇ ਪ੍ਰੰਤੂ ਇਸ ਲੋਕਤੰਤਰ ਵਿੱਚ ਸੰਵਿਧਾਨਿਕ ਹੱਕਾਂ ਦੇ ਖ਼ਾਤਰ ਕਿਸਾਨਾਂ ਨੂੰ ਉਹਨਾਂ ਦੀ ਹੋਂਦ ਦੇ ਕਾਰਨ ਇਸ ਤਰ੍ਹਾਂ ਸੜਕਾਂ 'ਤੇ ਆਉਣਾ ਪਵੇ ਇਹ ਕੋਈ ਚੰਗੀ ਗੱਲ ਨਹੀਂ। ਭਾਰਤੀ ਲੋਕਤੰਤਰ ਦੀਆਂ ਲੋਕਤੰਤਰ ਪ੍ਰਣਾਲੀਆਂ ਅਤੇ ਇੱਕ ਵਾਰ ਬੈਠ ਕੇ ਸਿਰ ਜੋੜ ਕੇ ਜੇ ਸਰਕਾਰ ਕਿਸੇ ਪਾਸੇ ਕਿਸਾਨਾਂ ਦੇ ਨਾਲ ਰਲ ਕੇ ਕਿਸਾਨਾਂ ਦੇ ਮਸਲੇ ਸਕਾਰਾਤਮਕ ਪਹੁੰਚ ਅਤੇ ਲੋਕਤੰਤਰ ਢੰਗ ਨਾਲ ਹੱਲ ਕਰ ਸਕੇ ਤਾਂ ਇਸ ਤੋਂ ਵਧੀਆ ਕੀ ਚੰਗਾ ਸ਼ਗਨ ਹੋ ਸਕਦਾ ਹੈ। ਪੰਜਾਬ ਦੇ ਕਿਸਾਨਾਂ ਅਤੇ ਪੰਜਾਬ ਦੇ ਕਿਸਾਨਾਂ ਦੇ ਸੰਕਟ ਨੂੰ ਸਕਾਰਾਤਮਕ ਅਤੇ ਹੌਂਸਲੇ ਨਾਲ ਬੈਠ ਕੇ ਹੱਲ ਕੀਤਾ ਜਾਏ। ਕਿਸਾਨ ਸਾਡੇ ਪੰਜਾਬ ਦੀ ਸ਼ਾਨ ਹਨ ਅਤੇ ਸਾਡੇ ਸਮਾਜ ਦਾ ਇੱਕ ਉਹ ਅੰਗ ਹਨ, ਜਿਸ 'ਤੇ ਮਾਣ ਮੱਤਾ ਇਤਿਹਾਸ ਤੇ ਸਾਡੀ ਪਹਿਚਾਣ ਹੈ। ਕੀ ਅੱਜ ਸਰਕਾਰਾਂ ਦੇ ਵਿੱਚ ਬੈਠੇ ਲੋਕ ਕਿਸਾਨਾਂ ਦੇ ਪੁੱਤ ਨਹੀਂ ਹਨ। ਕਿਸਾਨਾਂ ਦੇ ਘਰਾਂ 'ਚੋਂ ਨਹੀਂ ਆਉਂਦੇ ਹਨ। ਕੁਰਸੀ ਦਾ ਨਸ਼ਾ ਅਤੇ ਅਫ਼ਸਰਸ਼ਾਹੀ ਭ੍ਰਿਸ਼ਟਾਚਾਰ ਕਾਰਨ ਲੋਕ ਸਮਾਜਿਕ ਸਰੋਕਾਰਾਂ ਨਾਲੋਂ ਟੁੱਟ ਜਾਂਦੇ ਹਨ ਤਾਂ ਫ਼ਿਰ ਇਸ ਤਰ੍ਹਾਂ ਦਾ ਵਰਤੀਰਾ ਹੁੰਦਾ ਹੈ ਪਰੰਤੂ ਲੋਕ ਰਾਜ ਵਿੱਚ ਇਹ ਸਾਰੀਆਂ ਗੱਲਾਂ ਚਲਦੀਆਂ ਨਹੀਂ ਹਨ। ਸਰਕਾਰਾਂ ਬਦਲਦੀਆਂ ਹਨ ਪਰੰਤੂ ਤੁਸੀਂ ਤਾਂ ਕਿਸਾਨਾਂ ਨੂੰ ਹੀ ਬਦਲ ਦਿੱਤਾ ਹੈ। ਉਹਨਾਂ ਦੇ ਚਿਹਰੇ ਨੂੰ ਬਦਲ ਦਿੱਤਾ ਹੈ। ਇਹ ਸਵਾਲ ਅੱਜ ਆਉਣ ਵਾਲੀਆਂ ਪੀੜ੍ਹੀਆਂ ਅਤੇ ਵਰਤਮਾਨ ਸਰਕਾਰਾਂ 'ਤੇ ਛੱਡਿਆ ਜਾ ਸਕਦਾ ਹੈ ਕਿ ਤੁਸੀਂ ਭੂਮੀ ਪੁੱਤਰਾਂ ਦਾਤਿਆਂ ਦੀ ਪਹਿਚਾਣ ਅਤੇ ਵਿਸ਼ੇਸ਼ ਕਰ ਪੰਜਾਬ ਦੀ ਪਹਿਚਾਣ ਇੱਕ ਅਜਿਹੇ ਹਾਰੇ ਹੋਏ ਕੰਗਾਲ ਅਤੇ ਜ਼ਮੀਨ ਵੇਚਣ ਵਾਲੇ ਕਿਸਾਨ ਤੇ ਉਸਦੇ ਪਰਿਵਾਰ ਦੀ ਰੱਖੋਗੇ। ਇਹ ਇਤਿਹਾਸ ਤੁਹਾਨੂੰ ਪੁੱਛੇਗਾ ਕਿ ਕੀ ਤੁਸੀਂ ਇਹਨਾਂ ਵਾਸਤੇ ਕੁੱਝ ਵੀ ਨਹੀਂ ਕੀਤਾ ਕਿ ਲੋਕਤੰਤਰ ਵਿੱਚ ਕਿਸਾਨਾਂ ਦੀ ਪਹਿਚਾਣ ਸਿਰਫ਼ ਸੜਕਾਂ 'ਤੇ ਧਰਨਾ ਤੇ ਮੁਜ਼ਾਹਰੇ ਕਰਨ ਵਾਲਿਆਂ ਵਾਸਤੇ ਹੀ ਰਹਿ ਗਈ ਹੈ। ਲੋਕ ਕਲਿਆਣਕਾਰੀ ਸਰਕਾਰਾਂ ਹਮੇਸ਼ਾ ਹੀ ਭੂਮੀ ਪੁੱਤਰ ਅੰਨਦਾਤਿਆਂ ਵਾਸਤੇ ਅੱਗੇ ਆਉਂਦੀਆਂ ਹਨ ਤੇ ਵਕਤ ਆਇਗਾ ਤੁਸੀਂ ਵੀ ਇਹਨਾਂ ਕਿਸਾਨਾਂ ਦੀ ਪਹਿਚਾਣ ਕਰ ਲਵੋਗੇ। ਜੇ ਪੰਜਾਬ ਦੀ ਮਿੱਟੀ ਵਿੱਚ ਕਿਸਾਨ ਹੀ ਨਹੀਂ ਬਚਿਆ ਤਾਂ ਫ਼ਿਰ ਹੋਰ ਕੌਣ ਬਚੇਗਾ। ਪੰਜਾਬ ਦੀ ਧਰਤੀ ਅੱਜ ਕਿਸਾਨਾਂ ਦੀ ਪੁਰਾਣੀ ਪਹਿਚਾਣ ਵਾਸਤੇ ਤੁਹਾਨੂੰ ਇਹ ਸਵਾਲ ਪੁੱਛਦੀ ਹੈ।

# ਮਾਝਾ-ਦੁਆਬਾ
## ਆਸ ਪਾਸ

## ਭਾਈ ਅੰਮ੍ਰਿਤਪਾਲ ਸਿੰਘ 'ਤੇ ਤੀਸਰੀ ਵਾਰ ਐਨ.ਐਸ.ਏ. ਲਗਾਏ ਜਾਣ ਖ਼ਿਲਾਫ਼ ਅਕਾਲੀ ਦਲ (ਵਾਰਿਸ ਪੰਜਾਬ ਦੇ) ਵੱਲੋਂ ਰੋਸ ਮਾਰਚ

### ਡੀ.ਸੀ ਅੰਮ੍ਰਿਤਸਰ ਨੂੰ ਦਿੱਤਾ ਮੰਗ ਪੱਤਰ



ਅੰਮ੍ਰਿਤਸਰ, 6 ਮਈ, (ਗੁਰਦਿਆਲ ਸਿੰਘ) : ਅਕਾਲੀ ਦਲ (ਵਾਰਿਸ ਪੰਜਾਬ ਦੇ) ਵੱਲੋਂ ਅੱਜ ਰਣਜੀਤ ਐਵਨਿਊ ਅੰਮ੍ਰਿਤਸਰ ਤੋਂ ਡਿਪਟੀ ਕਮਿਸ਼ਨਰ ਦਫ਼ਤਰ ਤੱਕ ਇੱਕ ਰੋਸ ਮਾਰਚ ਕੱਢਿਆ ਗਿਆ, ਜਿਸ ਰਾਹੀਂ ਗੁਲਾਬ ਚੰਦ ਕਟਾਰੀਆ (ਗਵਰਨਰ ਪੰਜਾਬ) ਨੂੰ ਸੰਵਿਧਾਨਕ ਮੰਗਾਂ ਵਾਲਾ ਇੱਕ ਮੰਗ ਪੱਤਰ ਸੌਂਪਿਆ ਗਿਆ। ਇਹ ਰੋਸ ਮਾਰਚ ਭਾਈ ਅੰਮ੍ਰਿਤਪਾਲ ਸਿੰਘ ਉੱਤੇ ਤੀਜੀ ਵਾਰ ਲਾਏ ਗਏ NSA ਖ਼ਿਲਾਫ ਅਤੇ ਉਹਨਾਂ ਨਾਲ ਜੇਲ੍ਹ ਕੇ ਗ੍ਰਿਫਤਾਰ ਕੀਤੇ ਹੋਰ ਸਿੱਖ ਨੌਜਵਾਨਾਂ ਦੀ ਰਿਹਾਈ ਦੀ ਮੰਗ ਨੂੰ ਲੈ ਕੇ ਕੀਤਾ ਗਿਆ। ਇਸ ਰੋਸ ਮਾਰਚ ਦੀ ਅਗਵਾਈ ਅਕਾਲੀ ਦਲ ਵਾਰਿਸ ਪੰਜਾਬ ਦੇ ਸੀਨੀਅਰ ਆਗੂਆਂ ਨੇ ਕੀਤੀ, ਜਿਨ੍ਹਾਂ ਵਿੱਚ ਵਿੱਚ ਮੁੱਖ ਤੌਰ 'ਤੇ ਬਾਪੂ ਤਰਸੇਮ ਸਿੰਘ, ਐਮ.ਪੀ. ਸਰਬਜੀਤ ਸਿੰਘ, ਭਾਈ ਅਮਰਜੀਤ ਸਿੰਘ ਵੰਨਚਿੜੀ, ਭਾਈ ਹਰਭਜਨ ਸਿੰਘ ਤੁੜ, ਭਾਈ ਸੁਰਜੀਤ ਸਿੰਘ, ਭਾਈ ਚਰਨਦੀਪ ਸਿੰਘ ਭਿੰਡਰ, ਭਾਈ ਸੰਦੀਪ ਸਿੰਘ ਰੁਪਾਲੋਂ, ਭਾਈ ਹਰਪ੍ਰੀਤ ਸਿੰਘ, ਭਾਈ ਕਾਬਲ ਸਿੰਘ, ਭਾਈ ਹਰਸਿਮਰਨ ਸਿੰਘ, ਭਾਈ ਬਲਜੀਤ ਸਿੰਘ ਖ਼ਾਲਸਾ, ਬਾਬੂ ਸਿੰਘ ਬਰਾੜ, ਐਡਵੋਕੇਟ ਇਮਾਨ ਸਿੰਘ ਖਾਰਾ, ਚਾਚਾ ਪ੍ਰਗਟ ਸਿੰਘ, ਚਾਚਾ ਸੁਖਚੈਨ ਸਿੰਘ, ਭਾਈ ਭੂਪਿੰਦਰ ਸਿੰਘ ਗੱਦਲੀ, ਭਾਈ ਅਮਨਦੀਪ ਸਿੰਘ ਡੱਡੂਆਣਾ, ਭਾਈ ਦਯਾ ਸਿੰਘ, ਭਾਈ ਸਵਰਨ ਸਿੰਘ ਗੋਲਡਨ, ਭਾਈ ਸ਼ਮਸ਼ੇਰ ਸਿੰਘ ਪੱਧਰੀ, ਭਾਈ ਸੁਖਦੇਵ ਸਿੰਘ ਕਾਦੀਆਂ, ਭਾਈ ਕਰਨਵੀਰ ਸਿੰਘ, ਭਾਈ ਸੁਖਬੀਰ ਸਿੰਘ ਚੀਮਾਂ, ਭਾਈ ਮਹਿੰਦਰਪਾਲ ਸਿੰਘ ਤੇ ਸ਼ਾਮਿਲ ਸਨ ਅਤੇ ਇਹਨਾਂ ਤੋਂ ਇਲਾਵਾ ਵੱਖ-ਵੱਖ ਜ਼ਿਲ੍ਹਿਆਂ ਤੋਂ ਆਏ ਆਗੂ, ਵਰਕਰ ਸਾਹਿਬਾਨ ਅਤੇ ਪੰਜਾਬ ਦੇ ਕੋਨੇ-ਕੋਨੇ ਤੋਂ ਪਹੁੰਚੇ ਨੌਜਵਾਨ, ਔਰਤਾਂ ਅਤੇ ਵੱਡੇ ਉਮਰ ਵਾਲੇ ਸਿੰਘ-ਸਿੰਘਣੀਆਂ ਸ਼ਾਮਲ ਸਨ।

ਅਕਾਲੀ ਦਲ (ਵਾਰਿਸ ਪੰਜਾਬ ਦੇ) ਆਗੂਆਂ ਨੇ ਕਿਹਾ ਕਿ ਭਾਈ ਅੰਮ੍ਰਿਤਪਾਲ ਸਿੰਘ ਇੱਕ ਚੁਣੇ ਹੋਏ ਸੰਸਦ ਮੈਂਬਰ ਹਨ, ਜਿਨ੍ਹਾਂ ਨੂੰ ਜਨਤਾ ਨੇ ਭਾਰੀ ਬਹੁਮਤ ਨਾਲ ਚੁਣਿਆ। ਉਨ੍ਹਾਂ ਉੱਤੇ ਵਾਰ-ਵਾਰ NSA ਲਾਗੂ ਕਰਨਾ ਕੇਵਲ ਉਨ੍ਹਾਂ ਦੀ ਆਵਾਜ਼ ਨੂੰ ਖ਼ਾਮੋਸ਼ ਕਰਨ ਦੀ ਕੋਸ਼ਿਸ਼ ਹੈ, ਜੋ ਕਿ ਲੋਕਤੰਤਰ ਅਤੇ ਸੰਵਿਧਾਨਕ ਅਧਿਕਾਰਾਂ ਦੀ ਧੱਜੀਆਂ ਉਡਾਉਂਦਾ ਹੈ। ਉਹਨਾਂ ਕਿਹਾ ਕਿ ਇਨ੍ਹਾਂ ਕਾਰਵਾਈਆਂ ਰਾਹੀਂ ਪੰਜਾਬ ਦੇ ਸਿੱਖ ਨੌਜਵਾਨਾਂ ਵਿੱਚ ਅਣਸੁਰੱਖਿਆ ਅਤੇ ਨਿਰਾਸ਼ਾ ਪੈਦਾ ਹੋ ਰਹੀ ਹੈ। ਉਨ੍ਹਾਂ ਨੇ ਇਹ ਵੀ ਕਿਹਾ ਕਿ ਜੇਕਰ ਸਰਕਾਰ ਨੇ ਇਹ ਮੰਗਾਂ ਤੁਰੰਤ ਨਾ ਮੰਨੀਆਂ ਤਾਂ ਅਕਾਲੀ ਦਲ (ਵਾਰਿਸ ਪੰਜਾਬ ਦੇ) ਸੂਬਾ ਪੱਧਰੀ ਰੂਪ ਵਿੱਚ ਕਾਲੇ ਕਨੂੰਨਾਂ ਖਿਲਾਫ ਸੰਘਰਸ਼ ਨੂੰ ਅੱਗੇ ਵਧਾਉਣ ਲਈ ਰੂਪ ਰੇਖਾ ਉਲੀਕੇਗਾ ਅਤੇ ਪੰਜਾਬ ਦੇ ਲੋਕਾਂ ਨੂੰ ਇਸ ਸੰਘਰਸ਼ ਵਿੱਚ ਸ਼ਾਮਲ ਕਰੇਗਾ। ਅਖੀਰ ਵਿੱਚ ਉਹਨਾਂ ਕਿਹਾ ਕਿ ਅਸੀਂ ਪੰਜਾਬ ਦੇ ਰਾਜਪਾਲ ਸਾਹਿਬ ਤੋਂ ਉਮੀਦ ਕਰਦੇ ਹਾਂ ਕਿ ਇਸ ਅਪੀਲ ਨੂੰ ਸੰਵਿਧਾਨਕ ਜ਼ਿੰਮੇਵਾਰੀ ਸਮਝਦਿਆਂ ਗੰਭੀਰਤਾ ਨਾਲ ਲਿਆ ਜਾਵੇਗਾ। ਜਿਸਦੇ ਨਾਲ ਹੀ ਬਾਪੂ ਤਰਸੇਮ ਸਿੰਘ ਅਤੇ ਐਮ ਪੀ ਸਰਬਜੀਤ ਸਿੰਘ ਨੇ ਦੋਹਾਂ ਦੇਸ਼ਾਂ ਵਿਚਾਲੇ ਜੰਗ ਦੇ ਬਣੇ ਹਲਾਤਾਂ 'ਤੇ ਗਹਿਰੀ ਚਿੰਤਾ ਜਤਾਈ ਅਤੇ ਕਿਹਾ ਜੰਗ ਕਿਸੇ ਮੁਸ਼ਕਲ ਦਾ ਹੱਲ ਨਹੀਂ ਅਤੇ ਨਾ ਹੀ ਦੋਹਾਂ ਦੇਸ਼ਾਂ ਦੇ ਲੋਕ ਜੰਗ ਚਹੁੰਦੇ ਹਨ, ਖਾਸ ਕਰਕੇ ਜੇਕਰ ਜੰਗ ਲਗਦੀ ਹੈ ਤਾਂ ਸਭ ਤੋਂ ਜਿਆਦਾ ਨੁਕਸਾਨ ਪੰਜਾਬ ਦਾ ਹੁੰਦਾ ਹੈ ਅਤੇ ਪੰਜਾਬ ਜੰਗ ਨਹੀਂ ਚਹੁੰਦਾ।

## ਕੌਮੀ ਲੋਕ ਅਦਾਲਤ 10 ਨੂੰ ਲਗਾਈ ਜਾਵੇਗੀ



ਅੰਮ੍ਰਿਤਸਰ, 6 ਮਈ, (ਬਬਲੂ ਮਹਾਜਨ/ਗੁਰਦਿਆਲ ਸਿੰਘ) : ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐੱਸ.ਏ.ਐੱਸ ਨਗਰ, ਮੋਹਾਲੀ ਅਤੇ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ, ਚੰਡੀਗੜ੍ਹ ਦੀਆਂ ਹਦਾਇਤਾਂ ਅਨੁਸਾਰ ਅਮਰਿੰਦਰ ਸਿੰਘ ਗਰੇਵਾਲ, ਮਾਨਯੋਗ ਜ਼ਿਲ੍ਹਾ ਅਤੇ ਸੇਸ਼ਨਜ-ਕਮ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਅੰਮ੍ਰਿਤਸਰ ਦੀ ਰਹਿਨੁਮਾਈ ਹੇਠ ਇਸ ਵਾਰ ਕੌਮੀ ਲੋਕ ਅਦਾਲਤ ਮਿਤੀ 10 ਮਈ ਦਿਨ ਸ਼ਨੀਵਾਰ ਨੂੰ ਲੱਗਣ ਜਾ ਰਹੀ ਹੈ।

ਇਸ ਦੀ ਸਫਲਤਾ ਵਾਸਤੇ ਅਮਰਦੀਪ ਸਿੰਘ ਬੈਂਸ, ਜੱਜ ਸਾਹਿਬ ਵੱਲੋਂ ਜੁਡੀਸ਼ੀਅਲ ਅਫਸਰਾਂ ਅਤੇ ਪੁਲਿਸ ਅਧਿਕਾਰੀਆਂ, ਜ਼ਿਲ੍ਹਾ ਕਾਰਪਰੇਸ਼ਨ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਗਈ ਅਤੇ ਜ਼ਰੂਰੀ ਹਦਾਇਤਾ ਜਾਰੀ ਕੀਤੀਆਂ ਗਈਆਂ। ਜਿਸ ਵਿੱਚ ਪਰਿਵਾਰਕ ਕੇਸਾਂ (ਜਿਵੇ ਕੀ ਪਤੀ-ਪਤਨੀ ਦੇ ਆਪਸੀ ਝਗੜੇ), ਚੈਕ ਬਾਉਂਸ ਦੇ ਕੇਸ, ਬੈਂਕਾਂ ਦੇ ਕੇਸ, ਫਾਈਨਾਂਸ ਕੰਪਨੀਆਂ-ਬੀਮਾ ਕੰਪਨੀਆਂ, ਮੋਟਰ ਦੁਰਘਟਨਾ, ਜ਼ਮੀਨੀ ਵਿਵਾਦ, ਬਿਜਲੀ ਅਤੇ ਪਾਣੀ ਦੇ ਬਿੱਲ ਆਦਿ ਕਿਸਮਾਂ ਦੇ ਕੇਸ ਲਗਾਏ ਜਾ ਸਕਦੇ ਹਨ। ਇਸ ਵਾਰ ਦੀ ਲੋਕ ਅਦਾਲਤ ਵਿੱਚ ਹਜ਼ਾਰਾਂ ਕੇਸ ਰਾਜ਼ੀਨਾਮੇ ਵਾਸਤੇ ਰੱਖੇ ਜਾ ਰਹੇ ਹਨ। ਅੱਜ ਇਸ ਸਬੰਧੀ ਅੱਜ ਪੁਲਿਸ ਮਹਿਕਮੇ, ਜਿਲ੍ਹਾ ਪ੍ਰਸ਼ਾਸਨ, ਬਿਜਲੀ ਮਹਿਕਮੇ ਅਤੇ ਹੋਰ ਲੋਕ ਅਦਾਲਤ ਨਾਲ ਸਬੰਧਤ ਮਹਿਕਮੇ ਨਾਲ ਮੀਟਿੰਗ ਕੀਤੀ ਗਈ ਅਤੇ ਲੋਕ ਅਦਾਲਤ ਦੀ ਵੱਧ ਤੋਂ ਵੱਧ ਸਫਲਤਾ ਵਾਸਤੇ ਕੇਸਾਂ ਨੂੰ ਲੋਕ ਅਦਾਲਤ ਵਿੱਚ ਰਖਵਾਉਣ ਲਈ ਹਦਾਇਤਾ ਜਾਰੀ ਕੀਤੀਆਂ ਗਈਆ। ਇਸ ਦੇ ਨਾਲ ਹੀ ਆਮ ਜਨਤਾ ਨੂੰ ਇਹ ਸੁਨੇਹਾ ਦਿੱਤਾ ਗਿਆ ਕਿ ਲੋਕ ਅਦਾਲਤ ਦਾ ਮੁੱਖ ਮਨੋਰਥ ਸਮਝੌਤੇ/ਰਾਜ਼ੀਨਾਮੇ ਰਾਹੀਂ ਅਦਾਲਤੀ ਕੇਸਾਂ ਦਾ ਫੈਸਲਾ ਕਰਵਾਉਣਾ ਹੈ ਤਾਂ ਜੋ ਦੋਹਾਂ ਧਿਰਾਂ ਦਾ ਧਨ ਅਤੇ ਸਮਾਂ ਬਚਾਉਣ ਦੇ ਨਾਲ-ਨਾਲ ਉਹਨਾ ਦੀ ਆਪਸੀ ਦੁਸ਼ਮਣੀ ਘਟਾਈ ਜਾ ਸਕੇ। ਗੰਭੀਰ ਕਿਸਮ ਦੇ ਫੌਜ਼ਦਾਰੀ ਕੇਸਾਂ ਨੂੰ ਛੱਡ ਦੇ ਹਰ ਤਰ੍ਹਾਂ ਦੇ ਕੇਸ ਜੋ ਵੱਖ ਵੱਖ ਅਦਾਲਤਾਂ ਵਿੱਚ ਲੰਬਿਤ ਪਏ ਹੋਣ, ਲੋਕ ਅਦਾਲਤਾਂ ਵਿੱਚ ਫੈਸਲੇ ਲਈ ਸ਼ਾਮਿਲ ਕੀਤੇ ਜਾਂਦੇ ਹਨ। ਲੋਕ ਅਦਾਲਤ ਵਿੱਚ ਕੇਸ ਲਗਾਉਣ ਦੇ ਚਾਹਵਾਨ ਵਿਅਕਤੀ ਜੇਕਰ ਕੇਸ ਅਦਾਲਤ ਵਿੱਚ ਵਿਚਾਰ ਅਧੀਨ ਹੈ ਤਾਂ ਸਬੰਧਤ ਅਦਾਲਤ ਦੇ ਜੱਜ ਸਾਹਿਬਾਨ ਨੂੰ ਅਤੇ ਜੇਕਰ ਝਗੜਾ ਅਦਾਲਤ ਵਿੱਚ ਵਿਚਾਰ ਅਧੀਨ ਨਾ ਹੋਵੇ ਤਾਂ ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨੂੰ ਲਿਖਤੀ ਦਰਖਾਸਤ ਰਾਹੀਂ ਬੇਨਤੀ ਕਰ ਸਕਦੇ ਹਨ।

## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅੰਗਰੇਜ਼ੀ ਵਿੱਚ ਪਹਿਲੀ ਵਿਆਖਿਆ ਲੋਕ ਅਰਪਿਤ




ਅੰਮ੍ਰਿਤਸਰ, 6 ਮਈ, (ਬਬਲੂ ਮਹਾਜਨ) : ਕੇਸ ਸੰਭਾਲ ਪ੍ਰਚਾਰ ਸੰਸਥਾ ਦੇ ਮੁਖੀ ਤੇ ਸਾਬਕਾ ਚੀਫ ਕਮਿਸ਼ਨਰ ਆਫ ਇਨਕਮ ਟੈਕਸ ਸੁਰਿੰਦਰਜੀਤ ਸਿੰਘ ਪਾਲ ਦੁਆਰਾ ਅੱਜ ਤੱਕ 26 ਕਿਤਾਬਾਂ ਲਿਖੀਆਂ ਜਾ ਚੁੱਕੀਆਂ ਹਨ। ਹੁਣ ਉਹਨਾਂ ਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅੰਗਰੇਜ਼ੀ ਵਿੱਚ ਲਿਖੀ ਹੋਈ ਵਿਆਖਿਆ ਵਾਲੀ ਪੁਸਤਕ ਦੇ ਪਹਿਲੇ ਭਾਗ ਦਾ ਵਿਮੋਚਨ ਗੁਰੂ ਨਾਨਕ ਭਵਨ, ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਖੇ ਸਿੱਖ ਬੁੱਧੀਜੀਵੀਆਂ ਦੀ ਹਾਜ਼ਰੀ ਵਿੱਚ ਕੀਤਾ ਗਿਆ ।

ਪ੍ਰੋਫੈਸਰ ਪਲਵਿੰਦਰ ਪਾਲ ਸਿੰਘ ਡੀਨ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਇਸ ਪ੍ਰੋਗਰਾਮ ਵਿੱਚ ਮੁੱਖ ਮਹਿਮਾਨ ਸਨ। ਉਹਨਾਂ ਨੇ ਕਿਹਾ ਕਿ ਕਿਤਾਬਾਂ ਕੌਮ ਦਾ ਸਰਮਾਇਆ ਹੁੰਦੀਆਂ ਹਨ ਅਤੇ ਅੰਗਰੇਜ਼ੀ ਦੇ ਵਿੱਚ ਵਿਆਖਿਆ ਦੇ ਨਾਲ ਜੋ ਲੋਕ ਪੰਜਾਬੀ ਭਾਸ਼ਾ ਨਹੀਂ ਪੜ੍ਹ ਸਕਦੇ ਉਹਨਾਂ ਲਈ ਇਹ ਪੁਸਤਕ ਲਾਹੇਬੰਦ ਸਾਬਤ ਹੋਵੇਗੀ। ਇਸ ਮੌਕੇ ਪ੍ਰੋਫੈਸਰ ਅਮਰਜੀਤ ਸਿੰਘ ਮੁਖੀ ਸ੍ਰੀ ਗੁਰੂ ਗ੍ਰੰਥ ਸਾਹਿਬ ਸਟਡੀਜ ਗੁਰੂ ਨਾਨਕ ਦੇਵ ਯੂਨੀਵਰਸਿਟੀ , ਸਰਦਾਰ ਜਗਦੀਸ਼ ਸਿੰਘ ਚੇਅਰ ਪਰਸਨ ਫੋਰਐਸ ਗਰੁੱਪ ਆਫ ਇੰਸਟੀਚਿਊਟਸ, ਰਜਿੰਦਰ ਸਿੰਘ ਮਰਵਾਹਾ ਪ੍ਰਧਾਨ ਵਰਲਡ ਸਿੱਖ ਚੈਂਬਰ ਆਫ ਕਮਰਸ, ਗਿਆਨੀ ਕੇਵਲ ਸਿੰਘ ਸਾਬਕਾ ਜਥੇਦਾਰ ਤਲਵੰਡੀ ਸਾਬੋ ਸ੍ਰੀ ਦਮਦਮਾ ਸਾਹਿਬ, ਇੰਦਰਜੀਤ ਸਿੰਘ ਗੋਗੋਆਨੀ ਸਿੱਖ ਸਕਾਲਰ , ਸਰਬਜੀਤ ਸਿੰਘ ਗੁਮਟਾਲਾ ਪ੍ਰਧਾਨ ਕੇ .ਅਸ.ਪੀ.ਐਸ ਡਾਕਟਰ ਤਜਿੰਦਰਪਾਲ ਸਿੰਘ ਸੈਕਟਰੀ ਕੇ .ਅਸ.ਪੀ.ਐਸ ਜੱਜਬੀਰ ਸਿੰਘ ਆਹਲੂਵਾਲੀਆ ਟਰੱਸਟੀ ਕੇ .ਅਸ.ਪੀ.ਐਸ, ਹਰਪਾਲ ਸਿੰਘ ਆਹਲੂਵਾਲੀਆ ਕਨਵੀਨਰ ਸੁਲਤਾਨ ਉੱਲ ਕੌਮ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਫੈਡਰੇਸ਼ਨ, ਅਰਵਿੰਦਰ ਸਿੰਘ ਭੱਟੀ ਫਿਲਮੀ ਅਦਾਕਾਰ ਪ੍ਰਿੰਸੀਪਲ ਕੁਲਵੰਤ ਸਿੰਘ ਅਣਖੀ ਅੰਮ੍ਰਿਤਸਰ ਵਿਕਾਸ ਮੰਚ, ਸੁਰਿੰਦਰ ਸਿੰਘ ਅਰੋੜਾ ਸ੍ਰੀ ਗੁਰੂ ਰਾਮਦਾਸ ਲੋਕ ਭਲਾਈ ਸੁਸਾਇਟੀ, ਐਡਵੋਕੇਟ ਜਸਵਿੰਦਰ ਸਿੰਘ, ਰਮਨੀਕ ਸਿੰਘ ਫਰੀਡਮ ਆਨੇਰੀ ਸੈਕਟਰੀ ਚੀਫ ਖਾਲਸਾ ਦੀਵਾਨ, ਕੁਲਜੀਤ ਸਿੰਘ,

ਸੁਖਵਿੰਦਰ ਸਿੰਘ ਕੋਹਲੀ, ਅਮਰਜੀਤ ਸਿੰਘ ਨਾਰੰਗ, ਗੁਰਪ੍ਰੀਤ ਸਿੰਘ ਜੀ ਅਤੇ ਹੋਰ ਵੀ ਬਹੁਤ ਸਾਰੀਆਂ ਸਿੱਖ ਸ਼ਖਸੀਅਤਾਂ ਹਾਜ਼ਰ ਸਨ । ਇਸ ਮੌਕੇ 'ਤੇ ਹਰਪਾਲ ਸਿੰਘ ਆਹਲੂਵਾਲੀਆ, ਰਜਿੰਦਰ ਸਿੰਘ ਜੀ ਮਰਵਾਹਾ, ਜੱਜਬੀਰ ਸਿੰਘ ਜੀ ਆਹਲੂਵਾਲੀਆ ਨੇ ਸਾਂਝੇ ਤੌਰ 'ਤੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਾਨਵਤਾ ਦੇ ਸਾਂਝੇ ਰਹਿਬਰ ਹਨ। ਇਹਨਾਂ ਦੀਆਂ ਪੰਜਾਬੀ ਦੇ ਵਿੱਚ ਵਿਆਖਿਆ ਟੀਕਾਕਰਨ ਪਹਿਲਾਂ ਵੀ ਵਿਦਵਾਨਾਂ ਵੱਲੋਂ ਕੀਤੇ ਗਏ ਹਨ। ਹੁਣ ਪਹਿਲੀ ਵਾਰ ਅੰਗਰੇਜ਼ੀ ਦੇ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਟੀਕਾਕਰਨ ਵਿਆਖਿਆ ਦਾ ਪਹਿਲਾ ਭਾਗ ਸੁਰਿੰਦਰਜੀਤ ਸਿੰਘ ਜੀ ਪਾਲ ਚੇਅਰਮੈਨ ਕੇਸ ਸੰਭਾਲ ਪ੍ਰਚਾਰ ਸੰਸਥਾ ਵੱਲੋਂ ਕਰਨਾ ਸਿੱਖ ਧਰਮ ਲਈ ਇੱਕ ਬਹੁਤ ਵੱਡੀ ਉਪਲੱਬਧੀ ਹੈ। ਇਸ ਇੰਗਲਿਸ਼ ਵਿਆਖਿਆ ਦੇ ਬਾਕੀ ਦੇ ਛੇ ਭਾਗ ਸਮੇਂ ਸਮੇਂ 'ਤੇ ਰਿਲੀਜ਼ ਕੀਤੇ ਜਾਣਗੇ।

## ਅੱਜ ਕੀਤਾ ਜਾਵੇਗਾ ਲੋਕਾਂ ਨੂੰ ਖ਼ਤਰੇ ਤੋਂ ਸੁਚੇਤ ਕਰਨ ਲਈ ਅਭਿਆਸ (ਮੌਕ ਡਰਿੱਲ) : ਡੀ.ਸੀ.

ਅੰਮ੍ਰਿਤਸਰ, 6 ਮਈ, (ਗੁਰਦਿਆਲ ਸਿੰਘ/ਬਬਲੂ ਮਹਾਜਨ) : ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਭਾਰਤ ਸਰਕਾਰ ਵੱਲੋਂ ਆਈਆਂ ਹਦਾਇਤਾਂ ਦੇ ਮੱਦੇ ਨਜ਼ਰ 7 ਮਈ ਨੂੰ ਕਿਸੇ ਵੀ ਹੰਗਾਮੀ ਸਥਿਤੀ ਨਾਲ ਨਜਿੱਠਣ ਲਈ ਅਭਿਆਸ ਕੀਤਾ ਜਾ ਰਿਹਾ ਹੈ, ਜਿਸ ਤਹਿਤ ਕੱਲ੍ਹ ਸ਼ਾਮ 4 ਵਜੇ ਸਾਇਰਨ ਵੱਜੇਗਾ, ਜੋ ਹਵਾਈ ਹਮਲੇ ਦੀ ਸੂਚਨਾ ਦਾ ਪ੍ਰਤੀਕ ਹੋਵੇਗਾ। ਉਹਨਾਂ ਕਿਹਾ ਕਿ ਕੱਲ੍ਹ ਜਾਂ ਉਸ ਤੋਂ ਬਾਅਦ ਜਦੋਂ ਵੀ ਅਜਿਹਾ ਸਾਇਰਨ ਵਜੇ ਤਾਂ ਆਮ ਜਨਤਾ ਕੋਲੋਂ ਇਹ ਆਸ ਰੱਖੀ ਜਾਂਦੀ ਹੈ, ਕਿ ਉਹ ਇਹ ਆਵਾਜ਼ ਸੁਣਦੇ ਸਾਰ ਉੱਚੀਆਂ ਇਮਾਰਤਾਂ ਵਿੱਚੋਂ ਨਿਕਲ ਕੇ ਕਿਸੇ ਜ਼ਮੀਨ ਜਾਂ ਜ਼ਮੀਨ ਦੋਜ ਟਿਕਾਣੇ ਉੱਤੇ ਪਹੁੰਚ ਜਾਣ, ਜੇਕਰ ਉਹਨਾਂ ਕੋਲ ਉੱਥੇ ਕੋਈ ਛੱਤ ਨਹੀਂ ਹੈ ਤਾਂ ਉਹ ਦਰਖਤ ਦੇ ਹੇਠਾਂ ਬੈਠ ਜਾਣ। ਜੋ ਲੋਕ ਇਮਾਰਤਾਂ ਦੇ ਵਿੱਚ ਰਹਿ ਰਹੇ ਹੋਣਗੇ ਉਹ ਖਿੜਕੀਆਂ ਅਤੇ ਖਾਸ ਕਰਕੇ ਸ਼ੀਸ਼ੇ ਤੋਂ ਦੂਰ ਹੋ ਜਾਣ।

ਉਨ੍ਹਾਂ ਕਿਹਾ ਕਿ ਇਸ ਸਮੇਂ ਦੌਰਾਨ ਸੜਕ ਉੱਤੋਂ ਚੱਲਦੇ ਰਾਹਗੀਰ ਜਾਂ ਗੱਡੀਆਂ ਐਮਰਜੈਂਸੀ ਵਹੀਕਲ ਜਿਨ੍ਹਾਂ ਵਿੱਚ ਅੱਗ ਬੁਝਾਊ ਗੱਡੀਆਂ ਜਾਂ ਐਂਬੂਲੈਂਸ ਹੋ ਸਕਦੀਆਂ ਹਨ, ਨੂੰ ਤੁਰੰਤ ਰਸਤਾ ਦੇਣ। ਉਨ੍ਹਾਂ ਨੇ ਦੱਸਿਆ ਕਿ ਇਹ ਸਿਵਲ ਡਿਫੈਂਫ ਵੱਲੋਂ ਅਭਿਆਸ ਲਈ ਵਜਾਏ ਜਾ ਰਹੇ ਹਨ, ਤਾਂ ਜੋ ਇਨ੍ਹਾਂ ਦੀ ਫੰਕਸ਼ਨਲਟੀ ਅਤੇ ਸਾਊਂਡ ਚੈੱਕ ਕੀਤੀ ਜਾ ਸਕੇ। ਉਨ੍ਹਾਂ ਨੇ ਦੱਸਿਆ ਕਿ ਇਸ ਦੌਰਾਨ ਕਿਸੇ ਵੀ ਤਰ੍ਹਾਂ ਨਾਲ ਘਬਰਾਉਣ ਦੀ ਜਰੂਰਤ ਨਹੀਂ ਹੈ।

ਉਹਨਾਂ ਦੱਸਿਆ ਕਿ ਕੱਲ੍ਹ ਰਾਤ 10 ਵਜੇ ਤੋਂ 10.30 ਵਜੇ ਤੱਕ ਇਸੇ ਤਰ੍ਹਾਂ ਬਲੈਕ ਆਊਟ ਦਾ ਅਭਿਆਸ ਕੀਤਾ ਜਾਵੇਗਾ। ਬਲੈਕ ਆਊਟ ਦੌਰਾਨ ਸਾਰੇ ਸ਼ਹਿਰ ਦੀ ਲਾਈਟ ਬੰਦ ਕਰ ਦਿੱਤੀ ਜਾਵੇਗੀ ਅਤੇ ਸ਼ਹਿਰ ਦੀ ਜਨਤਾ ਨੂੰ ਵੀ ਇਹ ਅਪੀਲ ਹੈ ਕਿ ਉਹ ਇਸ ਦੌਰਾਨ ਆਪਣੇ ਘਰਾਂ ਵਿੱਚ ਇਨਵਰਟਰ ਜਾਂ ਜਨਰੇਟਰ ਬੰਦ ਰੱਖਣ। ਜੇਕਰ ਉਹਨਾਂ ਕਿਸੇ ਵਜ੍ਹਾ ਇਹ ਚਾਲੂ ਰੱਖਣੇ ਹਨ ਤਾਂ ਉਹ ਆਪਣੀਆਂ ਲਾਈਟਾਂ ਇਸ ਢੰਗ ਨਾਲ ਚਲਾਉਣ ਕਿ ਉਹਨਾਂ ਦੀ ਰੌਸ਼ਨੀ ਖਿੜਕੀ ਜਾਂ ਦਰਵਾਜੇ ਤੋਂ ਬਾਹਰ ਨਾ ਜਾਵੇ। ਇਸ ਤੋਂ ਇਲਾਵਾ ਸੀਸੀਟੀਵੀ ਕੈਮਰਿਆਂ ਜਾਂ ਸੂਰਜੀ ਲਾਈਟਾਂ ਜੋ ਲਾਈਟ ਹਨੇਰਾ ਹੋਣ ਤੇ ਆਪਣੇ ਆਪ ਚੱਲਦੀ ਹੈ, ਨੂੰ ਵੀ ਇਸ ਸਮੇਂ ਦੌਰਾਨ ਬੰਦ ਕੀਤਾ ਜਾਵੇ, ਤਾਂ ਜੋ ਸ਼ਹਿਰ ਦੇ ਵਿੱਚ ਪੂਰੀ ਤਰ੍ਹਾਂ ਹਨੇਰਾ ਵਿਖਾਈ ਦੇਵੇ।

ਇਸ ਸਮੇਂ ਦੌਰਾਨ ਜੇਕਰ ਕੋਈ ਸੜਕ ਉੱਤੇ ਗੱਡੀ ਜਾ ਰਹੀ ਹੈ ਤਾਂ ਉਹ ਉਸਦੀਆਂ ਲਾਈਟਾਂ ਬੰਦ ਕਰਕੇ ਉਸ ਨੂੰ ਸੜਕ ਤੋਂ ਹੇਠਾਂ ਲਾਹ ਕੇ ਕੱਚੇ ਸਥਾਨ ਉੱਤੇ ਰੋਕ ਕੇ ਲਵੇ।

## ਪੰਜਾਬ ਰਾਜ ਮਹਿਲਾ ਕਮਿਸ਼ਨ ਵੱਲੋਂ 9 ਨੂੰ ਖੁੱਲ੍ਹਾ ਦਰਬਾਰ ਲਗਾਇਆ ਜਾਵੇਗਾ



ਅੰਮ੍ਰਿਤਸਰ, 6 ਮਈ, (ਬਬਲੂ ਮਹਾਜਨ/ਗੁਰਦਿਆਲ ਸਿੰਘ) : ਪੰਜਾਬ ਰਾਜ ਮਹਿਲਾ ਕਮਿਸ਼ਨ ਵੱਲੋਂ, ਚੇਅਰਪਰਸਨ ਸ਼੍ਰੀਮਤੀ ਰਾਜ ਲਾਲੀ ਗਿੱਲ ਦੀ ਅਗਵਾਈ ਹੇਠ, 9 ਮਈ 2025 (ਸ਼ੁੱਕਰਵਾਰ) ਨੂੰ ਸਵੇਰੇ 11 ਵਜੇ ਅੰਮ੍ਰਿਤਸਰ ਪੁਲਿਸ ਲਾਈਨ ਵਿਖੇ ਇੱਕ ਖੁੱਲ੍ਹਾ ਦਰਬਾਰ (ਓਪਨ ਕੋਰਟ) ਲਗਾਇਆ ਜਾਵੇਗਾ।

ਇਸ ਖੁੱਲ੍ਹੇ ਦਰਬਾਰ ਦਾ ਉਦੇਸ਼ ਮਹਿਲਾਵਾਂ ਨੂੰ ਆਪਣੀਆਂ ਸਮੱਸਿਆਵਾਂ ਅਤੇ ਸ਼ਿਕਾਇਤਾਂ ਨੂੰ ਸਿੱਧਾ ਕਮਿਸ਼ਨ ਅਤੇ ਪੁਲਿਸ ਅਧਿਕਾਰੀਆਂ ਦੇ ਸਾਹਮਣੇ ਰੱਖਣ ਲਈ ਇੱਕ ਸਿੱਧਾ ਮੰਚ ਉਪਲੱਬਧ ਕਰਵਾਉਣਾ ਹੈ। ਦਰਬਾਰ ਦੌਰਾਨ ਲੱਗਾਏ ਗਏ ਮਾਮਲਿਆਂ ਦਾ ਮੌਕੇ 'ਤੇ ਨਿਪਟਾਰਾ ਕਰਵਾਉਣ ਲਈ ਉੱਚ ਅਧਿਕਾਰੀ ਮੌਜੂਦ ਰਹਿਣਗੇ।

ਚੇਅਰਪਰਸਨ ਰਾਜ ਲਾਲੀ ਗਿੱਲ ਨੇ ਕਿਹਾ ਕਿ ਮਹਿਲਾਵਾਂ ਦੇ ਹੱਕਾਂ ਦੀ ਰਾਖੀ ਕਰਨਾ ਅਤੇ ਉਨ੍ਹਾਂ ਦੀਆਂ ਗੁੰਝਲਦਾਰ ਸਮੱਸਿਆਵਾਂ ਦਾ ਤੁਰੰਤ ਹੱਲ ਕਰਵਾਉਣਾ ਕਮਿਸ਼ਨ ਦੀ ਪ੍ਰਾਥਮਿਕਤਾ ਹੈ। ਇਹ ਖੁੱਲ੍ਹਾ ਦਰਬਾਰ ਪੀੜਤ ਮਹਿਲਾਵਾਂ ਨੂੰ ਇਨਸਾਫ਼ ਦਿਵਾਉਣ ਵੱਲ ਇਕ ਮਹੱਤਵਪੂਰਨ ਕਦਮ ਹੋਵੇਗਾ।

ਪੰਜਾਬ ਰਾਜ ਮਹਿਲਾ ਕਮਿਸ਼ਨ ਵੱਲੋਂ ਸਮੂਹ ਜਨਤਾ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਇਸ ਖੁੱਲ੍ਹੇ ਦਰਬਾਰ ਵਿੱਚ ਹਿੱਸਾ ਲੈ ਕੇ ਆਪਣੀਆਂ ਸਮੱਸਿਆਵਾਂ ਸਿੱਧਾ ਕਮਿਸ਼ਨ ਅੱਗੇ ਰੱਖਣ ਦਾ ਲਾਭ ਉਠਾਇਆ ਜਾਵੇ।

## ਯੁੱਧ ਨਸ਼ਿਆਂ ਵਿਰੁੱਧ ਤਹਿਤ ਬਾਬਾ ਬਕਾਲਾ ਸਾਹਿਬ ਵਿੱਚ ਕੱਢਿਆ ਰੋਡ ਮਾਰਚ




ਬਾਬਾ ਬਕਾਲਾ, 6 ਮਈ, (ਬਲਰਾਜ ਸਿੰਘ ਰਾਜਾ) : ਗੁਰੂ ਨਗਰੀ ਬਾਬਾ ਬਕਾਲਾ ਸਾਹਿਬ ਨੂੰ ਕੀਤਾ ਜਾਵੇਗਾ ਪੰਜਾਬ ਵਿੱਚ ਸਭ ਤੋਂ ਪਹਿਲਾ ਨਸ਼ਾ ਮੁਕਤ - ਪ੍ਰਧਾਨ ਸੁਰਜੀਤ ਸਿੰਘ ਕੰਗ ਅੱਜ ਆਮ ਆਦਮੀ ਪਾਰਟੀ ਦੇ ਨਗਰ ਪੰਚਾਇਤ ਬਾਬਾ ਬਕਾਲਾ ਸਾਹਿਬ ਦੇ ਪ੍ਰਧਾਨ ਸੁਰਜੀਤ ਸਿੰਘ ਕੰਗ, ਈ.ਓ. ਵਿਜੇ ਡੋਗਰਾਂ, ਸਮੂਹ ਐਮ.ਸੀ. ਸਾਹਿਬਾਨ, ਵੱਖ ਵੱਖ ਜਥੇਬੰਦੀਆਂ ਅਤੇ ਪਾਰਟੀਆਂ ਦੇ ਸਹਿਯੋਗ ਨਾਲ ਨਗਰ ਪੰਚਾਇਤ ਬਾਬਾ ਬਕਾਲਾ ਸਾਹਿਬ ਤੋਂ ਗੁਰਦੁਆਰਾ ਨੌਵੀ ਪਾਤਸ਼ਾਹੀ ਬਾਬਾ ਬਕਾਲਾ ਸਾਹਿਬ ਤੱਕ ਨਸ਼ਿਆਂ ਵਿਰੁੱਧ ਰੋਡ ਮਾਰਚ ਕੀਤਾ ਗਿਆ। ਜਿਸ ਵਿੱਚ ਲੋਕਾਂ ਨੂੰ ਜਾਗ੍ਰਿਤਿ ਕਰਦੇ ਹੋਏ, ਦਸਮੇਸ਼ ਪਬਲਿਕ ਸਕੂਲ ਅਤੇ ਸੰਤ ਮਾਝਾ ਸੀਨੀਅਰ ਸੈਕੰਡਰੀ ਸਕੂਲ ਦੇ ਬੱਚਿਆਂ ਨੇ ਨਸ਼ਿਆਂ ਵਿਰੁੱਧ ਸਲੋਗਨ ਵਾਲੇ ਚਾਰਟ ਤਿਆਰ ਕੀਤੇ ਅਤੇ ਲੋਕਾਂ ਨੂੰ ਜਾਗ੍ਰਿਤਿ ਕੀਤਾ । ਇਸ ਮੌਕੇ ਪ੍ਰਧਾਨ ਸੁਰਜੀਤ ਸਿੰਘ ਕੰਗ ਅਤੇ ਸਮੂਹ ਐਮ.ਸੀ. ਸਾਹਿਬਾਨਾਂ ਨੇ ਭਾਰੀ ਇਕੱਠ ਨੂੰ ਸੰਬੋਧ ਕਰਦੇ ਹੋਏ ਕਿਹਾ ਕਿ ਯੁੱਧ ਨਸ਼ਿਆਂ ਵਿਰੁੱਧ ਤਹਿਤ ਅਰਵਿੰਦ ਕੇਜਰੀਵਾਲ, ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਪੰਜਾਬ ਪ੍ਰਭਾਰੀ ਮੁਨੀਸ਼ ਸਿਸੋਧੀਆਂ, ਪੰਜਾਬ ਪ੍ਰਧਾਨ ਅਮਨ ਅਰੋੜਾ ਅਤੇ ਸਮੂਹ ਲੀਡਰਸ਼ਿਪ ਬਹੁਤ ਹੀ ਸੰਜੀਦਾ ਹੈ ਅਤੇ ਪ੍ਰਣ ਕੀਤਾ ਹੈ ਕਿ ਪੰਜਾਬ ਨੂੰ ਨਸ਼ਾ ਮੁਕਤ ਕਰਨਾ ਹੈ। ਇਸ ਮੌਕੇ ਪਾਰਟੀ ਦੇ ਕੰਮਾਂ ਅਤੇ ਐਮ ਸੀ ਰਵੀ ਦੀ ਪ੍ਰੇਰਨਾ ਸਦਕਾ ਕੁਝ ਨੌਜਵਾਨਾਂ ਨੇ ਨਸ਼ੇ ਤੋਂ ਤੌਬਾ ਕੀਤੀ ਅਤੇ ਇਲਾਜ ਕਰਵਉਣ ਲਈ ਸਹਿਯੋਗ ਦਿੱਤਾ। ਇਸੇ ਮੁਹਿੰਮ ਤਹਿਤ ਅੱਜ ਰੋਡ ਮਾਰਚ ਕੱਢਿਆ ਗਿਆ ਹੈ ਕਿ ਸਰਕਾਰ ਵੱਲੋਂ ਸਖਤ ਨਿਰਦੇਸ਼ ਹਨ, ਕਿ ਜ਼ੇਕਰ ਕੋਈ ਨਸ਼ਾ ਛੱਡਣਾ ਚਾਹੁੰਦਾ ਹੈ, ਤਾਂ ਸਰਕਾਰ ਉਸਦਾ ਇਲਾਜ ਕਰਵਾਵੇਗੀ ਅਤੇ ਜ਼ੇਕਰ ਫਿਰ ਵੀ ਕੋਈ ਨਸ਼ਾ ਵੇਚਣਾ ਜਾਂ ਨਸ਼ੇ ਦੇ ਕਾਰੋਬਾਰ ਤੋਂ ਤੌਬਾ ਨਹੀਂ ਕਰਦਾ ਤਾਂ ਆਉਣ ਵਾਲੇ ਦਿਨਾਂ ਵਿੱਚ ਸਰਕਾਰ ਵੱਲੋਂ ਉਸਦੇ ਖਿਲਾਫ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ । ਕੰਗ ਅਤੇ ਸਮੂਹ ਐਮ.ਸੀ. ਸਾਹਿਬਾਨਾਂ ਅਤੇ ਆਗੂ ਸਾਹਿਬਾਨਾਂ ਨੇ ਪ੍ਰਣ ਲਿਆ ਕਿ ਸਾਡੇ ਵੱਲੋਂ ਕੋਈ ਵੀ ਨਸ਼ੇ ਨਾਲ ਸਬੰਧਿਤ ਵਿਅਕਤੀ ਦੀ ਨਾ ਤਾਂ ਜ਼ਮਾਨਤ ਦੇਵੇਗਾ ਅਤੇ ਨਾ ਹੀ ਉਸਦੇ ਮਗਰ ਜਾਵੇਗਾ ਅਤੇ ਗੁਰੂ ਨਗਰੀ ਬਾਬਾ ਬਕਾਲਾ ਸਾਹਿਬ ਨੂੰ ਨਸ਼ਾ ਮੁਕਤ ਕੀਤਾ ਜਾਵੇਗਾ । ਇਸ ਮੌਕੇ ਮਨਜਿੰਦਰ ਸਿੰਘ ਐਮ.ਸੀ., ਸੁਖਚੈਨ ਸਿੰਘ ਐਮ.ਸੀ. ਪਰਮਜੀਤ ਸਿੰਘ, ਰਵੀ ਸਿੰਘ ਐਮ.ਸੀ., ਕੁਲਵੰਤ ਸਿੰਘ ਰੰਧਾਵਾ ਐਮ ਸੀ ,ਹਰਜੀਤ ਸਿੰਘ ਫੌਜੀ, ਹਰਪ੍ਰੀਤ ਸਿੰਘ ਭਿੰਡਰ, ਬਲਸ਼ਰਨ ਸਿੰਘ, ਸੁਖਦੀਪ ਸਿੰਘ, ਗੁਰਮੀਤ ਕੌਰ, ਰਾਣੋ, ਬੀਬੀ ਕਸ਼ਮੀਰ ਕੌਰ, ਬੀਬੀ ਜਗੀਰ ਕੌਰ, ਇੰਦਰਜੀਤ ਕੌਰ,ਸਰਪੰਚ ਕਾਲੀ ਫੱਤੂਵਾਲ, ਬੀਬੀ ਰਘਬੀਰ ਕੌਰ, ਬਲਜਿੰਦਰ ਸਿੰਘ ਚਾਹਲ, ਸੁਖਦੇਵ ਸਿੰਘ ਪੱਡਾ, ਅਮਰਜੀਤ ਸਿੰਘ ਕਾਲੇਕੇ, ਦਵਿੰਦਰ ਸਿੰਘ ਜਸਪਾਲ, ਗੁਰਦਿਆਲ ਸਿੰਘ, ਲਵਪ੍ਰੀਤ ਸਿੰਘ, ਸੁਖਦੇਵ ਸਿੰਘ, ਸਰਬਜੀਤ ਖਲਚੀਆਂ, ਗੁਰਜੀਤ ਸਿੰਘ, ਮਨਜੋਤ ਸਿੰਘ ਰਈਆ, ਸ਼ਮਸ਼ੇਰ ਮਸੀਹ ਰਈਆ ਆਦਿ ਮੋਹਤਬਰ ਆਗੂ ਆਪਣੇ ਸਾਥੀਆਂ ਸਮੇਤ ਹਾਜ਼ਰ ਹੋਏ, ਸਾਰਿਆਂ ਨੇ ਸਰਕਾਰ ਦੇ ਇਸ ਕਦਮ ਦੀ ਸ਼ਲਾਘਾ ਕੀਤੀ ਅਤੇ ਇਸ ਨਸ਼ੇ ਪ੍ਰਤੀ ਕੋਹੜ ਨੂੰ ਖ਼ਤਮ ਕਰਨ ਲਈ ਪੂਰਨ ਸਹਿਯੋਗ ਦੇਣ ਦਾ ਪ੍ਰਣ ਕੀਤਾ।

## ਚੇਅਰਮੈਨ ਨੇ 3 ਸਕੂਲਾਂ 'ਚ ਕਰੀਬ 51 ਲੱਖ ਦੀ ਲਾਗਤ ਨਾਲ ਹੋਏ ਵਿਕਾਸ ਕੰਮਾਂ ਦੇ ਕੀਤੇ ਉਦਘਾਟਨ



ਅੰਮ੍ਰਿਤਸਰ, 6 ਮਈ, (ਗੁਰਦਿਆਲ ਸਿੰਘ): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਪੰਜਾਬ ਸਿੱਖਿਆ ਕ੍ਰਾਂਤੀ ਰਾਹੀਂ ਸਰਕਾਰੀ ਸਕੂਲਾਂ ਵਿਚ ਕ੍ਰਾਂਤੀਕਾਰੀ ਬਦਆਅ ਲਿਆ ਕੇ ਵਿਦਿਆਰਥੀਆਂ ਦੀ ਪੜ੍ਹਾਈ ਅਤੇ ਖੇਡਾਂ ਵਿਚ ਸਮੇਂ ਦੀ ਸਰਬੋਤਮ ਵਰਤੋਂ ਨੂੰ ਯਕੀਨੀ ਬਣਾ ਰਹੀ ਹੈ ਤਾਂ ਜੋ ਸਰਕਾਰੀ ਸਕੂਲਾਂ ਦੇ ਬੱਚੇ ਵੀ ਪ੍ਰਤੀਯੋਗੀ ਪ੍ਰੀਖਿਆਵਾਂ ਵਿੱਚ ਸ਼ਾਮਲ ਹੋ ਕੇ ਸੂਬੇ ਦਾ ਨਾਮ ਰੌਸ਼ਨ ਕਰ ਸਕਣ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਚੇਅਰਮੈਨ ਪਨਗਰੇਨ ਬਲਦੇਵ ਸਿੰਘ ਮਿਆਦੀਆ ਨੇ ਵਿਧਾਨ ਸਭਾ ਹਲਕਾ ਰਾਜਾਸਾਂਸੀ ਦੇ ਪਿੰਡ ਬੱਗਾਂ ਕਲਾਂ, ਭੁੱਲਰ ਅਤੇ ਖਿਆਲਾ ਕਲਾਂ ਦੇ ਪ੍ਰਾਇਮਰੀ, ਸੀਨੀਅਰ ਸੈਕੰਡਰੀ ਅਤੇ ਹਾਈ ਸਕੂਲਾਂ ਵਿੱਚ ਕਰੀਬ 51 ਲੱਖ ਤੋਂ ਵੱਧ ਦੀ ਲਾਗਤ ਨਾਲ ਕਰਵਾਏ ਗਏ ਵਿਕਾਸ ਕੰਮਾਂ ਦੇ ਉਦਘਾਟਨ ਮੌਕੇ ਇਲਾਕਾ ਨਿਵਾਸੀਆਂ ਨੂੰ ਸੰਬੋਧਨ ਕਰ ਰਹੇ ਸਨ।

ਚੇਅਰਮੈਨ ਨੇ ਦੱਸਿਆ ਕਿ ਇਨ੍ਹਾਂ ਸਕੂਲਾਂ ਵਿੱਚ ਨਵੀਂ ਚਾਰਦੀਵਾਰੀ, ਨਵੇ ਕਮਰੇ ਅਤੇ ਸਕੂਲਾਂ ਦੀ ਮੁਰੰਮਤ ਕਰਵਾਈ ਜਾਵੇਗੀ। ਉਨ੍ਹਾਂ ਦੱਸਿਆ ਕਿ ਹੁਣ ਸਰਕਾਰੀ ਸਕੂਲਾਂ ਦੀਆਂ ਇਮਾਰਤਾਂ ਦੀ ਦਿੱਖ ਪ੍ਰਾਈਵੇਟ ਸਕੂਲਾਂ ਨਾਲੋ ਵਧੀਆ ਅਤੇ ਪੜ੍ਹਾਈ ਵਿੱਚ ਵੀ ਨਵੀਆਂ ਤਕਨੀਕਾਂ ਦੀ ਵਰਤੋਂ ਕੀਤੀ ਜਾ ਰਹੀ ਹੈ।

ਮਿਆਂਦੀਆ ਨੇ ਕਿਹਾ ਕਿ ਆਮ ਆਦਮੀ ਪਾਰਟੀ ਨੇ ਜੋ ਸਿੱਖਿਆ ਮਾਡਲ ਸੂਬੇ ਵਿੱਚ ਬਣਾਇਆ ਹੈ, ਉਸ ਦੀ ਦੇਸ਼ ਤੇ ਵਿਦੇਸ਼ਾਂ ਵਿੱਚ ਸ਼ਲਾਘਾ ਹੋਈ ਹੈ, ਜਿਸ ਤਹਿਤ ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਅਧਿਆਪਕਾਂ ਤੇ ਪ੍ਰਿੰਸੀਪਲਾਂ ਨੂੰ ਵਿਦੇਸ਼ਾਂ 'ਚ ਸਿਖਲਾਈ, ਨਵੇਂ ਸਕੂਲ ਆਫ਼ ਐਮੀਨੈਂਸ, ਕਿੱਤਾਮੁਖੀ ਸਿੱਖਿਆ ਅਤੇ ਅਧਿਆਪਕਾਂ ਦੀ ਭਰਤੀ ਕੀਤੀ ਗਈ, ਜਿਸ ਨਾਲ ਸਕੂਲਾਂ 'ਚ ਸੁਰੱਖਿਆ ਤੇ ਸਿੱਖਿਆ ਦਾ ਵਾਤਵਰਣ ਬਣਿਆ ਹੈ ਅਤੇ ਬੱਚੇ ਸਿੱਖਿਆ ਸਮੇਤ ਹੋਰ ਸਹਿ ਵਿੱਦਿਅਕ ਖੇਤਰਾਂ 'ਚ ਮੱਲਾਂ ਮਾਰ ਰਹੇ ਹਨ।

ਚੇਅਰਮੈਨ ਨੇ ਸਬੋਧੰਨ ਕਰਦਿਆ ਕਿਹਾ ਕਿ ਸਿੱਖਿਆ ਇੱਕ ਮਹੱਤਵਪੂਰਨ ਤੇ ਅਸਰਦਾਰ ਨਿਵੇਸ਼ ਹੈ। ਬੱਚਿਆਂ ਲਈ ਚੰਗਾ ਵਿੱਦਿਅਕ ਮਾਹੌਲ ਤਿਆਰ ਕਰਨਾ ਭਗਵੰਤ ਸਿੰਘ ਮਾਨ ਸਰਕਾਰ ਦੀ ਪਹਿਲ ਹੈ। ਸਰਕਾਰੀ ਸਕੂਲਾਂ ਨੂੰ ਆਧੁਨਿਕ ਬਣਾਉਣ ਨਾਲ ਹੀ ਸਿੱਖਿਆ ਵਿੱਚ ਗੁਣਵੱਤਾ ਲਿਆਈ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਿੱਖਿਆ ਕ੍ਰਾਂਤੀ ਤਹਿਤ ਰਾਜ ਦੇ ਹਰ ਇੱਕ ਕੋਨੇ ਵਿੱਚ ਸਕੂਲਾਂ ਦੀ ਸੁਧਾਰਤ ਢਾਂਚਾ ਬਣਾਇਆ ਜਾ ਰਿਹਾ ਹੈ ਤਾਂ ਜੋ ਹਰ ਵਿਦਿਆਰਥੀ ਨੂੰ ਬਰਾਬਰ ਮੌਕੇ ਮਿਲ ਸਕਣ। ਸਕੂਲ ਪ੍ਰਬੰਧਨ ਅਤੇ ਸਥਾਨਕ ਨਿਵਾਸੀਆਂ ਨੇ ਵਿਧਾਇਕਾ ਦੀ ਪ੍ਰਸ਼ੰਸਾ ਕਰਦਿਆਂ ਉਨ੍ਹਾਂ ਦਾ ਧੰਨਵਾਦ ਕੀਤਾ।

ਇਸ ਮੌਕੇ ਸਕੂਲ ਮੁੱਖੀ ਗੁਰਚਰਨ ਸਿੰਘ, ਮੈਡਮ ਸੁਨੀਤਾ, ਸਤਿੰਦਰ ਸਿੰਘ ਮਾਨ ਤੋ ਇਲਾਵਾ ਵੱਡੀ ਗਿਣਤੀ ਵਿਚ ਸਕੂਲੀ ਬੱਚੇ, ਉਨ੍ਹਾ ਦੇ ਮਾਪੇ ਅਤੇ ਪਿੰਡਾਂ ਦੇ ਮੋਹਤਬਰ ਲੋਕ ਹਾਜ਼ਰ ਸਨ।

## ਵਿਸ਼ਵ ਸਿੱਖ ਚੈਂਬਰ ਆਫ਼ ਕਾਮਰਸ ਦਾ ਸਿ਼ਖਰ ਸੰਮੇਲਨ 7-9 ਮਈ ਨੂੰ : ਮਰਵਾਹਾ



ਅੰਮ੍ਰਿਤਸਰ, 6 ਮਈ, (ਬਬਲੂ ਮਹਾਜਨ): ਵਿਸ਼ਵ ਸਿੱਖ ਚੈਂਬਰ ਆਫ਼ ਕਾਮਰਸ ਅੰਮ੍ਰਿਤਸਰ ਦੇ ਚੇਅਰਮੈਨ ਰਜਿੰਦਰ ਸਿੰਘ ਮਰਵਾਹਾ, ਸੁਖਵਿੰਦਰ ਸਿੰਘ ਕੋਹਲੀ, ਹਰਪਾਲ ਸਿੰਘ ਆਹਲੂਵਾਲੀਆ, ਡਾ. ਜਸਵਿੰਦਰ ਸਿੰਘ ਢਿੱਲੋਂ, ਸੁਖਵਿੰਦਰ ਸਿੰਘ ਪ੍ਰਿੰਸ, ਅਮਰਜੀਤ ਸਿੰਘ ਨਾਰੰਗ, ਕੁਲਵਿੰਦਰ ਸਿੰਘ ਮਰਵਾਹਾ, ਆਰਕੀਟੈਕਟ ਜੱਜਬੀਰ ਸਿੰਘ, ਹਰਦੇਸ਼ ਦਵੇਸਰ, ਪ੍ਰਿੰਸੀਪਲ ਕੁਲਵੰਤ ਸਿੰਘ ਅਣਖੀ ਅਤੇ ਹੋਰ ਸ਼ਖ਼ਸੀਅਤਾਂ ਦੇ ਉੱਦਮੀ ਉਪਰਾਲੇ ਸਦਕਾ ਗੁਰੂ ਨਗਰੀ ਅੰਮ੍ਰਿਤਸਰ ਵਿਖੇ ਵਿਸ਼ਵ ਸਿੱਖ ਚੈਂਬਰ ਆਫ਼ ਕਾਮਰਸ ਦਾ ਕੌਮੀ ਸਿਖਰ ਸੰਮੇਲਨ ਮਿਤੀ ਸੱਤ ਤੋਂ ਨੌਂ ਮਈ ਦੌਰਾਨ ਆਯੋਜਿਤ ਕੀਤਾ ਜਾਵੇਗਾ। ਇਸ ਕੌਮੀ ਸਿਖਰ ਸੰਮੇਲਨ ਵਿੱਚ ਸਾਰੇ ਭਾਰਤ ਵਿੱਚੋਂ ਨਾਮਵਰ ਵਪਾਰੀ, ਕਾਰੋਬਾਰੀ, ਉਦਯੋਗਪਤੀ ਅਤੇ ਕਾਰਖਾਨੇਦਾਰ ਹਿੱਸਾ ਲੈਣਗੇ। ਪ੍ਰਮੁੱਖ ਸੈਮੀਨਾਰ ਸਥਾਨਾਂ 'ਤੇ ਮਾਹਿਰ ਸਿੱਖ ਉਦਮੀਆਂ ਵੱਲੋਂ ਸਿਰ ਜੋੜ ਕੇ ਦੀਰਘ ਵਿਚਾਰ ਵਟਾਂਦਰਾ ਕੀਤਾ ਜਾਵੇਗਾ, ਕਿ ਸਿੱਖ ਉਦਮੀਆਂ ਦੇ ਵਪਾਰ, ਕਾਰੋਬਾਰ ਅਤੇ ਉਦਯੋਗਾਂ ਨੂੰ ਵਿਸ਼ਵ ਪੱਧਰ 'ਤੇ ਪ੍ਰਫੁੱਲਿਤ ਕਰਨ ਲਈ ਕੀ ਕੀ ਉਪਰਾਲੇ ਕੀਤੇ ਜਾਣ। ਇਸ ਸਿਖਰ ਸੰਮੇਲਨ ਵਿੱਚ ਗਲੋਬਲ ਪ੍ਰੈਜੀਡੈਂਟ ਪਰਮੀਤ ਸਿੰਘ ਚੱਢਾ, ਹਰਮੀਤ ਸਿੰਘ ਅਰੋੜਾ, ਮੱਧ ਪ੍ਰਦੇਸ਼ ਦੇ ਚੇਅਰਮੈਨ ਹਰਪਾਲ ਸਿੰਘ ਭਾਟੀਆ, ਗੁਜਰਾਤ ਦੇ ਚੇਅਰਮੈਨ ਰਣਜੀਤ ਸਿੰਘ ਵਾਸੂ, ਜਸਲੀਨ ਕੌਰ ਚੱਢਾ ਪ੍ਰਧਾਨ ਗਲੋਬਲ ਐਸੋਸੀਏਟ, ਗਲੋਬਲ ਡਾਇਰੈਕਟਰ ਅਮਰਦੀਪ ਸਿੰਘ, ਨੇਹਾ ਸਿੰਘ, ਮਨਮੀਤ ਸਿੰਘ ਭੱਟੀ, ਜਸਜੀਤ ਸਿੰਘ, ਹਰਜੋਤ ਸਿੰਘ, ਅਮਰਿੰਦਰ ਸਿੰਘ, ਜੰਮੂ ਕਸ਼ਮੀਰ ਦੇ ਚੇਅਰਮੈਨ ਹਰਦੀਪ ਸਿੰਘ, ਜੈਤੇਗ ਸਿੰਘ, ਦਿੱਲੀ ਚੈਪਟਰ ਦੇ ਚੇਅਰਮੈਨ ਜੈਸਮੀਨ ਸਿੰਘ ਅਤੇ ਗੁਰੂਗ੍ਰਾਮ ਦੇ ਚੇਅਰਮੈਨ ਸਰਬਜੀਤ ਸਿੰਘ ਅਤੇ ਹੋਰ ਨਾਮੀਂ ਸ਼ਖ਼ਸੀਅਤਾਂ ਭਾਗ ਲੈਣਗੀਆਂ।

## 'ਫਿਊਚਰ ਟਾਈਕੂਨ' ਪ੍ਰੋਗਰਾਮ ਆਪਣੇ ਅੰਤਿਮ ਪੜਾਅ 'ਤੇ ਪਹੁੰਚਿਆ, ਤਿੰਨ ਦਿਨਾਂ ਵਰਕਸ਼ਾਪ ਸ਼ੁਰੂ



ਅੰਮ੍ਰਿਤਸਰ, 6 ਮਈ, (ਬਬਲੂ ਮਹਾਜਨ) : ਜ਼ਿਲ੍ਹਾ ਪ੍ਰਸ਼ਾਸਨ ਅੰਮ੍ਰਿਤਸਰ ਵੱਲੋਂ ਸਟਾਰਟਅੱਪ ਪੰਜਾਬ ਅਤੇ ਪੀਐਚਡੀ ਚੈਂਬਰ ਆਫ਼ ਕਾਮਰਸ ਐਂਡ ਇੰਡਸਟਰੀਜ਼ ਦੇ ਸਹਿਯੋਗ ਨਾਲ ਚਲਾਇਆ ਜਾ ਰਿਹਾ ਫਿਊਚਰ ਟਾਈਕੂਨ ਪ੍ਰੋਗਰਾਮ ਆਪਣੇ ਅੰਤਿਮ ਪੜਾਅ 'ਤੇ ਪਹੁੰਚ ਗਿਆ ਹੈ। ਇਸ ਪ੍ਰੋਗਰਾਮ ਬਾਰੇ ਵਧੇਰੇ ਜਾਣਕਾਰੀ ਦਿੰਦੇ ਹੋਏ ਅੰਮ੍ਰਿਤਸਰ ਦੀ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਨੇ ਦੱਸਿਆ ਕਿ ਉਨ੍ਹਾਂ ਦੀ ਪ੍ਰਧਾਨਗੀ ਹੇਠ, ਇਹ ਪ੍ਰੋਗਰਾਮ ਪਟਿਆਲਾ ਅਤੇ ਲੁਧਿਆਣਾ ਵਿੱਚ ਸਫਲਤਾਪੂਰਵਕ ਕਰਵਾਇਆ ਗਿਆ ਹੈ ਅਤੇ ਇਸਦਾ ਤੀਜਾ ਐਡੀਸ਼ਨ ਹੁਣ ਅੰਮ੍ਰਿਤਸਰ ਵਿੱਚ ਆਯੋਜਿਤ ਕੀਤਾ ਜਾ ਰਿਹਾ ਹੈ, ਜਿਸ ਵਿੱਚ ਪਿਛਲੇ ਦੋ ਐਡੀਸ਼ਨਾਂ ਦੇ ਮੁਕਾਬਲੇ ਰਿਕਾਰਡ ਤੋੜ ਭਾਗੀਦਾਰੀ ਦੇਖਣ ਨੂੰ ਮਿਲੀ। ਪ੍ਰੋਗਰਾਮ ਦੇ ਸ਼ੁਰੂਆਤੀ ਪੜਾਅ ਵਿੱਚ, ਕੁੱਲ 1500 ਤੋਂ ਵੱਧ ਲੋਕਾਂ ਨੇ ਆਪਣੇ ਕਾਰੋਬਾਰ ਅਤੇ ਸਟਾਰਟ-ਅੱਪ ਰਜਿਸਟਰ ਕੀਤੇ। ਇਨ੍ਹਾਂ ਵਿੱਚੋਂ, ਪ੍ਰੋਗਰਾਮ ਨਾਲ ਜੁੜੇ ਗਿਆਨ ਭਾਈਵਾਲ ਗੁਰੂ ਨਾਨਕ ਦੇਵ ਯੂਨੀਵਰਸਿਟੀ, ਆਈਆਈਐਮ ਅੰਮ੍ਰਿਤਸਰ ਅਤੇ ਪੀਟੀਯੂ ਦੇ ਪ੍ਰੋਫੈਸਰਾਂ ਦੁਆਰਾ ਅਗਲੇ ਪੜਾਅ ਲਈ ਕੁੱਲ 300 ਸਭ ਤੋਂ ਵਧੀਆ ਕਾਰੋਬਾਰੀ ਮਾਡਲ ਚੁਣੇ ਗਏ ਸਨ, ਜਿਸ ਲਈ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਗੁਰੂ ਗ੍ਰੰਥ ਸਾਹਿਬ ਭਵਨ ਵਿਖੇ 6 ਤੋਂ 8 ਮਈ ਤੱਕ ਤਿੰਨ ਦਿਨਾਂ ਵਰਕਸ਼ਾਪ ਸ਼ੁਰੂ ਹੋ ਗਈ ਹੈ। ਇਸ ਵਰਕਸ਼ਾਪ ਵਿੱਚ, ਇਨੋਵੇਸ਼ਨ ਮਿਸ਼ਨ ਪੰਜਾਬ, ਸਟਾਰਟਅੱਪ ਪੰਜਾਬ, ਪੀਐਚਡੀ, ਜੀਐਨਡੀਯੂ ਆਈਆਈਐਮ ਅੰਮ੍ਰਿਤਸਰ ਦੇ ਮਹਿਮਾਨ ਬੁਲਾਰੇ ਭਾਗੀਦਾਰਾਂ ਨਾਲ ਮੁਲਾਕਾਤ ਕਰਨਗੇ ਅਤੇ ਉਨ੍ਹਾਂ ਨੂੰ ਕਿਸੇ ਵੀ ਕਿਸਮ ਦੇ ਕਾਰੋਬਾਰ ਨੂੰ ਵਿਕਸਤ ਕਰਨ ਲਈ ਵੱਖ-ਵੱਖ ਸਰਕਾਰੀ ਸਹੂਲਤਾਂ, ਮਾਰਕੀਟ ਮੰਗ, ਬ੍ਰਾਂਡਿੰਗ, ਉਤਪਾਦ ਕੀਮਤ ਆਦਿ ਬਾਰੇ ਜਾਗਰੂਕ ਕਰਨਗੇ ਅਤੇ ਵਰਕਸ਼ਾਪ ਦੇ ਤੀਜੇ ਦਿਨ, ਸਾਰੇ ਭਾਗੀਦਾਰ ਜਿਊਰੀ ਦੇ ਸਾਹਮਣੇ ਆਪਣੇ ਕਾਰੋਬਾਰੀ ਮਾਡਲ ਪੇਸ਼ ਕਰਨਗੇ, ਜਿਨ੍ਹਾਂ ਵਿੱਚੋਂ ਸਿਰਫ਼ ਕੁਝ ਕੁ ਹੀ ਸਭ ਤੋਂ ਵਧੀਆ ਆਈਡੀਆ ਹੀ ਫਾਈਨਲ ਵਿੱਚ ਹਿੱਸਾ ਲੈ ਸਕਣਗੇ।

ਵਰਕਸ਼ਾਪ ਦੇ ਪਹਿਲੇ ਦਿਨ, ਇਨੋਵੇਸ਼ਨ ਮਿਸ਼ਨ ਪੰਜਾਬ ਦੇ ਮੁੱਖ ਸੰਚਾਲਨ ਅਧਿਕਾਰੀ ਆਸ਼ੀਸ਼ ਮਹਿਤਾ ਅਤੇ ਧਵਲ ਕਾਕੂ ਨੇ ਭਾਗੀਦਾਰਾਂ ਨਾਲ ਗੱਲਬਾਤ ਕੀਤੀ ਅਤੇ ਉਨ੍ਹਾਂ ਨੂੰ ਭਵਿੱਖ ਦੇ ਉੱਦਮੀ ਬਣਨ ਲਈ ਉਤਸ਼ਾਹਿਤ ਕੀਤਾ।

## ਪਿੰਡਾਂ/ਵਾਰਡਾਂ ਵਿੱਚ ਰੱਖਿਆ ਕਮੇਟੀਆਂ ਨੂੰ ਨਸ਼ਿਆਂ ਖ਼ਿਲਾਫ਼ ਜਾਗਰੂਕ ਕਰਨ ਲਈ ਨਸ਼ਾ ਮੁਕਤੀ ਯਾਤਰਾਵਾਂ ਅੱਜ ਤੋਂ, ਡੀ.ਸੀ. ਨੇ ਤਿਆਰੀਆਂ ਦਾ ਲਿਆ ਜਾਇਜ਼ਾ




ਅੰਮ੍ਰਿਤਸਰ, 6 ਮਈ, (ਬਬਲੂ ਮਹਾਜਨ) : ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਵੱਲੋਂ ਬੀਤੀ 24 ਫਰਵਰੀ ਤੋਂ ਆਰੰਭੀ ਨਸ਼ਿਆਂ ਖਿਲਾਫ ਫੈਸਲਾਕੁੰਨ ਲੜਾਈ ਦੇ ਅਗਲੇ ਪੜਾਅ ਵਿੱਚ ਹੁਣ ਸਰਕਾਰ ਵੱਲੋਂ ਪਿੰਡ ਪੱਧਰ ਅਤੇ ਵਾਰਡ ਪੱਧਰ 'ਤੇ ਜਾ ਕੇ ਰੱਖਿਆ ਕਮੇਟੀਆਂ ਨਾਲ ਜਾਗਰੂਕਤਾ ਮੀਟਿੰਗਾਂ ਦਾ ਸਿਲਸਿਲਾ ਆਰੰਭਿਆ ਗਿਆ ਹੈ। ਇਨ੍ਹਾਂ ਮੀਟਿੰਗਾਂ ਦਾ ਮੰਤਵ ਪਿੰਡ ਰੱਖਿਆ ਕਮੇਟੀਆਂ ਅਤੇ ਵਾਰਡ ਰੱਖਿਆ ਕਮੇਟੀਆਂ ਦੇ ਮੈਂਬਰਾਂ ਨੂੰ ਨਸ਼ਾ ਤਸਕਰਾਂ ਦੀਆਂ ਗਤੀਵਿਧੀਆਂ ਪੁਲਿਸ ਅਤੇ ਜ਼ਿਲ੍ਹਾ ਪ੍ਰਸ਼ਾਸਨ ਤੱਕ ਪਹੁੰਚਾਉਣ, ਨਸ਼ਾ ਪੀੜਤਾਂ ਦੇ ਇਲਾਜ ਲਈ ਉਹਨਾਂ ਨੂੰ ਪ੍ਰੇਰ ਕੇ ਨਸ਼ਾ ਮੁਕਤੀ ਕੇਂਦਰਾਂ ਤੱਕ ਲਿਆਉਣ ਲਈ ਜਾਗਰੂਕ ਕਰਨਾ ਹੋਵੇਗਾ।

ਇਸ ਸਬੰਧੀ ਮੀਟਿੰਗ ਕਰਦੇ ਹੋਏ ਡਿਪਟੀ ਕਮਿਸ਼ਨਰ ਮੈਡਮ ਸਾਕਸ਼ੀ ਸਾਹਨੀ ਨੇ ਦੱਸਿਆ ਕਿ ਅੰਮ੍ਰਿਤਸਰ ਜ਼ਿਲ੍ਹੇ ਦੇ 11 ਹਲਕਿਆਂ ਦੇ ਪਿੰਡਾਂ ਵਿੱਚ ਇਹ ਨਸ਼ਾ ਮੁਕਤੀ ਯਾਤਰਾ ਕੱਢੀ ਜਾਵੇਗੀ। ਉਨ੍ਹਾਂ ਮੀਟਿੰਗ ਦੌਰਾਨ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਨਸ਼ਾ ਮੁਕਤੀ ਯਾਤਰਾ ਦੌਰਾਨ ਕਿਸੇ ਕਿਸਮ ਦੀ ਕੋਈ ਵੀ ਕੁਤਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

ਡਿਪਟੀ ਕਮਿਸ਼ਨਰ ਨੇ ਸਮੂਹ ਪਿੰਡਾਂ ਅਤੇ ਵਾਰਡਾਂ ਦੇ ਲੋਕਾਂ ਨੂੰ ਆਪੋ ਆਪਣੇ ਪਿੰਡ ਦੀ ਨੀਯਤ ਮਿਤੀ ਨੂੰ ਹੋਣ ਵਾਲੀ ਯਾਤਰਾ ਵਿੱਚ ਵੱਡੇ ਪੱਧਰ 'ਤੇ ਸ਼ਮੂਲੀਅਤ ਕਰਨ ਦੀ ਅਪੀਲ ਕਰਦਿਆਂ ਕਿਹਾ ਗਿਆ ਹੈ ਕਿ ਜੇਕਰ ਨਸ਼ਿਆਂ ਖਿਲਾਫ ਅਸੀਂ ਜ਼ਮੀਨੀ ਪੱਧਰ 'ਤੇ ਇੱਕਜੁੱਟ ਨਾ ਹੋਏ ਤਾਂ ਇਸ ਦਾ ਨੁਕਸਾਨ ਸਾਡੀ ਨੌਜਵਾਨ ਪੀੜ੍ਹੀ ਨੂੰ ਝੱਲਣਾ ਪਵੇਗਾ। ਉਹਨਾਂ ਕਿਹਾ ਕਿ ਇਹ ਸਾਡਾ ਕਰਤਵ ਬਣ ਜਾਂਦਾ ਹੈ ਕਿ ਅਸੀਂ ਵੀ ਸਰਕਾਰ ਵੱਲੋਂ ਅਤੇ ਪ੍ਰਸ਼ਾਸਨ ਵੱਲੋਂ ਸ਼ੁਰੂ ਕੀਤੀ ਇਸ ਮੁਹਿੰਮ ਵਿੱਚ ਡੱਟ ਕੇ ਸਾਥ ਦੇਈਏ।

ਉਨਾਂ ਨੇ ਜ਼ਿਲ੍ਹੇ ਵਿੱਚ ਇਹਨਾਂ ਯਾਤਰਾਵਾਂ ਦੀ ਤੈਅ ਸਮਾਂ ਸਾਰਣੀ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਅਜਨਾਲਾ ਹਲਕੇ ਵਿੱਚ 7 ਮਈ ਨੂੰ ਸਵੇਰੇ 10 ਵਜੇ ਪਿੰਡ ਗੱਗੋਮਾਹਲ, 11 ਵਜੇ ਲੰਘੋਮਾਹਲ, ਬਾ:ਦੁ: 12 ਵਜੇ ਅਬੂਸੇਧ, ਹਲਕਾ ਅੰਮ੍ਰਿਤਸਰ ਕੇਂਦਰੀ ਦੀ ਵਾਰਡ ਨੰ: 58 ਵਿਖੇ 7 ਮਈ ਨੂੰ ਬਾ:ਦੁ: 1 ਵਜੇ, ਵਾਰਡ ਨੰ: 59 ਵਿਖੇ ਬਾ:ਦੁ: 2 ਵਜੇ, ਅਤੇ ਵਾਰਡ ਨੰ: 60 ਵਿਖੇ ਬਾ:ਦੁ: 3 ਵਜੇ, ਅੰਮ੍ਰਿਤਸਰ ਪੂਰਬੀ ਵਿਖੇ 7 ਮਈ ਨੂੰ ਪਿੰਡ ਮੁਧਲ ਵਿਖੇ ਸ਼ਾਮ 5 ਵਜੇ, ਵਾਰਡ ਨੰ: 18 ਵਿਖੇ ਸ਼ਾਮ 6 ਵਜੇ ਅਤੇ ਵਾਰਡ ਨੰ: 19 ਵਿਖੇ ਸ਼ਾਮ 7 ਵਜੇ, ਹਲਕਾ ਅੰਮ੍ਰਿਤਸਰ ਕੇਂਦਰੀ ਦੀ ਵਾਰਡ ਨੰ: 10 ਨੂੰ ਸਵੇਰੇ 10 ਵਜੇ ਵਾਰਡ ਨੰ:11 ਵਿਖੇ ਸਵੇਰੇ 11 ਵਜੇ, ਵਾਰਡ ਨੰ: 12 ਵਿਖੇ ਬਾ:ਦੁ: 12 ਵਜੇ, ਅੰਮ੍ਰਿਤਸਰ ਦੱਖਣੀ ਵਿਖੇ 7 ਮਈ ਨੂੰ ਵਾਰਡ ਨੰ: 36, 37 ਅਤੇ 39 ਵਿਖੇ ਕ੍ਰਮਵਾਰ 10 ਵਜੇ, 11 ਵਜੇ ਅਤੇ 12 ਵਜੇ, 7 ਅੰਮ੍ਰਿਤਸਰ ਪੱਛਮੀ ਦੀ ਵਾਰਡ ਨੰ: 1 ਅਤੇ 2 ਨੂੰ ਸ਼ਾਮ 6 ਵਜੇ ਅਤੇ 7 ਵਜੇ , ਹਲਕਾ ਅਟਾਰੀ ਵਿਖੇ 7 ਮਈ ਨੂੰ ਪਿੰਡ ਧਨੋਆ ਖੁਰਦ, ਧਨੋਆ ਕਲਾਂ ਅਤੇ ਹਰਦੋਰਤਨ ਵਿਖੇ ਬਾ:ਦੁ: 2, 3 ਅਤੇ 4 ਵਜੇ, ਹਲਕਾ ਜੰਡਿਆਲਾ ਵਿਖੇ 7 ਮਈ ਨੂੰ ਨਿੱਝਰਪੁਰਾ, ਮੇਹਰਬਾਨਪੁਰਾ ਅਤੇ ਅਮਰਕੋਟ ਵਿਖੇ ਕ੍ਰਮਵਾਰ 3, 4 ਅਤੇ ਸ਼ਾਮ 5 ਵਜੇ, ਹਲਕਾ ਮਜੀਠਾ ਵਿਖੇ ਪਿੰਡ ਸਾਹਨੇਵਾਲੀ, ਅਬਦਾਲ, ਅਤੇ ਲੋਹਾਰਕਾ ਵਿਖੇ ਬਾ:ਦੁ: 2, 4 ਅਤੇ ਸ਼ਾਮ 5 ਵਜੇ, ਹਲਕਾ ਰਾਜਾਸਾਂਸੀ ਵਿਖੇ 7 ਮਈ ਨੂੰ ਧਾਰੀਵਾਲ, ਮੁੱਲਾਂਕੋਟ ਅਤੇ ਬੱਚੀਵਿੰਡ ਵਿਖੇ ਕ੍ਰਮਵਾਰ 4, 5 ਅਤੇ ਸ਼ਾਮ 6 ਵਜੇ ਨਸ਼ਿਆਂ ਵਿਰੁੱਧ ਯਾਤਰਾ ਤਹਿਤ ਜਾਗਰੂਕਤਾ ਮੀਟਿੰਗ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਯਾਤਰਾਵਾਂ 14 ਮਈ ਤੱਕ ਜਿਲ੍ਹੇ ਦੇ ਹਰੇਕ ਵਿਧਾਨ ਸਭਾ ਹਲਕੇ ਦੇ 3 ਪਿੰਡਾਂ ਵਿੱਚ ਕੱਢੀਆਂ ਜਾਣਗੀਆਂ ।

ਇਸ ਮੀਟਿੰਗ ਵਿੱਚ ਪੁਲਿਸ ਕਮਿਸ਼ਨਰ ਸ੍ਰ ਗੁਰਪ੍ਰੀਤ ਸਿੰਘ ਔਲਖ, ਕਮਿਸ਼ਨਰ ਨਗਰ ਨਿਗਮ ਸ੍ਰੀ ਗੁਲਪ੍ਰੀਤ ਸਿੰਘ, ਨਸ਼ਾ ਮੁਕਤੀ ਮੋਰਚਾ ਦੇ ਜਿਲ੍ਹਾ ਕੁਆਰਡੀਨੇਟਰ ਸ੍ਰੀ ਦੀਕਸ਼ਤ ਧਵਨ, ਚੇਅਰਮੈਨ ਜਸਪ੍ਰੀਤ ਸਿੰਘ ਤੋਂ ਇਲਾਵਾ ਹੋਰ ਅਧਾਕਰੀ ਵੀ ਹਾਜਰ ਸਨ।

# ਇਹ ਸਿਰਫ਼ ਇੱਕ ਟ੍ਰੇਲਰ ਹੈ, ਪਿਕਚਰ ਅਜੇ ਆਉਣੀ ਬਾਕੀ ਹੈ - ਐਮ.ਪੀ. ਅਰੋੜਾ ਨੇ ਵਿਕਾਸ ਏਜੰਡੇ 'ਤੇ ਵੱਡਾ ਦਾਅ ਲਗਾਇਆ



ਲੁਧਿਆਣਾ, 6 ਮਈ (ਵਿਸ਼ਾਲ ਸ਼ਰਮਾ) : ਆਮ ਆਦਮੀ ਪਾਰਟੀ (ਆਪ) ਦੇ ਸੰਸਦ ਮੈਂਬਰ ਸੰਜੀਵ ਅਰੋੜਾ, ਜੋ ਹੁਣ ਲੁਧਿਆਣਾ (ਪੱਛਮੀ) ਵਿਧਾਨ ਸਭਾ ਸੀਟ ਤੋਂ ਚੋਣ ਲੜ ਰਹੇ ਹਨ, ਆਪਣੇ ਸਿਗਨੇਚਰ ਬਾਲੀਵੁੱਡ ਸਟਾਈਲ ਡਾਇਲਾਗ ਯੇ ਤੋ ਬਸ ਟਰੇਲਰ ਹੈ, ਪਿਕਚਰ ਅਭੀ ਬਾਕੀ ਹੈ... ਨਾਲ ਦਿਲ ਜਿੱਤ ਰਹੇ ਹਨ - ਅਤੇ ਲੋਕ ਖੂਬ ਤਾੜੀਆਂ ਮਾਰ ਰਹੇ ਹਨ: ਰਾਜ ਸਭਾ ਮੈਂਬਰ, ਜੋ ਕਿ ਆਪਣੀ ਸਾਫ਼-ਸੁਥਰੀ ਛਵੀ ਅਤੇ ਕਾਰਪੋਰੇਟ ਪਿਛੋਕੜ ਲਈ ਜਾਣੇ ਜਾਂਦੇ ਹਨ, ਨੇ ਆਪਣੇ ਤਿੰਨ ਸਾਲਾਂ ਦੇ ਕਾਰਜਕਾਲ ਦਾ ਵਿਸਤ੍ਰਿਤ ਰਿਪੋਰਟ ਕਾਰਡ ਪੇਸ਼ ਕਰਦੇ ਹੋਏ ਚੋਣ ਰੈਲੀਆਂ ਵਿੱਚ ਇਸ ਸੰਵਾਦ ਨੂੰ ਆਪਣੀ ਆਦਤ ਬਣਾ ਲਿਆ ਹੈ। ਇਹ ਡਾਇਲਾਗ, ਬਹੁਤ ਹੀ ਪ੍ਰਭਾਵਸ਼ਾਲੀ ਢੰਗ ਨਾਲ ਬੋਲਿਆ ਜਾਂਦਾ ਹੈ, ਜੋ ਉਨ੍ਹਾਂ ਦੇ ਆਤਮਵਿਸ਼ਵਾਸ ਨੂੰ ਦਰਸਾਉਂਦਾ ਹੈ ਕਿ ਅੱਗੇ ਵੱਡੀਆਂ ਪ੍ਰਾਪਤੀਆਂ ਹੋਣਗੀਆਂ।

ਚੋਣਾਂ ਤੋਂ ਪਹਿਲਾਂ, ਅਰੋੜਾ ਵੱਖ-ਵੱਖ ਵਾਰਡਾਂ ਦਾ ਸਰਗਰਮੀ ਨਾਲ ਦੌਰਾ ਕਰ ਰਹੇ ਹਨ ਅਤੇ 'ਆਪ' ਸਰਕਾਰ ਅਧੀਨ ਸ਼ੁਰੂ ਕੀਤੇ ਗਏ ਵੱਡੇ ਵਿਕਾਸ ਕਾਰਜਾਂ ਨੂੰ ਉਜਾਗਰ ਕਰ ਰਹੇ ਹਨ। ਇਨ੍ਹਾਂ ਵਿੱਚ ਸੈਨੀਟੇਸ਼ਨ, ਸੜਕਾਂ, ਸਿਹਤ ਸੰਭਾਲ ਵੰਡਿੰਗ ਅਤੇ ਸ਼ਾਸਨ ਪਾਰਦਰਸ਼ਤਾ ਵਿੱਚ ਸੁਧਾਰ ਸ਼ਾਮਲ ਹਨ - ਇਹ ਸਾਰੇ ਵੋਟਰਾਂ ਨੂੰ ਉਨ੍ਹਾਂ ਦੇ ਪ੍ਰਦਰਸ਼ਨ ਦੇ ਸਬੂਤ ਵਜੋਂ ਆਕਰਸ਼ਿਤ ਕਰਨ ਦਾ ਹਿੱਸਾ ਹਨ। ਮੈਂ ਜਵਾਬਦੇਹੀ ਵਿੱਚ ਵਿਸ਼ਵਾਸ ਰੱਖਦਾ ਹਾਂ। ਮੇਰਾ ਰਿਪੋਰਟ ਕਾਰਡ ਸਾਰਿਆਂ ਲਈ ਖੁੱਲ੍ਹਾ ਹੈ, ਅਰੋੜਾ ਨੇ ਹਾਲ ਹੀ ਵਿੱਚ ਇੱਕ ਜਨਤਕ ਮੀਟਿੰਗ ਦੌਰਾਨ ਨਿਵਾਸੀਆਂ ਨੂੰ ਕਿਹਾ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਮੈਂ ਪਿਛਲੇ ਤਿੰਨ ਸਾਲਾਂ ਵਿੱਚ ਲੁਧਿਆਣਾ ਦੇ ਵਿਕਾਸ ਲਈ ਸਖ਼ਤ ਮਿਹਨਤ ਕੀਤੀ ਹੈ। ਪਰ ਜੋ ਤੁਸੀਂ ਹੁਣ ਤੱਕ ਦੇਖਿਆ ਹੈ ਉਹ ਸਿਰਫ਼ ਸ਼ੁਰੂਆਤ ਹੈ - ਟਰੇਲਰ। ਅਸਲ ਤਬਦੀਲੀ ਅਜੇ ਆਉਣੀ ਬਾਕੀ ਹੈ...ਮੇਰਾ ਮਤਲਬ ਹੈ ਕਿ ਪਿਕਚਰ ਅਜੇ ਦਿਖਾਈ ਜਾਣੀ ਬਾਕੀ ਹੈ। ਉਨ੍ਹਾਂ ਦਾ ਆਕਰਸ਼ਕ ਡਾਇਲਾਗ ਖਾਸ ਤੌਰ 'ਤੇ ਨੌਜਵਾਨਾਂ ਅਤੇ ਪਹਿਲੀ ਵਾਰ ਵੋਟ ਪਾਉਣ ਵਾਲੇ ਵੋਟਰਾਂ ਵਿੱਚ ਗੂੰਜ ਰਿਹਾ ਹੈ।

ਅਰੋੜਾ ਨੂੰ ਪੂਰਾ ਵਿਸ਼ਵਾਸ ਹੈ ਕਿ ਉਹ ਜਿਸ ਪਿਕਚਰ ਦਾ ਵਾਅਦਾ ਕਰਦੇ ਹਨ, ਉਹ ਬੈਲਟ ਬਾਕਸ ਵਿੱਚ ਇੱਕ ਬਲਾਕਬਸਟਰ ਹੋਵੇਗੀ। ਨਿਰੰਤਰ ਪਹੁੰਚ ਅਤੇ ਵਧੇ ਹੋਏ ਜਨਤਕ ਸੰਪਰਕ ਦੇ ਕਾਰਨ, ਉਹ ਮੰਨਦੇ ਹਨ ਕਿ ਵੋਟਰ ਤਿਆਰ ਹਨ - ਅਤੇ ਸਮੁੱਚੀ ਪਿਕਚਰ ਨਾ ਸਿਰਫ਼ ਉਮੀਦਾਂ 'ਤੇ ਖਰੀ ਉਤਰੇਗੀ ਬਲਕਿ ਉਨ੍ਹਾਂ ਤੋਂ ਵੀ ਵੱਧ ਜਾਵੇਗੀ। ਇਸ ਵੇਲੇ, ਟ ?ਰੇਲਰ ਪਹਿਲਾਂ ਹੀ ਖਚਾਖਚ ਭਰੇ ਦਰਸ਼ਕਾਂ ਦੇ ਸਾਹਮਣੇ ਚੱਲ ਰਿਹਾ ਹੈ।

## ਪੈਨਸ਼ਨਰਾਂ ਨੂੰ ਪੈਨਸ਼ਨ ਭਵਨ ਬਣਾਕੇ ਦਿੱਤਾ ਜਾਵੇ



ਲੁਧਿਆਣਾ, 6 ਮਈ (ਕਰਨੈਲ ਸਿੰਘ ਐੱਮ.ਏ.) : ਪੰਜਾਬ ਗੌਰਮਿੰਟ ਪੈਨਸ਼ਨਰ ਐਸੋਸੀਏਸ਼ਨ ਬਲਾਕ ਭਗਤਾ ਭਾਈਕਾ ਦੀ ਮੀਟਿੰਗ ਪ੍ਰਧਾਨ ਸ਼੍ਰੀ ਆਤਮਤੇਜ ਸ਼ਰਮਾ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਗੁਰਜੀਤ ਸਿੰਘ ਜਨਰਲ ਸਕੱਤਰ ਨੇ ਪਿਛਲੇ ਮਹੀਨੇ ਪੰਜਾਬ ਗੌਰਮਿੰਟ ਪੈਨਸ਼ਨਰ ਐਸੋਸੀਏਸ਼ਨ ਵੱਲੋਂ ਕੀਤੀਆਂ ਗਈਆਂ ਸਰਗਰਮੀਆਂ ਬਾਰੇ ਚਾਨਣਾ ਪਾਇਆ ਗਿਆ। 01/01/2016 ਤੋਂ 30/06/2021 ਤੱਕ ਦੇ ਏਰੀਅਰ ਬਾਰੇ ਦੱਸਿਆ ਗਿਆ। ਸ੍ਰੀ ਸੁਲੱਖਣ ਸਿੰਘ ਸੀਨੀਅਰ ਮੀਤ ਪ੍ਰਧਾਨ ਨੇ 01/01/2016 ਤੋਂ ਬਾਅਦ ਰਿਟਾਇਰ ਹੋਣ ਵਾਲੇ ਪੈਨਸ਼ਨਰਾਂ ਨੂੰ ਮਿਲਣ ਵਾਲੇ ਏਰੀਅਰ ਅਤੇ ਲੀਵ ਇਨਕੈਸ਼ਮੈਂਟ ਦੇ ਬਕਾਏ ਬਾਰੇ ਦੱਸਿਆ ਗਿਆ। ਸ਼ ?ਰੀ ਨਰਿੰਦਰਪਾਲ ਜੀ ਨੇ ਪੁਲਵਾਮਾ ਵਿੱਚ ਮਾਰੇ ਗਏ ਸੈਲਾਨੀਆ ਬਾਰੇ ਵਿਸਥਾਰ ਪੂਰਵਕ ਦੱਸਿਆ।

ਸ਼੍ਰੀ ਰਣਧੀਰ ਸਿੰਘ ਨੇ ਆਪਣੇ ਸਮਾਜ ਨਾਲ ਨੇੜੇ ਦੇ ਸੰਬੰਧ ਬਣਾਉਣ ਲਈ ਸਾਰੇ ਪੈਨਸ਼ਨਰਾਂ ਨੂੰ ਪ੍ਰੇਰਿਤ ਕੀਤਾ। ਮੀਟਿੰਗ ਦੇ ਅੰਤ ਵਿੱਚ ਪ੍ਰਧਾਨ ਸ਼੍ਰੀ ਆਤਮਤੇਜ ਸ਼ਰਮਾ ਨੇ ਬਹੁਤ ਸਾਰੇ ਵਿਸ਼ਿਆਂ ਉੱਪਰ ਚਾਨਣਾ ਪਾਇਆ ਅਤੇ ਵੱਖ-ਵੱਖ ਮਤਿਆਂ ਉੱਪਰ ਪੈਨਸ਼ਨਰਾਂ ਦੀ ਰਾਇ ਜਾਣੀ। ਸਾਰੇ ਪੈਨਸ਼ਨਰਾਂ ਨੇ ਸਰਬਸੰਮਤੀ ਨਾਲ ਮਤਾ ਪਾਸ ਕੀਤਾ ਕਿ ਪੈਨਸ਼ਨਰਾਂ ਨੂੰ ਮੀਟਿੰਗ ਕਰਨ ਸੰਬੰਧੀ ਆਉਂਦੀ ਸਮੱਸਿਆ ਅਤੇ ਹੋਰ ਸਰਗਰਮੀਆਂ ਕਰਨ ਲਈ ਬਲਾਕ ਭਗਤਾ ਭਾਈਕਾ ਦੇ ਤਹਿਸੀਲ ਕੰਪਲੈਕਸ ਵਿੱਚ ਇੱਕ ਪੈਨਸ਼ਨ ਭਵਨ ਬਣਾਇਆ ਜਾਵੇ। ਇਸ ਮਤੇ ਉਪਰ 100 ਤੋਂ ਵੱਧ ਪੈਨਸ਼ਨਰਾਂ ਨੇ ਆਪਣੇ ਦਸਤਖ਼ਤ ਕੀਤੇ ਜੋ ਡਿਪਟੀ ਕਮਿਸ਼ਨਰ ਬਠਿੰਡਾ ਨੂੰ ਦਿੱਤਾ ਜਾਵੇਗਾ। ਮੀਟਿੰਗ ਵਿੱਚ ਮਾਸਟਰ ਨਛੱਤਰ ਸਿੰਘ, ਮਾਸਟਰ ਗੁਰਦੇਵ ਸਿੰਘ, ਮਾਸਟਰ ਹਰਮੇਲ ਸਿੰਘ, ਸ੍ਰੀ ਬੂਟਾ ਸਿੰਘ, ਮਾਸਟਰ ਦਿਲਬਾਗ ਸਿੰਘ, ਸ੍ਰੀ ਗੁਰਦਿੱਤ ਸਿੰਘ, ਮਾਸਟਰ ਲਾਭ ਸਿੰਘ ਆਦਿ ਹਾਜ਼ਰ ਸਨ।

## ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਅਰਬਨ ਅਸਟੇਟ ਫੇਸ-1, ਦੁੱਗਰੀ ਵਿਖੇ ਹਫ਼ਤਾਵਾਰੀ 2 ਰੋਜ਼ਾ ਕਥਾ ਅਤੇ ਕੀਰਤਨ ਸਮਾਗਮ : ਬੈਨੀਪਾਲ



ਲੁਧਿਆਣਾ, 6 ਮਈ (ਕਰਨੈਲ ਸਿੰਘ ਐੱਮ.ਏ.) : ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਅਰਬਨ ਅਸਟੇਟ, ਫੇਸ-1, ਦੁੱਗਰੀ ਵਿਖੇ ਹਫ਼ਤਾਵਾਰੀ 2 ਰੋਜ਼ਾ ਕਥਾ ਅਤੇ ਕੀਰਤਨ ਸਮਾਗਮ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਅਤੇ ਸੰਗਤਾਂ ਦੇ ਨਿੱਘੇ ਸਹਿਯੋਗ ਸਦਕਾ ਬੜੀ ਸ਼ਰਧਾ ਪੂਰਵਕ ਕਰਵਾਏ ਗਏ। ਜਿਨ੍ਹਾਂ ਵਿੱਚ ਸ਼ਨੀਵਾਰ ਸਵੇਰੇ ਅੰਮ੍ਰਿਤ ਵੇਲੇ ਤੋਂ ਗੁਰਬਾਣੀ ਦਾ ਪ੍ਰਵਾਹ ਆਰੰਭ ਹੋਇਆ। ਰੋਜ਼ਾਨਾ ਦੀ ਤਰ੍ਹਾਂ ਪਹਿਲਾਂ ਨਿੱਤਨੇਮ ਅਤੇ ਸੁਖਮਨੀ ਸਾਹਿਬ ਜੀ ਦੇ ਪਾਠ ਸੰਗਤੀ ਰੂਪ ਵਿੱਚ ਕਰਵਾਏ ਗਏ। ਗੁਰੂ ਘਰ ਦੇ ਹਜ਼ੂਰੀ ਰਾਗੀ ਭਾਈ ਜਸਵੰਤ ਸਿੰਘ, ਗਗਨਦੀਪ ਸਿੰਘ, ਅਮਨਦੀਪ ਸਿੰਘ ਦੇ ਜਥੇ ਨੇ ਸੰਗਤਾਂ ਨੂੰ ਗੁਰੂ ਜਸ ਨਾਲ ਜੋੜਿਆ। ਗਿਆਨੀ ਹਰਪ੍ਰੀਤ ਸਿੰਘ ਲੁਧਿਆਣੇ ਵਾਲਿਆਂ ਨੇ ਸੰਗਤਾਂ ਨਾਲ ਗੁਰਬਾਣੀ ਅਤੇ ਇਤਿਹਾਸਕ ਵਿਚਾਰਾਂ ਦੀ ਸਾਂਝ ਪਾਈ ਅਤੇ ਸੰਗਤਾਂ ਨਾਲ ਵਿਚਾਰ ਸਾਂਝੇ ਕੀਤੇ। ਸ਼ਾਮ ਦੇ ਪ੍ਰੋਗਰਾਮ ਵਿੱਚ ਗਿਆਨੀ ਸੰਦੀਪ ਸਿੰਘ ਜਵੱਦੀ ਟਕਸਾਲ ਵਾਲਿਆਂ ਨੇ ਸੰਗਤਾਂ ਨਾਲ ਸੂਰਜ ਪ੍ਰਕਾਸ਼ ਦੀ ਕਥਾ ਦੀ ਵਿਆਖਿਆ ਕੀਤੀ ਅਤੇ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ। ਰਹਿਰਾਸ ਸੋਦਰ ਦੀ ਚੌਕੀ ਤੋਂ ਬਾਅਦ ਗਿਆਨੀ ਹੀਰਾ ਸਿੰਘ ਟਾਹਲਾ ਸਾਹਿਬ ਅੰਮ੍ਰਿਤਸਰ ਵਾਲਿਆਂ ਨੇ ਸੰਗਤਾਂ ਨੂੰ ਸੁਖਮਨੀ ਸਾਹਿਬ ਜੀ ਦੀ ਕਥਾ ਦੀ ਵਿਆਖਿਆ ਕੀਤੀ ਅਤੇ ਇਤਿਹਾਸਿਕ ਵਿਚਾਰਾਂ ਦੀ ਸੰਗਤਾਂ ਨਾਲ ਸਾਂਝ ਪਾਈ।

ਭਾਰੀ ਗਿਣਤੀ ਵਿੱਚ ਸੰਗਤਾਂ ਨੇ ਹਾਜ਼ਰੀ ਭਰੀ ਅਤੇ ਗੁਰੂ ਜੱਸ ਨਾਲ ਜੋੜਿਆਂ। ਗੁਰੂ ਘਰ ਦੇ ਮੁੱਖ ਸੇਵਾਦਾਰ ਕੁਲਵਿੰਦਰ ਸਿੰਘ ਬੈਨੀਪਾਲ, ਚੇਅਰਮੈਨ ਬਲਜੀਤ ਸਿੰਘ ਸੇਠੀ, ਪਰਮਿੰਦਰ ਸਿੰਘ ਅਤੇ ਚਰਨਜੀਤ ਸਿੰਘ ਨੇ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਨਾਲ ਭਾਈ ਕੁਲਵਿੰਦਰ ਸਿੰਘ ਖਰੜ ਵਾਲਿਆਂ ਦੇ ਕੀਰਤਨੀ ਜੱਥੇ ਦਾ ਸਨਮਾਨ ਕੀਤਾ। ਗੁਰੂ ਘਰ ਦੇ ਮੁੱਖ ਸੇਵਾਦਾਰ ਕੁਲਵਿੰਦਰ ਸਿੰਘ ਬੈਨੀਪਾਲ ਨੇ ਆਈਆਂ ਸੰਗਤਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਸੰਗਤਾਂ ਸਮੇਂ ਸਿਰ ਗੁਰੂ ਘਰ ਆ ਕੇ ਕਥਾ ਅਤੇ ਕੀਰਤਨ ਦਾ ਆਨੰਦ ਮਾਣਿਆ ਕਰਨ ਅਤੇ ਆਪਣਾ ਜੀਵਨ ਸਫਲਾ ਕਰਨ।

## ਭਾਜਪਾ ਆਗੂਆਂ ਨੇ ਕਮਿਸ਼ਨਰ ਨੂੰ ਮਿਲ ਕੇ ਪਾਕਿਸਤਾਨੀਆਂ ਨੂੰ ਦੇਸ਼ 'ਚੋਂ ਕੱਢਣ ਲਈ ਮੰਗ ਪੱਤਰ ਦਿੱਤਾ



ਲੁਧਿਆਣਾ, 6 ਮਈ (ਰਵਿੰਦਰ ਸਿੰਘ ਨਿੱਝਰ) : ਭਾਜਪਾ ਲੁਧਿਆਣਾ ਵਲੋਂ ਜ਼ਿਲ੍ਹਾ ਪ੍ਰਧਾਨ ਰਜਨੀਸ਼ ਧੀਮਾਨ ਦੀ ਅਗੁਵਾਈ ਵਿੱਚ ਵਫਦ ਨੇ ਡਿਪਟੀ ਕਮਿਸ਼ਨਰ ਨੂੰ ਇੱਕ ਮੰਗ ਪੱਤਰ ਸੌਂਪਿਆ। ਇਸ ਪੱਤਰ ਵਿੱਚ, ਉਸਨੇ ਅਪੀਲ ਕੀਤੀ ਕਿ ਭਾਰਤ ਵਿੱਚ ਲੁਕੇ ਹੋਏ ਪਾਕਿਸਤਾਨੀ ਨਾਗਰਿਕਾਂ ਦਾ ਤੁਰੰਤ ਪਤਾ ਲਗਾਇਆ ਜਾਵੇ ਅਤੇ ਉਨ੍ਹਾਂ ਨੂੰ ਵਾਪਸ ਭੇਜਿਆ ਜਾਵੇ। ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਧੀਮਾਨ ਨੇ ਕਿਹਾ ਕਿ ਪਹਿਲਗਾਮ ਵਿੱਚ ਹੋਏ ਅੱਤਵਾਦੀ ਹਮਲੇ ਤੋਂ ਬਾਅਦ ਕੇਂਦਰ ਸਰਕਾਰ ਨੇ ਸਪੱਸ਼ਟ ਹੁਕਮ ਦਿੱਤਾ ਸੀ ਕਿ ਕੋਈ ਵੀ ਪਾਕਿਸਤਾਨੀ ਨਾਗਰਿਕ ਭਾਰਤ ਵਿੱਚ ਨਹੀਂ ਰਹਿ ਸਕਦਾ ਕਿਉਂਕਿ ਭਾਰਤ ਸਰਕਾਰ ਨੇ ਅੱਤਵਾਦੀ ਹਮਲੇ ਦੇ 48 ਘੰਟਿਆਂ ਦੇ ਅੰਦਰ-ਅੰਦਰ ਸਾਰਿਆਂ ਦੇ ਵੀਜੇ ਰੱਦ ਕਰ ਦਿੱਤੇ ਸਨ। ਭਾਜਪਾ ਪ੍ਰਧਾਨ ਧੀਮਾਨ ਨੇ ਕਿਹਾ ਕਿ ਭਾਰਤ ਵਿੱਚ ਗੈਰ-ਕਾਨੂੰਨੀ ਤੌਰ 'ਤੇ ਰਹਿ ਰਹੇ ਅਜਿਹੇ ਪਾਕਿਸਤਾਨੀਆਂ ਨੂੰ ਤੁਰੰਤ ਦੇਸ਼ ਨਿਕਾਲਾ ਦੇਣਾ ਚਾਹੀਦਾ ਹੈ ਕਿਉਂਕਿ ਇਹ ਲੋਕ ਭਾਰਤ ਦਾ ਮਾਹੌਲ ਖਰਾਬ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਆਪਣੀ ਕੂਟਨੀਤੀ ਨਾਲ ਪਾਕਿਸਤਾਨ ਨੂੰ ਮਾਰ ਰਹੀ ਹੈ। ਇਸ ਮੌਕੇ ਭਾਜਪਾ ਦੇ ਸੂਬਾ ਜਨਰਲ ਸਕੱਤਰ ਸਰੀਨ ਨੇ ਕਿਹਾ ਕਿ ਇਸ ਸਮੇਂ ਪੂਰੇ ਦੇਸ ਨੂੰ ਇੱਕਜੁੱਟ ਹੋਣ ਦੀ ਲੋੜ ਹੈ। ਪਹਿਲਗਾਮ ਘਟਨਾ ਤੋਂ ਬਾਅਦ ਪੂਰੇ ਦੇਸ ਅਤੇ ਵਿਦੇਸਾਂ ਵਿੱਚ ਗੁੱਸਾ ਹੈ। ਭਾਰਤ ਸਰਕਾਰ ਨੇ ਪਾਕਿਸਤਾਨ ਨੂੰ ਕੂਟਨੀਤਕ ਤੌਰ 'ਤੇ ਜਵਾਬ ਦੇਣਾ ਸੂਰੂ ਕਰ ਦਿੱਤਾ ਹੈ। ਸਿੱਧੂ ਜਲ ਸਮਝੌਤੇ ਨੂੰ ਰੱਦ ਕਰਨ ਨਾਲ ਪਾਕਿਸਤਾਨ ਦੀ ਕਮਰ ਟੁੱਟ ਗਈ ਹੈ।

## ਬਸਪਾ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਚੋਣਾਂ ਆਪਣੇ ਬਲਬੂਤੇ 'ਤੇ ਇਕੱਲਿਆਂ ਲੜੇਗੀ : ਦੂਲਮਾ



ਲੁਧਿਆਣਾ, 6 ਮਈ (ਰਵਿੰਦਰ ਸਿੰਘ ਨਿੱਝਰ) : ਆਉਣ ਵਾਲੀਆਂ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣਾਂ ਨੂੰ ਲੈਕੇ ਬਹੁਜਨ ਸਮਾਜ ਪਾਰਟੀ ਹਲਕਾ ਸਾਹਨੇਵਾਲ ਦੀ ਮੀਟਿੰਗ ਇੰਚਾਰਜ ਜਗਤਾਰ ਸਿੰਘ ਭਾਮੀਆਂ ਦੀ ਅਗਵਾਈ ਹੇਠ ਹੋਈ। ਇਸ ਮੀਟਿੰਗ ਵਿੱਚ ਜ਼ਿਲ੍ਹਾ ਪ੍ਰਧਾਨ ਦਿਹਾਤੀ ਹਰਭਜਨ ਸਿੰਘ ਦੂਲਮਾ ਅਤੇ ਇੰਚਾਰਜ ਲਾਭ ਸਿੰਘ ਭਾਮੀਆਂ ਵਿਸੇਸ ਤੌਰ 'ਤੇ ਪੁੱਜੇ। ਮੀਟਿੰਗ ਸਬੰਧੀ ਜਾਣਕਾਰੀ ਦਿੰਦਿਆਂ ਸ੍ਰ ਦੂਲਮਾਂ ਨੇ ਦੱਸਿਆ ਕਿ ਸੂਬਾ ਪ੍ਰਧਾਨ ਡਾਕਟਰ ਅਵਤਾਰ ਸਿੰਘ ਕਰੀਮਪੁਰੀ ਦੇ ਦਿਸ਼ਾ ਨਿਰਦੇਸ਼ਾਂ ਉੱਤੇ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣਾਂ ਲਈ ਪੰਜਾਬ ਭਰ ਵਿੱਚ ਮੀਟਿੰਗਾਂ ਦਾ ਸਿਲਸਿਲਾ ਤੇਜ਼ ਕਰ ਦਿੱਤਾ ਗਿਆ ਹੈ। ਉਸੇ ਲੜੀ ਤਹਿਤ ਅੱਜ ਹਲਕਾ ਸਾਹਨੇਵਾਲ ਦੀ ਮੀਟਿੰਗ ਕੀਤੀ ਗਈ ਜਿਸ ਵਿੱਚ 3 ਜ਼ਿਲ੍ਹਾ ਪ੍ਰੀਸ਼ਦ ਅਤੇ 25 ਬਲਾਕ ਸੰਮਤੀ ਦੀਆਂ ਸੀਟਾਂ ਉੱਤੇ ਉਮੀਦਵਾਰ ਖੜ੍ਹੇ ਕਰਨ ਉੱਤੇ ਚਰਚਾ ਹੋਈ ਹੈ। ਉਨ੍ਹਾਂ ਦੱਸਿਆ ਕਿ ਬਸਪਾ ਹਲਕੇ ਦੀਆਂ ਤਿੰਨੋਂ ਜ਼ਿਲ੍ਹਾ ਪ੍ਰੀਸ਼ਦ ਅਤੇ ਸਾਰੀਆਂ ਬਲਾਕ ਸੰਮਤੀ ਸੀਟਾਂ 'ਤੇ ਆਪਣੇ ਬਲਬੂਤੇ ਉੱਤੇ ਇਕੱਲਿਆਂ ਚੋਣ ਲੜੇਗੀ ਅਤੇ ਜਿੱਤੇਗੀ।

ਸ੍ਰ ਜਗਤਾਰ ਸਿੰਘ ਭਾਮੀਆਂ ਅਤੇ ਲਾਭ ਸਿੰਘ ਭਾਮੀਆਂ ਨੇ ਕਿਹਾ ਕਿ ਮੰਤਰੀ ਹਰਦੀਪ ਸਿੰਘ ਮੁੰਡੀਆਂ ਦੇ ਕਾਰਣ ਹਲਕਾ ਸਾਹਨੇਵਾਲ ਦੇ ਹਾਲਾਤ ਤਾਂ ਬਦ ਤੋਂ ਬਦਤਰ ਹੋ ਗਏ। ਉਸਦਾ ਮਨੋਰਥ ਕਥਿਤ ਤੌਰ ਤੇ ਪੈਸੇ ਕਮਾਉਣਾ ਹੈ ਉਸਦਾ ਸਾਧਨ ਚਾਹੇ ਰੇਤ ਮਾਫੀਆ ਜਰੀਏ ਹੋਵੇ ਚਾਹੇ ਅਜਿਹੀ ਹੀ ਕਿਸੇ ਹੋਰ ਲੁੱਟ ਜਰੀਏ। ਉਨ੍ਹਾਂ ਰੇਤ ਮਾਫੀਆ ਖਿਲਾਫ ਗੌਂਸਗੜ੍ਹ ਸਮੇਤ ਹੋਰਨਾਂ ਪਿੰਡਾਂ ਦੇ ਇਕਜੁੱਟ ਹੋਏ ਲੋਕਾਂ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਦੇ ਸੰਘਰਸ਼ ਨੂੰ ਹਮਾਇਤ ਦੇਣ ਦਾ ਐਲਾਨ ਕੀਤਾ।

## 10 ਮਈ ਨੂੰ ਲੱਗਣ ਵਾਲੀ 'ਨੈਸ਼ਨਲ ਲੋਕ ਅਦਾਲਤ' ਦਾ ਵੱਧ ਤੋਂ ਵੱਧ ਲਿਆ ਜਾਵੇ ਲਾਭ : ਸਕੱਤਰ ਸੱਭਰਵਾਲ



ਲੁਧਿਆਣਾ, 6 ਮਈ (ਵਿਸ਼ਾਲ ਸ਼ਰਮਾ/ਰਵਿੰਦਰ ਸਿੰਘ ਨਿੱਝਰ/ ਅਰਵਿੰਦਰ ਸਿੰਘ ਸਵੈਚ) : ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ (ਡੀ.ਐਲ.ਐਸ.ਏ.) ਲੁਧਿਆਣਾ ਸ੍ਰੀਮਤੀ ਸੁਮਿਤ ਸੱਭਰਵਾਲ ਵੱਲੋਂ ਜਾਣਕਾਰੀ ਦਿੰਦਿਆਂ ਦੱਸਿਆ ਗਿਆ ਕਿ ਜ਼ਿਲ੍ਹਾ ਕਚਹਿਰੀਆਂ, ਲੁਧਿਆਣਾ ਅਤੇ ਸਿਵਲ ਕੋਰਟਸ-ਜਗਰਾਓਂ, ਖੰਨਾ, ਸਮਰਾਲਾ ਅਤੇ ਪਾਇਲ ਵਿਖੇ ਵੱਖ-ਵੱਖ ਨਿਆਂਇਕ ਅਦਾਲਤਾਂ ਵਿੱਚ 10 ਮਈ, 2025 ਦਿਨ ਸ਼ਨੀਵਾਰ ਨੂੰ ਨੈਸ਼ਨਲ ਲੋਕ ਅਦਾਲਤ ਦਾ ਆਯੋਜਨ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਆਮ ਲੋਕਾਂ ਦੇ ਆਪਸੀ ਝਗੜਿਆਂ ਦਾ ਛੇਤੀ ਅਤੇ ਸਸਤੇ ਢੰਗ ਨਾਲ ਨਿਪਟਾਰਾ ਕਰਵਾਉਣ ਦੇ ਮੰਤਵ ਨਾਲ ਆਗਾਮੀ 10 ਮਈ (ਸ਼ਨੀਵਾਰ) ਨੂੰ ਨੈਸ਼ਨਲ ਲੋਕ ਅਦਾਲਤ ਦਾ ਆਯੋਜਨ ਕਰਵਾਇਆ ਜਾ ਰਿਹਾ ਹੈ ਅਤੇ ਉਨ੍ਹਾਂ ਆਮ ਲੋਕਾਂ ਨੂੰ ਰਾਸ਼ਟਰੀ ਲੋਕ ਅਦਾਲਤ ਦੇ ਮਾਧਿਅਮ ਰਾਹੀਂ ਆਪਣੇ ਝਗੜਿਆਂ ਦਾ ਨਿਪਟਾਰਾ ਕਰਵਾ ਕੇ ਛੇਤੀ ਅਤੇ ਸਸਤਾ ਨਿਆਂ ਪ੍ਰਾਪਤ ਕਰਨ 'ਤੇ ਵੀ ਜ਼ੋਰ ਦਿੱਤਾ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਲੁਧਿਆਣਾ ਵੱਲੋਂ 'ਨੈਸ਼ਨਲ ਲੋਕ ਅਦਾਲਤ' ਰਾਹੀਂ ਜ਼ਿਲ੍ਹਾ ਕਚਹਿਰੀਆਂ, ਲੁਧਿਆਣਾ ਅਤੇ ਸਿਵਲ ਕੋਰਟਸ-ਜਗਰਾਓਂ, ਖੰਨਾ, ਸਮਰਾਲਾ ਅਤੇ ਪਾਇਲ ਵਿਖੇ ਵੱਖ-ਵੱਖ ਨਿਆਂਇਕ ਅਦਾਲਤਾਂ ਵਿੱਚ ਲੰਬਿਤ ਮਾਮਲਿਆਂ ਦਾ ਨਿਪਟਾਰਾ ਧਿਰਾਂ ਦੀ ਆਪਸੀ ਸਹਿਮਤੀ ਨਾਲ ਕਰਵਾਇਆ ਜਾਵੇਗਾ। ਉਨ੍ਹਾਂ ਵੱਲੋਂ ਇਹ ਵੀ ਦੱਸਿਆ ਗਿਆ ਕਿ ਇਸ ਨੈਸ਼ਨਲ ਲੋਕ ਅਦਾਲਤ ਵਿੱਚ ਅਜਿਹੇ ਪ੍ਰੀ-ਲਿਟੀਗੇਟਿਵ ਮਾਮਲਿਆਂ ਦਾ ਨਿਪਟਾਰਾ ਵੀ ਧਿਰਾਂ ਦੀ ਆਪਸੀ ਸਹਿਮਤੀ ਨਾਲ ਕਰਵਾਉਣ ਦੇ ਉਪਰਾਲੇ ਕੀਤੇ ਜਾਣਗੇ ਜਿਹੜੇ ਅਜੇ ਤੱਕ ਕਿਸੇ ਅਦਾਲਤ ਵਿੱਚ ਦਾਇਰ ਨਹੀਂ ਕੀਤੇ ਗਏ ਹਨ।

## ਨਵੀਂ ਪੀੜ੍ਹੀ ਦੇ ਬਚਾਅ ਲਈ ਨਸ਼ੇ ਦੇ ਸੌਦਾਗਰਾਂ ਨੂੰ ਜੇਲ੍ਹ ਡੱਕਣਾ ਬੇਹੱਦ ਜ਼ਰੂਰੀ : ਵਿਧਾਇਕ ਸੰਗੋਵਾਲ



ਡੇਹਲੋਂ, 6 ਮਈ (ਅਮਰਜੀਤ ਸਿੰਘ ਸੰਧੂ/ ਰਣਬੀਰ ਸਿੰਘ ਮਹਿਮੀ) : ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਸ਼ੁਰੂ ਕੀਤੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ ਤਹਿਤ ਹੁਣ ਫੈਸਲਾਕੁੰਨ ਲੜਾਈ ਲੜੀ ਜਾਵੇਗੀ ਤਾਂ ਕਿ ਸੂਬੇ ਦੀ ਜਵਾਨੀ ਨੂੰ ਬਚਾਇਆ ਜਾ ਸਕੇ। ਇਸ ਸੰਬੰਧੀ ਵਿਸ਼ੇਸ਼ ਪ੍ਰੈੱਸ ਕਾਨਫਰੰਸ ਸਮੇਂ ਹਲਕਾ ਗਿੱਲ ਵਿਧਾਇਕ ਜੀਵਨ ਸਿੰਘ ਸੰਗੋਵਾਲ ਨੇ ਦੱਸਿਆ ਕਿ ਇਸ ਮੁਹਿੰਮ ਨੂੰ ਨੇਪਰੇ ਚਾੜ੍ਹਨ ਲਈ ਜਿੱਥੇ ਪੰਜਾਬ ਪੁਲਿਸ ਤੇ ਸਿਹਤ ਵਿਭਾਗ ਦੀਆਂ ਟੀਮਾਂ ਕੰਮ ਕਰ ਰਹੀਆਂ ਹਨ, ਉੱਥੇ ਹੁਣ ਪੰਜਾਬ ਸਰਕਾਰ ਦੇ ਮੰਤਰੀ ਤੇ ਵਿਧਾਇਕ ਵੀ ਇਸ ਮੁਹਿੰਮ ਦੀ ਸਫਲਤਾ ਲਈ ਪ੍ਰਸ਼ਾਸਨਿਕ ਅਧਿਕਾਰੀਆਂ ਨਾਲ ਮਿਲ ਕੇ ਆਪਣਾ ਬਣਦਾ ਫ਼ਰਜ਼ ਨਿਭਾਉਣਗੇ। ਵਿਧਾਇਕ ਸੰਗੋਵਾਲ ਨੇ ਦੱਸਿਆ ਕਿ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦੀ ਸ਼ੁਰੂਆਤ ਹਲਕਾ ਗਿੱਲ ਅੰਦਰ 7 ਮਈ ਦਿਨ ਬੁੱਧਵਾਰ ਤੋਂ ਆਰੰਭੀ ਜਾ ਰਹੀ ਹੈ, ਜਿਸ ਤਹਿਤ ਪੁਲਿਸ ਤੇ ਸਿਹਤ ਵਿਭਾਗ ਅਧਿਕਾਰੀਆਂ ਨਾਲ ਮੇਰੇ ਵੱਲੋਂ ਸ਼ਿਰਕਤ ਕਰ ਕੇ ਪਿੰਡਾਂ ਦੇ ਨੌਜਵਾਨਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਤੋਂ ਜਾਣੂ ਕਰਵਾਇਆ ਜਾਵੇਗਾ।

ਉਨ੍ਹਾਂ ਨਸ਼ਾ ਤਸਕਰਾਂ ਨੂੰ ਸਖ਼ਤ ਤਾੜਨਾ ਕਰਦਿਆਂ ਕਿਹਾ ਕਿ ਨਸ਼ੇ ਦੇ ਸੌਦਾਗਰਾਂ ਜਾਂ ਨਸ਼ਾ ਵੇਚਣ ਵਾਲਾ ਛੱਡ ਦਿਓ ਜਾਂ ਫਿਰ ਹਲਕਾ ਗਿੱਲ ਛੱਡ ਦਿਓ, ਕਿਉਂਕਿ ਪੰਜਾਬ ਸਰਕਾਰ ਨੇ ਹੁਣ ਸੂਬੇ ਨੂੰ ਪੂਰੀ ਤਰ੍ਹਾਂ ਨਸ਼ਾ ਮੁਕਤ ਕਰਨ ਦਾ ਮਨ ਬਣਾ ਲਿਆ ਹੈ। ਵਿਧਾਇਕ ਸੰਗੋਵਾਲ ਨੇ ਕਿਹਾ ਕਿ ਪੰਜਾਬ ਸਰਕਾਰ ਨਸ਼ਿਆਂ ਦੇ ਖ਼ਾਤਮੇ ਲਈ ਹਰ ਪਿੰਡ ਸਮੇਤ ਵਾਰਡ ਪੱਧਰ ਤੱਕ ਇਸ ਮੁਹਿੰਮ ਨੂੰ ਲੈ ਕੇ ਜਾਵੇਗੀ, ਜਿਸ ਸਦਕਾ ਲੋਕ ਲਹਿਰ ਬਣ ਸਕੇਗੀ ਅਤੇ ਨਸ਼ਿਆਂ ਦੇ ਮੁਕੰਮਲ ਖ਼ਾਤਮੇ ਲਈ ਨਸ਼ਾ ਤਸਕਰਾਂ ਖ਼ਿਲਾਫ਼ ਸਖ਼ਤ ਤੋਂ ਸਖ਼ਤ ਕਾਰਵਾਈ ਕੀਤੀ ਜਾਵੇਗੀ।

## ਪੀ.ਏ.ਯੂ. ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਦੀ ਨਵੀਂ ਕਮੇਟੀ ਦਾ ਗਠਨ



ਲੁਧਿਆਣਾ, 6 ਮਈ (ਰਵਿੰਦਰ ਸਿੰਘ ਨਿੱਝਰ) : ਅੱਜ ਪੀਏਯੂ ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਦੀ ਜਨਰਲ ਬਾਡੀ ਮੀਟਿੰਗ ਸਥਾਨਕ ਵਿਦਿਆਰਥੀ ਭਵਨ ਵਿਖੇ ਐਗਜੈਕਟਿਵ ਕਮੇਟੀ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦੇ ਸ਼ੁਰੂ ਵਿੱਚ ਸਦੀਵੀਂ ਵਿਛੋੜਾ ਦੇ ਗਏ ਮੈਂਬਰਾਂ ਅਤੇ ਪਹਿਲਗਾਮ (ਕਸ਼ਮੀਰ) ਵਿੱਚ ਸਰਕਾਰ ਦੇ ਨਾਕਾਮ ਸੁਰੱਖਿਆ ਪ੍ਰਬੰਧਾਂ ਕਾਰਨ ਅੱਤਵਾਦ ਦੀ ਭੇਂਟ ਚੜ੍ਹੇ ਸੈਲਾਨੀਆਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ।

ਇਸ ਉਪਰੰਤ ਪ੍ਰਧਾਨ ਸੁਖਦੇਵ ਸਿੰਘ ਅਤੇ ਜਨਰਲ ਸਕੱਤਰ ਆਸਾ ਸਿੰਘ ਪੰਨੂੰ ਵੱਲੋਂ ਨਾਮਜ਼ਦ ਕੀਤੀ ਨਵੀਂ ਅਜੈਕਟਿਵ ਕਮੇਟੀ ਮੈਂਬਰਾਂ ਦੀ ਜਨਰਲ ਬਾਡੀ ਵੱਲੋਂ ਪ੍ਰਵਾਨਗੀ ਲਈ ਏਜੰਡਾ ਪੇਸ ਕੀਤਾ ਜਿਸ ਨੂੰ ਸਰਵ ਸੰਮਤੀ ਨਾਲ ਪ੍ਰਵਾਨ ਕੀਤਾ ਗਿਆ। ਜਨਰਲ ਸਕੱਤਰ ਆਸਾ ਸਿੰਘ ਨੇ ਐਸੋਸੀਏਸ਼ਨ ਦੀਆਂ ਪ੍ਰਾਪਤੀਆਂ ਅਤੇ 1 ਜਨਵਰੀ, 2016 ਤੋਂ 2021 ਤੱਕ ਸੇਵਾ ਮੁਕਤ ਹੋਏ ਮੁਲਾਜ਼ਮਾਂ ਦੀ ਵਧੀ ਹੋਈ ਗਰੈਚੁਟੀ ਅਤੇ ਲੀਵ ਇਨਕੈਸ਼ਮੈਂਟ ਮਿਲਣ ਬਾਰੇ ਜਾਣਕਾਰੀ ਸਾਂਝੀ ਕੀਤੀ। ਇਸ ਮੌਕੇ ਪੰਜਾਬ ਸਰਕਾਰ ਵੱਲੋਂ ਵਿਕਾਸ ਦੇ ਨਾਂ ਹੇਠ 200/- ਰੁ. ਹਰ ਪੈਨਸਨਰ ਦੇ ਖਾਤੇ ਵਿੱਚੋਂ ਕੱਟਣੇ ਸੁਰੂ ਕਰਨ ਨੂੰ ਜਜੀਆ ਟੈਕਸ ਕਰਾਰ ਦੇ ਕੇ ਇਸ ਨੂੰ ਤੁਰੰਤ ਬੰਦ ਕਰਨ ਦੀ ਮੰਗ ਕੀਤੀ।

ਸੀਨੀ. ਉੱਪ ਪ੍ਰਧਾਨ ਜਸਵੰਤ ਜੀਰਖ ਵੱਲੋਂ ਸਰਕਾਰਾਂ ਦੀ ਆਮ ਲੋਕਾਂ ਪ੍ਰਤੀ ਵਰਤੀ ਜਾਂਦੀ ਲਾਪ੍ਰਵਾਹੀ ਅਤੇ ਪਹਿਲਗਾਮ ਵਿਖੇ ਸੈਲਾਨੀਆਂ ਦੇ ਸੁਰੱਖਿਆ ਪ੍ਰਬੰਧਾਂ ਵਿੱਚ ਬੁਰੀ ਤਰ੍ਹਾਂ ਨਾਕਾਮ ਸਾਬਤ ਹੋਣ 'ਤੇ ਗਹਿਰੇ ਦੁੱਖ ਦਾ ਇਜਹਾਰ ਕੀਤਾ। ਉਹਨਾਂ ਧਰਮਾਂ, ਜਾਤਾਂ, ਹਿੰਦੂ, ਮੁਸਲਮ, ਸਿੱਖ ਅਤੇ ਹੋਰਾਂ ਵਿੱਚ ਵੰਡ ਪਾਊ ਸਰਕਾਰ ਦੀ ਨੀਤੀ ਤੋਂ ਉੱਪਰ ਉੱਠ ਕੇ, ਆਪਸੀ ਭਾਈਚਾਰਾ ਕਾਇਮ ਰੱਖਣ 'ਤੇ ਜੋਰ ਦਿੱਤਾ। ਦੇਸ਼ ਦੇ ਕਮਾਊ ਅਦਾਰੇ ਕਾਰਪੋਰੇਟਾਂ ਦੇ ਹਵਾਲੇ ਕਰਕੇ ਦੇਸ ਨੂੰ ਮੁੜ ਗੁਲਾਮੀ ਦੇ ਦੌਰ ਵਿੱਚ ਧੱਕਣ ਲਈ ਬਣਾਈਆਂ ਜਾ ਰਹੀਆਂ ਲੋਕ ਵਿਰੋਧੀ ਨੀਤੀਆਂ ਦਾ ਜੱਥੇਬੰਦਕ ਵਿਰੋਧ ਕਰਨ ਲਈ ਇੱਕ ਜੁੱਟ ਹੋਣ ਦਾ ਸੱਦਾ ਦਿੱਤਾ।

## ਸਫ਼ਾਈ ਨਾ ਹੋਣ ਕਰਕੇ ਜੱਸਾ ਸਿੰਘ ਰਾਮਗੜ੍ਹੀਆ ਸਟੇਡੀਅਮ ਉਜਾੜ ਬਣਿਆ ਪਿਆ : ਠੁਕਰਾਲ

ਲੁਧਿਆਣਾ, 6 ਮਈ (ਰਵਿੰਦਰ ਸਿੰਘ ਨਿੱਝਰ) : ਸਾਬਕਾ ਕੌਂਸਲਰ ਪਤੀ ਤੇ ਸਮਾਲ ਸਕੇਲ ਮੈਨੂੰਫੈਕਚਰਾਰਜ ਐਸੋਸੀਏਸ਼ਨ ਦੇ ਪ੍ਰਧਾਨ ਜਸਵਿੰਦਰ ਸਿੰਘ ਠੁਕਰਾਲ ਨੇ ਦੱਸਿਆ ਕਿ ਕੱਲ੍ਹ ਸਿੱਖ ਕੌਮ ਦੇ ਮਹਾਨ ਜਰਨੈਲ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦਾ 302 ਵਾਂ ਜਨਮ ਦਿਵਸ ਸੀ ਜੋ ਕਿ ਬਹੁਤ ਹੀ ਸਤਿਕਾਰ ਸਹਿਤ ਮਨਾਇਆ ਗਿਆ। ਪੂਰੇ ਲੁਧਿਆਣਾ ਸ਼ਹਿਰ ਵਿੱਚ ਉਸ ਮਹਾਨ ਜਰਨੈਲ ਦੀ ਕੇਵਲ ਇੱਕੋ ਇੱਕ ਯਾਦਗਾਰ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਸਟੇਡੀਅਮ ਜੋ ਕਿ ਉਨ੍ਹਾਂ ਦੇ ਆਪਣੇ ਵਾਰਡ ਹੁਣ 46 ਨੰਬਰ ਵਿੱਚ ਆਪਣੇ ਕੌਂਸਲਰ ਦੇ ਕਾਰਜਕਾਲ ਦੌਰਾਨ ਬਣਿਆ ਸੀ। ਉਨ੍ਹਾਂ ਕਿਹਾ ਕਿ ਬੜੇ ਅਫਸੋਸ ਨਾਲ ਇਹ ਗੱਲ ਸਾਂਝੀ ਕਰ ਰਿਹਾ ਹਾਂ ਕਿ ਇਸ ਵਾਰਡ ਤੋਂ ਨਵੇਂ ਜਿੱਤੇ ਹੋਏ ਨੁਮਾਇੰਦੇ ਵੱਲੋਂ ਪਿਛਲੇ ਚਾਰ ਮਹੀਨਿਆਂ ਵਿਚ ਇੱਕ ਦਿਨ ਵੀ ਸਫਾਈ ਨਹੀਂ ਕਰਵਾਈ ਗਈ। ਕਿਓਂ ਨਹੀ ਕਰਵਾਈ ਗਈ? ਕਿਸ ਸੋਚ ਨੂੰ ਮੁੱਖ ਰੱਖ ਕੇ ਨਹੀ ਕਰਵਾਈ ਗਈ ? ਇਹ ਸਵਾਲ ਜਵਾਬ ਮੰਗਦੇ ਹਨ। ਅੱਜ ਹਾਲਾਤ ਐਸੇ ਹਨ ਕਿ ਦੱਸਣ ਲੱਗਿਆ ਸ਼ਰਮ ਮਹਿਸੂਸ ਹੋ ਰਹੀ ਹੈ ਤਸਵੀਰਾਂ ਰਾਹੀਂ ਹੀ ਬਿਆਨ ਹੋਣਗੇ।

## ਮੰਤਰੀ ਰਵਜੋਤ ਅਤੇ ਐਮ.ਪੀ. ਅਰੋੜਾ ਨੇ ਸੁਨੇਤ ਅਤੇ ਬਾੜੇਵਾਲ ਦੇ ਲਾਭਪਾਤਰੀਆਂ ਨੂੰ ਮਾਲਕੀ ਅਧਿਕਾਰ ਸੌਂਪੇ



ਲੁਧਿਆਣਾ,6 ਮਈ (ਵਿਸ਼ਾਲ ਸ਼ਰਮ;): ਲਾਲ ਲਕੀਰ ਦੇ ਵਸਨੀਕਾਂ ਨੂੰ ਸਸ਼ਕਤ ਬਣਾਉਣ ਵੱਲ ਇੱਕ ਪਰਿਵਰਤਨਸ਼ੀਲ ਕਦਮ ਚੁੱਕਦੇ ਹੋਏ ਪੰਜਾਬ ਦੇ ਸਥਾਨਕ ਸਰਕਾਰਾਂ ਮੰਤਰੀ ਡਾ. ਰਵਜੋਤ ਸਿੰਘ ਅਤੇ ਰਾਜ ਸਭਾ ਮੈਂਬਰ ਸੰਜੀਵ ਅਰੋੜਾ ਨੇ ਮੰਗਲਵਾਰ ਨੂੰ ਲੁਧਿਆਣਾ ਵਿੱਚ ਮੇਰਾ ਘਰ ਮੇਰੇ ਨਾਮ ਸਕੀਮ ਤਹਿਤ 990 ਪਰਿਵਾਰਾਂ ਨੂੰ ਮਾਲਕੀ ਅਧਿਕਾਰ ਸੌਂਪੇ। ਇਸ ਮੌਕੇ ਬੋਲਦਿਆਂ ਰਾਜ ਸਭਾ ਮੈਂਬਰ ਸੰਜੀਵ ਅਰੋੜਾ ਨੇ ਕਿਹਾ ਕਿ ਇਹ ਇਤਿਹਾਸਕ ਪਹਿਲਕਦਮੀ ਲੰਬੇ ਸਮੇਂ ਤੋਂ ਚੱਲ ਰਹੇ ਜਾਇਦਾਦ ਮਾਲਕੀ ਦੇ ਮੁੱਦਿਆਂ ਨੂੰ ਹੱਲ ਕਰਦੀ ਹੈ, ਜਿਸ ਨਾਲ ਲਾਲ ਲਕੀਰ ਨਿਵਾਸੀਆਂ ਨੂੰ ਕਾਨੂੰਨੀ ਅਧਿਕਾਰ ਮਿਲਦੇ ਹਨ।

ਅਰੋੜਾ ਨੇ ਇਸ ਯੋਜਨਾ ਦੇ ਡੂੰਘੇ ਪ੍ਰਭਾਵ ਨੂੰ ਰੇਖਾਂਕਿਤ ਕਰਦੇ ਹੋਏ ਕਿਹਾ ਕਿ ਇਹ ਲਾਲ ਲਕੀਰ ਦੇ ਵਸਨੀਕਾਂ ਲਈ ਦਹਾਕਿਆਂ ਪੁਰਾਣੀਆਂ ਚੁਣੌਤੀਆਂ ਨੂੰ ਹੱਲ ਕਰਦੀ ਹੈ ਮਾਣ-ਸਨਮਾਨ ਬਹਾਲ ਕਰਦੀ ਹੈ ਅਤੇ ਆਰਥਿਕ ਸੰਭਾਵਨਾਵਾਂ ਨੂੰ ਖੋਲ੍ਹਦੀ ਹੈ। ਅਰੋੜਾ ਨੇ ਕਿਹਾ ਇਹ ਯੋਜਨਾ ਨਾ ਸਿਰਫ਼ ਕਾਨੂੰਨੀ ਮਾਨਤਾ ਪ੍ਰਦਾਨ ਕਰਦੀ ਹੈ ਸਗੋਂ ਵਸਨੀਕਾਂ ਨੂੰ ਆਰਥਿਕ ਤਰੱਕੀ ਲਈ ਆਪਣੀ ਜਾਇਦਾਦ ਦੀ ਵਰਤੋਂ ਕਰਨ ਦੇ ਸਾਧਨ ਵੀ ਦਿੰਦੀ ਹੈ ਜਿਵੇਂ ਕਿ ਕਰਜ਼ੇ ਪ੍ਰਾਪਤ ਕਰਨਾ ਜਾਂ ਆਪਣੇ ਪਰਿਵਾਰ ਦੇ ਭਵਿੱਖ ਲਈ ਯੋਜਨਾਬੰਦੀ ਕਰਨਾ। ਇਸ ਪਹਿਲਕਦਮੀ ਦਾ ਸੁਨੇਤ ਅਤੇ ਬਾੜੇਵਾਲ ਦੇ ਲਾਭਪਾਤਰੀਆਂ ਨੇ ਨਿੱਘਾ ਸਵਾਗਤ ਕੀਤਾ ਹੈ, ਜਿਨ੍ਹਾਂ ਨੇ ਕਾਨੂੰਨੀ ਮਾਲਕੀ ਰਾਹੀਂ ਪ੍ਰਦਾਨ ਕੀਤੀ ਗਈ ਸੁਰੱਖਿਆ ਅਤੇ ਮੌਕਿਆਂ ਲਈ ਆਪਣੀ ਡੂੰਘੀ ਸ਼ੁਕਰਗੁਜ਼ਾਰੀ ਪ੍ਰਗਟ ਕੀਤੀ।

ਅਰੋੜਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮੇਰਾ ਘਰ ਮੇਰੇ ਨਾਮ ਸਕੀਮ ਨੂੰ ਲਾਗੂ ਕਰਨ ਦਾ ਮੁੱਖ ਉਦੇਸ਼ ਲਾਲ ਲਕੀਰ ਦੇ ਅੰਦਰ ਘਰਾਂ ਵਿੱਚ ਰਹਿਣ ਵਾਲੇ ਲੋਕਾਂ ਨੂੰ ਮਾਲਕੀ ਅਧਿਕਾਰ ਪ੍ਰਦਾਨ ਕਰਨਾ ਹੈ। ਇਸ ਯੋਜਨਾ ਦੇ ਤਹਿਤ ਲਾਲ ਲਕੀਰ ਦੇ ਅੰਦਰ ਰਹਿਣ ਵਾਲੇ ਲੋਕ ਜਿਨ੍ਹਾਂ ਨੂੰ ਅੱਜ ਜਾਇਦਾਦ ਦੇ ਅਧਿਕਾਰ ਮਿਲ ਗਏ ਹਨ, ਉਹ ਆਪਣੀ ਜਾਇਦਾਦ ਵੇਚ ਸਕਣਗੇ ਅਤੇ ਆਪਣੇ ਘਰਾਂ 'ਤੇ ਕਰਜ਼ਾ ਲੈ ਸਕਣਗੇ। ਅਰੋੜਾ ਨੇ ਕਿਹਾ ਕਿ ਅੱਜ ਸ਼ਹਿਰ ਦੇ ਦੋ ਖੇਤਰ ਸੁਨੇਤ ਅਤੇ ਬਾੜੇਵਾਲ ਨੂੰ ਕਵਰ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਅਗਲੇ ਪੜਾਅ ਵਿੱਚ ਆਉਣ ਵਾਲੇ ਦਿਨਾਂ ਵਿੱਚ ਹੈਬੋਵਾਲ ਖੇਤਰ ਨੂੰ ਕਵਰ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਸਬੰਧੀ ਪ੍ਰਕਿਰਿਆ ਜਾਰੀ ਹੈ। ਉਨ੍ਹਾਂ ਕਿਹਾ ਕਿ ਇਹ ਸ਼ਹਿਰ ਦੇ ਇਨ੍ਹਾਂ ਤਿੰਨਾਂ ਇਲਾਕਿਆਂ ਦੇ ਵਸਨੀਕਾਂ ਦੀ ਇੱਕ ਵੱਡੀ ਮੰਗ ਸੀ। ਲੁਧਿਆਣਾ (ਪੱਛਮੀ) ਵਿਧਾਨ ਸਭਾ ਹਲਕੇ ਤੋਂ 'ਆਪ' ਉਮੀਦਵਾਰ ਅਰੋੜਾ ਨੇ ਕਿਹਾ ਕਿ ਜਦੋਂ ਵੀ ਉਹ ਇਨ੍ਹਾਂ ਇਲਾਕਿਆਂ ਵਿੱਚ ਚੋਣ ਮੀਟਿੰਗਾਂ ਨੂੰ ਸੰਬੋਧਨ ਕਰਨ ਜਾਂਦੇ ਸਨ, ਤਾਂ ਵਸਨੀਕਾਂ ਨੇ ਲਾਲ ਲਕੀਰ (ਲਾਲ ਲਕੀਰ) ਦਾ ਮੁੱਦਾ ਉਠਾਇਆ ਸੀ। ਇਸ ਤੋਂ ਇਲਾਵਾ ਅਰੋੜਾ ਨੇ ਕਿਹਾ ਕਿ ਲਾਭਪਾਤਰੀ ਅੱਜ ਵੰਡੇ ਗਏ ਜਾਇਦਾਦ ਅਧਿਕਾਰ ਸਰਟੀਫਿਕੇਟਾਂ ਵਿੱਚ ਕੋਈ ਵੀ ਸੁਧਾਰ ਜੇਕਰ ਕੋਈ ਹੈ ਤਾਂ ਅਗਲੇ 90 ਦਿਨਾਂ ਵਿੱਚ ਐਮਸੀਐਲ ਡੀ-ਜ਼ੋਨ ਦਫ਼ਤਰ ਵਿਖੇ ਸਾਰੇ ਕੰਮਕਾਜੀ ਦਿਨਾਂ ਵਿੱਚ ਸਵੇਰੇ 10 ਵਜੇ ਤੋਂ ਸ਼ਾਮ 5 ਵਜੇ ਤੱਕ ਕਰਵਾ ਸਕਦੇ ਹਨ।

## ਵਿਧਾਨ ਸਭਾ ਹਲਕਾ ਲੁਧਿਆਣਾ ਪੱਛਮੀ ਦੀਆਂ ਚੋਣਾਂ 'ਚ ਹਿਮਾਇਤ ਦੇਣ ਸਬੰਧੀ ਫ਼ਕੀਰ ਸਭਾ ਦੀ ਮੀਟਿੰਗ



ਲੁਧਿਆਣਾ, 6 ਮਈ (ਰਵਿੰਦਰ ਸਿੰਘ ਨਿੱਝਰ) : ਟਿੱਲਾ ਬਾਬਾ ਸ਼ੇਖ ਫਰੀਦ ਬਸਤੀ ਯੋਧੇਵਾਲ ਦੇ ਸਥਾਨ 'ਤੇ ਪੰਜਾਬ ਫਕੀਰ ਸਭਾ ਦੀ ਇੱਕ ਵਿਸ਼ੇਸ਼ ਮੀਟਿੰਗ ਹੋਈ, ਜਿਸ ਵਿੱਚ ਵਿਸ਼ਵ ਸੂਫੀ ਸੰਤ ਸਮਾਜ ਦੇ ਪ੍ਰਧਾਨ ਦੀਪਕ ਸ਼ਾਹ ਉਚੇਚੇ ਤੌਰ 'ਤੇ ਪਹੁੰਚੇ। ਮੀਟਿੰਗ ਸਬੰਧੀ ਜਾਣਕਾਰੀ ਦਿੰਦਿਆਂ ਸਭਾ ਦੀ ਜਨਰਲ ਸਕੱਤਰ ਬੀਬੀ ਕਮਲਜੀਤ ਕੌਰ ਕਮਲ ਨੇ ਦੱਸਿਆ ਕਿ ਲੁਧਿਆਣਾ ਪੱਛਮੀ ਵਿਧਾਨ ਸਭਾ ਹਲਕੇ ਵਿੱਚ ਹੋ ਰਹੀਆਂ ਚੋਣਾਂ ਦੇ ਸੰਬੰਧ ਵਿੱਚ ਮੀਟਿੰਗ ਦੌਰਾਨ ਵਿਸ਼ੇਸ਼ ਤੌਰ 'ਤੇ ਚਰਚਾ ਕੀਤੀ ਗਈ? ਉਹਨਾਂ ਦੱਸਿਆ ਕਿ ਚਰਚਾ ਕਰਨ ਮਗਰੋਂ ਇਹ ਫੈਸਲਾ ਲਿਆ ਗਿਆ ਕਿ ਜਿਹੜਾ ਵੀ ਉਮੀਦਵਾਰ ਉਹਨਾਂ ਨੂੰ ਇਹ ਭਰੋਸਾ ਦਵੇਗਾ ਕਿ ਉਹ ਜਿੱਤਣ ਉਪਰੰਤ ਡੇਰਿਆਂ ਨੂੰ ਪੂਰਨ ਸਹਿਯੋਗ ਦੇਵੇਗਾ ਉਸ ਦੀ ਚੋਣਾਂ ਵਿੱਚ ਡਟ ਕੇ ਹਿਮਾਇਤ ਕੀਤੀ ਜਾਵੇਗੀ। ਉਹਨਾਂ ਕਿਹਾ ਕਿ ਡੇਰਿਆਂ ਵਿੱਚ ਪਰਮਾਤਮਾ ਦਾ ਨਾਂ ਲਿਆ ਜਾਂਦਾ ਹੈ ਅਤੇ ਸਮਾਜਿਕ ਬੁਰਾਈਆਂ ਦੇ ਖਿਲਾਫ ਹੋਕਾ ਦਿੱਤਾ ਜਾਂਦਾ ਹੈ। ਇਸ ਲਈ ਜਿਹੜਾ ਵੀ ਉਮੀਦਵਾਰ ਡੇਰਿਆਂ ਨੂੰ ਸਹਿਯੋਗ ਦੇਵੇਗਾ ਅਸੀਂ ਉਸ ਉਮੀਦਵਾਰ ਦਾ ਚੋਣਾਂ ਦੌਰਾਨ ਡੱਟ ਕੇ ਸਾਥ ਦੇਵਾਂਗੇ। ਇਸ ਮੌਕੇ ਬੀਬੀ ਕਮਲਜੀਤ ਕੌਰ ਕਮਲ, ਬਾਬਾ ਵਿਲਸਨ, ਬਾਬਾ ਬਲਵੀਰ ਸਾਈਂ, ਬਾਬਾ ਸੁੱਚਾ, ਬਾਬਾ ਸੁਖਵਿੰਦਰ, ਬਾਬਾ ਬਲਕਾਰ, ਬਾਬਾ ਬੌਂਗੇ ਸ਼ਾਹ, ਬਾਬਾ ਦੇਵ, ਬਾਬਾ ਲਾਡੀ ਚੌਹਾਨ, ਬੀਬੀ ਮੰਜੂ, ਬੀਬੀ ਦਾਨੀ, ਬੀਬੀ ਰਾਜ ਸ਼ਾਹ, ਬੀਬੀ ਰਾਣੀ, ਬੀਬੀ ਕੁਲਵਿੰਦਰ ਕੌਰ, ਬੀਬੀ ਸਵਿਤਾ, ਬੀਬੀ ਸਤਿਆ, ਬੀਬੀ ਮਹਿੰਦਰ ਕੌਰ, ਬੀਬੀ ਰਜਿੰਦਰ ਕੌਰ ਪ੍ਰੀਤੀ, ਬੀਬੀ ਜਸਵੀਰ ਕੌਰ, ਬੀਬੀ ਸਤਿਆ ਆਦਿ ਵੀ ਹਾਜ਼ਰ ਸਨ।

## ਨਾਮ ਸਿਮਰਨ ਅਭਿਆਸ ਸਮਾਗਮ ਕਰਵਾਇਆ

ਲੁਧਿਆਣਾ, 6 ਮਈ (ਕਰਨੈਲ ਸਿੰਘ ਐੱਮ ਏ) : ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਗੁਰੂ ਤੇਗ਼ ਬਹਾਦਰ ਨਗਰ, ਗਲੀ ਨੰਬਰ 2, ਚੰਡੀਗੜ੍ਹ ਰੋਡ, ਲੁਧਿਆਣਾ ਵਿਖੇ ਹਫਤਾਵਾਰੀ ਨਾਮ ਸਿਮਰਨ ਅਭਿਆਸ ਸਮਾਗਮ ਬੀਤੇ ਦਿਨੀਂ ਕਰਵਾਇਆ ਗਿਆ। ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ ਵਾਹਿਗੁਰੂ ਗੁਰ ਮੰਤ੍ਰ ਹੈ ਜਪ ਹਉਮੈ ਖੋਈ ਸੰਗਤਾਂ ਨੇ ਇਕਾਗਰ ਚਿੱਤ ਹੋ ਕੇ ਵਾਹਿਗੁਰੂ ਦਾ ਸਿਮਰਨ ਕੀਤਾ। ਇਸ ਮੌਕੇ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਮਨਜੀਤ ਸਿੰਘ, ਸੀਨੀਅਰ ਮੀਤ ਪ੍ਰਧਾਨ ਗੁਰਮੀਤ ਸਿੰਘ, ਖ਼ਜ਼ਾਨਚੀ ਸੁਰਜੀਤ ਸਿੰਘ ਖੁਰਾਣਾ, ਪਲਵਿੰਦਰ ਸਿੰਘ, ਸੁਰਿੰਦਰ ਸਿੰਘ, ਰਣਜੀਤ ਸਿੰਘ, ਸਵਰਨ ਸਿੰਘ ਹਾਜ਼ਰ ਸਨ। ਗੁਰਦੁਆਰਾ ਸਾਹਿਬ ਦੇ ਪ੍ਰਧਾਨ ਮਨਜੀਤ ਸਿੰਘ ਤੇ ਖ਼ਜ਼ਾਨਚੀ ਸੁਰਜੀਤ ਸਿੰਘ ਖੁਰਾਣਾ ਨੇ ਦੱਸਿਆ ਕਿ ਅਗਲਾ ਹਫਤਾਵਰੀ ਨਾਮ ਅਭਿਆਸ ਸਮਾਗਮ 11 ਮਈ ਦਿਨ ਐਤਵਾਰ ਨੂੰ ਰਾਤ 7 ਵਜੇ ਤੋਂ 8 ਵਜੇ ਤੱਕ ਹੋਵੇਗਾ। ਉਹਨਾਂ ਸੰਗਤਾਂ ਨੂੰ ਹਾਜ਼ਰੀਆਂ ਭਰ ਕੇ ਆਪਣਾ ਜੀਵਨ ਸਫਲ ਕਰਨ ਲਈ ਬੇਨਤੀ ਕੀਤੀ।

## ਮੰਤਰੀ ਸੌਂਦ ਵੱਲੋਂ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦੇ ਬੁੱਤ ਦਾ ਉਦਘਾਟਨ




ਲੁਧਿਆਣਾ, 6 ਮਈ (ਵਿਸ਼ਾਲ ਸ਼ਰਮਾ/ਅਰਵਿੰਦਰ ਸਿੰਘ ਸਵੈਚ) : ਪੰਜਾਬ ਦੇ ਪੇਂਡੂ ਵਿਕਾਸ ਤੇ ਪੰਚਾਇਤ, ਉਦਯੋਗ ਤੇ ਵਣਜ, ਪੂੰਜੀ ਨਿਵੇਸ਼ ਪ੍ਰੋਤਸਾਹਨ, ਕਿਰਤ ਅਤੇ ਸੈਰ ਸਪਾਟਾ ਤੇ ਸੱਭਿਆਚਾਰਕ ਮਾਮਲਿਆਂ ਬਾਰੇ ਮੰਤਰੀ ਸ੍ਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਮੰਗਲਵਾਰ ਨੂੰ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਬੱਸ ਸਟੈਂਡ ਖੰਨਾ 'ਤੇ ਸਥਿਤ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਜੀ ਦੀ ਘੋੜੇ 'ਤੇ ਸਵਾਰ ਪ੍ਰਤਿਮਾ ਦਾ ਉਦਘਾਟਨ ਕੀਤਾ। ਨਗਰ ਕੌਂਸਲ ਖੰਨਾ ਵੱਲੋਂ ਇਸ ਪ੍ਰਤਿਮਾ ਨੂੰ ਤਿਆਰ ਕਰਵਾਉਣ 'ਤੇ 12.50 ਲੱਖ ਰੁਪਏ ਦੀ ਲਾਗਤ ਆਈ ਹੈ। ਇਹ ਪ੍ਰਤਿਮਾ ਮੂਰਤੀਕਾਰ ਜਸਵਿੰਦਰ ਸਿੰਘ ਮਹਿੰਦੀਪੁਰ ਵੱਲੋਂ ਤਿਆਰ ਕੀਤੀ ਗਈ ਹੈ। ਕੈਬਨਿਟ ਮੰਤਰੀ ਸ੍ਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਬੱਸ ਸਟੈਂਡ ਖੰਨਾ ਵਿਖੇ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦੀ ਪ੍ਰਤਿਮਾ ਸਥਾਪਿਤ ਕਰਨ ਮੌਕੇ ਵਧਾਈ ਦਿੰਦਿਆਂ ਕਿਹਾ ਕਿ ਇਸ ਬੱਸ ਸਟੈਂਡ ਦਾ ਕੰਮ ਪੁਰਾਣੀਆਂ ਸਰਕਾਰਾਂ ਦੇ ਸਮੇਂ ਤੋਂ ਅੱਧ-ਵਿਚਕਾਰ ਰੁਕਿਆ ਹੋਇਆ ਸੀ। ਆਮ ਆਦਮੀ ਪਾਰਟੀ ਦੀ ਸਰਕਾਰ ਜਿਸ ਦਿਨ ਤੋਂ ਪੰਜਾਬ ਵਿੱਚ ਆਈ ਹੈ ਉਸ ਦਿਨ ਤੋਂ ਲੈ ਕੇ ਅੱਜ ਤੱਕ ਪਿਛਲੀਆਂ ਸਰਕਾਰਾਂ ਦੇ ਛੱਡੇ ਹੋਏ ਕੰਮ ਪੂਰਾ ਕਰਵਾ ਰਹੀ ਹੈ। ਇੱਥੇ ਉਨ੍ਹਾਂ ਨੇ ਸ਼ਿਲਾਲੇਖ ਲਿਖ ਕੇ ਨੀਂਹ ਪੱਥਰ ਰੱਖ ਦਿੱਤਾ ਸੀ।

ਸੌਂਦ ਨੇ ਦੱਸਿਆ ਕਿ ਸਿੱਖ ਮਿਸਲਾਂ ਆਪੋ ਆਪਣਾ ਕੰਮ ਦੇਖਦੀਆਂ ਸਨ ਪਰ ਜਦੋਂ ਕਦੇ ਪੰਜਾਬ ਦੀ ਗੱਲ ਆਉਂਦੀ ਸੀ ਤਾਂ ਸਾਰੀਆਂ ਮਿਸਲਾਂ ਇੱਕਮੁੱਠ ਹੋ ਕੇ ਆਪਣੇ ਪੰਜਾਬ ਅਤੇ ਧਰਮ ਦੀ ਰਾਖੀ ਲਈ ਜੰਗ ਕਰਦੀਆਂ ਸਨ। ਬਾਹਰਲੇ ਹਮਲਾਵਰ ਸਾਡੀ ਸੰਸਕ੍ਰਿਤੀ, ਧਰਮ ਅਤੇ ਇੱਜ਼ਤ 'ਤੇ ਹਮਲਾ ਕਰਦੇ ਸਨ, ਤਾਂ ਸਾਡੇ ਯੋਧੇ ਉਹਨਾਂ ਨੂੰ ਇੱਕੀਆਂ ਦੇ ਇਕਵੰਜਾ ਪਾ ਕੇ ਮੋੜਿਆ ਕਰਦੇ ਸਨ। ਜਿਹੜੀਆ ਕੌਮਾਂ ਆਪਣਾ ਇਤਿਹਾਸ ਭੁੱਲ ਜਾਂਦੀਆਂ ਹਨ ਉਹ ਇਤਿਹਾਸ ਵਿੱਚੋਂ ਗਾਇਬ ਹੋ ਜਾਂਦੀਆਂ ਹਨ। ਪੰਜਾਬ ਸਰਕਾਰ ਵੱਲੋਂ ਉਸ ਮਹਾਨ ਯੋਧੇ ਨੂੰ ਯਾਦ ਕਰਦਿਆਂ ਉਸ ਦੀ ਪ੍ਰਤਿਮਾ ਸਥਾਪਿਤ ਕੀਤੀ ਗਈ ਹੈ। ਇਸ ਲਈ ਪੂਰੇ ਭਾਈਚਾਰੇ ਨੂੰ ਬਹੁਤ ਬਹੁਤ ਵਧਾਈ ਦਿੰਦਾ ਹਾਂ।

## ਐਮ.ਪੀ. ਅਰੋੜਾ ਨੇ ਸਫ਼ਾਈ ਮੁਹਿੰਮ ਦੀ ਅਗਵਾਈ ਕੀਤੀ, ਧੰਨਵਾਦ ਪ੍ਰਗਟ ਕਰਦਿਆਂ ਸਫ਼ਾਈ ਕਰਮਚਾਰੀਆਂ ਨੂੰ ਸੱਤੂ ਪਰੋਸਿਆ



ਲੁਧਿਆਣਾ,6 ਮਈ (ਵਿਸ਼ਾਲ ਸ਼ਰਮਾਂ) ਰਾਜ ਸਭਾ ਮੈਂਬਰ ਸੰਜੀਵ ਅਰੋੜਾ ਨੇ ਅੱਜ ਸਵੇਰੇ ਹੰਬੜਾਂ ਰੋਡ ਤੋਂ ਸਫਾਈ ਮੁਹਿੰਮ ਦੀ ਸ਼ੁਰੂਆਤ ਕੀਤੀ। ਇਸ ਦੌਰਾਨ ਉਨ੍ਹਾਂ ਨੇ ਸ਼ਹਿਰ ਨੂੰ ਸਾਫ਼ ਰੱਖਣ ਵਿੱਚ ਸਫ਼ਾਈ ਅਤੇ ਜਨਤਕ ਭਾਗੀਦਾਰੀ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਇਸ ਦੌਰਾਨ ਕੌਂਸਲਰ ਮਨਿੰਦਰ ਕੌਰ ਘੁੰਮਣ, ਨਗਰ ਨਿਗਮ ਦੇ ਸੰਯੁਕਤ ਕਮਿਸ਼ਨਰ ਅੰਕੁਰ ਮਹੇਂਦਰੂ, ਜ਼ੋਨਲ ਕਮਿਸ਼ਨਰ ਜਸਦੇਵ ਸਿੰਘ ਸੇਖੋਂ ਅਤੇ ਸਿਹਤ ਅਧਿਕਾਰੀ ਡਾ. ਵਿਪਲ ਮਲਹੋਤਰਾ ਵੀ ਉਨ੍ਹਾਂ ਦੇ ਨਾਲ ਸਨ। ਅਰੋੜਾ ਨੇ ਖੁਦ ਸੜਕ ਕਿਨਾਰੇ ਝਾੜੂ ਮਾਰ ਕੇ ਸਫਾਈ ਕਰਕੇ ਇੱਕ ਮਿਸਾਲ ਕਾਇਮ ਕੀਤੀ ਅਤੇ ਇਸ ਮੁਹਿੰਮ ਵਿੱਚ ਸਰਗਰਮੀ ਨਾਲ ਹਿੱਸਾ ਲਿਆ। ਪੱਤਰਕਾਰਾਂ ਨਾਲ ਗੈਰ-ਰਸਮੀ ਗੱਲਬਾਤ ਦੌਰਾਨ ਅਰੋੜਾ ਨੇ ਕਿਹਾ ਕਿ ਇਸ ਪਹਿਲਕਦਮੀ ਤਹਿਤ, 80-100 ਸਫਾਈ ਕਰਮਚਾਰੀਆਂ ਦੀਆਂ ਟੀਮਾਂ ਹਰ ਰੋਜ਼ ਵੱਖ-ਵੱਖ ਖੇਤਰਾਂ ਦਾ ਦੌਰਾ ਕਰਦੀਆਂ ਹਨ। ਉਨ੍ਹਾਂ ਕਿਹਾ ਹਰ ਰੋਜ਼ ਲਗਭਗ 12 ਕਿਲੋਮੀਟਰ ਸੜਕਾਂ ਦੀ ਸਫਾਈ ਕੀਤੀ ਜਾਂਦੀ ਹੈ ਅਤੇ ਸੜਕ ਦੇ ਕਿਨਾਰੇ ਇਕੱਠਾ ਕੀਤਾ ਗਿਆ ਕੂੜਾ ਟਰੈਕਟਰ-ਟਰਾਲੀਆਂ ਰਾਹੀਂ ਚੁੱਕਿਆ ਜਾਂਦਾ ਹੈ। ਨਗਰ ਨਿਗਮ ਵੱਲੋਂ ਕੀਤੀ ਜਾਂਦੀ ਨਿਯਮਤ ਸਫਾਈ ਤੋਂ ਇਲਾਵਾ ਹਰੇਕ ਟੀਮ ਹਰ ਰੋਜ਼ ਲਗਭਗ 2 ਕਿਲੋਮੀਟਰ ਦੀ ਦੂਰੀ ਤੈਅ ਕਰਦੀ ਹੈ ਅਤੇ ਸਫਾਈ ਕਰਦੀ ਹੈ।

## ਸੁਸ਼ੀਲ ਕੁਮਾਰ ਵਿੱਕੀ ਭਾਜਪਾ ਮੰਡਲ ਦਾਖਾ ਦਾ ਸਨਮਾਨ



ਮੁੱਲਾਂਪੁਰ ਦਾਖਾ, 6 ਮਈ (ਦਵਿੰਦਰ ਸਿੰਘ ਲੰਮੇਂ) : ਸੁਸ਼ੀਲ ਕੁਮਾਰ ਵਿੱਕੀ ਚੌਧਰੀ ਨੂੰ ਭਾਜਪਾ ਮੰਡਲ ਦਾਖਾ ਦੇ ਪ੍ਰਧਾਨ ਬਣਨ 'ਤੇ ਸ਼ੀਤਲਾ ਮਾਤਾ ਮੰਦਿਰ ਕਮੇਟੀ ਵੱਲੋਂ ਸਨਮਾਨਿਤ ਕੀਤਾ ਗਿਆ। ਇਸ ਮੌਕੇ ਨਵੇਂ ਪ੍ਰਧਾਨ ਵਿੱਕੀ ਚੌਧਰੀ ਨੇ ਆਪਣੇ ਸੰਬੋਧਨ ਦੌਰਾਨ ਵਿਸ਼ਵਾਸ ਦਿਵਾਇਆ ਕਿ ਉਹ ਮੰਡਲ ਦਾਖਾ ਦੇ ਹਰ ਪਰਿਵਾਰ ਤੱਕ ਭਾਜਪਾ ਦੀਆਂ ਨੀਤੀਆਂ ਬਾਰੇ ਪ੍ਰਚਾਰ ਕਰਨਗੇ ਅਤੇ ਭਾਈਚਾਰਕ ਸਾਂਝ ਨੂੰ ਬਣਾਈ ਰੱਖਣਾ ਉਹਨਾਂ ਦੀ ਪਹਿਲ ਕਦਮੀ ਹੋਵੇਗੀ। ਇਸ ਮੌਕੇ ਸੰਜੀਵ ਢੰਡ, ਪ੍ਰਦੀਪ ਚੇਤਲ, ਸੰਜੀਵ ਮਲਹੋਤਰਾ, ਵਰਿੰਦਰ ਬਾਂਸਲ, ਰਾਜ ਕੁਮਾਰ ਸ਼ਰਮਾ, ਰਾਕੇਸ਼ ਸਿੰਗਲਾ, ਮਦਨ ਸਰਮਾ, ਬ੍ਰਿਜ ਭੂਸਨ ਅਤੇ ਬਾਵਾ ਜੈਨ ਆਦਿ ਹਾਜ਼ਰ ਸਨ।

## ਕੁਲਦੀਪ ਸਿੰਘ ਬੱਦੋਵਾਲ ਨੂੰ ਰਾਜੀਵ ਗਾਂਧੀ ਪੰਚਾਇਤੀ ਰਾਜ ਸੰਗਠਨ ਜ਼ਿਲ੍ਹਾ ਦਿਹਾਤੀ ਦਾ ਚੇਅਰਮੈਨ ਨਿਯੁਕਤ ਕਰਨ 'ਤੇ ਚੁਫੇਰਿਓਂ ਵਧਾਈਆਂ



ਮੁੱਲਾਂਪੁਰ ਦਾਖਾ, 6 ਮਈ (ਦਵਿੰਦਰ ਸਿੰਘ ਲੰਮੇਂ) : ਜ਼ਿਲ੍ਹਾ ਪ੍ਰੀਸ਼ਦ ਮੈਂਬਰ ਅਤੇ ਟਕਸਾਲੀ ਕਾਂਗਰਸੀ ਆਗੂ ਕੁਲਦੀਪ ਸਿੰਘ ਬੱਦੋਵਾਲ ਨੂੰ ਰਾਜੀਵ ਗਾਂਧੀ ਪੰਚਾਇਤੀ ਰਾਜ ਸੰਗਠਨ ਜ਼ਿਲ੍ਹਾ ਲੁਧਿਆਣਾ ਦਿਹਾਤੀ ਦਾ ਚੇਅਰਮੈਨ ਨਿਯੁਕਤ ਕਰ ਦਿੱਤਾ ਗਿਆ ਹੈ। ਸੰਗਠਨ ਦੇ ਚੇਅਰਮੈਨ ਗਗਨਦੀਪ ਸਿੰਘ ਬੌਬੀ ਅਤੇ ਜਨਰਲ ਸਕੱਤਰ ਜਸਪ੍ਰੀਤ ਸਿੰਘ ਕਲਾਲ ਮਾਜਰਾ ਵੱਲੋਂ ਕੁਲਦੀਪ ਸਿੰਘ ਬੱਦੋਵਾਲ ਨੂੰ ਨਿਯੁਕਤੀ ਪੱਤਰ ਦੇਣ ਸਮੇਂ ਸੰਸਦ ਅਮਰਿੰਦਰ ਸਿੰਘ ਰਾਜਾ ਵੜਿੰਗ ਤੇ ਪੰਜਾਬ ਕਾਂਗਰਸ ਦੇ ਜਨਰਲ ਸਕੱਤਰ ਅਤੇ ਹਲਕਾ ਦਾਖਾ ਦੇ ਇੰਚਾਰਜ ਕੈਪਟਨ ਸੰਦੀਪ ਸੰਧੂ ਵਿਸ਼ੇਸ਼ ਹਾਜ਼ਰ ਰਹੇ। ਇਸ ਮੌਕੇ ਅਮਰਿੰਦਰ ਸਿੰਘ ਰਾਜਾ ਵੜਿੰਗ, ਕੈਪਟਨ ਸੰਦੀਪ ਸੰਧੂ, ਗਗਨਦੀਪ ਸਿੰਘ ਬੌਬੀ ਅਤੇ ਜਸਪ੍ਰੀਤ ਸਿੰਘ ਕਲਾਲ ਮਾਜਰਾ ਨੇ ਕਿਹਾ ਕਿ ਕੁਲਦੀਪ ਸਿੰਘ ਇੱਕ ਟਕਸਾਲੀ ਕਾਂਗਰਸੀ ਹੈ, ਜਿਸ ਨੇ ਪਾਰਟੀ ਦੇ ਹਰ ਹੁਕਮ ਨੂੰ ਖਿੜੇ ਮੱਥੇ ਕਬੂਲਿਆ ਹੈ।

ਇਸ ਮੌਕੇ ਕੁਲਦੀਪ ਸਿੰਘ ਬਦੋਵਾਲ ਨੇ ਇਸ ਨਿਯੁਕਤੀ 'ਤੇ ਸੰਗਠਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਕਾਂਗਰਸ ਪਾਰਟੀ ਆਪਣੇ ਵਫਾਦਾਰ ਸਿਪਾਹੀਆਂ ਦਾ ਸਮਾਂ ਆਉਣ 'ਤੇ ਢੁੱਕਵਾਂ ਸਨਮਾਨ ਕਰਦੀ ਹੈ ਅਤੇ ਇਹ ਨਿਯੁਕਤੀ ਵੀ ਉਹਨਾਂ ਦੀ ਪਾਰਟੀ ਪ੍ਰਤੀ ਵਫਾਦਾਰੀ, ਇਮਾਨਦਾਰੀ ਅਤੇ ਪਾਰਟੀ ਨੂੰ ਹਲਕਾ ਦਾਖਾ ਅੰਦਰ ਮਜ਼ਬੂਤ ਕਰਨ ਲਈ ਕੀਤੀ ਗਈ ਸਖ਼ਤ ਮਿਹਨਤ ਦਾ ਨਤੀਜਾ ਹੈ। ਉਹਨਾਂ ਸੰਗਠਨ ਦੇ ਉੱਚ ਆਗੂਆਂ ਦਾ ਇਸ ਨਿਯੁਕਤੀ ਲਈ ਧੰਨਵਾਦ ਕਰਦਿਆਂ ਕਿਹਾ ਕਿ ਉਹਨਾਂ 'ਤੇ ਕੀਤਾ ਗਿਆ ਵਿਸ਼ਵਾਸ ਉਹ ਕਦੇ ਵੀ ਟੁੱਟਣ ਨਹੀਂ ਦੇਣਗੇ ਕੁਲਦੀਪ ਸਿੰਘ ਬੱਦੋਵਾਲ ਨੂੰ ਇਸ ਨਿਯੁਕਤੀ 'ਤੇ ਰਾਜਾ ਵੜਿੰਗ, ਕੈਪਟਨ ਸੰਦੀਪ ਸੰਧੂ, ਕੁਲਦੀਪ ਸਿੰਘ ਵੈਦ, ਮੇਜਰ ਸਿੰਘ ਮੁੱਲਾਂਪੁਰ, ਜਗਤਾਰ ਸਿੰਘ ਹਿੱਸੋਵਾਲ, ਬਿਕਰਮਜੀਤ ਸਿੰਘ ਬਾਜਵਾ, ਕਾਮਿਲ ਬੋਪਾਰਾਏ, ਮਨਪ੍ਰੀਤ ਈਸੇਵਾਲ, ਪਰੇਮ ਸਿੰਘ ਸੇਖੋਂ ਅਤੇ ਰਾਜਵਿੰਦਰ ਸਿੰਘ ਰਾਜੂ ਬੱਦੋਵਾਲ ਆਦਿ ਨੇ ਵਧਾਈਆਂ ਦਿੰਦਿਆਂ ਉਹਨਾਂ ਦੇ ਚੰਗੇ ਭਵਿੱਖ ਦੀ ਕਾਮਨਾ ਕੀਤੀ।

## ਵੈਟਰਨਰੀ ਯੂਨੀਵਰਸਿਟੀ ਨੇ ਡੇਅਰੀ ਕਿਸਾਨਾਂ ਨੂੰ ਪੌਸ਼ਟਿਕਤਾ ਤਕਨਾਲੋਜੀ ਸਬੰਧੀ ਸਿਖਲਾਈ ਦਿੱਤੀ

ਲੁਧਿਆਣਾ, 6 ਮਈ (ਰਵਿੰਦਰ ਸਿੰਘ ਨਿੱਝਰ) : ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ ਦੇ ਪਸ਼ੂ ਆਹਾਰ ਵਿਭਾਗ ਵੱਲੋਂ ਨਿਰਦੇਸ਼ਾਲਾ ਪਸਾਰ ਸਿੱਖਿਆ ਦੀ ਅਗਵਾਈ ਅਧੀਨ ਪੰਜ ਦਿਨਾ ਸਿਖਲਾਈ ਪ੍ਰੋਗਰਾਮ ਕਰਵਾਇਆ ਗਿਆ ਜਿਸ ਦਾ ਵਿਸ਼ਾ ਸੀ 'ਡੇਅਰੀ ਕਿਸਾਨਾਂ ਲਈ ਪਸ਼ੂ ਪੌਸ਼ਟਿਕਤਾ ਤਕਨਾਲੋਜੀਆਂ'। ਇਸ ਸਿਖਲਾਈ ਦੇ ਸਮਾਪਨ ਸਮਾਰੋਹ ਦੌਰਾਨ ਡਾ. ਰਵਿੰਦਰ ਸਿੰਘ ਗਰੇਵਾਲ, ਨਿਰਦੇਸ਼ਕ ਪਸਾਰ ਸਿੱਖਿਆ ਨੇ ਕਿਹਾ ਕਿ ਡੇਅਰੀ ਫਾਰਮਿੰਗ ਦੇ ਕਿੱਤੇ ਵਿਚ 65 ਪ੍ਰਤੀਸ਼ਤ ਤੋਂ ਵਧੇਰੇ ਖਰਚ ਪਸ਼ੂ ਖੁਰਾਕ ਦਾ ਹੁੰਦਾ ਹੈ। ਇਸ ਲਈ ਆਧੁਨਿਕ ਪਸ਼ੂ ਖੁਰਾਕ ਤਕਨਾਲੋਜੀਆਂ ਅਪਣਾਅ ਕੇ ਅਸੀਂ ਖੁਰਾਕ ਦੇ ਖਰਚੇ ਨੂੰ ਵੱਡੀ ਪੱਧਰ 'ਤੇ ਘਟਾ ਸਕਦੇ ਹਾਂ ਅਤੇ ਇਸ ਕਿੱਤੇ ਨੂੰ ਵਧੇਰੇ ਮੁਨਾਫ਼ੇਯੋਗ ਕਰ ਸਕਦੇ ਹਾਂ। ਇਨ੍ਹਾਂ ਢੰਗਾਂ ਨਾਲ ਨਾ ਸਿਰਫ ਉਤਪਾਦਨ ਵਧਦਾ ਹੈ ਬਲਕਿ ਪੇਂਡੂ ਨੌਜਵਾਨਾਂ ਲਈ ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਹੋ ਕੇ ਖੇਤੀਬਾੜੀ ਵਿਭਿੰਨਤਾ ਨੂੰ ਹੁਲਾਰਾ ਵੀ ਮਿਲਦਾ ਹੈ ਡਾ. ਜਸਪਾਲ ਸਿੰਘ ਹੁੰਦਲ, ਮੁਖੀ, ਪਸ਼ੂ ਆਹਾਰ ਵਿਭਾਗ ਅਤੇ ਕੋਰਸ ਨਿਰਦੇਸ਼ਕ ਨੇ ਦੱਸਿਆ ਕਿ ਸਿਖਲਾਈ ਵਿੱਚ ਭਾਸ਼ਣਾਂ ਰਾਹੀਂ ਅਤੇ ਪ੍ਰਯੋਗੀ ਗਿਆਨ ਦਿੱਤਾ ਗਿਆ। ਸਿਖਲਾਈ ਦਾ ਮੁੱਖ ਉਦੇਸ਼ ਸਾਰਾ ਸਾਲ ਸੰਤੁਲਿਤ ਪਸ਼ੂ ਖੁਰਾਕ ਉਪਲਬਧ ਕਰਾਉਣ ਬਾਰੇ ਸਿੱਖਿਅਤ ਕਰਨਾ ਸੀ। ਸਿਖਲਾਈ ਵਿੱਚ ਧਾਤਾਂ ਦੇ ਚੂਰੇ, ਪਸ਼ੂ ਚਾਟ ਅਤੇ ਬਾਈਪਾਸ ਪੋਸ਼ਕ ਤੱਤਾਂ ਬਾਰੇ ਵੀ ਦੱਸਿਆ ਗਿਆ। ਸਿੱਖਿਆਰਥੀਆਂ ਨੂੰ ਚਾਰਾ ਸੰਭਾਲਣ ਦੀਆਂ ਤਕਨੀਕਾਂ ਜਿਨ੍ਹਾਂ ਵਿੱਚ ਅਚਾਰ ਅਤੇ ਹੇਅ ਬਣਾਉਣਾ ਪ੍ਰਮੁੱਖ ਹਨ ਬਾਰੇ ਵੀ ਜਾਣਕਾਰੀ ਦਿੱਤੀ ਗਈ। ਦੱਸਣਾ ਵਰਣਨਯੋਗ ਹੈ ਕਿ ਇਸ ਵਿਭਾਗ ਨੇ ਪਸ਼ੂ ਖੁਰਾਕ ਸੰਬੰਧੀ ਕਈ ਤਕਨਾਲੋਜੀਆਂ ਵਿਕਸਿਤ ਕੀਤੀਆਂ ਹਨ ਅਤੇ ਪੰਜਾਬ ਦੇ ਵਿਭਿੰਨ ਖੇਤਰਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਇਲਾਕਾ ਆਧਾਰਿਤ ਧਾਤਾਂ ਦਾ ਚੂਰਾ ਵੀ ਤਿਆਰ ਕੀਤਾ ਹੋਇਆ ਹੈ।

## ਰਾਜ ਪੱਧਰੀ ਸਮਾਗਮ 'ਚ ਚੇਅਰਮੈਨ ਗੋਗਾ 'ਫ਼ਖਰ-ਏ-ਕੌਮ' ਪੁਰਸਕਾਰ ਨਾਲ ਸਨਮਾਨਤ



ਲੁਧਿਆਣਾ, 6 ਮਈ (ਰਵਿੰਦਰ ਸਿੰਘ ਨਿੱਝਰ) : ਰਾਮਗੜ੍ਹੀਆ ਸਿੱਖ ਆਰਗੇਨਾਈਜੇਸਨ ਵੱਲੋਂ ਸਿੰਘਪੁਰ ਵਿਖੇ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦੇ 302ਵੇਂ ਜਨਮ ਦਿਨ ਤੇ ਇੱਕ ਰਾਜ ਪੱਧਰੀ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਵਿੱਚ ਉੱਘੇ ਸਮਾਜ ਸੇਵਕ ਤੇ ਰਾਮਗੜ੍ਹੀਆ ਭਲਾਈ ਬੋਰਡ ਪੰਜਾਬ ਸਰਕਾਰ ਦੇ ਚੇਅਰਮੈਨ ਸਾਬਕਾ ਚੇਅਰਮੈਨ ਸੋਹਣ ਸਿੰਘ ਗੋਗਾ ਨੂੰ ਫਖਰ ਏ ਕੌਮ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਇਸ ਸਮਾਗਮ ਵਿੱਚ ਉਚੇਚੇ ਤੌਰ ਤੇ ਪਹੁੰਚੇ ਮੈਂਬਰ ਪਾਰਲੀਮੈਂਟ ਰਾਜ ਕੁਮਾਰ ਚੱਬੇਵਾਲ ਨੇ ਕਿਲਾ ਰਾਮਗੜ੍ਹੀਆ ਜਿਸ ਦੀ ਉਸਾਰੀ ਕਿ ਪੂਰੇ ਜੋਰਾ ਸ਼ੋਰਾਂ ਨਾਲ ਚੱਲ ਰਹੀ ਹੈ ਨੂੰ ਸਵਾ ਲੱਖ ਰੁਪਏ ਉਸਾਰੀ ਅਤੇ ਸੜਕਾਂ ਦੀਆਂ ਲਾਈਟਾਂ ਵਾਸਤੇ ਦੇਣ ਦਾ ਐਲਾਨ ਕੀਤਾ। ਹਰਦੇਵ ਸਿੰਘ ਕੌਂਸਲ ਪ੍ਰਧਾਨ, ਸੰਤ ਰਣਜੀਤ ਸਿੰਘ, ਲਛਮਣ ਸਿੰਘ ਭੰਵਰਾ, ਪ੍ਰਦੀਪ ਪਲਾਹਾ, ਹਰਬੰਸ ਸਿੰਘ ਟਾਂਡਾ, ਗੁਰਵਿੰਦਰ ਸਿੰਘ ਮਠਾੜੂ ਦਿੱਲੀ, ਅਮਰਜੀਤ ਸਿੰਘ ਦਸਮੇਸ, ਗੁਰਿੰਦਰ ਸਿੰਘ ਗਿੰਦਾ, ਕਰਨੈਲ ਸਿੰਘ ਗਿੰਦੀ ਅਤੇ ਤਰਸੇਮ ਸਿੰਘ ਆਦਿ ਸਾਰੇ ਮੈਂਬਰਾਂ ਨੇ ਇਸ ਸਮਾਗਮ ਨੂੰ ਨੇਪਰੇ ਚੜ੍ਹਾਉਣ ਵਿੱਚ ਅਹਿਮ ਯੋਗਦਾਨ ਪਾਇਆ।

## ਅੱਖਾਂ ਦਾ ਮੁਫ਼ਤ ਚੈੱਕਅਪ ਕੈਂਪ ਮੁੱਲਾਂਪੁਰ 'ਚ 10 ਨੂੰ

ਮੁੱਲਾਂਪੁਰ ਦਾਖਾ, 6 ਮਈ (ਦਵਿੰਦਰ ਸਿੰਘ ਲੰਮੇਂ) : ਸ਼ੰਕਰਾ ਅੱਖਾਂ ਦੇ ਹਸਪਤਾਲ ਵੱਲੋਂ ਡਾ. ਬੀ.ਆਰ.ਅੰਬੇਡਕਰ ਮਿਸ਼ਨ ਵੈਲਫੇਅਰ ਸੁਸਾਇਟੀ ਰਜਿ. ਮੁੱਲਾਂਪੁਰ ਦਾਖਾ ਦੇ ਸਹਿਯੋਗ ਨਾਲ 10 ਮਈ ਦਿਨ ਸ਼ਨੀਵਾਰ ਨੂੰ ਸਵੇਰੇ 9 ਵਜੇ ਤੋਂ ਲੈਕੇ ਦੁਪਿਹਰ 1 ਵਜੇ ਤੱਕ ਡਾ. ਬੀ.ਆਰ.ਅੰਬੇਡਕਰ ਭਵਨ ਨੇੜੇ ਬੱਸ ਅੱਡਾ ਮੁੱਲਾਂਪੁਰ ਦਾਖਾ ਵਿਖੇ ਅੱਖਾਂ ਦੀ ਜਾਂਚ ਦਾ ਮੁਫਤ ਕੈਂਪ ਲਗਾਇਆ ਜਾ ਰਿਹਾ ਹੈ। ਇਸ ਕੈਂਪ ਵਿੱਚ ਚਿੱਟੇ ਮੋਤੀਏ ਵਾਲੇ ਮਰੀਜਾਂ ਦੇ ਮੁਫਤ ਆਪਰੇਸ਼ਨ ਕੀਤੇ ਜਾਣਗੇ। ਪ੍ਰਬੰਧਕਾਂ ਅਨੁਸਾਰ ਕੈਂਪ ਵਿੱਚ ਆਉਣ ਵਾਲੇ ਮਰੀਜ਼ ਆਪਣੇ ਆਧਾਰ ਕਾਰਡ ਦੀ ਕਾਪੀ ਅਤੇ ਦਵਾਈ ਖਾਣ ਵਾਲੇ ਮਰੀਜ਼ ਆਪਣੀ ਦਵਾਈ ਨਾਲ ਜ਼ਰੂਰ ਲੈ ਕੇ ਆਉਣ।

## ਬਿਹਾਰ ਸਿੱਖ ਫੈਡਰੇਸ਼ਨ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਮਨਾਉਣ ਸਬੰਧੀ ਕੀਤੀ ਮੀਟਿੰਗ

ਬਿਹਾਰ ਸ਼ਰੀਫ, 6 ਮਈ (ਚ.ਨ.ਸ.): ਬਿਹਾਰ ਸਿੱਖ ਫੈਡਰੇਸ਼ਨ ਪਟਨਾ ਸਾਹਿਬ ਦੇ ਬਾਨੀ ਸ.ਭਾਈ ਤ੍ਰਿਲੋਕ ਸਿੰਘ ਨਿਸ਼ਾਦ ਦੀ ਪ੍ਰਧਾਨਗੀ ਹੇਠ ਸਿੱਖ ਫੈਡਰੇਸ਼ਨ ਦੇ ਮੈਂਬਰਾਂ ਨੇ ਬਿਹਾਰ ਸ਼ਰੀਫ ਸ਼ਹਿਰ ਦੇ ਭਾਰਾਵਰ ਸਥਿਤ ਸ੍ਰੀ ਗੁਰੂ ਨਾਨਕ ਸੰਗਤ ਪੰਜਾਬਾ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਮਨਾਉਣ ਸਬੰਧੀ ਇਕ ਅਹਿਮ ਮੀਟਿੰਗ ਕੀਤੀ। ਮੀਟਿੰਗ ਦੀ ਸ਼ੁਰੂਆਤ ਫੈਡਰੇਸ਼ਨ ਦੇ ਮੈਂਬਰਾਂ ਨੇ ਪੰਜਾਬਾ ਗੁਰਦੁਆਰੇ ਵਿਖੇ ਮੱਥਾ ਟੇਕ ਕੇ ਕੀਤੀ। ਇਸ ਮੌਕੇ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਭਾਈ ਤ੍ਰਿਲੋਕ ਸਿੰਘ ਨਿਸ਼ਾਦ ਨੇ ਕਿਹਾ ਕਿ 1 ਜੂਨ,2025 ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਵਸ ਮੌਕੇ ਸ੍ਰੀ ਗੁਰੂ ਨਾਨਕ ਸੰਗਤ ਪੰਜਾਬਾ ਗੁਰਦੁਆਰਾ ਵਿਖੇ ਭਾਸ਼ਣ ਅਤੇ ਕੀਰਤਨ ਦੀ ਲੜੀ ਅਤੇ ਅਖੰਡ ਲੰਗਰ ਦਾ ਆਯੋਜਨ ਕੀਤਾ ਜਾਵੇਗਾ, ਜਿਸ ਵਿੱਚ ਸ਼ਹਿਰ ਦੇ ਪਤਵੰਤੇ ਅਤੇ ਸੂਬੇ ਦੇ ਕਈ ਵਿਦਵਾਨ ਹਿੱਸਾ ਲੈਣਗੇ। ਇਹ ਪ੍ਰੋਗਰਾਮ ਧਰਮ ਪ੍ਰਚਾਰ ਕਮੇਟੀ ਪਟਨਾ ਸਾਹਿਬ ਦੇ ਪ੍ਰਧਾਨ ਸ੍ਰ. ਮਹਿੰਦਰ ਪਾਲ ਸਿੰਘ ਢਿੱਲੋਂ ਦੀ ਅਗਵਾਈ ਹੇਠ ਆਯੋਜਤ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਹ ਲੈਕਚਰ ਲੜੀ ਇਕ ਧਾਰਮਕ ਪ੍ਰੋਗਰਾਮ ਹੈ ਜਿਸ ਵਿੱਚ ਗੁਰੂ ਅਰਜਨ ਦੇਵ ਜੀ ਦੇ ਜੀਵਨ ਅਤੇ ਸ਼ਹਾਦਤ ਬਾਰੇ ਲੈਕਚਰ ਅਤੇ ਧਾਰਮਕ ਪ੍ਰਵਚਨ ਦਿੱਤੇ ਜਾਣਗੇ। ਇਸ ਮੌਕੇ ਤਖ਼ਤ ਸ੍ਰੀ ਹਰਿਮੰਦਰ ਸਾਹਿਬ ਪਟਨਾ ਦੇ ਮੈਨੇਜਰ ਸ੍ਰ ਹਰਜੀਤ ਸਿੰਘ,ਬਿਹਾਰ ਸਿੱਖ ਫੈਡਰੇਸ਼ਨ ਨਾਲੰਦਾ ਦੇ ਮੀਡੀਆ ਇੰਚਾਰਜ ਰਾਕੇਸ਼ ਬਿਹਾਰੀ ਸ਼ਰਮਾ ਫਾਊਂਡਰ ਮੈਂਬਰ ਡਾ.ਆਨੰਦ ਮੋਹਨ ਝਾਅ,ਸ੍ਰੀ ਗੁਰੂ ਨਾਨਕ ਸੰਗਤ ਪੰਜਾਬਾ,ਗੁਰਦੁਆਰਾ ਦੇ ਗ੍ਰੰਥੀ ਅਨਿਲ ਸਿੰਘ, ਨਗੀਨਾ ਸਿੰਘ ਆਦਿ ਹਾਜ਼ਰ ਸਨ।

## ਦੇਸ਼ ਭਗਤ ਯੂਨੀਵਰਸਿਟੀ ਦੇ ਵਿਦਿਆਰਥੀਆਂ ਤੇ ਫੈਕਲਟੀ ਨੂੰ ਇਸਰੋ ਸਟਾਰਟ ਪ੍ਰੋਗਰਾਮ ਤਹਿਤ ਕੀਤਾ ਸਨਮਾਨਤ



ਮੰਡੀ ਗੋਬਿੰਦਗੜ੍ਹ, 6 ਮਈ (ਅੰਮ੍ਰਿਤਪਾਲ ਸਿੰਘ): ਦੇਸ਼ ਭਗਤ ਯੂਨੀਵਰਸਿਟੀ ਦੇ ਇੰਜੀਨੀਅਰਿੰਗ, ਤਕਨਾਲੋਜੀ ਅਤੇ ਕੰਪਿਊਟਿੰਗ ਫੈਕਲਟੀ ਨੇ 132 ਵਿਦਿਆਰਥੀਆਂ ਅਤੇ 2 ਫੈਕਲਟੀ ਮੈਂਬਰਾਂ ਦੀਆਂ ਪ੍ਰਾਪਤੀਆਂ ਦਾ ਜਸ਼ਨ ਮਨਾਇਆ, ਜਿਨ੍ਹਾਂ ਨੇ ਇੰਡੀਅਨ ਇੰਸਟੀਚਿਊਟ ਆਫ ਰਿਮੋਟ ਸੈਂਸਿੰਗ, ਦੇਹਰਾਦੂਨ ਦੁਆਰਾ ਕਰਵਾਏ ਗਏ ਇਸਰੋ ਸਪੇਸ ਸਾਇੰਸ ਐਂਡ ਟੈਕਨਾਲੋਜੀ ਜਾਗਰੂਕਤਾ ਸਿਖਲਾਈ ਸਟਾਰਟ ਪ੍ਰੋਗਰਾਮ ਨੂੰ ਸਫਲਤਾਪੂਰਵਕ ਪੂਰਾ ਕੀਤਾ। ਇਸ ਸਨਮਾਨ ਸਮਾਰੋਹ ਵਿੱਚ ਚਾਂਸਲਰ ਡਾ. ਜ਼ੋਰਾ ਸਿੰਘ, ਪ੍ਰੋ-ਚਾਂਸਲਰ ਡਾ. ਤਜਿੰਦਰ ਕੌਰ ਅਤੇ ਵਾਈਸ ਚਾਂਸਲਰ ਡਾ. ਹਰਸ਼ ਸਦਾਵਰਤੀ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਇਸ ਦੌਰਾਨ ਕੁੱਲ ਭਾਗੀਦਾਰਾਂ ਵਿੱਚੋਂ ਸੱਤ ਵਿਦਿਆਰਥੀ ਅਹਿਮਦ ਹੁਸੈਨ, ਅਮਨਦੀਪ ਸਿੰਘ, ਨਵਜੋਤ ਸਿੰਘ, ਹਰਮਨ ਸਿੰਘ, ਖੁਸ਼ੀ, ਮਨੀਸ਼ਾ ਰਾਣੀ, ਜਤਿਨ ਵਰਮਾ ਅਤੇ ਦੋ ਫੈਕਲਟੀ ਮੈਂਬਰ ਡਾ. ਗੁਰਿੰਦਰ ਕੌਰ ਸੋਢੀ, ਸ਼੍ਰੀਮਤੀ ਰਵਿੰਦਰ ਕੌਰ ਨੂੰ ਉਨ੍ਹਾਂ ਦੇ ਸ਼ਾਨਦਾਰ ਪ੍ਰਦਰਸ਼ਨ ਨੂੰ ਮਾਨਤਾ ਦਿੰਦੇ ਹੋਏ, ਉਨ੍ਹਾਂ ਦੁਆਰਾ 1+ ਗ੍ਰੇਡ ਦੇ ਨਾਲ ਮੈਰਿਟ ਸਰਟੀਫਿਕੇਟ ਪ੍ਰਦਾਨ ਕੀਤੇ ਗਏ। ਇਸ ਸਮਾਗਮ ਦੌਰਾਨ, ਵਾਈਸ ਚਾਂਸਲਰ ਡਾ. ਹਰਸ਼ ਸਦਾਵਰਤੀ ਨੇ 'ਸਪੇਸ ਟੈਕਨਾਲੋਜੀ ਅਤੇ ਐਪਲੀਕੇਸ਼ਨਾਂ' ਵਿੱਚ ਖਾਸ ਕਰਕੇ ਆਰਟੀਫਿਸ਼ੀਅਲ ਇੰਟੈਲੀਜੈਂਸ ਅਤੇ ਡੇਟਾ ਸਾਇੰਸ' ਵਿਸ਼ੇ 'ਤੇ ਇੱਕ ਪੇਸ਼ਕਾਰੀ ਵੀ ਦਿੱਤੀ, ਜਿਸ ਵਿੱਚ ਪੁਲਾੜ ਖੋਜ ਨੂੰ ਅੱਗੇ ਵਧਾਉਣ ਵਿੱਚ ਏਆਈ ਦੀ ਉਭਰ ਰਹੀ ਭੂਮਿਕਾ ਅਤੇ ਭਵਿੱਖ ਲਈ ਇਸਦੀ ਸੰਭਾਵਨਾ ਨੂੰ ਉਜਾਗਰ ਕੀਤਾ ਗਿਆ। ਡਾ. ਸਦਾਵਰਤੀ ਨੇ ਦੇਸ਼ ਭਗਤ ਯੂਨੀਵਰਸਿਟੀ ਵੱਲੋਂ ਪੁਲਾੜ ਵਿਗਿਆਨ ਅਤੇ ਤਕਨਾਲੋਜੀ ਦੇ ਖੇਤਰ ਵਿੱਚ ਰਾਸ਼ਟਰੀ ਆਊਟਰੀਚ ਪ੍ਰੋਗਰਾਮਾਂ ਅਤੇ ਅਕਾਦਮਿਕ ਪਹਿਲਕਦਮੀਆਂ ਵਿੱਚ ਨਿਰੰਤਰ ਭਾਗੀਦਾਰੀ ਰਾਹੀਂ ਪਾਏ ਗਏ ਮਹੱਤਵਪੂਰਨ ਯੋਗਦਾਨ ਨੂੰ ਵੀ ਸਾਂਝਾ ਕੀਤਾ। ਯੂਨੀਵਰਸਿਟੀ ਲਈ ਇਸ ਮਾਣ ਦੇ ਪਲ ਵਿੱਚ, ਡਾ. ਹਰਸ਼ ਸਦਾਵਰਤੀ ਨੂੰ ਚਾਂਸਲਰ ਡਾ. ਜ਼ੋਰਾ ਸਿੰਘ ਅਤੇ ਪ੍ਰੋ. ਚਾਂਸਲਰ ਡਾ. ਤਜਿੰਦਰ ਕੌਰ ਨੇ 99 ਆਈਐਸ ਆਊਟਰੀਚ ਪ੍ਰੋਗਰਾਮ, ਇਸਰੋ, ਦੇਹਰਾਦੂਨ ਦੁਆਰਾ ਭਾਰਤ ਵਿੱਚ ਸਰਵੋਤਮ ਸਟਾਰਟ ਕੋਆਰਡੀਨੇਟਰ ਵਜੋਂ ਰਾਸ਼ਟਰੀ ਪੁਰਸਕਾਰ ਪ੍ਰਾਪਤ ਕਰਨ ਲਈ ਸਨਮਾਨਿਤ ਵੀ ਕੀਤਾ। ਚਾਂਸਲਰ ਡਾ. ਜ਼ੋਰਾ ਸਿੰਘ ਨੇ ਡਾ. ਸਦਾਵਰਤੀ ਦੀ ਦੂਰਦਰਸ਼ੀ ਅਗਵਾਈ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹ ਰਾਸ਼ਟਰੀ ਮਾਨਤਾ ਪੁਲਾੜ ਵਿਗਿਆਨ ਅਤੇ ਤਕਨਾਲੋਜੀ ਦੇ ਖੇਤਰ ਵਿੱਚ ਦੇਸ਼ ਭਗਤ ਯੂਨੀਵਰਸਿਟੀ ਦੇ ਵਧ ਰਹੇ ਕੱਦ ਦਾ ਪ੍ਰਮਾਣ ਹੈ। ਸਾਨੂੰ ਆਪਣੇ ਵਿਦਿਆਰਥੀਆਂ, ਫੈਕਲਟੀ ਅਤੇ ਆਪਣੇ ਵਾਈਸ ਚਾਂਸਲਰ 'ਤੇ ਮਾਣ ਹੈ ਕਿ ਉਨ੍ਹਾਂ ਨੇ ਸੰਸਥਾ ਨੂੰ ਅਜਿਹਾ ਸਨਮਾਨ ਦਿੱਤਾ ਹੈ।

## ਜਥੇ. ਗੜਗੱਜ ਵੱਲੋਂ ਹਰ ਸਿੱਖ ਪਰਿਵਾਰ ਨੂੰ ਘੱਟੋ-ਘੱਟ ਤਿੰਨ ਬੱਚੇ ਪੈਦਾ ਕਰਨ ਦੀ ਸਲਾਹ



ਅੰਮ੍ਰਿਤਸਰ, 6 ਮਈ (ਚ.ਨ.ਸ.): ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸਿੱਖਾਂ ਦੀ ਘੱਟਦੀ ਜਾ ਰਹੀ ਗਿਣਤੀ 'ਤੇ ਚਿੰਤਾ ਪ੍ਰਗਟਾਈ ਹੈ। ਉਨ੍ਹਾਂ ਹਰ ਸਿੱਖ ਪਰਿਵਾਰ ਨੂੰ ਘੱਟੋ-ਘੱਟ ਤਿੰਨ ਬੱਚੇ ਪੈਦਾ ਕਰਨ ਦੀ ਸਲਾਹ ਦਿੱਤੀ ਹੈ। ਬੀਤੇ ਦਿਨੀਂ ਉਹ ਇਤਿਹਾਸਕ ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ ਵਿਖੇ ਪੁੱਜੇ, ਜਿਥੇ ਉਨ੍ਹਾਂ ਕਿਹਾ ਕਿ ਸਿੱਖਾਂ ਦੀ ਘੱਟਦੀ ਜਾ ਰਹੀ ਆਬਾਦੀ ਚਿੰਤਾ ਦਾ ਵਿਸ਼ਾ ਹੈ। ਇਹ ਇਸ ਲਈ ਹੈ ਕਿਉਂਕਿ ਅੱਜਕਲ ਹਰ ਸਿੱਖ ਇਕ ਜਾਂ ਦੋ ਬੱਚੇ ਪੈਦਾ ਕਰਨ ਤੱਕ ਸੀਮਿਤ ਰਹਿ ਗਿਆ ਹੈ। ਉਨ੍ਹਾਂ ਕਿਹਾ ਕਿ ਹਰ ਸਿੱਖ ਪਰਿਵਾਰ ਨੂੰ ਜਿਆਦਾ ਨਹੀਂ ਤਾਂ ਘੱਟੋ-ਘੱਟ 3 ਬੱਚੇ ਜ਼ਰੂਰ ਪੈਦਾ ਕਰਨੇ ਚਾਹੀਦੇ ਹਨ। ਇਸ ਨਾਲ ਹੀ ਉਨ੍ਹਾਂ ਇਹ ਵੀ ਅਪੀਲ ਕੀਤੀ ਕਿ ਸਿੱਖ ਪਰਿਵਾਰ ਆਪਣੇ ਬੱਚਿਆਂ ਨੂੰ ਬਾਣੀ ਤੇ ਬਾਣੇ ਨਾਲ ਜੋੜਨ ਲਈ ਬਚਪਨ ਤੋਂ ਹੀ ਉਨ੍ਹਾਂ ਨੂੰ ਗੁਰੂ ਸਾਹਿਬਾਨ ਦੀਆਂ ਸਾਖੀਆਂ ਸੁਣਾਉਣ। ਬੱਚਿਆਂ ਨੂੰ ਨਿਤਨੇਮ ਨਾਲ ਜੋੜਨ ਲਈ ਪ੍ਰੇਰਿਤ ਕਰਨ ਤਾਂ ਜੋ ਉਹ ਵੱਡੇ ਹੋ ਕੇ ਪੂਰਨ ਸਿੱਖੀ ਸਰੂਪ 'ਚ ਸਜਣ।

## ਨਗਰ ਕੌਂਸਲ ਵੱਲੋਂ ਸਪੈਸ਼ਲ ਸਪਤਾਹਿਕ ਕਲੀਨਲੀਨੈੱਸ ਡਰਾਈਵ ਦੀ ਸ਼ੁਰੂਆਤ



ਫਿਰੋਜ਼ਪੁਰ, 6 ਮਈ (ਤਿਵਾੜੀ): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਜਾਰੀ ਕੀਤੀਆਂ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਮਾਨਯੋਗ ਸਥਾਨਕ ਸਰਕਾਰ ਮੰਤਰੀ ਡਾ: ਰਵਜੋਤ ਸਿੰਘ ਅਤੇ ਸਕੱਤਰ ਸਥਾਨਕ ਸਰਕਾਰ ਪੰਜਾਬ ਵਿਭਾਗ ਚੰਡੀਗੜ੍ਹ ਜੀ ਵੱਲੋਂ ਅਤੇ ਫਿਰੋਜ਼ਪੁਰ ਦੇ ਹਲਕਾ ਵਿਧਾਇਕ ਰਣਬੀਰ ਸਿੰਘ ਭੁੱਲਰ ਵੱਲੋਂ ਜਾਰੀ ਕੀਤੀਆਂ ਹਦਾਇਤਾਂ ਅਨੁਸਾਰ ਸ਼ਹਿਰ ਦੀ ਸਫਾਈ ਸਬੰਧੀ ਇੱਕ ਅਹਿਮ ਮੀਟਿੰਗ ਕੀਤੀ ਗਈ ਸੀ। ਜਿਸ ਵਿੱਚ ਸ਼ਹਿਰਾਂ ਦੀ ਸਾਫ ਸਫਾਈ, ਗਾਰਬੇਜ਼ ਦੀ ਕੁਲੈਕਸ਼ਨ, ਸੀਵਰੇਜ ਦੀ ਸਮੱਸਿਆ, ਮਲਬੇ ਦੀ ਲਿਫਟਿੰਗ, ਬਰਸਾਤੀ ਨਾਲਿਆਂ ਦੀ ਸਫਾਈ, ਸਟਰੀਟ ਲਾਈਟਾਂ, ਸੜਕਾਂ 'ਤੇ ਖੜੇ ਆਦਿ ਵਰਗੀਆਂ ਸਮੱਸਿਆਵਾਂ ਨੂੰ ਦੂਰ ਕਰਨ ਲਈ ਇੱਕ ਵਿਸ਼ੇਸ਼ ਡਰਾਈਵ ਚਲਾਈ ਜਾਣੀ ਸੀ। ਜਿਸ ਦੇ ਚਲਦੇ ਹੋਏ ਨਗਰ ਕੌਂਸਲ ਫਿਰੋਜ਼ਪੁਰ ਨੇ ਇਹ ਉਪਰਾਲਾ ਕਰਦੇ ਹੋਏ ਮਾਨਯੋਗ ਡਿਪਟੀ ਕਮਿਸ਼ਨਰ ਫਿਰੋਜ਼ਪੁਰ ਦੀਪਸ਼ਿਖਾ ਸ਼ਰਮਾ ਅਤੇ ਵਧੀਕ ਡਿਪਟੀ ਕਮਿਸ਼ਨਰ ਫਿਰੋਜ਼ਪੁਰ ਡਾ: ਨਿਧੀ ਕੁਮੁਦ ਦੀ ਯੋਗ ਅਗਵਾਈ ਹੇਠ ਨਾਮਦੇਵ ਚੌਂਕ ਤੋਂ ਮੱਲਵਾਲ ਰੋਡ ਵਿਖੇ ਇੱਕ ਸਪੈਸ਼ਲ ਗਠਿਤ ਕੀਤੀ ਟੀਮ ਰਾਹੀਂ ਇਹ ਡਰਾਈਵ ਚਲਾਈ ਗਈ।

ਇਸ ਸਬੰਧੀ ਨਗਰ ਕੌਂਸਲ ਫਿਰੋਜ਼ਪੁਰ ਦੇ ਕਾਰਜ ਸਾਧਕ ਅਫਸਰ ਸ਼੍ਰੀਮਤੀ ਪੂਨਮ ਭਟਨਾਗਰ ਅਤੇ ਸੁਪਰਡੈਂਟ ਸੁਖਪਾਲ ਸਿੰਘ ਵੱਲੋਂ ਦੱਸਿਆ ਗਿਆ ਕਿ ਸਰਕਾਰ ਦੇ ਆਦੇਸ਼ਾਂ ਦੀ ਪਾਲਣਾ ਕਰਦੇ ਹੋਏ ਅੱਜ ਨਗਰ ਕੌਂਸਲ ਫਿਰੋਜ਼ਪੁਰ ਵੱਲੋਂ ਨਾਮਦੇਵ ਚੌਂਕ ਤੋਂ ਲੈ ਕੇ ਬਸਤੀ ਨਿਜ਼ਾਮਦੀਨ ਵਾਲੀ ਤੱਕ ਦੇ ਲਿੰਕ ਰੋਡ ਤੇ ਇੱਕ ਸਪੈਸ਼ਲ ਡਰਾਈਵ ਚਲਾਈ ਗਈ, ਜਿਸ ਵਿੱਚ ਨਗਰ ਕੌਂਸਲ ਫਿਰੋਜ਼ਪੁਰ ਦੇ ਸਫਾਈ ਕਰਮਚਾਰੀਆਂ, ਸੈਨਟਰੀ ਮੇਟ, ਇਲੈਕਟ੍ਰੀਸ਼ਨ, ਮਾਲੀ, ਸਬੰਧਤ ਕਲਰਕ, ਤਹਿਬਜ਼ਾਰੀ ਦੀ ਟੀਮ, ਇਨਕਰੋਚਮੈਂਟ ਦੀ ਟੀਮ, ਸਟਰੀਟ ਲਾਈਟਾਂ ਦੀ ਰਿਪੇਅਰ ਦੀ ਟੀਮ, ਮੱਲਬੇ ਕੱਚਰੇ ਆਦਿ ਦੀ ਲਿਫਟਿੰਗ ਕਰਨ ਦੀ ਟੀਮ ਦੇ ਸਾਰੇ ਕਰਮਚਾਰੀ ਮੌਜੂਦ ਸਨ। ਉਨ੍ਹਾਂ ਨੇ ਦੱਸਿਆ ਕਿ ਇਸ ਤੋਂ ਇਲਾਵਾ ਨਗਰ ਕੌਂਸਲ ਦੀ ਮਸ਼ੀਨਰੀ ਘਾਹ ਕੱਟਣ ਵਾਲੀਆਂ ਮਸ਼ੀਨਾਂ, ਸਫਾਈ ਸਵੀਪਿੰਗ, ਟਰੈਕਟਰ ਟਰਾਲੀਆਂ, ਟਾਟਾ ਏਸ, ਜੇ ਸੀ ਬੀ, ਲੋਡਰ ਆਦਿ ਵਰਗੀਆਂ ਮਸ਼ੀਨੀ ਮਸ਼ੀਨਰੀ ਨੂੰ ਨਾਲ ਲੈ ਕੇ ਇਸ ਰੋਡ 'ਤੇ ਡਰਾਈਵ ਚਲਾਈ ਗਈ।

## ਜ਼ਿਲ੍ਹਾ ਕਚਹਿਰੀਆਂ, ਫਿਰੋਜ਼ਪੁਰ ਤੇ ਸਬ-ਤਹਿਸੀਲਾਂ ਜ਼ੀਰਾ, ਗੁਰੂਹਰਸਹਾਏ 'ਚ 10 ਮਈ ਨੂੰ ਲੱਗੇਗੀ ਕੌਮੀ ਲੋਕ ਅਦਾਲਤ



ਫਿਰੋਜ਼ਪੁਰ, 6 ਮਈ (ਤਿਵਾੜੀ): ਮਾਨਯੋਗ ਨੈਸ਼ਨਲ ਲੀਗਲ ਸਰਵਿਸਿਜ਼ ਅਥਾਰਟੀ ਤੇ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐੱਸ.ਏ.ਐੱਸ. ਨਗਰ (ਮੋਹਾਲੀ) ਜੀਆਂ ਦੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ ਸੁਮੀਤ ਮਲਹੋਤਰਾ, ਮਾਨਯੋਗ ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ-ਸਹਿਤ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਫਿਰੋਜ਼ਪੁਰ ਜੀਆਂ ਦੀ ਰਹਿਨੁਮਾਈ ਹੇਠ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਫਿਰੋਜ਼ਪੁਰ ਵੱਲੋਂ ਜ਼ਿਲ੍ਹਾ ਕਚਹਿਰੀਆਂ, ਫਿਰੋਜ਼ਪੁਰ ਦੇ ਨਾਲ-ਨਾਲ ਸਬ-ਤਹਿਸੀਲਾਂ ਜ਼ੀਰਾ ਅਤੇ ਗੁਰੂਹਰਸਹਾਏ ਵਿੱਚ ਮਿਤੀ 10 ਮਈ 2025 ਨੂੰ ਕੌਮੀ ਲੋਕ ਅਦਾਲਤ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਜੱਜ ਸਾਹਿਬ ਨੇ ਦੱਸਿਆ ਕਿ ਇਸ ਕੌਮੀ ਲੋਕ ਅਦਾਲਤ ਦੀ ਵੱਧ ਤੋਂ ਵੱਧ ਸਫਲਤਾ ਲਈ ਪ੍ਰੀ ਲੋਕ ਅਦਾਲਤ ਲਗਾਈ ਜਾ ਰਹੀ ਹੈ ਤਾਂ ਜੋ ਕੌਮੀ ਲੋਕ ਅਦਾਲਤ ਵਿੱਚ ਰੱਖੇ ਗਏ ਕੇਸਾਂ ਨੂੰ ਅਲੱਗ-ਅਲੱਗ ਤਾਰੀਕਾਂ 'ਤੇ ਸੁਣ ਕੇ ਨਿਪਟਾਰਾ ਕੀਤਾ ਜਾ ਸਕੇ। ਉਨ੍ਹਾਂ ਦੱਸਿਆ ਕਿ ਇਸ ਲੋਕ ਅਦਾਲਤ ਵਿੱਚ ਸਿਵਲ ਕੇਸ, ਸਿਵਲ ਅਪੀਲਾਂ, ਮੋਟਰ ਐਕਸੀਡੈਂਟ ਕਲੇਮ ਕੇਸ, ਐਗਜ਼ੀਕਿਊਸ਼ਨ, ਪਰਿਵਾਰਿਕ ਝਗੜੇ, ਬੈਂਕ ਰਿਕਵਰੀ ਕੇਸ, ਅਰਧ ਸਿਵਲ ਕੇਸ ਅਤੇ ਫੁਟਕਲ ਸਿਵਲ ਮਾਮਲੇ ਆਦਿ ਦਾ ਨਿਪਟਾਰਾ ਕੀਤਾ ਜਾਣਾ ਹੈ। ਇਸ ਦੇ ਨਾਲ ਹੀ ਸੰਗੀਨ ਫੌਜਦਾਰੀ ਕੇਸਾਂ ਨੂੰ ਛੱਡ ਕੇ, ਜਿਵੇਂ ਕਿ ਹਰ ਕਿਸਮ ਦੇ ਦੀਵਾਨੀ ਕੇਸ, ਪ੍ਰੀਵਾਰਿਕ ਝਗੜੇ, ਰੈਵਿਨਿਊ ਕੇਸ, ਚੈੱਕ ਬਾਊਂਸ ਤੇ ਟ੍ਰੈਫਿਕ ਚਲਾਨ ਆਦਿ ਕੇਸਾਂ ਦੀ ਇਸ ਲੋਕ ਅਦਾਲਤ ਵਿੱਚ ਸੁਣਵਾਈ ਕੀਤੀ ਜਾਵੇਗੀ।

## 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਮਹਿਲਾ ਨਸ਼ਾ ਤਸਕਰਾਂ ਦੀ ਨਾਜਾਇਜ਼ ਉਸਾਰੀ ਢਾਹੀ



ਫਤਹਿਗੜ੍ਹ ਸਾਹਿਬ, 6 ਮਈ (ਨਰਿੰਦਰ ਸਿੰਘ): ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਰਾਜ ਨੂੰ ਨਸ਼ਾ ਮੁਕਤ ਕਰਨ ਲਈ ਚਲਾਈ ਜਾ ਰਹੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਵਿਖੇ ਨਸ਼ਾ ਤਸਕਰਾਂ ਵਿਰੁੱਧ ਕਾਰਵਾਈ ਜੰਗੀ ਪੱਧਰ 'ਤੇ ਜਾਰੀ ਹੈ। ਇਸੇ ਲੜੀ ਤਹਿਤ ਅੱਜ ਜ਼ਿਲ੍ਹਾ ਪੁਲਿਸ ਤੇ ਪ੍ਰਸ਼ਾਸਨ ਨੇ ਜ਼ਿਲ੍ਹਾ ਪੁਲਿਸ ਮੁਖੀ ਸ਼ੁਭਮ ਅਗਰਵਾਲ ਦੀ ਨਿਗਰਾਨੀ ਹੇਠ ਮੰਡੀ ਗੋਬਿੰਦਗੜ੍ਹ ਦੀ ਮਾਸਟਰ ਕਲੋਨੀ ਵਿਖੇ ਦੋ ਮਹਿਲਾ ਨਸ਼ਾ ਤਸਕਰਾਂ ਦੁਆਰਾ ਕੀਤੀ ਗਈ ਨਜਾਇਜ਼ ਉਸਾਰੀ ਨੂੰ ਢਾਹੁੰਦੇ ਹੋਏ ਨਸ਼ਿਆਂ ਦਾ ਮਾੜੇ ਕਾਰੋਬਾਰ ਨਾਲ ਜੁੜੇ ਹੋਏ ਵਿਅਕਤੀਆਂ ਨੂੰ ਇਹ ਸਖ਼ਤ ਤੇ ਸਪੱਸ਼ਟ ਸੁਨੇਹਾ ਦਿੱਤਾ ਗਿਆ ਕਿ ਪੰਜਾਬ ਸਰਕਾਰ ਇਸ ਸਮਾਜਿਕ ਕੁਰੀਤੀ ਦਾ ਮੁਕੰਮਲ ਸਫਾਇਆ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਅਤੇ ਕਿਸੇ ਵੀ ਨਸ਼ਾ ਤਸਕਰ ਨੂੰ ਬਖਸ਼ਿਆ ਨਹੀਂ ਜਾਵੇਗਾ। ਪੁਲਿਸ ਤੇ ਪ੍ਰਸ਼ਾਸਨ ਦੀ ਕਾਰਵਾਈ ਦਾ ਜਾਇਜ਼ਾ ਲੈਂਦੇ ਹੋਏ ਵਿਧਾਇਕ ਗੁਰਿੰਦਰ ਸਿੰਘ ਗੈਰੀ ਬੜਿੰਗ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸੂਬੇ ਨੂੰ ਰੰਗਲਾ ਪੰਜਾਬ ਬਣਾਉਣ ਦੇ ਮਿੱਥੇ ਟੀਚੇ ਨੂੰ ਸਾਕਾਰ ਕੀਤਾ ਜਾ ਰਿਹਾ ਹੈ ਅਤੇ ਨਸ਼ਿਆਂ ਵਿਰੁੱਧ ਚਲਾਈ ਇਹ ਮੁਹਿੰਮ ਜ਼ਮੀਨੀ ਪੱਧਰ ਉੱਤੇ ਲਾਗੂ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਵੀ ਵਿਧਾਨ ਸਭਾ ਹਲਕਾ ਅਮਲੋਹ ਅੰਦਰ ਦੋ ਵਾਰ ਨਸ਼ਾ ਤਸਕਰਾਂ ਦੀਆਂ ਮਾੜੀ ਕਮਾਈ ਨਾਲ ਬਣਾਈਆਂ ਜਾਇਦਾਦਾਂ ਨੂੰ ਢਹਿ ਢੇਰੀ ਕੀਤਾ ਜਾ ਚੁੱਕਿਆ ਹੈ। ਮੌਕੇ ਉੱਤੇ ਮੌਜੂਦ ਐਸ.ਐਸ.ਪੀ ਸ਼ੁਭਮ ਅਗਰਵਾਲ ਨੇ ਅਤੇ ਡੀ ਐਸ ਪੀ ਰਾਕੇਸ਼ ਕੁਮਾਰ ਯਾਦਵ ਅਤੇ ਭਾਰੀ ਪੁਲਿਸ ਫੋਰਸ ਦੀ ਮੌਜੂਦਗੀ ਵਿੱਚ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਦੇ ਕੋਹੜ ਦਾ ਮੁਕੰਮਲ ਖਾਤਮਾ ਕਰਨ ਦਾ ਟੀਚਾ ਮਿਥਿਆ ਗਿਆ ਹੈ, ਜਿਸ ਨੂੰ ਜ਼ਿਲ੍ਹੇ ਵਿੱਚ ਸਫਲਤਾ ਨਾਲ ਲਾਗੂ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਸ ਕਲੋਨੀ ਵਿੱਚ ਮਹਿਲਾ ਨਸ਼ਾ ਤਸਕਰ ਸਵਰਨ ਸਾਨੀਆ ਅਤੇ ਉਸਦੀ ਸੱਸ ਸੁਰਿੰਦਰ ਕੌਰ, ਜਿਨ੍ਹਾਂ ਖ਼ਿਲਾਫ ਐਨਡੀਪੀਐਸ ਤਹਿਤ ਕੇਸ ਦਰਜ ਹਨ, ਵੱਲੋਂ ਸਰਕਾਰੀ ਜ਼ਮੀਨ ਉੱਤੇ ਕੀਤੇ ਨਜਾਇਜ਼ ਕਬਜ਼ੇ ਨੂੰ ਤੋੜਨ ਦੀ ਕਾਰਵਾਈ ਦੌਰਾਨ ਪੁਲਿਸ ਵੱਲੋਂ ਅਮਨ ਤੇ ਕਾਨੂੰਨ ਦੀ ਸਥਿਤੀ ਕਾਇਮ ਰੱਖੀ ਗਈ। ਇਸ ਮੌਕੇ ਬੁਲਡੋਜ਼ਰਾਂ ਰਾਹੀਂ ਨਜਾਇਜ਼ ਉਸਾਰੀ ਨੂੰ ਢਾਹੁਣ ਦੀ ਕਾਰਵਾਈ ਅਮਲ ਵਿੱਚ ਲਿਆਂਦੀ ਗਈ।

## ਵਿਜੀਲੈਂਸ ਬਿਊਰੋ ਨੇ ਬੀ.ਡੀ.ਪੀ.ਓ. ਦਾ ਸੁਪਰਡੈਂਟ 60 ਹਜ਼ਾਰ ਰੁਪਏ ਰਿਸ਼ਵਤ ਲੈਂਦਾ ਰੰਗੇ ਹੱਥੀਂ ਦਬੋਚਿਆ



ਅਮਲੋਹ, 6 ਮਈ (ਜਸਵੰਤ ਸਿੰਘ): ਪੰਜਾਬ ਸਰਕਾਰ ਵਲੋਂ ਭ੍ਰਿਸ਼ਟਾਚਾਰ ਵਿਰੁੱਧ ਸ਼ੁਰੂ ਕੀਤੀ ਮੁਹਿੰਮ ਤਹਿਤ ਪੰਜਾਬ ਵਿਜੀਲੈਂਸ ਬਿਊਰੋ ਨੇ ਇਥੇ ਬਲਾਕ ਵਿਕਾਸ ਤੇ ਪੰਚਾਇਤ ਦਫ਼ਤਰ ਅਮਲੋਹ ਵਿਚ ਸੁਪਰਡੈਂਟ ਵਜੋਂ ਤਾਇਨਾਤ ਬਲਕਾਰ ਸਿੰਘ ਨੂੰ 60 ਹਜ਼ਾਰ ਰੁਪਏ ਰਿਸ਼ਵਤ ਲੈਂਦਿਆ ਰੰਗੇ ਹੱਥੀ ਕਾਬੂ ਕਰ ਲਿਆ। ਵਿਜੀਲੈਂਸ ਬਿਊਰੋ ਦੇ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਅਮਲੋਹ ਬਲਾਕ ਦੇ ਪਿੰਡ ਦੀਵਾਂ ਗੰਢੂਆਂ ਦੇ ਸਾਬਕਾ ਸਰਪੰਚ ਬਿੱਕਰ ਸਿੰਘ ਨੇ ਇਸ ਸਬੰਧੀ ਸ਼ਿਕਾਇਤ ਦਰਜ ਕਰਵਾਈ ਸੀ ਕਿ ਉਸ ਦੇ ਸਰਪੰਚੀ ਦੇ ਕਾਰਜਕਾਲ ਦੌਰਾਨ ਪਿੰਡ ਦੀ ਸ਼ਾਮਲਾਤ ਜ਼ਮੀਨ 'ਤੇ ਮਾਈਨਿੰਗ ਦਾ ਮਾਮਲਾ ਵਧੀਕ ਡਿਪਟੀ ਕਮਿਸ਼ਨਰ ਫ਼ਤਹਿਗੜ੍ਹ ਸਾਹਿਬ ਪਾਸ ਵਿਚਾਰ ਅਧੀਨ ਹੈ। ਉਸ ਨੇ ਦੋਸ਼ ਲਾਇਆ ਕਿ ਉਸ ਦੇ ਕੇਸ ਦਾ ਹੱਲ ਕਰਨ ਵਿਚ ਮਦਦ ਬਦਲੇ ਉਸ ਤੋਂ 1 ਲੱਖ ਰੁਪਏ ਕਥਿਤ ਰਿਸ਼ਵਤ ਮੰਗੀ ਗਈ ਸੀ ਤੇ ਅੱਜ 60 ਹਜ਼ਾਰ ਰੁਪਏ ਦੀ ਰਾਸ਼ੀ ਇਸ ਵਿਚੋਂ ਲਈ ਗਈ। ਵਿਭਾਗ ਦੇ ਉਡਣ ਦਸਤੇ ਦੀ ਟੀਮ ਨੇ ਇਸ ਸਬੰਧੀ ਜਾਲ ਵਿਛਾਇਆ ਹੋਇਆ ਸੀ ਤੇ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿਚ ਕਥਿਤ ਦੋਸ਼ੀ ਪਾਸੋਂ 60 ਹਜ਼ਾਰ ਰੁਪਏ ਦੀ ਰਾਸ਼ੀ ਬਰਾਮਦ ਕੀਤੀ ਗਈ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਕਥਿਤ ਦੋਸ਼ੀ ਵਿਰੁੱਧ ਵਿਜੀਲੈਂਸ ਬਿਊਰੋ ਦੇ ਪੁਲਿਸ ਥਾਣਾ ਫਲਾਇੰਗ ਸਕੂਐਡ-1 ਪੰਜਾਬ ਮੋਹਾਲੀ ਵਿਖੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਕੇਸ ਦਰਜ ਕੀਤਾ ਗਿਆ।

## ਪੰਜਾਬ ਤੇ ਕੇਂਦਰ ਸਰਕਾਰ ਵੱਲੋਂ ਉਡਾਈਆਂ ਜਾ ਰਹੀਆਂ ਨੇ ਸੰਵਿਧਾਨ ਦੀਆਂ ਧੱਜੀਆਂ : ਡਿੰਪਾ ਤੇ ਜ਼ੀਰਾ



ਜ਼ੀਰਾ, 6 ਮਈ (ਦੀਪਕ ਭਾਰਗੋ): ਕਾਂਗਰਸ ਹਾਈ ਕਮਾਂਡ ਦੇ ਸੱਦੇ 'ਤੇ ਹਲਕਾ ਜ਼ੀਰਾ ਦੇ ਸਾਬਕਾ ਵਿਧਾਇਕ ਅਤੇ ਕਾਂਗਰਸ ਕਮੇਟੀ ਜ਼ਿਲ੍ਹਾ ਫਿਰੋਜ਼ਪੁਰ ਦੇ ਪ੍ਰਧਾਨ ਕੁਲਬੀਰ ਸਿੰਘ ਜ਼ੀਰਾ ਵੱਲੋਂ ਜ਼ੀਰਾ ਫਿਰੋਜ਼ਪੁਰ ਰੋਡ 'ਤੇ ਸਥਿਤ ਪਿੰਡ ਖੋਸਾ ਦਲ ਸਿੰਘ ਵਾਲਾ ਵਿਖੇ ਇੱਕ ਨਿੱਜੀ ਪੈਲਸ ਵਿੱਚ ਕਾਂਗਰਸ ਹਾਈ ਕਮਾਂਡ ਦੇ ਸੱਦੇ 'ਤੇ ਸੰਵਿਧਾਨ ਬਚਾਓ ਰੈਲੀ ਕੀਤੀ ਗਈ। ਜਿਸ ਵਿੱਚ ਕਾਂਗਰਸ ਪਾਰਟੀ ਦੇ ਵਰਕਰਾਂ ਦਾ ਭਾਰੀ ਇਕੱਠ ਉਮੜਿਆ। ਇਸ ਦੌਰਾਨ ਸੰਬੋਧਨ ਕਰਦਿਆਂ ਸਾਬਕਾ ਮੈਂਬਰ ਪਾਰਲੀਮੈਂਟ ਜਸਬੀਰ ਸਿੰਘ ਡਿੰਪਾ ਤੇ ਕੁਲਬੀਰ ਸਿੰਘ ਜ਼ੀਰਾ ਨੇ ਕਿਹਾ ਕਿ ਕੇਂਦਰ ਅਤੇ ਪੰਜਾਬ ਸਰਕਾਰ ਵੱਲੋਂ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਵੱਲੋਂ ਲਿਖੇ ਸੰਵਿਧਾਨ ਨਾਲ ਛੇੜਛਾੜ ਕੀਤੀ ਜਾ ਰਹੀ ਹੈ ਤੇ ਲੋਕਾਂ ਦੇ ਹੱਕਾਂ 'ਤੇ ਡਾਕਾ ਮਾਰਿਆ ਜਾ ਰਿਹਾ, ਇਸ ਨੂੰ ਲੈ ਕੇ ਸੰਵਿਧਾਨ ਬਚਾਓ ਰੈਲੀਆਂ ਕੀਤੀਆਂ ਜਾ ਰਹੀਆਂ ਹਨ। ਇਸ ਮੌਕੇ ਉਹਨਾਂ ਕਿਹਾ ਕਿ ਆਮ ਲੋਕਾਂ ਨੂੰ ਵੋਟ ਪਾਉਣ ਦੇ ਅਧਿਕਾਰ ਤੋਂ ਵਾਂਝਾ ਰੱਖਿਆ ਜਾ ਰਿਹਾ ਹੈ। ਇਸ ਮੌਕੇ ਉਹਨਾਂ ਕਿਹਾ ਕਿ ਪੰਜਾਬ ਦੇ 70% ਕਿਸਾਨ ਖੇਤੀਬਾੜੀ ਦਾ ਧੰਦਾ ਕਰਦੇ ਹਨ ਤੇ ਉਹਨਾਂ ਨੂੰ ਬਿਜਾਈ ਦੇ ਸਮੇਂ ਖਾਦ ਮਹਿੰਗੇ ਭਾਵਾਂ 'ਤੇ ਦਿੱਤੀ ਜਾ ਰਹੀ ਹੈ ਜਿਨ੍ਹਾਂ 'ਤੇ 30 ਹਜ਼ਾਰ ਕਰੋੜ ਰੁਪਏ ਦਾ ਵਾਧੂ ਬੋਝ ਪੈਂਦਾ ਹੈ। ਇਸ ਮੌਕੇ ਉਹਨਾਂ ਕਿਹਾ ਕਿ ਰਾਜਸਥਾਨ ਹਰਿਆਣਾ ਯੂਪੀ ਅਤੇ ਹੋਰ ਸਟੇਟਾਂ ਵਿੱਚ ਸਰਕਾਰਾਂ ਹਾਈਬਰਿਡ ਝੋਨੇ ਦੀ ਬਿਜਾਈ ਕਰਵਾ ਰਹੀਆਂ ਹਨ, ਜਿਸ ਦਾ ਝਾੜ ਵੀ ਵੱਧ ਨਿਕਲਦਾ ਹੈ ਪਰ ਕੇਂਦਰ ਦੀ ਸਰਕਾਰ ਨਾਲ ਮਿਲ ਕੇ ਪੰਜਾਬ ਸਰਕਾਰ ਇਸ 'ਤੇ ਰੋਕ ਲਗਾ ਰਹੀ ਹੈ। ਇਸ ਮੌਕੇ ਉਹਨਾਂ ਕਿਹਾ ਕਿ ਸਰਕਾਰ ਵੱਲੋਂ ਜੋ ਮੁਹਿੰਮ ਨਸ਼ਿਆਂ ਵਿਰੁੱਧ ਛੇੜੀ ਗਈ ਹੈ, ਯੁੱਧ ਨਸ਼ਿਆਂ ਵਿਰੁੱਧ ਉਹ ਵੀ ਬਿਲਕੁਲ ਫਲਾਪ ਹੋ ਚੁੱਕੀ ਹੈ ਕਿਉਂਕਿ ਪਿੰਡਾਂ ਦੀਆਂ ਗਲੀਆਂ ਵਿੱਚ ਜਗ੍ਹਾ ਜਗ੍ਹਾ ਨਸ਼ਾ ਵਿਕ ਰਿਹਾ ਹੈ ਤੇ ਉਸ ਨਸ਼ੇ ਨਾਲ ਕਈਆਂ ਦੀ ਜਾਨ ਵੀ ਚਲੀ ਗਈ ਹੈ । ਇਸ ਮੌਕੇ ਉਹਨਾਂ ਕਿਹਾ ਕਿ ਹਰ ਸਰਮਾਏਦਾਰ ਨੂੰ ਗੈਂਗਸਟਰਾਂ ਦੇ ਫੋਨ ਆ ਰਹੇ ਹਨ ਤੇ ਉਹਨਾਂ ਤੋਂ ਲਗਾਤਾਰ ਫਿਰੌਤੀਆਂ ਮੰਗੀਆਂ ਜਾ ਰਹੀਆਂ ਹਨ।ਉਹਨਾਂ ਕਿਹਾ ਕਿ ਪੰਜਾਬ ਦੀ ਕਾਨੂੰਨ ਵਿਵਸਥਾ ਬਿਲਕੁਲ ਹੀ ਖਰਾਬ ਹੋ ਚੁੱਕੀ ਹੈ। ਇਸ ਮੌਕੇ ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਮਹਿੰਦਰਜੀਤ ਸਿੰਘ ਜ਼ੀਰਾ ,ਵਿੱਕੀ ਭਿੰਡਰ, ਲਖਵਿੰਦਰ ਸਿੰਘ ਜੌੜਾ, ਬਲਜੀਤ ਸਿੰਘ ਬੱਬਾ, ਹਰਭਜਨ ਸਿੰਘ ਸਭਰਾ, ਮੇਹਰ ਸਿੰਘ ਬਾਹਰ ਵਾਲੀ, ਕੁਲਦੀਪ ਸਿੰਘ ਸਸਤੇ ਵਾਲੀ, ਬਲਦੇਵ ਸਿੰਘ ਭਾਗੋ ਕੇ, ਜਸਵੀਰ ਸਿੰਘ ਹਾਮਦਵਾਲਾ ਉਤਾੜ, ਹਰਪ੍ਰੀਤ ਸਿੰਘ ਕੋਹਾਲਾ, ਨਵਦੀਪ ਸਿੰਘ ਕਾਲਾ, ਸੁਖਵਿੰਦਰ ਸਿੰਘ ਪ੍ਰਧਾਨ, ਜਸਵੰਤ ਸਿੰਘ ਤਲਵੰਡੀ ਨੇਪਾਲਾਂ, ਮਨਜੀਤ ਸਿੰਘ ਭੜਾਣਾ, ਗੁਰਮੇਲ ਸਿੰਘ ਮਨਸੂਰਦੇਵਾ , ਸਤਨਾਮ ਸਿੰਘ ਮਨਸੂਰਦੇਵਾ, ਜਰਨੈਲ ਸਿੰਘ ਮਹੀਆ ਸਿੰਘ ਖੁਰਦ, ਚਮਕੌਰ ਸਿੰਘ ਲੋਹਕਾ, ਹਰਦੀਪ ਸਿੰਘ ਐਮਸੀ, ਕੁਲਦੀਪ ਸਿੰਘ ਸੁੱਖੇਵਾਲਾ, ਕੁਲਵੰਤ ਸਿੰਘ ਲੋਹਕਾ, ਨਿਸ਼ਾਨ ਸਿੰਘ ਵਕੀਲਾਂਵਾਲਾ, ਗੁਰਭਗਤ ਸਿੰਘ ਗੋਰਾ, ਸਤਨਾਮ ਸਿੰਘ ਬੂਟੇ ਵਾਲਾ, ਗੁਰਨਾਮ ਸਿੰਘ ਚੱਕੀਆਂ, ਬੂਟਾ ਸਿੰਘ ਟੰਡਵਾ, ਦਵਿੰਦਰ ਸਿੰਘ ਡਿੱਬ ਵਾਲਾ, ਲਵਪ੍ਰੀਤ ਸਿੰਘ ਹਰੀਕੇ, ਬਲਦੇਵ ਸਿੰਘ ਬੋਤੀਆਂ ਵਾਲਾ, ਜਗਦੀਪ ਸਿੰਘ ਬੋਤੀਆਂ ਵਾਲਾ, ਗੁਰਨੈਬ ਸਿੰਘ ਪੋਹਵਿੰਡ, ਜਗਤਾਰ ਸਿੰਘ ਕੱਚਰ ਭਨ, ਗੁਰਸੇਵਕ ਸਿੰਘ ਕੱਚਰ ਭਨ, ਕਿੱਕਰ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਵਰਕਰ ਹਾਜ਼ਰ ਸਨ।

## ਵਿਸ਼ਵਕਰਮਾ ਵੈੱਲਫੇਅਰ ਟਰੱਸਟ ਨੇ ਮਨਾਇਆ ਜੱਸਾ ਸਿੰਘ ਰਾਮਗੜ੍ਹੀਆ ਦਾ ਜਨਮ ਦਿਵਸ



ਮੰਡੀ ਗੋਬਿੰਦਗੜ੍ਹ, 6 ਮਈ (ਸੂਦ): ਸ਼੍ਰੀ ਵਿਸ਼ਵਕਰਮਾ ਭਵਨ ਮੰਡੀ ਗੋਬਿੰਦਗੜ੍ਹ ਵਿੱਚ ਬਾਬਾ ਵਿਸ਼ਵਕਰਮਾ ਵੈਲਫੇਅਰ ਟਰੱਸਟ ਰਜਿ. ਮੰਡੀ ਗੋਬਿੰਦਗੜ੍ਹ ਵੱਲੋਂ ਮਹਾਨ ਸਿੱਖ ਜਰਨੈਲ ਜੱਸਾ ਸਿੰਘ ਰਾਮਗੜ੍ਹੀਆ ਦਾ ਜਨਮ ਦਿਵਸ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਇਸ ਮੌਕੇ ਸ਼੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਲੰਗਰ ਵਰਤਾਇਆ ਗਿਆ। ਸਮਾਗਮ ਵਿੱਚ ਫਤਹਿਗੜ੍ਹ ਸਾਹਿਬ ਹਲਕੇ ਦੇ ਲੋਕ ਸਭਾ ਮੈਂਬਰ ਡਾ. ਅਮਰ ਸਿੰਘ ਅਤੇ ਸਾਬਕਾ ਖੇਤੀਬਾੜੀ ਮੰਤਰੀ ਰਣਦੀਪ ਸਿੰਘ ਨਾਭਾ ਉਚੇਚੇ ਤੌਰ 'ਤੇ ਸ਼ਾਮਲ ਹੋਏ। ਉਨ੍ਹਾਂ ਰਾਮਗੜ੍ਹੀਆ ਭਾਈਚਾਰੇ ਨੂੰ ਇਸ ਦਿਹਾੜੇ ਦੀ ਵਧਾਈ ਦਿੱਤੀ। ਇਸ ਮੌਕੇ ਸੰਤ ਬਾਬਾ ਬਲਵਿੰਦਰ ਦਾਸ ਮੁੱਲਾਂਪੁਰ ਵਾਲਿਆਂ ਵੱਲੋਂ ਜੱਸਾ ਸਿੰਘ ਰਾਮਗੜ੍ਹੀਆਂ ਦੇ ਇਤਿਹਾਸ ਬਾਰੇ ਚਾਨਣਾ ਪਾਇਆ ਗਿਆ। ਇਸ ਮੌਕੇ ਟਰੱਸਟ ਦੇ ਪ੍ਰਧਾਨ ਗੁਰਮੁਖ ਸਿੰਘ ਲੋਟੇ, ਪ੍ਰੇਮ ਸਿੰਘ ਲੋਟੇ, ਉਪ ਪ੍ਰਧਾਨ ਜਸਵੰਤ ਸਿੰਘ ਭੋਡੇ, ਜਗਦੀਪ ਸਿੰਘ ਲੋਟੇ, ਬਹਾਦਰ ਸਿੰਘ ਭਾਦਲਾ, ਅੰਗਰੇਜ਼ ਸਿੰਘ, ਮਹਿੰਦਰ ਸਿੰਘ ਲੋਟੇ, ਮਨਜੀਤ ਸਿੰਘ ਲੋਟੇ, ਟਰੱਸਟ ਦੇ ਮੈਂਬਰ ਸੰਦੀਪ ਸਿੰਘ ਬੱਲ, ਯੂਥ ਕਾਂਗਰਸ ਦੇ ਜ਼ਿਲ੍ਹਾ ਪ੍ਰਧਾਨ ਅਮਿਤ ਜੈ ਚੰਦ ਸ਼ਰਮਾ, ਕੌਂਸਲਰ ਰਜਿੰਦਰ ਸਿੰਘ ਬਿੱਟੂ, ਅਨੰਦ ਪਨੇਸਰ, ਰਣਜੀਤ ਸਿੰਘ ਅੰਬੇਮਾਜਰਾ, ਬਲਾਕ ਕਾਂਗਰਸ ਦੇ ਪ੍ਰਧਾਨ ਸੰਜੀਵ ਦੱਤਾ, ਕ੍ਰਿਸ਼ਨ ਅਤਰੀ, ਸੀਮਾ ਕੌਸ਼ਲ ਅਤੇ ਮਾਸਟਰ ਜਰਨੈਲ ਸਿੰਘ ਆਦਿ ਹਾਜ਼ਰ ਸਨ।

## ਅੱਖਾਂ ਦੇ ਚੈਕਅੱਪ ਕੈਂਪ 'ਚ ਗੁਰਪ੍ਰੀਤ ਸਿੰਘ ਰਾਜੂ ਖੰਨਾ ਨੇ ਕੀਤੀ ਸ਼ਿਰਕਤ




ਅਮਲੋਹ, 6 ਮਈ (ਜਸਵੰਤ ਸਿੰਘ): ਰਾਮਗੜ੍ਹੀਆ ਵੈਲਫ਼ੇਅਰ ਫੈਡਰੇਸ਼ਨ ਪੰਜਾਬ ਵੱਲੋਂ ਕਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਅੱਖਾਂ ਦਾ ਮੁਫ਼ਤ ਚੈੱਕ ਅੱਪ ਕੈਂਪ ਗੁਰਦੁਆਰਾ ਸਾਹਿਬ ਰਾਮਗੜ੍ਹੀਆ ਅਮਲੋਹ ਵਿਖੇ ਲਗਾਇਆ ਗਿਆ, ਜਿਸ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਤੇ ਹਲਕਾ ਅਮਲੋਹ ਦੇ ਮੁੱਖ ਸੇਵਾਦਾਰ ਗੁਰਪ੍ਰੀਤ ਸਿੰਘ ਰਾਜੂ ਖੰਨਾ ਨੇ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋ ਕੇ ਵੈਲਫ਼ੇਅਰ ਫੈਡਰੇਸ਼ਨ ਦੇ ਸਮੁੱਚੇ ਮੈਂਬਰਾਂ ਦਾ ਧੰਨਵਾਦ ਕੀਤਾ, ਜਿਨ੍ਹਾਂ ਵੱਲੋਂ ਲੋੜਵੰਦਾਂ ਦੀ ਜ਼ਿੰਦਗੀ ਵਿੱਚ ਰੌਸ਼ਨੀ ਭਰਨ ਦਾ ਵਿਸ਼ੇਸ਼ ਉਪਰਾਲਾ ਕੀਤਾ ਗਿਆ ਹੈ। ਇਸ ਮੌਕੇ 'ਤੇ ਉਨ੍ਹਾਂ ਕੈਂਪ ਦੇ ਸਮੁੱਚੇ ਪ੍ਰਬੰਧਕਾਂ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ, ਜਿਨ੍ਹਾਂ ਵੱਲੋਂ ਉਨ੍ਹਾਂ ਨੂੰ ਕੈਂਪ ਵਿੱਚ ਬੁਲਾ ਕੇ ਮਾਣ ਸਤਿਕਾਰ ਦਿੱਤਾ ਗਿਆ ਹੈ। ਇਸ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪਰਮਜੀਤ ਸਿੰਘ ਦੀ ਅਗਵਾਈ ਹੇਠ ਹੋਏ ਸਮਾਗਮ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਭਾਈ ਰਵਿੰਦਰ ਸਿੰਘ ਖਾਲਸਾ, ਯੂਥ ਅਕਾਲੀ ਦਲ ਦੀ ਕੋਰ ਕਮੇਟੀ ਦੇ ਮੈਂਬਰ ਕਮਲਜੀਤ ਸਿੰਘ ਗਿੱਲ, ਡਾ. ਅਰਜੁਨ ਸਿੰਘ, ਡਾ. ਜਸਵੰਤ ਸਿੰਘ ਅਲਾਦਾਦਪੁਰਾ, ਸ਼ਹਿਰੀ ਪ੍ਰਧਾਨ ਰਾਕੇਸ਼ ਕੁਮਾਰ ਸ਼ਾਹੀ, ਸਾਬਕਾ ਕੌਂਸਲਰ ਬਲਤੇਜ ਸਿੰਘ ਅਮਲੋਹ, ਪੀਏ ਧਰਮਪਾਲ ਭੜੀ ਆਦਿ ਨੇ ਸ਼ਿਰਕਤ ਕੀਤੀ। ਪ੍ਰਬੰਧਕਾਂ ਨੇ ਇਨ੍ਹਾਂ ਦਾ ਵੀ ਵਿਸ਼ੇਸ਼ ਸਨਮਾਨ ਕੀਤਾ। ਇਸ ਮੌਕੇ ਹੈਡ ਗ੍ਰੰਥੀ ਬਾਬਾ ਪ੍ਰਕਾਸ਼ ਸਿੰਘ, ਖਜ਼ਾਨਚੀ ਰਾਜਿੰਦਰ ਸਿੰਘ ਬੱਬੀ, ਸਕੱਤਰ ਜਗਤਾਰ ਸਿੰਘ, ਜਗਦੀਸ਼ ਸਿੰਘ ਲੋਟੇ, ਸਕੱਤਰ ਸਰੂਪ ਸਿੰਘ, ਜਸਬੀਰ ਸਿੰਘ, ਲਕਸ਼ਮੀ ਸਿੰਘ, ਭਰਪੂਰ ਸਿੰਘ ਅਤੇ ਹਰਜੀਤ ਸਿੰਘ ਆਦਿ ਹਾਜ਼ਰ ਸਨ।

## ਵੱਧ ਰਹੀਆਂ ਚੋਰੀਆਂ ਠੱਗੀਆਂ ਨੂੰ ਨੱਥ ਪਾਉਣ ਦੀ ਮੰਗ

ਭੋਗਪੁਰ, 6 ਮਈ (ਸੈਣੀ ਜੰਡੀਰ): ਭੋਗਪੁਰ ਇਲਾਕੇ ਵਿੱਚ ਦਿਨੋਂ ਦਿਨ ਚੋਰਾਂ ਦੇ ਹੌਸਲੇ ਬੁਲੰਦ ਹੋ ਰਹੇ ਹਨ। ਕਦੇ ਘਰਾਂ ਦੇ ਬਾਹਰ ਖਲੋਤੇ ਮੋਟਰਸਾਈਕਲ ਚੋਰੀ ਹੋ ਜਾਂਦੇ ਹਨ ਤੇ ਕਦੇ ਲੋਕਾਂ ਦੇ



ਸੜਕ 'ਤੇ ਤੁਰੇ ਜਾਂਦਿਆਂ ਦੇ ਮੋਬਾਇਲ ਖੋਹ ਲਏ ਜਾਂਦੇ ਹਨ। ਰਾਹ ਗੀਰਾਂ ਨੂੰ ਘੇਰ ਲੈਣਾ ਹਮਲਾ ਕਰ ਦੇਣਾ ਲੁੱਟ ਲੈਣਾ ਭੋਗਪੁਰ ਇਲਾਕੇ ਵਿੱਚ ਆਮ ਜਿਹੀ ਗੱਲ ਹੋ ਗਈ ਹੈ। ਕੁਝ ਦਿਨ ਪਹਿਲੇ ਹੀ ਚੜ੍ਹਦੀਕਲਾ ਵੱਲੋਂ ਖਬਰ ਲਗਾਈ ਗਈ ਸੀ ਕਿ ਡੱਲੀ ਤੋਂ ਬਿਨਪਾਲਕੇ ਜਾ ਰਹੇ ਰੋਡ 'ਤੇ ਬਜ਼ੁਰਗ ਨੂੰ ਘੇਰਨ ਦੀ ਕੋਸ਼ਿਸ਼ ਕੀਤੀ ਗਈ ਸੀ ਅਤੇ ਮੌਜੂਦ ਲੋਕਾਂ ਵੱਲੋਂ ਗੁੰਡਿਆਂ ਦਾ ਪਿੱਛਾ ਵੀ ਕੀਤਾ ਗਿਆ ਸੀ ਪਰ ਦਹਿਸ਼ਤਗੀਰ ਭੱਜਣ ਵਿੱਚ ਕਾਮਯਾਬ ਹੋ ਗਏ ਸਨ। ਅੱਜ ਭੋਗਪੁਰ ਫਾਟਕਾਂ ਦੇ ਕੋਲ ਸਿਕਿਉਰਟੀ ਦੇ ਹੁੰਦੇ ਹੋਏ ਦੁਕਾਨਾਂ ਦੇ ਤਾਲੇ ਤੋੜਨ ਦੀ ਕੋਸ਼ਿਸ਼ ਕੀਤੀ ਗਈ ਹੈ। ਰਤਨ ਦੁਕਾਨ ਮਾਲਕ ਤੇ ਦੋ ਹੋਰਾਂ ਨੇ ਵੀ ਦੱਸਿਆ ਕਿ ਤਕਰੀਬਨ 7 ਵਜੇ ਉਹਨਾਂ ਨੂੰ ਕਿਸੇ ਦੀ ਕਾਲ ਆਈ ਕਿ ਤੁਸਾਂ ਦੀਆਂ ਦੁਕਾਨਾਂ 'ਤੇ ਚੋਰਾਂ ਵੱਲੋਂ ਨੁਕਸਾਨ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਦੁਕਾਨ ਮਾਲਿਕ ਤੁਰੰਤ ਆਪਣੀਆਂ ਦੁਕਾਨਾਂ 'ਤੇ ਪਹੁੰਚੇ ਦੇਖਿਆ ਕਿ ਸਾਫ ਨਜ਼ਰ ਆ ਰਿਹਾ ਸੀ ਕਿ ਚੋਰਾਂ ਵੱਲੋਂ ਕਿਸੇ ਭਾਰੀ ਚੀਜ਼ ਨਾਲ ਸ਼ਟਰ ਨੂੰ ਉੱਪਰ ਚੁੱਕਣ ਦੀ ਕੋਸ਼ਿਸ਼ ਕੀਤੀ ਗਈ, ਪਰੰਤੂ ਨਾ ਕਾਮਯਾਬ ਰਹੇ। ਦੁਕਾਨ ਮਾਲਕਾਂ ਵੱਲੋਂ ਤੁਰੰਤ ਥਾਣਾ ਭੋਗਪੁਰ ਨੂੰ ਸੂਚਿਤ ਕੀਤਾ ਗਿਆ। ਲੋਕਾਂ ਨੇ ਪ੍ਰਸ਼ਾਸਨ ਕੋਲੋਂ ਮੰਗ ਕੀਤੀ ਹੈ ਕਿ ਬੇਖੌਫ ਘੁੰਮ ਰਹੇ ਚੋਰਾਂ ਨੂੰ ਤੁਰੰਤ ਨੱਥ ਪਾਈ ਜਾਵੇ।

## ਵਿਧਾਇਕ ਬੜਿੰਗ ਨੇ ਸਰਕਾਰੀ ਸਕੂਲਾਂ 'ਚ 78.19 ਲੱਖ ਦੀ ਲਾਗਤ ਵਾਲੇ ਵਿਕਾਸ ਕਾਰਜ ਲੋਕਾਂ ਨੂੰ ਸਮਰਪਿਤ ਕੀਤੇ



ਫਤਹਿਗੜ੍ਹ ਸਾਹਿਬ, 6 ਮਈ (ਨਰਿੰਦਰ ਸਿੰਘ): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਯਤਨਾਂ ਸਦਕਾ ਸਿੱਖਿਆ ਦੇ ਖੇਤਰ ਵਿੱਚ ਕੀਤੇ ਗਏ ਇਨਕਲਾਬੀ ਸੁਧਾਰਾਂ ਤਹਿਤ ਜਿੱਥੇ ਸਰਕਾਰੀ ਸਕੂਲਾਂ ਦਾ ਬੁਨਿਆਦੀ ਢਾਂਚਾ ਮਜ਼ਬੂਤ ਹੋ ਰਿਹਾ ਹੈ ਉੱਥੇ ਹੀ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਵਿਦਿਆਰਥੀ ਨੂੰ ਉਸਾਰੂ ਮਾਹੌਲ ਵੀ ਮਿਲ ਰਿਹਾ ਹੈ। ਇਹ ਪ੍ਰਗਟਾਵਾ ਅਮਲੋਹ ਦੇ ਵਿਧਾਇਕ ਗੁਰਿੰਦਰ ਸਿੰਘ ਗੈਰੀ ਬੜਿੰਗ ਨੇ ਹਲਕੇ ਦੇ 05 ਸਰਕਾਰੀ ਸਕੂਲਾਂ ਵਿੱਚ ਸਿੱਖਿਆ ਕ੍ਰਾਂਤੀ ਮੁਹਿੰਮ ਤਹਿਤ 78.19 ਲੱਖ ਦੀ ਲਾਗਤ ਨਾਲ ਕਰਵਾਏ ਵਿਕਾਸ ਕਾਰਜਾਂ ਦਾ ਉਦਘਾਟਨ ਕਰਨ ਮੌਕੇ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਕੀਤੇ ਇਨ੍ਹਾਂ ਸੁਧਾਰਾਂ ਤਹਿਤ ਸਰਕਾਰੀ ਸਕੂਲਾਂ ਵਿੱਚ ਅਤਿ-ਆਧੁਨਿਕ ਕਲਾਸ ਰੂਮ ਬਣਾਏ ਗਏ ਹਨ ਜੋ ਕਿ ਵਿਦਿਆਰਥੀਆਂ ਨੂੰ ਪੜ੍ਹਾਈ ਲਈ ਸਾਜਗਾਰ ਮਾਹੌਲ ਦੇਣ ਤੋਂ ਇਲਾਵਾ ਲੋੜੀਂਦੀਆਂ ਸਹੂਲਤਾਂ ਨਾਲ ਲੈਸ ਹਨ। ਵਿਧਾਇਕ ਨੇ ਕਿਹਾ ਕਿ ਪੰਜਾਬ ਸਰਕਾਰ ਵਲੋਂ ਸਿੱਖਿਆ ਦੇ ਬਜਟ ਵਿਚ ਵਾਧਾ ਕੀਤਾ ਗਿਆ ਹੈ, ਜਿਸ ਨਾਲ ਸਕੂਲਾਂ ਦੇ ਸਰਵਪੱਖੀ ਵਿਕਾਸ ਦੀ ਰਫ਼ਤਾਰ ਯਕੀਨੀ ਤੌਰ 'ਤੇ ਹੋਰ ਤੇਜ਼ ਹੋਵੇਗੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਰਕਾਰੀ ਸਕੂਲਾਂ ਵਿਚ ਸੋਲਰ ਪੈਨਲ, ਮੁਫ਼ਤ ਕਿਤਾਬਾਂ ਅਤੇ ਮੁਫਤ ਵਰਦੀਆਂ ਦੀ ਵਿਵਸਥਾ ਕੀਤੀ ਗਈ ਹੈ ਤਾਂ ਜੋ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਲੋੜਵੰਦ ਪਰਿਵਾਰਾਂ ਦੇ ਬੱਚਿਆਂ ਨੂੰ ਉੱਚ ਪੱਧਰ ਦੀ ਸਿੱਖਿਆ ਦੇ ਨਾਲ-ਨਾਲ ਚੰਗੇ ਦਰਜੇ ਦੀਆਂ ਸਹੂਲਤਾਂ ਵੀ ਦਿੱਤੀਆਂ ਜਾ ਸਕਣ। ਵਿਧਾਇਕ ਗੈਰੀ ਬੜਿੰਗ ਨੇ ਸਰਕਾਰੀ ਪ੍ਰਾਇਮਰੀ ਸਕੂਲ ਲਾਡਪੁਰ ਵਿਖੇ 21.46 ਲੱਖ, ਸਰਕਾਰੀ ਪ੍ਰਾਇਮਰੀ ਸਕੂਲ ਤੁਰਾਂ ਵਿਖੇ 25.49 ਲੱਖ, ਸਰਕਾਰੀ ਪ੍ਰਾਇਮਰੀ ਸਕੂਲ ਬੱਡਗੁਜਰਾਂ ਵਿਖੇ 6.04 ਲੱਖ, ਸਰਕਾਰੀ ਪ੍ਰਾਇਮਰੀ ਸਕੂਲ ਸਲਾਣੀ ਵਿਖੇ 10.95 ਲੱਖ, ਸਰਕਾਰੀ ਹਾਈ ਸਕੂਲ ਸਲਾਣੀ ਵਿਖੇ 14.25 ਲੱਖ ਦੀ ਲਾਗਤ ਨਾਲ ਕਰਵਾਏ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ।

## ਲਾਇਨਜ਼ ਕਲੱਬ ਗੁੱਡਵਿੱਲ ਨੇ ਲੋੜਵੰਦ ਲੋਕਾਂ ਨੂੰ ਲੰਗਰ ਵਰਤਾਇਆ



ਜੈਤੋ, 6 ਮਈ (ਸੰਜੀਵ ਗੋਇਲ/ਵਿਪਨ ਗੋਇਲ): ਲਾਇਨ ਕਲੱਬ ਗੁੱਡਵਿੱਲ ਜੈਤੋ ਵੱਲੋਂ ਪਿੰਡ ਜੈਤੋ ਵਿਖੇ ਲੋੜਵੰਦ ਲੋਕਾਂ ਲਈ ਲੰਗਰ ਦਾ ਆਯੋਜਨ ਕੀਤਾ ਗਿਆ। ਇਹ ਕੈਂਪ ਸ਼੍ਰੀ ਸੁਧਾਂਸ਼ੂ ਜਿੰਦਲ ਅਤੇ ਮੋਨਿਕਾ ਜਿੰਦਲ ਦੀ ਵਿਆਹ ਦੀ ਵਰ੍ਹੇਗੰਢ ਮੌਕੇ ਉਨ੍ਹਾਂ ਦੀ ਅਗਵਾਈ ਹੇਠ ਲਗਾਇਆ ਗਿਆ। ਇਸ ਲਿੰਗਰ ਵਿੱਚ ਲੋਕਾਂ ਨੇ ਗਰਮ ਭੋਜਨ ਦਾ ਅਨੰਦ ਲਿਆ। ਇਸ ਮੌਕੇ 'ਤੇ ਲਾਇਨ ਕਲੱਬ ਦੇ ਮੈਂਬਰਾਂ ਨੇ ਭੋਜਨ ਦੇ ਨਾਲ ਨਾਲ ਠੰਡੇ ਪਾਣੀ ਤੇ ਛਾਂ ਦੀ ਵੀ ਵਿਵਸਥਾ ਕੀਤੀ। ਰਾਹਤ ਕੈਂਪ ਦੇ ਤਹਿਤ ਜ਼ਰੂਰਤਮੰਦਾਂ ਨੂੰ ਦਵਾਈਆਂ ਅਤੇ ਹੋਰ ਸਹੂਲਤਾਂ ਵੀ ਮੁਹੱਈਆ ਕਰਵਾਈਆਂ ਗਈਆਂ। ਸੁਧਾਂਸ਼ੂ ਜਿੰਦਲ ਨੇ ਦੱਸਿਆ ਕਿ ਉਨ੍ਹਾਂ ਨੇ ਆਪਣੇ ਵਿਆਹ ਦੀ ਵਰ੍ਹੇਗੰਢ ਨੂੰ ਮਨਾਉਣ ਦਾ ਇਹ ਤਰੀਕਾ ਇਸ ਲਈ ਚੁਣਿਆ ਤਾਂ ਜੋ ਉਹ ਸਮਾਜ ਦੇ ਅਖੀਰਲੇ ਪੰਤੀ ਵਿੱਚ ਖੜ੍ਹੇ ਲੋਕਾਂ ਲਈ ਕੁਝ ਕਰ ਸਕਣ। ਉਨ੍ਹਾਂ ਨੇ ਕਿਹਾ ਕਿ ਲਾਇਨ ਕਲੱਬ ਸਮਾਜਿਕ ਭਲਾਈ ਲਈ ਹਮੇਸ਼ਾ ਤਤਪਰ ਰਹਿੰਦਾ ਹੈ। ਇਸ ਸਮਾਰੋਹ ਦੌਰਾਨ ਕਈ ਗਣਮਾਨਯ ਵਿਅਕਤੀਆਂ ਨੇ ਵੀ ਸ਼ਿਰਕਤ ਕੀਤੀ ਤੇ ਸੁਧਾਂਸ਼ੂ ਤੇ ਮੋਨਿਕਾ ਜਿੰਦਲ ਨੂੰ ਉਨ੍ਹਾਂ ਦੀ ਵਰ੍ਹੇਗੰਢ ਦੀਆਂ ਵਧਾਈਆਂ ਦਿੱਤੀਆਂ। ਇਸ ਮੌਕੇ ਲਾਇਨ ਕਲੱਬ ਗੁਡਵਿਲ ਜੈਤੋ ਦੇ ਪ੍ਰਧਾਨ ਲਾਇਨ ਸੰਦੀਪ ਜਿੰਦਲ, ਸਕੱਤਰ ਲਾਇਨ ਪ੍ਰੇਮ ਬਾਂਸਲ, ਕੈਸ਼ੀਅਰ ਲਾਇਨ ਕੁਲਭੂਸ਼ਨ ਸਿੰਗਲਾ, ਚੈਅਰਮੈਨ ਲਾਇਨ ਪ੍ਰਵੀਨ ਜਿੰਦਲ, ਲਾਇਨ ਵਿੱਕੀ ਗੋਇਲ, ਲਾਇਨ ਰਾਜੂ ਲੂੰਬਾ, ਲਾਇਨ ਮਨੋਜ ਸਿੰਗਲਾ ਆਦਿ ਮੈਂਬਰ ਹਾਜ਼ਰ ਸਨ।

## ਸਮਾਜ ਸੇਵੀ ਪ੍ਰੋਫੈਸਰ ਜਲਵੇੜਾ ਵਾਲਮੀਕਿ ਰਕਸ਼ਾ ਦਲ ਦੇ ਸੂਬਾਈ ਸਲਾਹਕਾਰ ਬਣੇ



ਮੰਡੀ ਗੋਬਿੰਦਗੜ੍ਹ, 6 ਮਈ (ਸੂਦ): ਲੋਕ ਸੇਵਾ ਨੂੰ ਸਮਰਪਿਤ ਸਮਾਜ ਸੇਵੀ ਪ੍ਰੋਫੈਸਰ ਧਰਮਜੀਤ ਸਿੰਘ ਜਲਵੇੜਾ ਨੂੰ ਵਾਲਮੀਕਿ ਰਕਸ਼ਾ ਦਲ ਪੰਜਾਬ ਨੇ ਕਾਨੂੰਨੀ ਸਲਾਹਕਾਰ ਨਿਯੁਕਤ ਕੀਤਾ ਹੈ। ਇਸ ਨਿਯੁਕਤੀ 'ਤੇ ਪ੍ਰੋਫੈਸਰ ਜਲਵੇੜਾ ਨੇ ਦਲ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਕਾਨੂੰਨੀ ਸਲਾਹਕਾਰ ਦੀ ਜ਼ਿੰਮੇਵਾਰੀ ਨੂੰ ਤਨਦੇਹੀ ਨਾਲ ਨਿਭਾਉਣਗੇ, ਕਾਨੂੰਨੀ ਪੱਖ ਤੋਂ ਜਿੱਥੇ ਵੀ ਲੋੜ ਪਈ ਉਹ ਬਤੌਰ ਸਲਾਹਕਾਰ ਹਾਜ਼ਰ ਹੋਣਗੇ। ਉਨ੍ਹਾਂ ਕਿਹਾ ਕਿ ਗੁਰਬਤ ਦੀ ਚੱਕੀ 'ਚ ਪਿਸ ਰਹੇ ਅਤੇ ਸਮਾਜਿਕ ਨਿਆਂ ਉਡੀਕਦੇ ਲੋਕਾਂ ਲਈ ਉਹ 24 ਘੰਟੇ ਹਾਜ਼ਰ ਰਹਿਣਗੇ। ਉਨ੍ਹਾਂ ਵਾਲਮੀਕਿ ਰਕਸ਼ਾ ਦਲ ਟੀਮ ਦੇ ਸੂਬਾ ਪ੍ਰਧਾਨ ਅਤੇ ਅਹੁਦੇਦਾਰਾਂ ਦਾ ਧੰਨਵਾਦ ਕੀਤਾ।

## ਮਾਤਾ ਗੁਜਰੀ ਕਾਲਜ ਦੇ ਬਾਇਓਟੈਕਨਾਲੋਜੀ ਵਿਭਾਗ ਵੱਲੋਂ ਹੁਨਰ ਵਿਕਾਸ ਵਰਕਸ਼ਾਪ ਦਾ ਆਯੋਜਨ



ਫ਼ਤਹਿਗੜ੍ਹ ਸਾਹਿਬ, 6 ਮਈ (ਹਰਪ੍ਰੀਤ ਕੌਰ ਟਿਵਾਣਾ): ਮਾਤਾ ਗੁਜਰੀ ਕਾਲਜ ਦੇ ਬਾਇਓਟੈਕਨਾਲੋਜੀ ਵਿਭਾਗ ਵੱਲੋਂ ਹੁਨਰ ਵਿਕਾਸ ਪ੍ਰੋਗਰਾਮ ਤਹਿਤ ਵਿਸ਼ੇਸ਼ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਰਿਮਟ ਯੂਨੀਵਰਸਿਟੀ, ਮੰਡੀ ਗੋਬਿੰਦਗੜ੍ਹ ਦੇ 50 ਵਿਦਿਆਰਥੀਆਂ ਨੇ ਉਤਸ਼ਾਹ ਨਾਲ ਭਾਗ ਲਿਆ। ਕਾਲਜ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਕਸ਼ਮੀਰ ਸਿੰਘ ਨੇ ਵਿਭਾਗ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੀਆਂ ਵਰਕਸ਼ਾਪਾਂ ਦਾ ਮੁੱਖ ਉਦੇਸ਼ ਵਿਦਿਆਰਥੀਆਂ ਦੇ ਵਿਹਾਰਕ ਹੁਨਰ ਦਾ ਵਿਕਾਸ ਕਰਨਾ ਹੈ। ਬਾਇਓਟੈਕਨਾਲੋਜੀ ਵਿਭਾਗ ਦੇ ਮੁਖੀ ਅਤੇ ਵਰਕਸ਼ਾਪ ਦੇ ਕਨਵੀਨਰ ਡਾ. ਨੀਤੂ ਤ੍ਰੇਹਨ ਨੇ ਕਿਹਾ ਕਿ ਵਿਦਿਆਰਥੀਆਂ ਵਿੱਚ ਵਿੱਦਿਅਕ ਸਿਖਲਾਈ ਦੇ ਨਾਲ-ਨਾਲ ਵਿਹਾਰਕ ਹੁਨਰ ਦਾ ਹੋਣਾ ਬਹੁਤ ਜ਼ਰੂਰੀ ਹੈ, ਇਸ ਲਈ ਵਿਭਾਗ ਵੱਲੋਂ ਵਿਦਿਆਰਥੀਆਂ ਲਈ ਸਮੇਂ-ਸਮੇਂ 'ਤੇ ਅਜਿਹੇ ਸਿੱਖਿਆ ਭਰਪੂਰ ਸਮਾਗਮਾਂ ਦਾ ਆਯੋਜਨ ਕੀਤਾ ਜਾਂਦਾ ਹੈ। ਇਸ ਮੌਕੇ ਰਿਮਟ ਯੂਨੀਵਰਸਿਟੀ ਦੇ ਵਿਦਿਆਰਥੀਆਂ ਨਾਲ ਪ੍ਰੋਗਰਾਮ ਕੋਆਰਡੀਨੇਟਰ ਡਾ. ਪੂਜਾ ਗੁਪਤਾ, ਡਾ. ਵਿਨੈ ਸ਼ਰਮਾ ਅਤੇ ਯਾਸਮੀਨ ਬਾਨੋ ਵੀ ਹਾਜ਼ਰ ਸਨ। ਇਸ ਮੌਕੇ ਕਾਲਜ ਦੇ ਬਾਇਓਟੈਕਨਾਲੋਜੀ ਵਿਭਾਗ ਦੇ ਪ੍ਰੋ. ਹਰਮਨਜੋਤ ਕੌਰ, ਪ੍ਰੋ. ਲਲਿਤਾ ਸ਼ਰਮਾ ਅਤੇ ਪ੍ਰੋ. ਸਗਲਦੀਪ ਕੌਰ ਵੀ ਮੌਜੂਦ ਸਨ।

## ਦਾਣਾ ਮੰਡੀਆਂ 'ਚ ਕਣਕ ਦੀ ਚੁਕਾਈ ਤੇਜ਼ੀ ਨਾਲ ਜਾਰੀ

### ☛ਕਿਸਾਨਾਂ ਨੂੰ 1333.39 ਕਰੋੜ ਰੁਪਏ ਦੀ ਕੀਤੀ ਅਦਾਇਗੀ

ਬਟਾਲਾ/ਊਧਨਵਾਲ, 6 ਮਈ (ਡਾ.ਨਰਿੰਦਰ ਸਿੰਘ ਘੁਮਾਣ/ਸੁੱਖ ਅੰਮ੍ਰਿਤ ਘੁਮਾਣ): ਸੁਖਜਿੰਦਰ ਸਿੰਘ, ਡੀ.ਐਫ.ਐਸ.ਸੀ. ਗੁਰਦਾਸਪੁਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਡਿਪਟੀ ਕਮਿਸ਼ਨਰ ਗੁਰਦਾਸਪੁਰ ਦੇ ਦਿਸ਼ਾ-ਨਿਰਦੇਸ਼ਾਂ ਹੇਠ ਜ਼ਿਲ੍ਹੇ ਦੀਆਂ ਦਾਣਾ ਮੰਡੀਆਂ ਵਿੱਚ ਕਣਕ ਦੀ ਖਰੀਦ, ਚੁਕਾਈ ਤੇ ਅਦਾਇਗੀ ਨਿਰਵਿਘਨ ਜਾਰੀ ਹੈ। ਉਨ੍ਹਾਂ ਦੱਸਿਆ ਕਿ ਮੰਡੀਆਂ ਵਿਚੋਂ 60 ਫੀਸਦ ਫਸਲ ਦੀ ਚੁਕਾਈ ਕੀਤੀ ਜਾ ਚੁੱਕੀ ਹੈ ਤੇ ਚੁਕਾਈ ਵਿੱਚ ਹੋਰ ਤੇਜ਼ੀ ਲਿਆਂਦੀ ਗਈ ਹੈ ਤਾਂ ਜੋ ਖਰੀਦ ਕੀਤੀ ਫਸਲ ਦੀ ਚੁਕਾਈ ਨਾਲੋਂ-ਨਾਲ ਕੀਤੀ ਜਾ ਸਕੇ। ਉਨ੍ਹਾਂ ਦੱਸਿਆ ਕਿ ਕਿਸਾਨਾਂ ਨੂੰ 1333.39 ਕਰੋੜ ਰੁਪਏ ਦੀ ਅਦਾਇਗੀ ਕੀਤੀ ਜਾ ਚੁੱਕੀ ਹੈ। ਉਨ੍ਹਾਂ ਦੱਸਿਆ ਕਿ 5 ਮਈ ਤੱਕ ਜ਼ਿਲ੍ਹੇ ਦੀਆਂ



ਮੰਡੀਆਂ ਵਿੱਚ 5 ਲੱਖ 59 ਹਜ਼ਾਰ 380 ਮੀਟ੍ਰਿਕ ਟਨ ਕਣਕ ਦੀ ਖਰੀਦ ਕੀਤੀ ਜਾ ਚੁੱਕੀ ਹੈ। ਪਨਗ੍ਰੇਨ ਵੱਲੋਂ 145763 ਮੀਟ੍ਰਿਕ ਟਨ, ਮਾਰਕਫੈੱਡ ਵੱਲੋਂ 148142 ਮੀਟ੍ਰਿਕ ਟਨ, ਪਨਸਪ ਵੱਲੋਂ 129600 ਮੀਟ੍ਰਿਕ ਟਨ, ਵੇਅਰਹਾਊਸ ਵੱਲੋਂ 83436 ਮੀਟ੍ਰਿਕ ਟਨ, ਐਫ.ਸੀ.ਆਈ. ਵੱਲੋਂ 22839 ਮੀਟ੍ਰਿਕ ਟਨ ਤੇ ਵਪਾਰੀਆਂ ਵੱਲੋਂ 29600 ਮੀਟ੍ਰਿਕ ਟਨ ਕਣਕ ਦੀ ਖਰੀਦ ਕੀਤੀ ਜਾ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਵਿੱਚ ਕਣਕ ਦੀ ਖਰੀਦ ਲਈ 92 ਮੰਡੀਆਂ ਬਣਾਈਆਂ ਗਈਆਂ ਹਨ ਤੇ ਦੋ ਆਰਜ਼ੀ ਖਰੀਦ ਕੇਂਦਰ ਸਥਾਪਤ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਵਿੱਚ ਕਰੀਬ 6.68 ਲੱਖ ਮੀਟ੍ਰਿਕ ਟਨ ਕਣਕ ਆਉਣ ਦੀ ਸੰਭਾਵਨਾ ਹੈ।

## ਦਮਦਮੀ ਟਕਸਾਲ ਨੇ ਸ਼ਹੀਦੀ ਸਮਾਗਮ ਕਰਵਾਇਆ

### ☛ਟਕਸਾਲ ਦੇ ਕੀਰਤਨੀ ਜੱਥੇ ਨੇ ਤੰਤੀ ਸਾਜ਼ਾਂ ਨਾਲ ਕੀਰਤਨ ਕਰਕੇ ਸੰਗਤਾਂ ਨੂੰ ਕੀਤਾ ਮੰਤਰ-ਮੁਗਧ



ਚੌਂਕ ਮਹਿਤਾ, 6 ਮਈ (ਬਲਜਿੰਦਰ ਸਿੰਘ ਰੰਧਾਵਾ): ਦਮਦਮੀ ਟਕਸਾਲ ਮੁਖੀ ਤੇ ਸੰਤ ਸਮਾਜ ਦੇ ਪ੍ਰਧਾਨ ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਭਿੰਡਰਾਂ ਵਾਲਿਆਂ ਵੱਲੋਂ ਜੂਨ 1984 ਨੂੰ ਵਾਪਰੇ ਤੀਸਰੇ ਘੱਲੂਘਾਰੇ ਓਪਰੇਸ਼ਨ ਬਲਿਊ ਸਟਾਰ ਦੌਰਾਨ ਸ਼ਹੀਦ ਹੋਏ ਸੰਤ ਗਿਆਨੀ ਜਰਨੈਲ ਸਿੰਘ ਖ਼ਾਲਸਾ ਭਿੰਡਰਾਂ ਵਾਲੇ, ਭਾਈ ਅਮਰੀਕ ਸਿੰਘ, ਜਨਰਲ ਸੁਬੇਗ ਸਿੰਘ, ਬਾਬਾ ਠਾਹਰਾ ਸਿੰਘ ਤੇ ਹੋਰ ਹਜ਼ਾਰਾਂ ਦੀ ਗਿਣਤੀ ਵਿੱਚ ਸਿੰਘ-ਸਿੰਘਣੀਆਂ, ਭੁਝੰਗੀਆਂ ਦੀ ਪਵਿੱਤਰ ਸ਼ਹਾਦਤ ਦੀ ਯਾਦ ਵਿੱਚ ਰੋਜ਼ਾਨਾ ਹੀ ਵੱਖ-ਵੱਖ ਪਿੰਡਾਂ ਵਿੱਚ ਕਰਵਾਏ ਜਾ ਰਹੇ ਸ਼ਹੀਦੀ ਸਮਾਗਮਾਂ ਦੀ ਲੜੀ ਤਹਿਤ ਬੀਤੀ ਰਾਤ ਪਿੰਡ ਸਦਾ ਰੰਗ ਦੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਵਿਖੇ ਸ਼ਹੀਦੀ ਸਮਾਗਮ ਕਰਵਾਇਆ ਗਿਆ। ਸਮਾਗਮ ਦੀ ਸ਼ੁਰੂਆਤ ਦਮਦਮੀ ਟਕਸਾਲ ਦੇ ਹਜ਼ੂਰੀ ਰਾਗੀ ਤੇ ਤੰਤੀ-ਸਾਜਾਂ ਨਾਲ ਕੀਰਤਨ ਕਰਨ ਵਾਲੇ ਭਾਈ ਸ਼ਹਿਨਾਜ਼ ਪ੍ਰੀਤ ਸਿੰਘ ਤੇ ਭਾਈ ਸਿਮਰਨਜੀਤ ਸਿੰਘ ਰਬਾਬੀ ਦੇ ਜੱਥੇ ਨੇ ਗੁਰਬਾਣੀ ਦੇ ਮਨੋਹਰ ਕੀਰਤਨ ਨਾਲ ਸੰਗਤਾਂ ਨੂੰ ਨਿਹਾਲੋ-ਨਿਹਾਲ ਕਰ ਦਿੱਤਾ। ਦਮਦਮੀ ਟਕਸਾਲ ਦੇ ਸਤਿਕਾਰਯੋਗ ਕਥਾ ਵਾਚਕ ਭਾਈ ਗੁਰਦੀਪ ਸਿੰਘ ਨੇ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਕਾਬਲੀ ਖਾਨ ਨਾਲ ਮਹਿਰਾਜ ਦੇ ਜੰਗ ਦਾ ਵਰਣਨ ਪ੍ਰੇਮ ਤੇ ਬੀਰ ਰਸ ਨਾਲ ਸੰਗਤਾਂ ਨੂੰ ਸਰਵਣ ਕਰਵਾਇਆ। ਉਨ੍ਹਾਂ ਨੇ ਸੰਗਤਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਆਪਣੇ ਬੱਚਿਆਂ ਨੂੰ ਬਾਣੀ ਬਾਣੇ ਨਾਲ ਜੋੜੋ ਤੇ ਅੰਮ੍ਰਿਤ ਛਕਾ ਕੇ ਗੁਰਮਤਿ ਦੇ ਧਾਰਨੀ ਬਣਾਓ। ਦਮਦਮੀ ਟਕਸਾਲ ਦੇ ਵਿਦਿਆਰਥੀ ਤੇ ਸਦਾ ਰੰਗ ਗੁਰਦੁਆਰਾ ਸਾਹਿਬ ਦੇ ਮੌਜੂਦਾ ਗ੍ਰੰਥੀ ਭਾਈ ਰਣਜੋਧ ਸਿੰਘ ਦੇ ਜੱਥੇ ਨੇ ਵੀ ਗੁਰਬਾਣੀ ਦੇ ਸ਼ਬਦ ਕੀਰਤਨ ਨਾਲ ਆਪਣੀ ਹਾਜ਼ਰੀ ਲਗਵਾਈ। ਮੰਚ ਸੰਚਾਲਨ ਦੀ ਸੇਵਾ ਪ੍ਰਿੰਸੀਪਲ ਹਰਸ਼ਦੀਪ ਸਿੰਘ ਰੰਧਾਵਾ ਨੇ ਨਿਭਾਈ। ਉਨ੍ਹਾਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਦਮਦਮੀ ਟਕਸਾਲ ਵੱਲੋਂ ਗੁਰਮਤਿ ਪ੍ਰੋਫ਼ੈਸ਼ਨਲ ਕਾਲਜ, ਦਮਦਮੀ ਟਕਸਾਲ ਦੇ ਹੈੱਡ ਕੁਆਰਟਰ ਗੁਰਦੁਆਰਾ ਗੁਰ ਦਰਸ਼ਨ ਪ੍ਰਕਾਸ਼ ਮਹਿਤਾ ਵਿਖੇ ਚਲਾਇਆ ਜਾ ਰਿਹਾ ਹੈ, ਜਿੱਥੇ ਦੁਨਿਆਵੀ ਪੜ੍ਹਾਈ ਦੇ ਨਾਲ-ਨਾਲ ਧਾਰਮਿਕ ਵਿੱਦਿਆ, ਕਥਾ ਕੀਰਤਨ ਤੇ ਨੌਵੀਂ ਜਮਾਤ ਤੋਂ ਲੈ ਕੇ ਐਮ.ਏ. ਤੱਕ ਦੀ ਸਿੱਖਿਆ ਬਿਲਕੁਲ ਮੁਫ਼ਤ ਦਿੱਤੀ ਜਾਂਦੀ ਹੈ। ਸਮਾਗਮ ਦੀ ਸਮਾਪਤੀ ਮੌਕੇ ਪਿੰਡ ਸਦਾ ਰੰਗ ਦੀ ਗੁਰਦੁਆਰਾ ਕਮੇਟੀ ਦੇ ਜਰਨਲ ਸਕੱਤਰ ਜਗਦੀਸ਼ ਸਿੰਘ ਬਮਰਾਹ ਨੇ ਆਈਆਂ ਹੋਈਆਂ ਸਮੂਹ ਸੰਗਤਾਂ ਦਾ ਸਵਾਗਤ ਕਰਦੇ ਹੋਏ ਧੰਨਵਾਦ ਕੀਤਾ। ਸ਼ਹੀਦੀ ਸਮਾਗਮਾਂ ਵਿੱਚ ਹੋਰਨਾਂ ਤੋਂ ਇਲਾਵਾ ਜਥੇਦਾਰ ਬਾਬਾ ਅਜੀਤ ਸਿੰਘ ਮੁਖੀ ਤਰਨਾ ਦਲ ਮਹਿਤਾ, ਜਥੇ. ਬੋਹੜ ਸਿੰਘ, ਪ੍ਰਿੰਸੀਪਲ ਹਰਸ਼ਦੀਪ ਸਿੰਘ ਰੰਧਾਵਾ, ਗ੍ਰੰਥੀ ਭਾਈ ਸੁਖਵਿੰਦਰ ਸਿੰਘ, ਭਾਈ ਰਣਜੋਧ ਸਿੰਘ, ਭਾਈ ਜਗਤਾਰ ਸਿੰਘ ਪ੍ਰਧਾਨ ਲੰਗਰ, ਸਰਪੰਚ ਗੁਰਮੀਤ ਸਿੰਘ ਲੱਕੀ, ਦਿਆਲ ਸਿੰਘ ਸਠਿਆਲੇ ਵਾਲੇ, ਪ੍ਰਧਾਨ ਸਾਹਿਬ ਸਿੰਘ, ਗਰੀਬ ਸਿੰਘ, ਖਜ਼ਾਨਚੀ ਗੁਰਦੀਪ ਸਿੰਘ, ਡਾ. ਬਖਸ਼ੀਸ਼ ਸਿੰਘ, ਪਿਆਰਾ ਸਿੰਘ, ਮਾਸਟਰ ਅਵਤਾਰ ਸਿੰਘ, ਹਰਜਿੰਦਰ ਸਿੰਘ, ਜਥੇਦਾਰ ਸੁਖਪ੍ਰੀਤ ਸਿੰਘ, ਗੁਰਭੇਜ ਸਿੰਘ, ਭਾਈ ਧੰਨਾ ਸਿੰਘ, ਭਾਈ ਪ੍ਰੇਮ ਸਿੰਘ, ਮਨਜੀਤ ਸਿੰਘ ਬਿੱਟੂ, ਬਲਜਿੰਦਰ ਸਿੰਘ ਬੱਲੀ, ਜਤਿੰਦਰ ਪਾਲ ਸਿੰਘ, ਸਤਨਾਮ ਸਿੰਘ ਜੱਜ, ਦਵਿੰਦਰ ਸਿੰਘ ਰੰਧਾਵਾ, ਭਾਈ ਮੇਜਰ ਸਿੰਘ, ਭਾਈ ਬਲਵਿੰਦਰ ਸਿੰਘ ਫੋਰਮੈਨ, ਅਵਤਾਰ ਸਿੰਘ ਪੱਪੂ ਤੇ ਹੋਰ ਬਹੁਤ ਸੰਗਤਾਂ ਮੌਜੂਦ ਸਨ।

## ਮਾਨ ਸਰਕਾਰ ਨੇ ਨਹਿਰਾਂ ਦਾ ਪਾਣੀ ਖੇਤਾਂ ਦੀਆਂ ਟੇਲਾਂ ਤੱਕ ਪਹੁੰਚਾਇਆ : ਵਿਧਾਇਕ ਕਲਸੀ



ਬਟਾਲਾ/ਅਲੀਵਾਲ, 6 ਮਈ (ਬਲਵਿੰਦਰ ਸਿੰਘ ਪੰਜਗਰਾਈਂ/ ਡਾ.ਸਤਨਾਮ ਸੰਧੂ): ਬਟਾਲਾ ਦੇ ਨੌਜਵਾਨ ਵਿਧਾਇਕ ਤੇ ਕਾਰਜਕਾਰੀ ਪ੍ਰਧਾਨ ਆਮ ਆਦਮੀ ਪਾਰਟੀ ਪੰਜਾਬ, ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ ਬੀ.ਬੀ.ਐਮ.ਬੀ. ਵੱਲੋਂ ਵਾਧੂ ਪਾਣੀ ਛੱਡਣ ਦੇ ਮੁੱਦੇ 'ਤੇ ਪੰਜਾਬ ਸਰਕਾਰ ਵੱਲੋਂ ਬੁਲਾਏ ਵਿਸ਼ੇਸ਼ ਸੈਸ਼ਨ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹ ਕੇਵਲ ਇੱਕ ਪ੍ਰਸ਼ਾਸਨਿਕ ਫੈਸਲਾ ਨਹੀਂ, ਸਗੋਂ ਪੰਜਾਬ ਦੇ ਪਾਣੀ ਅਧਿਕਾਰ ਤੇ ਕਿਸਾਨਾਂ ਦੇ ਹੱਕ ਲਈ ਇੱਕ ਇਤਿਹਾਸਕ ਕਦਮ ਹੈ। ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਭਾਰਤ ਦੀ ਆਜ਼ਾਦੀ ਤੋਂ ਬਾਅਦ ਪੰਜਾਬ ਨਾਲ ਹਮੇਸ਼ਾ ਪਾਣੀ ਬਟਵਾਰੇ ਵਿੱਚ ਬੇਇਨਸਾਫ਼ੀ ਹੋਈ ਹੈ। ਨਾਜਾਇਜ਼ ਸੰਧੀਆਂ ਤੇ ਕਾਨੂੰਨਾਂ ਰਾਹੀਂ ਪੰਜਾਬ ਦੇ ਹੱਕਾਂ ਦੀ ਲੁੱਟ ਕੀਤੀ ਗਈ। ਉਨ੍ਹਾਂ ਕਿਹਾ ਕਿ ਇਹ ਨਾ ਸਿਰਫ਼ ਕੇਂਦਰ ਸਰਕਾਰ ਦੀ ਭੂਮਿਕਾ ਰਹੀ, ਸਗੋਂ ਉਸ ਸਮੇਂ ਦੀਆਂ ਪੰਜਾਬ ਸਰਕਾਰਾਂ ਦੀ ਵੀ ਇਸ ਵਿੱਚ ਭਾਗੀਦਾਰੀ ਸੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਹਰਿਆਣਾ ਨੂੰ ਆਪਣੇ ਹਿੱਸੇ ਵਿੱਚੋਂ ਇੱਕ ਵੀ ਬੂੰਦ ਵਾਧੂ ਪਾਣੀ ਨਹੀਂ ਦੇਵੇਗੀ। ਇਸ ਵੱਲੋਂ ਮਾਨਵਤਾ ਦੇ ਆਧਾਰ 'ਤੇ ਪੀਣ ਵਾਲੇ ਪਾਣੀ ਵਜੋਂ ਸਿਰਫ 4000 ਕਿਊਸਿਕ ਪਾਣੀ ਦਿੱਤਾ ਜਾ ਰਿਹਾ ਹੈ, ਜੋ ਜਾਰੀ ਰਹੇਗਾ। ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਅੱਜ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਸਰਕਾਰ ਵੱਲੋਂ ਮੋਘਿਆਂ ਦੀ ਮੁਰੰਮਤ ਹੋ ਰਹੀ ਹੈ ਤੇ ਨਹਿਰਾਂ ਦਾ ਪਾਣੀ ਖੇਤਾਂ ਦੀਆਂ ਟੇਲਾਂ ਤੱਕ ਪਹੁੰਚਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਦੇ ਮੰਤਵ ਨਾਲ ਨਹਿਰੀ ਪਾਣੀ ਨੂੰ ਖੇਤਾਂ ਤੱਕ ਪਹੁੰਚਾਉਣ ਲਈ ਸਰਕਾਰ ਦ੍ਰਿੜ੍ਹ ਸੰਕਲਪ ਹੈ ਤੇ ਸਰਕਾਰ ਦੇ ਯਤਨ ਜਾਰੀ ਹਨ।

## ਸਲਾਹਕਾਰ ਦੀਪਕ ਬਾਲੀ ਵੱਲੋਂ ਛੋਟਾ ਘੱਲੂਘਾਰਾ ਸ਼ਹੀਦੀ ਸਮਾਰਕ ਦਾ ਦੌਰਾ



ਗੁਰਦਾਸਪੁਰ, 6 ਮਈ (ਜਗੀਰ ਸਿੰਘ ਮੰਡ): ਸੈਰ-ਸਪਾਟਾ ਤੇ ਸੱਭਿਆਚਾਰਕ ਮਾਮਲੇ ਵਿਭਾਗ ਦੇ ਸਲਾਹਕਾਰ ਦੀਪਕ ਬਾਲੀ ਵੱਲੋਂ ਬੀਤੀ ਸ਼ਾਮ ਛੋਟਾ ਘੱਲੂਘਾਰਾ ਛੰਭ ਕਾਹਨੂੰਵਾਨ ਦਾ ਦੌਰਾ ਕੀਤਾ ਗਿਆ। ਇਸ ਮੌਕੇ ਉਨ੍ਹਾਂ ਨਾਲ ਜ਼ਿਲ੍ਹਾ ਯੋਜਨਾ ਕਮੇਟੀ ਗੁਰਦਾਸਪੁਰ ਦੇ ਚੇਅਰਮੈਨ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਤੇ ਐਸ.ਡੀ.ਐਮ. ਗੁਰਦਾਸਪੁਰ ਮਨਜੀਤ ਸਿੰਘ ਰਾਜਲਾ ਵੀ ਮੌਜੂਦ ਸਨ। ਛੋਟਾ ਘੱਲੂਘਾਰਾ ਸ਼ਹੀਦੀ ਸਮਾਰਕ, ਕਾਹਨੂੰਵਾਨ ਛੰਭ ਦੇ ਦੌਰੇ ਸਲਾਹਕਾਰ ਦੀਪਕ ਬਾਲੀ ਨੇ ਸ਼ਹੀਦੀ ਸਮਾਰਕ ਵਿੱਚ ਸ਼ਹੀਦੀ ਗੈਲਰੀ, ਵਿਕਟਰੀ ਟਾਵਰ, ਲਾਇਬ੍ਰੇਰੀ ਦਾ ਦੌਰਾ ਕੀਤਾ। ਇਸ ਮੌਕੇ ਉਨ੍ਹਾਂ ਨੇ ਛੋਟੇ ਘੱਲੂਘਾਰੇ ਉੱਪਰ ਬਣੀ ਦਸਤਾਵੇਜ਼ੀ ਫਿਲਮ ਵੀ ਦੇਖੀ। ਇਸ ਮੌਕੇ ਸਲਾਹਕਾਰ ਦੀਪਕ ਬਾਲੀ ਨੇ ਕਿਹਾ ਕਿ ਸਾਬਕਾ ਮੰਤਰੀ ਜਥੇਦਾਰ ਸੇਵਾ ਸਿੰਘ ਸੇਖਵਾਂ ਦੇ ਉਚੇਚੇ ਯਤਨਾਂ ਸਦਕਾ 18ਵੀਂ ਸਦੀ ਦੇ ਮਹਾਨ ਸ਼ਹੀਦਾਂ ਦੀ ਯਾਦ ਵਿੱਚ ਬਣੀ ਸ਼ਹੀਦੀ ਯਾਦਗਾਰ ਦੀ ਸੰਭਾਲ, ਰੱਖ-ਰਖਾਅ ਤੇ ਨਵੀਨੀਕਰਨ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਸਿੱਖ ਇਤਿਹਾਸ ਵਿੱਚ ਸਭ ਤੋਂ ਦਰਦਨਾਕ ਘਟਨਾਵਾਂ ਵਿੱਚੋਂ ਇੱਕ ਛੋਟਾ ਘੱਲੂਘਾਰਾ, ਕਾਹਨੂੰਵਾਨ ਛੰਭ ਦੇ ਸ਼ਹੀਦਾਂ ਨੂੰ ਸਿਜਦਾ ਕਰਨ ਪੰਜਾਬ ਸਰਕਾਰ ਵੱਲੋਂ ਹਰ ਰਾਜ-ਪੱਧਰੀ ਸਮਾਗਮ ਕਰਵਾਇਆ ਜਾਵੇਗਾ। ਉਨ੍ਹਾਂ ਕਿਹਾ ਇਹ ਸਮਾਗਮ ਨਾ ਸਿਰਫ ਸ਼ਹੀਦਾਂ ਦੀ ਸ਼ਹਾਦਤ ਨੂੰ ਯਾਦ ਕਰਨ ਲਈ ਹੋਵੇਗਾ, ਸਗੋਂ ਨਵੀਂ ਪੀੜ੍ਹੀ ਨੂੰ ਇਤਿਹਾਸਕ ਚੇਤਨਾ, ਸਾਂਝੀ ਵਿਰਾਸਤ ਤੇ ਆਪਣੀ ਅਸਲੀ ਪਛਾਣ ਨਾਲ ਜੋੜਨ ਵਾਲਾ ਇੱਕ ਮਹੱਤਵਪੂਰਨ ਮੋੜ ਵੀ ਸਾਬਤ ਹੋਵੇਗਾ। ਉਨ੍ਹਾਂ ਕਿਹਾ ਕਿ ਇਸ ਮਹੀਨੇ ਦੇ ਅਖੀਰ ਵਿੱਚ ਵੀ ਛੋਟਾ ਘੱਲੂਘਾਰਾ, ਕਾਹਨੂੰਵਾਨ ਦੇ ਸ਼ਹੀਦਾਂ ਦੀ ਯਾਦ ਵਿੱਚ ਰਾਜ ਪੱਧਰੀ ਸਮਾਗਮ ਕਰਵਾਇਆ ਜਾਵੇਗਾ। ਜ਼ਿਕਰਯੋਗ ਹੈ ਕਿ ਜ਼ਿਲ੍ਹਾ ਯੋਜਨਾ ਕਮੇਟੀ ਗੁਰਦਾਸਪੁਰ ਦੇ ਚੇਅਰਮੈਨ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਸੈਰ-ਸਪਾਟਾ ਤੇ ਸੱਭਿਆਚਾਰਕ ਮਾਮਲੇ ਬਾਰੇ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨਾਲ ਮੁਲਾਕਾਤ ਕਰਕੇ ਇਹ ਮੰਗ ਕੀਤੀ ਸੀ ਕਿ ਪੰਜਾਬ ਸਰਕਾਰ ਵੱਲੋਂ ਛੋਟਾ ਘੱਲੂਘਾਰਾ ਦੇ ਸ਼ਹੀਦਾਂ ਦੀ ਯਾਦ ਵਿੱਚ ਹਰ ਸਾਲ ਰਾਜ ਪੱਧਰੀ ਸਮਾਗਮ ਕੀਤਾ ਜਾਵੇ, ਜਿਸ ਤਹਿਤ ਪੰਜਾਬ ਸਰਕਾਰ ਵੱਲੋਂ ਸੈਰ ਸਪਾਟਾ ਵਿਭਾਗ ਦੇ ਸਲਾਹਕਾਰ ਦੀਪਕ ਬਾਲੀ ਨੂੰ ਛੋਟਾ ਘੱਲੂਘਾਰਾ ਸ਼ਹੀਦੀ ਸਮਾਰਕ ਕਾਹਨੂੰਵਾਨ ਵਿਖੇ ਭੇਜਿਆ ਗਿਆ। ਚੇਅਰਮੈਨ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਨੇ ਕਿਹਾ ਕਿ ਇਹ ਰਾਜ ਪੱਧਰੀ ਸਮਾਗਮ ਕੇਵਲ ਸਮਾਗਮ ਨਹੀਂ, ਸਗੋਂ ਕੌਮ ਦੀ ਰੂਹਾਨੀ ਵਿਰਾਸਤ ਤੇ ਇਤਿਹਾਸਕ ਗੌਰਵ ਨੂੰ ਨਮਨ ਕਰਨ ਦਾ ਇਕ ਸੰਕਲਪ ਹੈ। ਉਨ੍ਹਾਂ ਕਿਹਾ ਕਿ ਸ਼ਹੀਦੀ ਸਮਾਰਕ ਸਾਡੀ ਕੌਮ ਦਾ ਬੇਸ਼ਕੀਮਤੀ ਸਰਮਾਇਆ ਹੈ ਤੇ ਇਸਦੀ ਸੰਭਾਲ ਲਈ ਹਰ ਉਪਰਾਲਾ ਕੀਤਾ ਜਾਵੇਗਾ।

## ਜ਼ਿਲ੍ਹੇ 'ਚ ਕੌਮੀ ਲੋਕ ਅਦਾਲਤ 10 ਮਈ ਨੂੰ : ਜ਼ਿਲ੍ਹਾ ਤੇ ਸ਼ੈਸ਼ਨ ਜੱਜ ਪ੍ਰਿਆ ਸੂਦ



ਸ਼ਹੀਦ ਭਗਤ ਸਿੰਘ ਨਗਰ, 6 ਮਈ (ਸੁਖਦੇਵ ਸਿੰਘ ਉੜਾਪੜ): ਨੈਸ਼ਨਲ ਲੀਗਲ ਸਰਵਿਸ ਅਥਾਰਟੀ ਦੇ ਦਿਸ਼ਾ-ਨਿਰਦੇਸ਼ਾਂ ਤੇ ਮੈਂਬਰ ਸਕੱਤਰ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਐਸ.ਏ.ਐਸ. ਨਗਰ ਦੀਆਂ ਹਦਾਇਤਾਂ 'ਤੇ ਜ਼ਿਲ੍ਹਾ ਤੇ ਸੈਸ਼ਨ ਜੱਜ, ਸ਼ਹੀਦ ਭਗਤ ਸਿੰਘ ਨਗਰ ਪ੍ਰਿਆ ਸੂਦ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ ਕੌਮੀ ਲੋਕ ਅਦਾਲਤ 10 ਮਈ ਨੂੰ ਲਗਾਈ ਜਾਵੇਗੀ। ਜ਼ਿਲ੍ਹਾ ਤੇ ਸੈਸ਼ਨ ਜੱਜ, ਸ਼ਹੀਦ ਭਗਤ ਸਿੰਘ ਨਗਰ ਪ੍ਰਿਆ ਸੂਦ ਵੱਲੋਂ ਦੱਸਿਆ ਕਿ ਨੈਸ਼ਨਲ ਲੀਗਲ ਸਰਵਿਸ ਅਥਾਰਟੀ ਦੇ ਨਿਰਦੇਸ਼ਾਂ ਅਨੁਸਾਰ ਤੇ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐਸ.ਏ.ਐਸ. ਨਗਰ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਅਦਾਲਤੀ ਤੇ ਪ੍ਰੀ-ਲਿਟੀਗੇਟਿਵ ਪੜਾਅ 'ਤੇ ਆਏ ਰਾਜ਼ੀਨਾਮਾ ਹੋਣ ਯੋਗ ਕੇਸਾਂ ਦਾ ਆਪਸੀ ਸਹਿਮਤੀ ਨਾਲ ਨਿਪਟਾਰਾ ਕਰਨ ਲਈ ਜ਼ਿਲ੍ਹੇ ਵਿੱਚ 10.05.2025 ਨੂੰ ਕੌਮੀ ਲੋਕ ਅਦਾਲਤ ਲਗਾਈ ਜਾਵੇਗੀ। ਉਨ੍ਹਾਂ ਦੱਸਿਆ ਕਿ ਇਸ ਕੌਮੀ ਲੋਕ ਅਦਾਲਤ ਵਿੱਚ ਪੈਨਸ਼ਨ ਕੇਸ ਸਮੇਤ ਸੇਵਾਵਾਂ ਦੇ ਕੇਸ, ਜ਼ਮੀਨ ਗ੍ਰਹਿਣ ਦੇ ਕੇਸ, ਰੈਵੀਨਿਊ ਦੇ ਕੇਸ, ਬੀ.ਐਸ.ਐਨ.ਐਲ. ਦੇ ਕੇਸ, ਬੀਮਾ ਕੰਪਨੀ ਦੇ ਨਾਲ ਸਬੰਧਤ ਕੇਸ, ਵਿੱਤੀ ਫਾਇਨਾਂਸ ਕੇਸ, ਬੈਂਕ ਲੋਨ ਨਾਲ ਸਬੰਧਤ ਕੇਸ, ਪਾਣੀ ਦੇ ਬਿੱਲ, ਕ੍ਰਿਮੀਨਲ ਕੰਪਾਊਂਡੇਬਲ ਕੇਸ, ਚੈੱਕ ਬਾਊਂਸ ਨਾਲ ਸਬੰਧਤ ਕੇਸ, ਮੋਟਰ ਐਕਸੀਡੈਂਟ ਕਲੇਮ ਕੇਸ, ਟ੍ਰਿਬਿਊਨਲ ਨਾਲ ਸਬੰਧਤ ਕੇਸ, ਵਿਵਾਹਿਕ ਝਗੜੇ, ਟ੍ਰੈਫਿਕ ਚਲਾਨ, ਲੇਬਰ ਵਿਵਾਦ ਦੇ ਕੇਸ, ਬਿਜਲੀ ਦੇ ਕੇਸ ਤੇ ਹੋਰ ਰਾਜ਼ੀਨਾਮਾ ਯੋਗ ਕੇਸਾਂ ਦੀ ਸੁਣਵਾਈ ਕੀਤੀ ਜਾਵੇਗੀ। ਇਸ ਤੋਂ ਇਲਾਵਾ ਉਨ੍ਹਾਂ ਕਿਹਾ ਕਿ ਕੌਮੀ ਲੋਕ ਅਦਾਲਤ ਵਿੱਚ ਕੇਸ ਲਗਾਉਣ ਲਈ ਜੇਕਰ ਕੋਈ ਪ੍ਰੇਸ਼ਾਨੀ ਆਉਂਦੀ ਹੋਵੇ ਤਾਂ ਦਫਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਸ਼ਹੀਦ ਭਗਤ ਸਿੰਘ ਨਗਰ ਤੇ ਦਫਤਰ ਦੇ ਨੰਬਰ 01823-223511 'ਤੇ ਵੀ ਸੰਪਰਕ ਕੀਤਾ ਜਾ ਸਕਦਾ ਹੈ।

## ਵਿਧਾਇਕ ਰੰਧਾਵਾ ਨੇ ਸਰਕਾਰੀ ਸਕੂਲ ਭਗਤਾਣਾ ਬੋਹੜਵਾਲਾ 'ਚ ਵਿਕਾਸ ਕਾਰਜਾਂ ਦਾ ਕੀਤਾ ਉਦਘਾਟਨ



ਡੇਰਾ ਬਾਬਾ ਨਾਨਕ, 6 ਮਈ (ਹੈਪੀ ਕੋਟਲੀ): ਸੂਬੇ ਦੀ ਸਿੱਖਿਆ ਪ੍ਰਣਾਲੀ ਵਿੱਚ ਕ੍ਰਾਂਤੀਕਾਰੀ ਤਬਦੀਲੀ ਲਿਆਉਣ ਦੇ ਮੰਤਵ ਨਾਲ ਰਾਜ ਸਰਕਾਰ ਵੱਲੋਂ ਸ਼ੁਰੂ ਕੀਤੀ 'ਪੰਜਾਬ ਸਿੱਖਿਆ ਕ੍ਰਾਂਤੀ' ਮੁਹਿੰਮ ਤਹਿਤ ਸੂਬੇ ਭਰ ਵਿੱਚ ਵੱਖ-ਵੱਖ ਸਰਕਾਰੀ ਸਕੂਲਾਂ ਵਿੱਚ ਕਰੋੜਾਂ ਰੁਪਏ ਦੇ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ ਜਾ ਰਿਹਾ ਹੈ। ਇਸੇ ਮੁਹਿੰਮ ਤਹਿਤ ਡੇਰਾ ਬਾਬਾ ਨਾਨਕ ਦੇ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਵੱਲੋਂ ਅੱਜ ਸਰਕਾਰੀ ਪ੍ਰਾਇਮਰੀ ਸਕੂਲ ਭਗਤਾਣਾ ਬੋਹੜਵਾਲਾ ਵਿਖੇ ਸਿੱਖਿਆ ਕ੍ਰਾਂਤੀ ਤਹਿਤ ਹੋਏ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ ਗਿਆ। ਇਸ ਮੌਕੇ ਸਕੂਲ ਵਿਖੇ ਕਰਵਾਏ ਸਮਾਗਮ ਦੌਰਾਨ ਸੰਬੋਧਨ ਕਰਦਿਆਂ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸਰਕਾਰੀ ਸਕੂਲਾਂ ਨੂੰ ਹਰ ਪੱਖੋਂ ਵਿਕਸਿਤ ਕਰਨ ਤੇ ਵਿਦਿਆਰਥੀਆਂ ਨੂੰ ਮਿਆਰੀ ਤੇ ਸਮੇਂ ਦੇ ਹਾਣ ਦੀ ਆਧੁਨਿਕ ਸਿੱਖਿਆ ਪ੍ਰਦਾਨ ਕਰਨ ਲਈ ਵੱਡੇ ਪੱਧਰ 'ਤੇ ਉਪਰਾਲੇ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਸਿੱਖਿਆ ਨੂੰ ਪਹਿਲੀ ਤਰਜੀਹ ਦਿੰਦਿਆਂ ਸਰਕਾਰੀ ਸਕੂਲਾਂ ਵਿੱਚ ਅਤਿ-ਆਧੁਨਿਕ ਬੁਨਿਆਦੀ ਢਾਂਚਾ ਮੁਹੱਈਆ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੀਆਂ ਪਹਿਲਕਦਮੀਆਂ ਸਦਕਾ ਅੱਜ ਜਿੱਥੇ ਸਰਕਾਰੀ ਸਕੂਲਾਂ ਵਿੱਚ ਵਿਦਿਆਰਥੀਆਂ ਦੀ ਗਿਣਤੀ ਵਧੀ ਹੈ। ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਸਰਕਾਰੀ ਸਕੂਲਾਂ ਵਿੱਚ ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕਣ ਲਈ ਸਕੂਲ ਆਫ਼ ਐਮੀਨੈਂਸ ਦੀ ਸਥਾਪਨਾ, ਅਧਿਆਪਕਾਂ ਨੂੰ ਸਿਖਲਾਈ ਲਈ ਵਿਦੇਸ਼ ਭੇਜਣਾ, ਸਕੂਲ ਆਫ਼ ਐਮੀਨੈਂਸ ਵਿੱਚ ਬੱਸ ਸਰਵਿਸ ਸ਼ੁਰੂ ਕਰਨਾ, ਕੈਂਪਸ ਮੈਨੇਜਰ ਤੇ ਸੁਰੱਖਿਆ ਗਾਰਡ ਦੀ ਨਿਯੁਕਤੀ, ਡਿਜੀਟਲ ਢੰਗ ਨਾਲ ਸਿੱਖਿਆ ਪ੍ਰਦਾਨ ਕਰਨ ਵਰਗੀਆਂ ਕਈ ਪਹਿਲਕਦਮੀਆਂ ਕੀਤੀਆਂ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੀ ਸਿੱਖਿਆ ਪ੍ਰਣਾਲੀ ਨੂੰ ਹੋਰ ਬਿਹਤਰ ਤੇ ਪੰਜਾਬ ਦੇ ਬੱਚਿਆਂ ਦਾ ਭਵਿੱਖ ਸੁਰੱਖਿਅਤ ਤੇ ਰੋਸ਼ਨ ਬਣਾਉਣ ਲਈ ਪੰਜਾਬ ਸਰਕਾਰ ਵੱਲੋਂ ਸਿੱਖਿਆ ਕ੍ਰਾਂਤੀ ਦਾ ਆਗਾਜ਼ ਕੀਤਾ ਗਿਆ ਹੈ। ਇਸ ਮੌਕੇ ਉਨ੍ਹਾਂ ਮਾਪਿਆਂ ਨੂੰ ਵੀ ਆਪਣੇ ਬੱਚੇ ਸਰਕਾਰੀ ਸਕੂਲਾਂ ਵਿੱਚ ਪੜ੍ਹਾਉਣ ਤੇ ਇੱਥੇ ਦਿੱਤੀਆਂ ਜਾ ਰਹੀਆਂ ਸਹੂਲਤਾਂ ਦਾ ਵੱਧ ਤੋਂ ਵੱਧ ਲਾਭ ਲੈਣ ਦੀ ਅਪੀਲ ਕੀਤੀ।

## ਕਮਲ ਪਾਲ ਨੇ ਬਤੌਰ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਲੋਕ ਸੰਪਰਕ ਅਫਸਰ ਵਜੋਂ ਅਹੁਦਾ ਸੰਭਾਲਿਆ



ਨਵਾਂਸ਼ਹਿਰ, 6 ਮਈ (ਸੁਖਦੇਵ ਸਿੰਘ ਉੜਾਪੜ): ਸੂਚਨਾ ਤੇ ਲੋਕ ਸੰਪਰਕ ਅਧਿਕਾਰੀ ਕਮਲ ਪਾਲ ਨੇ ਅੱਜ ਬਤੌਰ ਜ਼ਿਲ੍ਹਾ ਲੋਕ ਸੰਪਰਕ ਅਫਸਰ ਵਜੋਂ ਸ਼ਹੀਦ ਭਗਤ ਸਿੰਘ ਨਗਰ ਦਾ ਅਹੁਦਾ ਸੰਭਾਲ ਲਿਆ ਹੈ। ਉਨ੍ਹਾਂ ਨੇ ਜ਼ਿਲ੍ਹੇ ਦੇ ਮੀਡੀਆ ਕਰਮੀਆਂ ਤੋਂ ਸਹਿਯੋਗ ਦੀ ਆਸ ਕੀਤੀ। ਉਨ੍ਹਾਂ ਕਿਹਾ ਕਿ ਮੈਨੂੰ ਮਾਣ ਹੈ ਕਿ ਮੈਨੂੰ ਸ਼ਹੀਦ ਭਗਤ ਸਿੰਘ ਦੇ ਜੱਦੀ ਪਿੰਡ ਖੱਟਕੜ ਕਲਾਂ ਦੀ ਧਰਤੀ 'ਤੇ ਕੰਮ ਕਰਨ ਦਾ ਮਾਣ ਪ੍ਰਾਪਤ ਹੋਇਆ ਹੈ। ਆਪ ਹੁਸ਼ਿਆਰਪੁਰ ਤੋਂ ਬਦਲ ਕੇ ਇੱਥੇ ਆਏ ਹਨ। ਇਸੇ ਤਰ੍ਹਾਂ ਜ਼ਿਲ੍ਹਾ ਲੋਕ ਸਪੰਰਕ ਅਫਸਰ ਹਰਦੇਵ ਸਿੰਘ ਆਸੀ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਤੋਂ ਬਦਲ ਕੇ ਹੁਸ਼ਿਆਰਪੁਰ ਚਲੇ ਗਏ ਹਨ।

## 4 ਗ੍ਰਾਮ ਹੈਰੋਇਨ ਸਮੇਤ ਵਿਅਕਤੀ ਗ੍ਰਿਫ਼ਤਾਰ



ਬਟਾਲਾ, 6 ਮਈ (ਬਲਵਿੰਦਰ ਸਿੰਘ ਪੰਜਗਰਾਈਆਂ/ਧੰਨਪਾਲ ਸਿੰਘ ਕਲਸੀ): ਥਾਣਾ ਰੰਗੜ-ਨੰਗਲ ਦੀ ਪੁਲਿਸ ਨੇ 4 ਗ੍ਰਾਮ ਹੈਰੋਇਨ ਸਮੇਤ ਇਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਐਸ.ਐਚ.ਓ. ਗਗਨਦੀਪ ਸਿੰਘ ਨੇ ਦੱਸਿਆ ਕਿ ਐਸ.ਐਸ.ਪੀ. ਬਟਾਲਾ ਸੁਹੇਲ ਕਾਸਿਮ ਮੀਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਪੁਲਿਸ ਵੱਲੋਂ ਨਸ਼ਾ ਤਸਕਰਾਂ ਦੇ ਵਿਰੁੱਧ ਵਿਸ਼ੇਸ਼ ਮੁਹਿੰਮ ਚਲਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਸੇ ਲੜੀ ਤਹਿਤ ਐਸ.ਆਈ. ਰਾਕੇਸ਼ ਕੁਮਾਰ ਨੇ ਪੁਲਿਸ ਪਾਰਟੀ ਸਮੇਤ ਗਸ਼ਤ ਦੌਰਾਨ ਬੰਦ ਪਿਆ ਭੱਠਾ ਨੇੜੇ ਪਿੰਡ ਜਾਲੀਆ ਤੋਂ ਜਰਮਨਜੀਤ ਸਿੰਘ ਵਾਸੀ ਉਦੋਕੇ ਖੁਰਦ ਨੂੰ 4 ਗ੍ਰਾਮ ਹੈਰੋਇਨ ਸਮੇਤ ਕਾਬੂ ਕੀਤਾ ਹੈ। ਉਨ੍ਹਾਂ ਕਿਹਾ ਕਿ ਪੁਲਿਸ ਨੇ ਉਕਤ ਵਿਅਕਤੀ ਨੂੰ ਗ੍ਰਿਫ਼ਤਾਰ ਕਰਕੇ ਉਸਦੇ ਵਿਰੁੱਧ ਕੇਸ ਦਰਜ ਕਰ ਦਿੱਤਾ ਹੈ। ਇਸ ਮੌਕੇ ਏ.ਐਸ.ਆਈ. ਰਛਪਾਲ ਸਿੰਘ, ਏ.ਐਸ.ਆਈ. ਅਵਤਾਰ ਸਿੰਘ, ਏ.ਐਸ.ਆਈ. ਅਮਰਜੀਤ ਸਿੰਘ, ਰੀਡਰ ਸਤਿੰਦਰ ਸਿੰਘ, ਗੁਰਸਰਨਜੀਤ ਸਿੰਘ, ਮੁਖਤਾਰ ਸਿੰਘ ਆਦਿ ਹਾਜ਼ਰ ਸਨ।

## ਪਿੰਡਾਂ/ਵਾਰਡਾਂ 'ਚ ਰੱਖਿਆ ਕਮੇਟੀਆਂ ਨੂੰ ਨਸ਼ਿਆਂ ਖਿਲਾਫ਼ ਜਾਗਰੂਕ ਕਰਨ ਲਈ ਨਸ਼ਾ ਮੁਕਤੀ ਯਾਤਰਾਵਾਂ ਅੱਜ ਤੋਂ : ਡੀ.ਸੀ.



ਗੁਰਦਾਸਪੁਰ, 6 ਮਈ (ਜਸਵਿੰਦਰ ਸਿੰਘ): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਬੀਤੀ 24 ਫਰਵਰੀ ਤੋਂ ਆਰੰਭੀ ਨਸ਼ਿਆਂ ਖਿਲਾਫ਼ ਫੈਸਲਾਕੁੰਨ ਲੜਾਈ ਦੇ ਅਗਲੇ ਪੜਾਅ ਵਿੱਚ ਹੁਣ ਸਰਕਾਰ ਵੱਲੋਂ ਪਿੰਡ ਪੱਧਰ ਤੇ ਵਾਰਡ ਪੱਧਰ 'ਤੇ ਜਾ ਕੇ ਰੱਖਿਆ ਕਮੇਟੀਆਂ ਨਾਲ ਜਾਗਰੂਕਤਾ ਮੀਟਿੰਗਾਂ ਦਾ ਸਿਲਸਿਲਾ ਆਰੰਭਿਆ ਗਿਆ ਹੈ। ਇਨ੍ਹਾਂ ਮੀਟਿੰਗਾਂ ਦਾ ਮੰਤਵ ਪਿੰਡ ਰੱਖਿਆ ਕਮੇਟੀਆਂ ਤੇ ਵਾਰਡ ਰੱਖਿਆ ਕਮੇਟੀਆਂ ਦੇ ਮੈਂਬਰਾਂ ਨੂੰ ਨਸ਼ਾ ਤਸਕਰਾਂ ਦੀਆਂ ਗਤੀਵਿਧੀਆਂ ਜ਼ਿਲ੍ਹਾ ਪ੍ਰਸ਼ਾਸਨ ਤੱਕ ਪਹੁੰਚਾਉਣ, ਨਸ਼ਾ ਪੀੜਤਾਂ ਦੇ ਇਲਾਜ ਲਈ ਉਨ੍ਹਾਂ ਨੂੰ ਪ੍ਰੇਰ ਕੇ ਨਸ਼ਾ ਮੁਕਤੀ ਕੇਂਦਰਾਂ ਤੱਕ ਲਿਆਉਣ ਲਈ ਜਾਗਰੂਕ ਕਰਨਾ ਹੋਵੇਗਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਨੇ ਦੱਸਿਆ ਕਿ ਜ਼ਿਲ੍ਹਾ ਗੁਰਦਾਸਪੁਰ ਦੇ 7 ਵਿਧਾਨ ਸਭਾ ਹਲਕਿਆਂ ਵਿੱਚ ਇਹ ਯਾਤਰਾ 7 ਮਈ ਤੋਂ ਸ਼ੁਰੂ ਹੋਵੇਗੀ। ਇਸ ਸਬੰਧੀ ਪਿੰਡਾਂ ਵਿੱਚ ਸ਼ਾਮ 4 ਵਜੇ ਤੋਂ ਸ਼ਾਮ 7 ਵਜੇ ਤੱਕ ਵਿਸ਼ੇਸ਼ ਇਕੱਠ ਕੀਤੇ ਜਾਣਗੇ। ਉਨ੍ਹਾਂ ਦੱਸਿਆ ਕਿ 7 ਮਈ ਨੂੰ ਸ਼ਾਮ 4 ਵਜੇ ਤੋਂ 6 ਵਜੇ ਤੱਕ ਵਿਧਾਨ ਸਭਾ ਹਲਕਾ ਬਟਾਲਾ ਦੇ ਤਿੰਨ ਪਿੰਡਾਂ ਲਖੋਰਾ, ਦੀਵਾਨੀਵਾਲ ਕਲਾਂ ਤੇ ਦੀਵਾਨੀਵਾਲ ਖੁਰਦ ਵਿੱਚ ਨਸ਼ਾ ਮੁਕਤੀ ਯਾਤਰਾ ਦੀ ਅਗਵਾਈ ਬਟਾਲਾ ਦੇ ਵਿਧਾਇਕ ਅਮਨ ਸ਼ੇਰ ਸਿੰਘ ਸ਼ੈਰੀ ਕਲਸੀ ਕਰਨਗੇ। ਉਨ੍ਹਾਂ ਦੱਸਿਆ ਕਿ 7 ਮਈ ਨੂੰ ਹੀ ਡੇਰਾ ਬਾਬਾ ਨਾਨਕ ਹਲਕੇ ਦੇ ਪਿੰਡਾਂ ਹਰਦੋਵਾਲ ਖੁਰਦ, ਹਰਦੋ ਵਾਲ ਕਲਾਂ ਤੇ ਸਮਰਾਏ ਵਿੱਚ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨਸ਼ਾ ਮੁਕਤੀ ਯਾਤਰਾ ਦੀ ਅਗਵਾਈ ਕਰਨਗੇ। ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਨੇ ਅੱਗੇ ਦੱਸਿਆ ਕਿ ਸ਼ਾਮ 4 ਤੋਂ 6 ਵਜੇ ਤੱਕ ਵਿਧਾਨ ਸਭਾ ਹਲਕਾ ਫਤਹਿਗੜ੍ਹ ਚੂੜੀਆਂ ਵਿੱਚ ਪਨਸਪ ਦੇ ਚੇਅਰਮੈਨ ਬਲਬੀਰ ਸਿੰਘ ਪੰਨੂੰ ਦੀ ਅਗਵਾਈ ਹੇਠ ਪਿੰਡ ਵੀਲਾ ਤੇਜਾ, ਡੋਗਰ ਤੇ ਬੱਦੋਵਾਲ ਕਲਾਂ ਵਿਖੇ ਨਸ਼ਾ ਮੁਕਤੀ ਯਾਤਰਾ ਹੋਵੇਗੀ। ਉਨ੍ਹਾਂ ਦੱਸਿਆ ਕਿ ਦੀਨਾਨਗਰ ਹਲਕੇ ਦੇ ਪਿੰਡ ਅੱਲੜ ਪਿੰਡੀ, ਬਾਊਪੁਰ ਅਫ਼ਗਾਨਾ ਤੇ ਆਧੀ ਵਿਖੇ ਨਸ਼ਾ ਮੁਕਤੀ ਯਾਤਰਾ ਹੋਵੇਗੀ। ਉਨ੍ਹਾਂ ਦੱਸਿਆ ਕਿ ਵਿਧਾਨ ਸਭਾ ਹਲਕਾ ਗੁਰਦਾਸਪੁਰ ਵਿਖੇ ਨਸ਼ਾ ਮੁਕਤੀ ਯਾਤਰਾ 8 ਮਈ ਤੋਂ ਸ਼ੁਰੂ ਹੋਵੇਗੀ ਤੇ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਸਰਮਨ ਬਹਿਲ ਗੁਰਦਾਸਪੁਰ ਸ਼ਹਿਰ ਦੇ ਵਾਰਡ ਨੰਬਰ 4, 6 ਤੇ 3 ਵਿਖੇ ਇਸ ਯਾਤਰਾ ਦੀ ਅਗਵਾਈ ਕਰਨਗੇ।

## ਬਾਲ ਗਿਆਨ ਸਾਹਿਤ ਮੁਕਾਬਲਿਆਂ ਲਈ ਐਂਟਰੀਆਂ ਦੀ ਮੰਗ



ਗੁਰਦਾਸਪੁਰ, 6 ਮਈ (ਜਗੀਰ ਸਿੰਘ ਮੰਡ ਸੁਰਿੰਦਰ ਸਿੰਘ/ਬਸਰਾ): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਉਚੇਰੀ ਸਿੱਖਿਆ ਤੇ ਭਾਸ਼ਾਵਾਂ ਵਿਭਾਗ ਦੇ ਮੰਤਰੀ ਹਰਜੋਤ ਸਿੰਘ ਬੈਂਸ ਦੀ ਸੁਯੋਗ ਅਗਵਾਈ ਤੇ ਜਸਵੰਤ ਸਿੰਘ ਜ਼ਫ਼ਰ, ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ ਵੱਲੋਂ ਜ਼ਿਲ੍ਹਾ ਤੇ ਰਾਜ ਪੱਧਰੀ ਬਾਲ ਸਾਹਿਤ ਕੁਇਜ਼ ਮੁਕਾਬਲੇ ਕਰਵਾਏ ਜਾਂਦੇ ਹਨ। ਇਨ੍ਹਾਂ ਮੁਕਾਬਲਿਆਂ ਦਾ ਮੰਤਵ ਵਿਦਿਆਰਥੀਆਂ ਵਿੱਚ ਮੁਕਾਬਲੇ ਦੀ ਭਾਵਨਾ ਨੂੰ ਉਤਸ਼ਾਹਿਤ ਕਰਨਾ ਹੈ। ਇਸੇ ਕੜੀ ਤਹਿਤ ਸਾਲ 2025 ਦੇ ਮੁਕਾਬਲੇ ਕਰਵਾਏ ਜਾਣੇ ਹਨ। ਇਨ੍ਹਾਂ ਬਾਲ ਸਾਹਿਤ ਮੁਕਾਬਲਿਆਂ ਦਾ ਵਿਸ਼ਾ ਪੰਜਾਬੀ ਸਾਹਿਤ, ਧਰਮ, ਭਾਸ਼ਾ ਸੱਭਿਆਚਾਰ, ਇਤਿਹਾਸ ਤੇ ਭੂਗੋਲ ਵਿਸ਼ੇ ਨਾਲ ਸਬੰਧਤ ਹੁੰਦਾ ਹੈ। ਜ਼ਿਲ੍ਹਾ ਭਾਸ਼ਾ ਅਫ਼ਸਰ, ਡਾ. ਸੁਰੇਸ਼ ਮਹਿਤਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਨ੍ਹਾਂ ਮੁਕਾਬਲਿਆਂ ਦੇ ਤਿੰਨ ਵਰਗ ਹੋਣਗੇ, ਜਿਸ ਵਿੱਚ ਪਹਿਲਾ ੳ-ਵਰਗ ਛੇਵੀਂ ਤੋਂ ਅੱਠਵੀਂ ਸ਼੍ਰੇਣੀ ਤੱਕ ਦੇ ਵਿਦਿਆਰਥੀਆਂ ਦਾ ਹੋਵੇਗਾ, ਜਦੋਂ ਕਿ ਦੂਸਰਾ ਅ-ਵਰਗ ਨੌਵੀਂ ਤੋਂ ਬਾਰ੍ਹਵੀਂ ਤੱਕ ਦੇ ਵਿਦਿਆਰਥੀਆਂ ਦਾ ਹੋਵੇਗਾ ਤੇ ਤੀਜਾ ੲ-ਵਰਗ ਗ੍ਰੈਜੂਏਸ਼ਨ ਤੱਕ ਦੇ ਵਿਦਿਆਰਥੀਆਂ ਦਾ ਹੋਵੇਗਾ। ਭਾਗ ਲੈਣ ਵਾਲੇ ਵਿਦਿਆਰਥੀ ਦੀ ਜਮਾਤ ਤੇ ਜਨਮ ਮਿਤੀ ਸਬੰਧੀ ਸੰਸਥਾ ਮੁਖੀ ਵੱਲੋਂ ਲਿਖਤੀ ਰੂਪ ਵਿੱਚ ਤਸਦੀਕ ਹੋਣੀ ਲਾਜ਼ਮੀ ਹੈ। ਹਰ ਵਰਗ 'ਚ ਇੱਕ ਸੰਸਥਾ ਵਿੱਚੋਂ ਵੱਧ ਤੋਂ ਵੱਧ ਦੋ ਵਿਦਿਆਰਥੀ ਹੀ ਭੇਜੇ ਜਾ ਸਕਦੇ ਹਨ। ਇਹ ਮੁਕਾਬਲਾ ਸੌ ਪ੍ਰਸ਼ਨਾਂ ਦੇ ਰੂਪ ਵਿੱਚ ਬਹੁ-ਵਿਕਲਪੀ ਪ੍ਰਸ਼ਨਾਵਲੀ ਦੇ ਲਿਖਤੀ ਰੂਪ ਵਿੱਚ ਹੋਵੇਗਾ। ਜ਼ਿਲ੍ਹਾ ਪੱਧਰ 'ਤੇ ਹਰ ਵਰਗ 'ਚੋਂ ਪਹਿਲੇ ਸਥਾਨ 'ਤੇ ਆਉਣ ਵਾਲੇ ਵਿਦਿਆਰਥੀ ਨੂੰ 1000/-ਰੁਪਏ, ਦੂਸਰੇ ਸਥਾਨ ਵਾਲੇ ਵਿਦਿਆਰਥੀ ਨੂੰ 750/-ਰੁਪਏ ਤੇ ਤੀਜੇ ਸਥਾਨ ਵਾਲੇ ਵਿਦਿਆਰਥੀ ਨੂੰ 500/-ਰੁਪਏ, ਨਗਦ ਜਾਂ ਵਿਭਾਗੀ ਪੁਸਤਕਾਂ ਦੇ ਰੂਪ ਵਿੱਚ ਦਿੱਤੇ ਜਾਣਗੇ। ਇਸ ਸਬੰਧੀ ਸਕੂਲਾਂ ਤੇ ਕਾਲਜਾਂ ਨੂੰ ਆਪਣੇ ਭਾਗ ਲੈਣ ਵਾਲੇ ਵਿਦਿਆਰਥੀਆਂ ਦੀਆਂ ਐਂਟਰੀਆਂ 30 ਜੂਨ ਤੱਕ ਜ਼ਿਲ੍ਹਾ ਭਾਸ਼ਾ ਦਫ਼ਤਰ, ਗੁਰਦਾਸਪੁਰ ਦੇ ਕਮਰਾ ਨੰ. 501-502 ਜ਼ਿਲ੍ਹ ਪ੍ਰਬੰਧਕੀ ਕੰਪਲੈਕਸ ਭੇਜਣ।

## ਦਿਆਲੂਤਾ ਵਿਸ਼ੇ 'ਤੇ ਸਕੂਲ ਦੇ ਵਿਦਿਆਰਥੀਆਂ ਲਈ ਸੈਮੀਨਾਰ



ਬੰਗਾ, 6 ਮਈ (ਪ੍ਰਭਜੋਤ ਸਿੰਘ): ਅੱਜ ਭਗਵਾਨ ਮਹਾਂਵੀਰ ਪਬਲਿਕ ਸੀ.ਸੈ. ਸਕੂਲ ਬੰਗਾ ਦੇ ਆਈ.ਟੀ. ਵਿਭਾਗ ਵੱਲੋਂ ਸਕੂਲ ਦੇ ਵਿਦਿਆਰਥੀਆਂ ਲਈ ਇੱਕ ਸੈਮੀਨਾਰ ਆਯੋਜਿਤ ਕੀਤਾ ਗਿਆ। ਇਸ ਸੈਮੀਨਾਰ ਦਾ ਵਿਸ਼ਾ ਦਿਆਲੂਤਾਸੀ। ਵਿਦਿਆਰਥੀਆਂ ਨੂੰ ਆਪਣੇ ਸਾਥੀਆਂ, ਮਾਪਿਆਂ ਤੇ ਵਾਤਾਵਰਨ ਪ੍ਰਤੀ ਦਿਆਲੂ ਭਾਵ ਰੱਖਣ ਦੀ ਪ੍ਰੇਰਨਾ ਦਿੰਦੇ ਇਸ ਸੈਮੀਨਾਰ ਨੇ ਵਿਦਿਆਰਥੀਆਂ ਉੱਪਰ ਇੱਕ ਅਮਿੱਟ ਛਾਪ ਛੱਡੀ। ਇਸ ਸੈਮੀਨਾਰ ਵਿੱਚ ਸਕੂਲ ਦੇ ਆਈ.ਟੀ. ਵਿਭਾਗ ਦੀ ਅਧਿਆਪਕਾ ਮਨਜੋਤ ਕੌਰ ਨੇ ਵਿਦਿਆਰਥੀਆਂ ਨੂੰ ਪ੍ਰੇਰਿਤ ਕਰਨ ਲਈ ਬਹੁਤ ਕੀਮਤੀ ਗੱਲਾਂ ਦੱਸੀਆਂ ਤੇ ਕਈ ਰੋਜ਼ਾਨਾ ਜੀਵਨ ਨਾਲ ਸਬੰਧਤ ਉਦਾਹਰਣਾਂ ਦੇ ਕੇ ਵਿਸ਼ੇ ਨੂੰ ਹੋਰ ਵਿਸਥਾਰ ਦਿੱਤਾ। ਇਹ ਸੈਮੀਨਾਰ ਸਕੂਲ ਦੇ ਚੌਥੀ ਤੇ ਪੰਜਵੀਂ ਜਮਾਤ ਦੇ ਵਿਦਿਆਰਥੀਆਂ ਲਈ ਸੀ। ਇਸ ਸੈਮੀਨਾਰ ਦਾ ਸਾਰਾ ਪ੍ਰਬੰਧ ਸਕੂਲ ਦੇ ਆਈ.ਟੀ. ਵਿਭਾਗ ਦੀ ਟੀਮ ਨੇ ਕੀਤਾ। ਇਸ ਮੌਕੇ ਸਕੂਲ ਦੇ ਡਾਇਰੈਕਟਰ ਡਾ. ਵਰੁਨ ਜੈਨ, ਪ੍ਰਿੰਸੀਪਲ ਕੇ. ਵਸੁਧਾ ਜੈਨ, ਸਕੂਲ ਦੇ ਆਈ.ਟੀ. ਵਿਭਾਗ ਦੀ ਸਾਰੀ ਟੀਮ ਤੇ ਵਿਦਿਆਰਥੀ ਹਾਜ਼ਰ ਸਨ। ਸੈਮੀਨਾਰ ਦੇ ਅੰਤ ਵਿੱਚ ਸਕੂਲ ਦੇ ਡਾਇਰੈਕਟਰ ਡਾ. ਵਰੁਨ ਜੈਨ ਤੇ ਪ੍ਰਿੰਸੀਪਲ ਕੇ. ਵਸੁਧਾ ਜੈਨ ਨੇ ਸਕੂਲ ਦੇ ਆਈ.ਟੀ. ਵਿਭਾਗ ਨੂੰ ਇਸ ਬਹੁਤ ਸਿੱਖਿਆਦਾਇਕ ਸੈਮੀਨਾਰ ਕਰਵਾਉਣ ਲਈ ਵਧਾਈ ਦਿੱਤੀ ਤੇ ਵਿਦਿਆਰਥੀਆਂ ਨੂੰ ਆਪਣੇ ਜੀਵਨ ਵਿੱਚ ਦਿਆਲੂ ਭਾਵ ਅਪਣਾਉਣ ਦੀ ਪ੍ਰੇਰਨਾ ਦਿੱਤੀ।

## ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਵੱਲੋਂ ਮੀਟਿੰਗ



ਫਤਹਿਗੜ੍ਹ ਚੂੜੀਆਂ, 6 ਮਈ (ਰਾਜਨ ਸ਼ਰਮਾ): ਬਲਾਕ ਫਤਹਿਗੜ੍ਹ ਚੂੜੀਆਂ ਅਧੀਨ ਆਉਂਦੇ ਪਿੰਡ ਮੁਰੀਦਕੇ ਵਿਖੇ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਮੰਡਲ 2 ਬਟਾਲਾ ਦੇ ਕਾਰਜਕਾਰੀ ਇੰਜੀਨੀਅਰ ਸੁਖਦੀਪ ਸਿੰਘ ਧਾਲੀਵਾਲ ਦੀ ਅਗਵਾਈ ਹੇਠ ਬਲਾਕ ਅਧੀਨ ਸਾਰੀਆਂ ਜਲ ਸਪਲਾਈ ਸਕੀਮਾਂ ਦੇ ਪੰਪ-ਉਪਰੇਟਰਾਂ ਨਾਲ ਮੀਟਿੰਗ ਕੀਤੀ ਗਈ। ਜਿਸ ਵਿੱਚ ਸਤਨਾਮ ਸਿੰਘ ਐਸ.ਡੀ.ਸੀ., ਅਰਪਿੰਦਰ ਕੌਰ ਸੀ.ਡੀ.ਐਸ., ਬਿਕਰਮਜੀਤ ਸਿੰਘ ਬਲਾਕ ਕੋਆਰਡੀਨੇਟਰ, ਸੁਰਜੀਤ ਕੌਰ ਬਲਾਕ ਕੋਆਰਡੀਨੇਟਰ, ਸੁਖਦੇਵ ਸਿੰਘ ਬਿੱਲ ਕੁਲੈਕਟਰ, ਕੁਲਦੀਪ ਸਿੰਘ ਬਿੱਲ ਕੁਲੈਕਟਰ ਸ਼ਾਮਲ ਹੋਵੇ। ਮੀਟਿੰਗ ਵਿੱਚ ਧਾਲੀਵਾਲ ਸਾਹਿਬ ਵੱਲੋਂ ਦੱਸਿਆ ਗਿਆ ਕਿ ਮਹਿਕਮੇ ਅਧੀਨ ਜਲ ਸਪਲਾਈ ਸਕੀਮਾਂ ਦਾ ਰੈਵੀਨਿਊ ਬਹੁਤ ਘੱਟ ਆ ਰਿਹਾ ਹੈ। ਉਨ੍ਹਾਂ ਵੱਲੋਂ ਪੰਪ ਉਪਰੇਟਰਾਂ ਨੂੰ ਅਪੀਲ ਕੀਤੀ ਗਈ ਕਿ ਰੈਵੀਨਿਊ ਵਧਾਉਣ ਲਈ ਵੱਧ ਤੋਂ ਵੱਧ ਉਪਰਾਲੇ ਕੀਤੇ ਜਾਣ ਤਾਂ ਜੋ ਜਲ ਸਪਲਾਈ ਸਕੀਮਾਂ ਉਸਾਰੂ ਢੰਗ ਨਾਲ ਚੱਲ ਸਕਣ। ਉਨ੍ਹਾਂ ਇਹ ਵੀ ਦੱਸਿਆ ਕਿ ਜਿਹੜੇ ਲੋਕ ਪਾਣੀ ਦਾ ਮਹੀਨਾਵਾਰ ਬਿੱਲ ਸਮੇਂ ਸਿਰ ਨਹੀਂ ਦੇ ਰਹੇ ਉਨ੍ਹਾਂ ਤੋਂ ਜੁਰਮਾਨੇ ਸਹਿਤ ਬਿੱਲ ਵਸੂਲਿਆ ਜਾਵੇ। ਸਰਕਾਰ ਵੱਲੋਂ ਬਿੱਲ ਨਾ ਦੇਣ ਵਾਲੇ ਵਿਅਕਤੀਆਂ ਨੂੰ ਅਦਾਲਤ ਰਾਹੀਂ ਨੋਟਿਸ ਵੀ ਭੇਜੇ ਜਾ ਰਹੇ ਹਨ। ਜਿਨ੍ਹਾਂ ਪਿੰਡਾਂ ਵਿੱਚ ਲੋਕਾਂ ਨੂੰ ਨੋਟਿਸ ਪ੍ਰਾਪਤ ਹੋ ਗਏ ਹਨ, ਉਹ 10 ਮਈ ਨੂੰ ਬਟਾਲਾ ਵਿਖੇ ਲੋਕ ਅਦਾਲਤ ਵਿੱਚ ਜਾ ਕੇ ਆਪਣਾ ਬਣਦਾ ਪਾਣੀ ਦਾ ਬਿੱਲ ਜਮ੍ਹਾਂ ਕਰਵਾਉਣ ਤੇ ਜਿਨ੍ਹਾਂ ਨੂੰ ਅਜੇ ਤੱਕ ਅਦਾਲਤੀ ਨੋਟਿਸ ਪ੍ਰਾਪਤ ਨਹੀਂ ਹੋਏ, ਉਹ ਲੋਕ ਆਪਣੀ ਜ਼ਿੰਮੇਵਾਰੀ ਸਮਝਦੇ ਹੋਏ ਸਬੰਧਤ ਪੰਪ ਉਪਰੇਟਰ ਜਾਂ ਦਫਤਰ ਵਿਖੇ ਜਾ ਕੇ ਆਪਣਾ ਬਣਦਾ ਬਿੱਲ ਜਮ੍ਹਾਂ ਕਰਵਾ ਸਕਦੇ ਹਨ ਤਾਂ ਜੋ ਆਉਣ ਵਾਲੇ ਸਮੇਂ ਵਿੱਚ ਕਾਨੂੰਨੀ ਕਾਰਵਾਈ ਤੋਂ ਬਚ ਸਕਣ। ਧਾਰੀਵਾਲ ਸਾਹਿਬ ਨੇ ਪੰਪ ਉਪਰੇਟਰਾਂ ਨੂੰ ਇੱਕ-ਦੂਜੇ ਦੇ ਸਹਿਯੋਗ ਨਾਲ ਪਿੰਡਾਂ ਵਿੱਚੋਂ ਵੱਧ ਤੋਂ ਵੱਧ ਪਾਣੀ ਦੇ ਬਿੱਲਾਂ ਦੀ ਉਗਰਾਹੀ ਕਰਨ 'ਤੇ ਜ਼ੋਰ ਦਿੱਤਾ ਤਾਂ ਜੋ ਸਬ-ਡਵੀਜ਼ਨ ਵਾਈਜ਼ ਰੈਵੀਨਿਊ ਵਿੱਚ ਵਾਧਾ ਹੋ ਸਕੇ। ਇਸ ਮੌਕੇ ਪੰਪ ਉਪਰੇਟਰ ਪਰਮਿੰਦਰ ਸਿੰਘ ਮੁਰੀਦਕੇ, ਕਰਮ ਸਿੰਘ ਅਲੀਵਾਲ ਅਰਾਈਆਂ, ਰੂਪਾ ਬੱਦੋਵਾਲ, ਲਾਲ ਸਿੰਘ ਭਾਲੋਵਾਲੀ, ਰੋਹਿਤ ਢਡਿਆਲਾ ਨੱਤ, ਹਰਜੀਤ ਸਿੰਘ ਡੋਗਰ, ਵਿਲੀਅਮ ਘੋਗਾ, ਅਮੀਰ ਸਿੰਘ ਨਾਨਕਚੱਕ, ਇੰਦਰਜੀਤ ਸਿੰਘ ਕੋਟ ਖਜ਼ਾਨਾ, ਨਰਿੰਦਰ ਸਿੰਘ ਕੋਟ ਮਜਲਸ, ਰਣਬੀਰ ਸਿੰਘ ਕੁਲਾਰ, ਰਾਮ ਸਿੰਘ ਲੋਧੀਨੰਗਲ, ਗੁਲਸ਼ਨ ਮਾਲੇਵਾਲ, ਅਮਨ ਸਿੰਘ ਮਰੜ, ਸਤਨਾਮ ਸਿੰਘ ਪਾਰੋਵਾਲ, ਸਸਪਾਲ ਸਿੰਘ ਮਾਨਸਸ਼ੈਡਵਾਲ, ਸਕੱਤਰ ਸਿੰਘ ਸੁੰਡਲ, ਬਲਵੀਰ ਸਿੰਘ ਸਰਫਕੋਟ, ਸ਼ਿੰਗਾਰਾ ਸਿੰਘ ਤਲਵੰਡੀ ਭਰਥ, ਪਲਵਿੰਦਰ ਸਿੰਘ ਠੱਠਾ ਆਦਿ ਹਾਜ਼ਰ ਸਨ।



ਇੰਪਲਾਈਜ਼ ਫੈਡਰੇਸ਼ਨ ਪਾਵਰਕਾਮ ਟਰਾਂਸਕੋ ਕੇਸਰੀ ਝੰਡਾ ਪੰਜਾਬ ਚਾਹਲ ਪੰਜਾਬ ਦੇ ਪ੍ਰਧਾਨ ਗੁਰਵੇਲ ਸਿੰਘ ਬਲਪੁਰੀਆਂ ਦੀ ਅਗਵਾਈ ਹੇਠ ਚੱਲ ਰਹੀ ਜਥੇਬੰਦੀ ਦੇ ਸੀਨੀਅਰ ਆਗੂ ਬਲਕਾਰ ਸਿੰਘ ਜਾਂਗਲਾ ਜਿਨ੍ਹਾਂ ਨੇ ਇੰਪਲਾਈਜ਼ ਫੈਡਰੇਸ਼ਨ ਪ੍ਰਤੀ ਨਿਭਾਈਆਂ ਵਧੀਆ ਸੇਵਾਵਾਂ ਨੂੰ ਸਮਰਪਿਤ ਬਲਕਾਰ ਸਿੰਘ ਜਾਂਗਲਾ ਨੂੰ ਗੁਰਵੇਲ ਸਿੰਘ ਬਲਪੁਰੀਆਂ ਸਨਮਾਨ ਕਰਦੇ ਹੋਏ। ਇਸ ਮੌਕੇ ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਸੁਖਦੇਵ ਰੰਧਾਵਾ, ਗੁਰਦਿਆਲ ਸਿੰਘ ਘਣੀਏਂ ਕੇ ਬਾਂਗਰ, ਇੰਪਲਾਈਜ਼ ਫੈਡਰੇਸ਼ਨ ਪਾਵਰਕਾਮ ਟਰਾਂਸਕੋ ਕੇਸਰੀ ਝੰਡਾ ਪੰਜਾਬ ਦੇ ਸੀਨੀਅਰ ਆਗੂ ਗੁਰਪ੍ਰੀਤ ਸਿੰਘ ਮੱਲੀ, ਬਲਜੀਤ ਸਿੰਘ ਸਰੂਪਵਾਲੀ, ਮੰਗਲ ਸਿੰਘ ਬਟਾਲਾ, ਗਰੀਬ ਸਿੰਘ ਹਸਨਪੁਰੀ, ਚਰਨਜੀਤ ਸਿੰਘ ਬਟਾਲਾ ਸ਼ਾਮਲ ਸਨ।
(ਫੋਟੋ ਤੇ ਵੇਰਵਾ : ਸੁਖਦੇਵ ਸਿੰਘ ਰੰਧਾਵਾ ਬਲਵੀਰ ਸੋਹਲ ਬਟਾਲਾ)

## ਸਰਕਾਰੀ ਪੋਲੀਟੈਕਨਿਕ ਕਾਲਜ ਬਟਾਲਾ ਵਿਖੇ 'ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ' ਸੈਮੀਨਾਰ



ਬਟਾਲਾ, 6 ਮਈ (ਬਲਵਿੰਦਰ ਸਿੰਘ ਪੰਜਗਰਾਈਂ/ਧੰਨਪਾਲ ਕਲਸੀ ): ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਵਿਚ ਯੋਗਦਾਨ ਪਾਉਂਦੇ ਹੋਏ ਸਰਕਾਰੀ ਪੌਲੀਟੈਕਨਿਕ ਕਾਲਜ ਬਟਾਲਾ ਵਿਖੇ ਪ੍ਰਿੰਸੀਪਲ ਦਵਿੰਦਰ ਸਿੰਘ ਭੱਟੀ ਦੀ ਅਗਵਾਈ ਤੇ ਪਲੇਸਮੈਂਟ ਅਫਸਰ ਜਸਬੀਰ ਸਿੰਘ ਦੀ ਦੇਖ-ਰੇਖ ਹੇਠ ਵਿਦਿਆਰਥੀਆਂ ਨੂੰ ਨਸ਼ੇ ਦੇ ਦੁਸ਼-ਪ੍ਰਭਾਵਾਂ ਬਾਰੇ ਜਾਗਰੂਕ ਕਰਨ ਲਈ ਸੈਮੀਨਾਰ ਕਰਵਾਇਆ ਗਿਆ। ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਪ੍ਰਿੰਸੀਪਲ ਦਵਿੰਦਰ ਸਿੰਘ ਭੱਟੀ ਤੇ ਸਿਵਲ ਵਿਭਾਗ ਦੇ ਮੁਖੀ ਸ਼ਿਵਰਾਜਨ ਪੁਰੀ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਨਸ਼ਿਆਂ ਦੇ ਰੋਕਥਾਮ ਲਈ ਵੱਡੇ ਪੱਧਰ 'ਸਰਕਾਰੀ ਪੌਲੀਟੈਕਨਿਕ ਕਾਲਜ ਬਟਾਲਾ ਵਿਖੇ 'ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ' ਸੈਮੀਨਾਰ ਤੇ ਪ੍ਰੋਗਰਾਮ ਉਲੀਕੇ ਗਏ ਹਨ, ਜਿਸ ਵਿੱਚ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਨੂੰ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਉਨ੍ਹਾਂ ਕਿਹਾ ਕਿ ਜਿੱਥੇ ਹਰ ਅਦਾਰਾ ਸਰਕਾਰ ਦੀ ਇਸ ਮੁਹਿੰਮ ਵਿੱਚ ਯੋਗਦਾਨ ਦੇ ਰਿਹਾ ਹੈ, ਉੱਥੇ ਹੀ ਸਰਕਾਰੀ ਪੌਲੀਟੈਕਨਿਕ ਕਾਲਜ ਬਟਾਲਾ ਵੀ ਇਸ ਮੁਹਿੰਮ ਵਿੱਚ ਸੂਬਾ ਸਰਕਾਰ ਨਾਲ ਪੂਰੀ ਤਰ੍ਹਾਂ ਮੋਢੇ ਨਾਲ ਮੋਢਾ ਲਗਾ ਕੇ ਇਸ ਮੁਹਿੰਮ ਨੂੰ ਸਫਲ ਬਣਾਉਣ ਲਈ ਹਰ ਉਪਰਾਲਾ ਕਰੇਗਾ। ਉਨ੍ਹਾਂ ਕਿਹਾ ਕਿ ਨਸ਼ੇ ਆਦਿ ਵਿਅਕਤੀ ਦਾ ਜਿੱਥੇ ਸਰੀਰਕ ਤੌਰ 'ਤੇ ਨੁਕਸਾਨ ਕਰਦੇ ਹਨ ਉਥੇ ਨਾਲ ਹੀ ਨਸ਼ਿਆਂ ਨਾਲ ਪੀੜਤ ਵਿਅਕਤੀ ਮਾਨਸਿਕ ਤੌਰ 'ਤੇ ਵੀ ਬਿਮਾਰ ਹੋ ਜਾਂਦਾ ਹੈ ਤੇ ਕਈ ਤਰ੍ਹਾਂ ਦੇ ਹੋਰ ਸਮਾਜਿਕ ਅਪਰਾਧਾਂ ਵੱਲ ਵੱਧ ਜਾਂਦਾ ਹੈ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਨੂੰ ਨਸ਼ਿਆਂ ਤੋਂ ਪੂਰੀ ਤਰ੍ਹਾਂ ਬਚਣਾ ਚਾਹੀਦਾ ਹੈ ਤੇ ਮਿਹਨਤ ਕਰਕੇ ਆਪਣਾ ਆਉਣ ਵਾਲਾ ਭਵਿੱਖ ਸੁਨਹਿਰਾ ਬਣਾਉਣਾ ਚਾਹੀਦਾ ਹੈ। ਇਸ ਮੌਕੇ ਵਿਦਿਆਰਥੀਆਂ ਨੇ ਵੀ ਕਵਿਤਾ ਦੇ ਰੂਪ ਵਿੱਚ ਨਸ਼ਿਆਂ ਵਿਰੁੱਧ ਆਪਣੇ ਵਿਚਾਰ ਪੇਸ਼ ਕੀਤੇ। ਇਸ ਦੌਰਾਨ ਵਿਦਿਆਰਥੀਆਂ ਤੋਂ ਇਲਾਵਾ ਕੈਮੀਕਲ ਵਿਭਾਗ ਦੇ ਇੰਚਾਰਜ ਰੇਖਾ ਤੇ ਈ.ਸੀ.ਈ. ਵਿਭਾਗ ਦੇ ਇੰਚਾਰਜ ਜਗਦੀਪ ਸਿੰਘ ਵੀ ਮੌਜੂਦ ਸਨ।

## 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਖੇਡ ਵਿਭਾਗ ਤੇ ਰੈੱਡ ਕਰਾਸ ਸੁਸਾਇਟੀ ਵੱਲੋਂ ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਣ ਲਈ ਕੀਤਾ ਜਾ ਰਿਹਾ ਹੈ ਜਾਗਰੂਕ




ਨੁਸ਼ਹਿਰਾ ਮੱਝਾ ਸਿੰਘ, 6 ਮਈ (ਡਾ. ਸਰਵਨ ਸਿੰਘ ਜਗਮੋਹਣ ਬਾਂਗੋਆਣੀ): ਭਗਵੰਤ ਸਿੰਘ ਮਾਨ, ਮੁੱਖ ਮੰਤਰੀ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੇ ਗਏ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਨੂੰ ਕਾਮਯਾਬ ਕਰਨ ਲਈ ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਦੀ ਅਗਵਾਈ ਹੇਠ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪਿੰਡਾਂ ਤੇ ਸ਼ਹਿਰਾਂ ਵਿੱਚ ਨਸ਼ਿਆਂ ਵਿਰੁੱਧ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਿਮਰਨਜੀਤ ਸਿੰਘ ਜ਼ਿਲ੍ਹਾ ਖੇਡ ਅਫਸਰ ਤੇ ਰਾਜੀਵ ਠਾਕੁਰ ਸੈਕਰਟਰੀ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਨੇ ਦੱਸਿਆ ਕਿ ਡਿਪਟੀ ਕਮਿਸ਼ਨਰ ਗੁਰਦਾਸਪੁਰ ਦੀਆਂ ਹਦਾਇਤਾਂ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਨੌਜਵਾਨਾਂ ਨੂੰ ਖੇਡਾਂ ਦੇ ਨਾਲ ਜੋੜਨ ਲਈ ਖੇਡ ਟੂਰਨਾਮੈਂਟ ਕਰਵਾਏ ਜਾ ਰਹੇ ਹਨ ਤੇ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਵੱਲੋਂ ਜਾਗਰੂਕਤਾ ਵੈਨ ਚਲਾਈ ਗਈ ਹੈ, ਜੋ ਜ਼ਿਲ੍ਹੇ ਦੇ ਹਰੇਕ ਪਿੰਡ ਤੇ ਸ਼ਹਿਰ ਜਾ ਕੇ ਲੋਕਾਂ ਨੂੰ ਨਸ਼ਿਆਂ ਦੀ ਬੁਰਾਈ ਬਾਰੇ ਜਾਗਰੂਕ ਕਰ ਰਹੀ ਹੈ। ਉਨ੍ਹਾਂ ਦੱਸਿਆ ਕਿ ਗੁਰੂ ਨਾਨਕ ਕਾਲਜ ਕਾਲਾ ਅਫਗਾਨਾ ਵਿਖੇ ਜਾਗਰੂਕਤਾ ਵੈਨ ਰਾਹੀਂ ਪੰਫਲੇਟ ਵੰਡ ਕੇ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਤੇ ਇਸ ਤੋਂ ਬਚਾਅ ਲਈ ਜਾਗਰੂਕ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਜੇਕਰ ਉਨ੍ਹਾਂ ਦੇ ਆਸ-ਪਾਸ ਕੋਈ ਵਿਅਕਤੀ ਨਸ਼ਾ ਕਰਦਾ ਹੈ ਤਾਂ ਉਸਦੇ ਇਲਾਜ ਲਈ ਆਪਣੇ ਨੇੜੇ ਦੇ ਓਟ ਕੇਂਦਰ ਜਾਂ ਬਟਾਲਾ ਦੇ ਨਸ਼ਾ ਛੁਡਾਊ ਕੇਂਦਰ ਦੇ ਕੌਂਸਲਰ ਡੇਵਿਡ ਗਿੱਲ ਦੇ ਨੰਬਰ 98760-73836 ਉੱਪਰ ਜਾਂ ਸਿਵਲ ਹਸਪਤਾਲ ਗੁਰਦਾਸਪੁਰ ਦੇ ਨਸ਼ਾ ਛੁਡਾਊ ਕੇਂਦਰ ਦੇ ਕੌਂਸਲਰ ਰਾਹੁਲ ਦੇ ਮੋਬਾਈਲ ਨੰਬਰ 98783-64398 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਸਿਰਲੇਖਵਾਰ ਇਸ਼ਤਿਹਾਰ/Classified Advertisements


**(U/o 5 Rule 20 CPC)**
**In the Court of Sh. Bal Bahadur Singh Teji District and Sessions Judge, Barnala**
CNR No. PBBR01-001450-2025
Next Date: 28.05.2025
Rajinder Kaur
Versus
General Public
Notice to: General Public, Barnala
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **28.**05.2025 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 05-05-2025
**Sd/- District and Sessions Judge, Barnala**

**(U/o 5 Rule 20 CPC)**
**In the Court of Sh. Taranjeet Singh Additional Civil Judge (Senior Division),**
CNR No:- PBSMA0-000619-2024
Next Date:- 28-05-2025
Ramandeep Kaur and others
Versus
General Public
Notice to: General Public
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **28.**05.2025 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 03-05-2025
**Sd/- Additional Civil Judge (Senior Division),**

**(U/o 5 Rule 20 CPC)**
**In the Court of Sh. Taranjeet Singh Additional Civil Judge (Senior Division),**
CNR No:- PBSMA0-000618-2024
Next Date:- 31-05-2025
Navneet Singh Minor
Versus
General Public
Notice to: General Public
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **31.**05.2025 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 03-05-2025
**Sd/- Additional Civil Judge (Senior Division),**

**(U/o 5 Rule 20 CPC)**
**In the Court of Ms. Parul Additional Civil Judge (Senior Division), Bhagha Purana**
CNR No. PBMOB0-000123-2025
Next Date: 20.05.2025
Baldev Singh
Versus
General Public
Notice to General Public R/o Baghapurana
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **20.**05.2025 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 06-05-2025
**Sd/- Additional Civil Judge (Senior Division), Bhagha Purana**

**(U/o 5 Rule 20 CPC)**
**In the Court of Sh. Sudhir Kumar Additional Civil Judge (Senior Division), Talwandi Sabo**
CNR No. PBBTA0-000183-2022
Next Date: 10.07.2025
CS/159/2024
Punjab National Bank
Versus
M/s Mukand Sales Corp.
Notice to : M/s Mukand Sales Corp.;- Prop. Shivam Sharma S/o Radhe Shyam R/o Raman Mandi, Tehsil Talwandi Sabo Distt. Bathinda now at Kheragarh, Distt. Agra (U.P)
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **10.**07.2025 at 10:00 A.M.
For details logon to https://highcourtchd.gov.in/?mod=district_notice&district=Bathinda
Dated, this day of 01-10-2024
**Sd/- Additional Civil Judge (Senior Division), Talwandi Sabo**

**(U/o 5 Rule 20 CPC) (Succession Case)**
**In the Court of Sh. Rahul Garg Civil Judge Senior Division, Chandigarh**
CNR No. CHCH02-000487-2025
Next Date: 27.08.2025
Tajpreet Kaur Passricha
Versus
General Public
Petition U/s 372 of Hindu Succession Act
Notice to : General Public :- Chandigarh
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **27.**08.2025 at 10:00 A.M.
For details logon to https://highcourtchd.gov.in/?trs=district_notice&district=Chandigarh
Dated, this day of 02-05-2025
**Sd/- Civil Judge Senior Division, Chandigarh**

**(U/o 5 Rule 20 CPC)**
**In the Court of Sh. Shaminder Pal Singh Additional Civil Judge Senior Division, Jaitu**
CNR No. PBFDA0-000162-2024
Next Date: 23.05.2025
CIS No. EXE/26/2024
Baldev Singh
Versus
Jasvir Singh & ors.
Notice to : JD No.3) Sukhpreet Kaur D/O Baldev Singh Now wife of Harpinder Singh son of Bant Singh R/O Thathiwala Road, Mansa, Distt Mansa JD No.4) Jagdeep Singh son of Baldev Singh son of Bant Singh R/O Hardiyal Nagar, Jaitu, Tehsil Jaitu, Distt Faridkot
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **23.**05.2025 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 05-05-2025
**Sd/- Additional Civil Judge Senior Division, Jaitu**

**(U/o 5 Rule 20 CPC)**
**In the Court of Ms. Sarveen Sandhu Civil Judge (Junior Division)-19, Jalandhar**
CNR No. PBJL02-000999-2024
Next Date: 31.05.2025
CS/479/2024
Sandeep Arora
Versus
Usha Bhasin
Suit for grant of decree of Permanent Injunction as prayed for
Notice to: 1. Usha Bhasin W/O Anil Bhasin 2. Anil Bhasin S/O Not Known Kps Flat No-306 3rd Floor, Noida Also R/O Kothi No-3 And 4, Panchsheel Colony, Kuki Dhab Road, Jal 3. Sumit Bagga S/O Not Known R/O Kps Society 3rd Floor, Noida
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **31.**05.2025 at 10:00 A.M.
For details logon to https://highcourtchd.gov.in/?mod=district_notice&district=Jalandhar
Dated, this day of 03-05-2025
**Sd/- Civil Judge (Junior Division)-19, Jalandhar**

**(U/o 5 Rule 20 CPC)**
**In the Court of Ms. Mehakpreet Kaur Civil Judge (Junior Division), Baba Bakala**
CNR No:- PBASB0-000034-2023
Next Date:- 27-05-2025
Idbi Bank Limited Branch Office At Beas, Tehsil Baba Bakala Sahib, District Amritsar Through Its Principal Officer/Branch Manager Mr. Nikhil Dhingra.
Versus
Amanjeet Singh
Notice to: 1. Amanjeet Singh Son Of Dalbir Singh 2. Satnam Singh Son Of Joga Singh Residents Of Village Khojkipur, Tehsil Khadoor Sahib, District Tarn Taran
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **27.**05.2025 at 10:00 A.M.
For details logon to https://highcourtchd.gov.in/?trs=district_notice&district=Amritsar
Dated, this day of 05-05-2025
**Sd/- Civil Judge (Junior Division), Baba Bakala**

**(U/o 5 Rule 20 CPC)**
**In the Court of Ms. Mehakpreet Kaur Civil Judge (Junior Division), Baba Bakala**
CNR No:- PBASB0-000064-2024
Next Date:- 27-05-2025
Idbi Bank Limited Branch Office At Beas, Tehsil Baba Bakala Sahib, District Amritsar Through Its Principal Officer/Branch Manager Mr. Nikhil Dhingra.
Versus
Harpreet Kaur Chahal
Notice to: 1. Harpreet Kaur Chahal w/o Gurwinder Singh Chahal Resident of Village Khera, Thanewal, Tehsil Baba Bakala Sahib, District Amritsar. 2. Tarsem Singh son of Karnail Singh Resident of village Jodhe, Tehsil Baba bakala Sahib, District Amritsar.
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **27.**05.2025 at 10:00 A.M.
For details logon to https://highcourtchd.gov.in/?trs=district_notice&district=Amritsar
Dated, this day of 05-05-2025
**Sd/- Civil Judge (Junior Division), Baba Bakala**

**(U/o 5 Rule 20 CPC)**
**In the Court of Ms. Rubina Josan Civil Judge Jr. Div., Chandigarh**
CNR No. CHCH02-003726-2021
Next Date: 03.07.2025
The Haryana State Co-Operative Apex Bank Ltd.
Versus
Rohit Kumar
Notice to: Kulwinder Singh Father: Jeet Singh Restorer Clerk High Court Of Punjab And Haryana Sec 1, Chandigarh 2nd Add H. No. 119, Hl, Phase 2, Mohali 160055
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **03.**07.2025 at 10:00 A.M.
For details logon to https://highcourtchd.gov.in/?trs=district_notice&district=Chandigarh
Dated, this day of 08-04-2025
**Sd/- Civil Judge Jr. Div., Chandigarh**

**(Proclamation Under Order 5 Rule 20 of CPC)**
**In the Court of PERMANENT LOK-ADALAT (Public Utility Services), 1st Floor, A.D.R.Centre, District Courts Complex, SANGRUR**
Application No. 54/27-4-201
Subhash Chand (Applicant)
Versus
Pb. Gramin Bank etc (Respondent)
Petition under section 22-C of Legal Services Authorities Act/Permanent Lok Adalat, (PUS).
Notice to: Respondents No. 3 (i) & (ii) 3 (i) Satnam Singh son of late Randhir Singh, resident of village Phaguwala, District Sangrur (Mobile no 90417-29619), (ii) Lakhwinder Singh son of late Randhir Singh, resident of village Phaguwala, District Sangrur (Mobile no 82647-20782). Respondents.....
Whereas in the above noted case it has been proved to the satisfaction of this Court that above named respondents are avoiding the services of summons and cannot be served in the ordinary way. Hence this proclamation is hereby issued against them to appear at this Court on 20.05.2025 at 10.00 A.M. to defend the case personally or through an authorized person or pleader, failing which exparte proceedings will be taken against them.
Given under my hand and the seal of this Court today, this the 6th day of May, 2025.
**Sd/- Chairman Permanent Lok Adalat (Public Utility Services) Sangrur**

**ਸਿਰਲੇਖ: Amita Singh notice**
**(U/o 5 Rule 20 CPC)**
**In the Court of Ms. Amita Singh, Additional District and Sessions Judge Sri Muktsar Sahib**
CNR No. PBSM01-004359-2017
Next Date: 19.05.2025
Punjab State Co-operative Supply
Versus
M/s Guru Nanak Rice Mills
Notice to: M/s Guru Nanak Rice Mills, through its Partner as JD No. 1, Sushil Kumar Singla S/o Manohar Lal S/o Kaur Sain, R/o Killianwali, Tehsil Malout, District Sri Muktsar Sahib, Now Near Jain Mandir Dhuri, District Snagrur, Punjab
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **19.**05.2025 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 06-05-2025
**Sd/- Additional District and Sessions Judge Sri Muktsar Sahib**

## ਬੇਦਖਲੀ ਸੂਚਨਾ

ਮੈਂ, ਸਤਨਾਮ ਸਿੰਘ ਪੁੱਤਰ ਹੀਰਾ ਨੰਦ ਵਾਸੀ ਮਕਾਨ ਨੰਬਰ 250/1, ਗਲੀ ਨੰਬਰ 3, ਸੰਤੋਖ ਨਗਰ, ਹੁਸ਼ਿਆਰਪੁਰ ਨੇ ਆਪਣੇ ਪੁੱਤਰ ਸਰਬਜੀਤ ਨੂੰ ਆਪਣੀ ਚੱਲ ਅਤੇ ਅੱਚਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ ਕਿਉਂਕਿ ਉਹ ਮੇਰੇ ਕਹਿਣੇ ਤੋਂ ਬਾਹਰ ਹੈ। ਉਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ੁੰਮੇਵਾਰ ਹੋਵੇਗਾ।

## ਲੜਕੀ ਦੀ ਲੋੜ

ਸ਼ਰਮਾ ਲੜਕਾ 19-11-95/5'8" **M.A** ਵਰਕ **Forex Company** ਪਟਿਆਲਾ ਲਈ ਸੁੰਦਰ ਤੇ ਪੜ੍ਹੀ ਲਿਖੀ ਲੜਕੀ ਚਾਹੀਦੀ ਹੈ।
ਮੋ:- 98551-86599


## ਜ਼ਰੂਰੀ ਸੂਚਨਾ


ਰੋਜ਼ਾਨਾ ਚੜ੍ਹਦੀਕਲਾ ਵਿਚ ਛੱਪੇ ਲੇਖ, ਲੇਖਕਾਂ ਦੇ ਆਪਣੇ ਵਿਚਾਰ ਹਨ। ਇਸ ਨਾਲ ਸੰਪਾਦਕ ਦਾ ਸਹਿਮਤ ਹੋਣਾ ਕੋਈ ਜ਼ਰੂਰੀ ਨਹੀਂ। ਇਸ਼ਤਿਹਾਰ (ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ ਦੇ ਤੱਥਾਂ ਦੀ ਪੁਸ਼ਟੀ ਕਰ ਲੈਣ।
-ਇਸ਼ਤਿਹਾਰ ਮੈਨੇਜਰ


# ਬੰਗਾ ਹਲਕੇ ਨੂੰ ਕੀਤਾ ਜਾਵੇਗਾ ਪੂਰੀ ਤਰ੍ਹਾਂ ਨਸ਼ਾ ਮੁਕਤ - ਡਾ . ਸੁਖਵਿੰਦਰ ਕੁਮਾਰ ਸੁੱਖੀ

ਬੰਗਾ - 6 ਮਈ (ਪ੍ਰਭਜੋਤ ਸਿੰਘ) ਪੰਜਾਬ ਸਰਕਾਰ ਦੀਆ ਹਦਾਇਤਾ ਅਨੁਸਾਰ ਪੰਜਾਬ ਦੇ ਹਰ ਪਿੰਡ ਨੂੰ ਨਸ਼ਾ ਮੁਕਤ ਕਰਨ ਲਈ ਅਤੇ ਹਰ ਪਿੰਡ ਵਿੱਚ



ਜਾਗਰੂਕਤਾ ਫੈਲਾਉਣ ਲਈ ਪਿੰਡ ਪਿੰਡ ਵਿੱਚ ਜਾ ਕੇ ਇਲਾਕੇ ਦੇ ਵਿਧਾਇਕ ਡਾ ਸੁਖਵਿੰਦਰ ਕੁਮਾਰ ਸੁੱਖੀ ਜੀ ਲੋਕਾਂ ਨੂੰ ਜਾਗਰੂਕ ਕਰ ਰਹੇ ਹਨ । ਉਹਨਾਂ ਨਾਲ ਗੱਲਬਾਤ ਕਰਦੇ ਉਹਨਾਂ ਨੇ ਦਸਿਆ ਕਿ ਹੁਣ ਆਮ ਜਨਤਾ ਦੇ ਨਾਲ ਪੁਲਿਸ ਪ੍ਰਸ਼ਾਸਨ ਅਤੇ ਸਰਕਾਰ ਖੁਦ ਮੋਂਡੇ ਨਾਲ ਮੋਂਡਾ ਜੋੜ ਕੇ ਖੜੇ ਹਨ । ਓਹਨਾ ਨੇ ਦਸਿਆ ਕਿ ਹਰ ਨਸ਼ਾ ਵੇਚਣ ਵਾਲੇ ਵਿਅਕਤੀ ਤੇ ਸਖ਼ਤ ਕਾਰਵਾਈ ਕੀਤੀ ਜਾਵੇਗੀ ਅਤੇ ਨਸ਼ਾ ਕਰਨ ਵਾਲੇ ਵਿਅਕਤੀ ਨੂੰ ਨਸ਼ਾ ਛਡਾਉ ਕੇਂਦਰ ਵਿਚ ਭੇਜਣਾ ਜਕੀਨੀ ਬਣਾਇਆ ਜਾਵੇਗਾ। ਲੋਕਾਂ ਨਾਲ ਗੱਲਬਾਤ ਕਰਦੇ ਵਿਧਾਇਕ ਜੀ ਨੇ ਕਿਹਾ ਕਿ ਪਿੰਡ ਦੇ ਲੋਕ ਨਿਡਰ ਹੋ ਕੇ ਸਰਕਾਰ ਤੇ ਪੁਲਿਸ ਦਾ ਸਾਥ ਦੇਣ ਅਤੇ ਨਸ਼ਾ ਤਸਕਰ ਦੀ ਸੂਚਨਾ ਸਾਡੇ ਤੱਕ ਪਹੁੰਚਾਣ । ਨਸ਼ਾ ਨੂੰ ਜੜ੍ਹ ਤੋ ਖਤਮ ਕਰਨ ਲਈ ਲੋਕਾਂ ਨੂੰ ਜਾਗਰੂਕ ਕਰਨ ਲਈ ਪਿੰਡ ਵਿੱਚ ਪੈਦਲ ਮਾਰਚ ਕੱਢਿਆ ਇਸ ਮੌਕੇ ਪਿੰਡ ਦੇ ਲੋਕਾਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ ਅਤੇ ਵਾਅਦਾ ਕੀਤਾ ਕਿ ਉਹ ਪਿੰਡ ਵਿੱਚ ਨਸ਼ਾ ਨੂੰ ਬਿਲਕੁਲ ਵੀ ਆਉਣ ਨਹੀ ਦੇਣਗੇ ।ਇਸ ਮੌਕੇ ਉਨਾਂ ਦੇ ਨਾਲ ਸੋਹਣ ਲਾਲ ਢੰਡਾ ਨਸ਼ਾ ਮੁਕਤੀ ਮੋਰਚੇ ਦੇ ਵਿਧਾਨਸਭਾ ਕੋਆਰਡੀਨੇਟਰ ਪ੍ਰਭਜੋਤ ਸਿੰਘ ,ਥਾਣਾ ਬਹਿਰਾਮ ਮੁੱਖੀ ਸੁਖਪਾਲ ਸਿੰਘ, ਬਲਾਕ ਪੰਚਾਇਤ ਅਫਸਰ ਆਦੇਸ਼ ਕੁਮਾਰ, ਸਰਪੰਚ ਅਤੇ ਬਲਾਕ ਪ੍ਰਧਾਨ ਜਗਨਨਾਥ, ਸਾਬਕਾ ਸਰਪੰਚ ਸਤਕਰਤਾਰ ਸਿੰਘ, ਹਰਜੀਤ ਸਿੰਘ, ਸੁਰਜੀਤ ਸਿੰਘ, ਇਕਬਾਲ ਸਿੰਘ, ਮਲਕੀਤ ਸਿੰਘ, ਗੁਰਦੀਪ ਸਿੰਘ ਪੰਚ ਆਦਿ ਹਾਜ਼ਰ ਸਨ।

# ਅਭਿਆਸ ਤਹਿਤ ਅੱਜ ਸ਼ਾਮ 4.00 ਵਜੇ ਵੱਜਣਗੇ ਸਾਇਰਨ ਅਤੇ ਰਾਤ 9 ਵਜੇ ਤੋਂ 9:30 ਤੱਕ ਹੋਵੇਗਾ ਬਲੈਕ ਆਊਟ: ਡੀ.ਸੀ.

ਪੱਟੀ 6 ਮਈ (ਹਰਜਿੰਦਰ ਸੰਧੂ, ਹਰਪਾਲ ਸਿੰਘ ਪੂਹਲਾ) ਡਿਪਟੀ ਕਮਿਸ਼ਨਰ ਤਰਨ ਤਾਰਨ ਸ੍ਰੀ ਰਾਹੁਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਭਾਰਤ ਸਰਕਾਰ ਵੱਲੋਂ ਆਈਆਂ ਹਦਾਇਤਾਂ ਦੇ ਮੱਦੇ ਨਜ਼ਰ ਅੱਜ ਕਿਸੇ ਵੀ ਹੰਗਾਮੀ ਸਥਿਤੀ ਨਾਲ ਨਜਿੱਠਣ ਲਈ ਅਭਿਆਸ ਕੀਤਾ ਜਾ ਰਿਹਾ ਹੈ, ਜਿਸ ਤਹਿਤ ਅੱਜ ਸ਼ਾਮ 04 ਵਜੇ ਸਾਇਰਨ ਵੱਜੇਗਾ, ਜੋ ਹਵਾਈ ਹਮਲੇ ਦੀ ਸੂਚਨਾ ਦਾ ਪ੍ਰਤੀਕ ਹੋਵੇਗਾ। ਉਹਨਾਂ ਕਿਹਾ ਕਿ ਕੱਲ ਜਾਂ ਉਸ ਤੋਂ ਬਾਅਦ ਜਦੋਂ ਵੀ ਅਜਿਹਾ ਸਾਇਰਨ ਵਜੇ ਤਾਂ ਆਮ ਜਨਤਾ ਕੋਲੋਂ ਇਹ ਆਸ ਰੱਖੀ ਜਾਂਦੀ ਹੈ ਕਿ ਉਹ ਇਹ ਆਵਾਜ਼ ਸੁਣਦੇ ਸਾਰ ਉੱਚੀਆਂ ਇਮਾਰਤਾਂ ਵਿੱਚੋਂ ਨਿਕਲ ਕੇ ਕਿਸੇ ਜਮੀਨ ਜਾਂ ਜ਼ਮੀਨ ਦੋਜ ਬੰਕਰ 'ਤੇ ਪਹੁੰਚ ਜਾਣ, ਜੇਕਰ ਉਹਨਾਂ ਕੋਲ ਉੱਥੇ ਕੋਈ ਛੱਤ ਨਹੀਂ ਹੈ ਤਾਂ ਉਹ ਦਰੱਖਤ ਦੇ ਹੇਠਾਂ ਜਾਂ ਖੁੱਲੇ ਦੇ ਵਿੱਚ ਲੰਮੇ ਪੈ ਜਾਣ । ਜੋ ਲੋਕ ਇਮਾਰਤਾਂ ਦੇ ਵਿੱਚ ਰਹਿ ਰਹੇ ਹੋਣਗੇ ਉਹ ਖਿੜਕੀਆਂ ਅਤੇ ਖਾਸ ਕਰਕੇ ਸ਼ੀਸ਼ੇ ਤੋਂ ਦੂਰ ਹੋ ਜਾਣ। ਇਸੇ ਦੌਰਾਨ ਉਹ ਆਪਣੀ ਗੈਸ ਅਤੇ ਬਿਜਲੀ ਦੇ ਕਨੈਕਸ਼ਨ ਬੰਦ ਕਰਨ ਅਤੇ ਆਪਣੀ ਲੋੜ ਅਨੁਸਾਰ ਪੀਣ ਵਾਲਾ ਪਾਣੀ ਤੇ ਭੋਜਨ ਸਟੋਰ ਰੱਖਣ। ਉਨਾਂ ਕਿਹਾ ਕਿ ਇਸ ਸਮੇਂ ਦੌਰਾਨ ਸੜਕ ਉੱਤੋਂ ਚਲਦੇ ਰਾਹਗੀਰ ਜਾਂ ਗੱਡੀਆਂ ਐਮਰਜੈਂਸੀ ਵਹੀਕਲ ਜਿੰਨਾ ਵਿੱਚ ਅੱਗ ਬੁਝਾਊ ਗੱਡੀਆਂ ਜਾਂ ਐਂਬੂਲੈਂਸ ਹੋ ਸਕਦੀਆਂ ਹਨ ਨੂੰ ਤੁਰੰਤ ਰਸਤਾ ਦੇਣ। ਉਨ੍ਹਾਂ ਨੇ ਦੱਸਿਆ ਕਿ ਇਹ ਸਾਇਰਨ ਸਿਵਲ ਡਿਫੈਂਸ ਵੱਲੋਂ ਅਭਿਆਸ ਲਈ ਵਜਾਏ ਜਾ ਰਹੇ ਹਨ, ਤਾਂ ਜੋ ਇਨ੍ਹਾਂ ਦੀ ਫੰਕਸ਼ਨਲਟੀ ਅਤੇ ਸਾਊਂਡ ਚੈੱਕ ਕੀਤੀ ਜਾ ਸਕੇ। ਉਨ੍ਹਾਂ ਨੇ ਦੱਸਿਆ ਕਿ ਇਸ ਦੌਰਾਨ ਕਿਸੇ ਵੀ ਤਰ੍ਹਾਂ ਨਾਲ ਘਬਰਾਉਣ ਦੀ ਜਰੂਰਤ ਨਹੀਂ ਹੈ। ਉਹਨਾਂ ਦੱਸਿਆ ਕਿ ਅੱਜ ਰਾਤ 09 ਵਜੇ ਤੋਂ 9:30 ਤੱਕ ਇਸੇ ਤਰ੍ਹਾਂ ਬਲੈਕ ਆਊਟ ਦਾ ਅਭਿਆਸ ਕੀਤਾ ਜਾਵੇਗਾ। ਬਲੈਕ ਆਊਟ ਦੌਰਾਨ ਸਾਰੇ ਸ਼ਹਿਰ ਦੀ ਲਾਈਟ ਬੰਦ ਕਰ ਦਿੱਤੀ ਜਾਵੇਗੀ ਅਤੇ ਸ਼ਹਿਰ ਦੀ ਜਨਤਾ ਨੂੰ ਵੀ ਇਹ ਅਪੀਲ ਹੈ ਕਿ ਉਹ ਇਸ ਦੌਰਾਨ ਆਪਣੇ ਘਰਾਂ ਵਿੱਚ ਇਨਵਰਟਰ ਜਾਂ ਜਨਰੇਟਰ ਬੰਦ ਰੱਖਣ। ਜੇਕਰ ਉਹਨਾਂ ਕਿਸੇ ਵਜ ?ਹਾ ਇਹ ਚਾਲੂ ਰੱਖਣੇ ਹਨ ਤਾਂ ਉਹ ਆਪਣੀਆਂ ਲਾਈਟਾਂ ਇਸ ਢੰਗ ਨਾਲ ਚਲਾਉਣ ਕਿ ਉਹਨਾਂ ਦੀ ਰੌਸ਼ਨੀ ਖਿੜਕੀ ਜਾਂ ਦਰਵਾਜੇ ਤੋਂ ਬਾਹਰ ਨਾ ਜਾਵੇ। ਇਸ ਤੋਂ ਇਲਾਵਾ ਸੀਸੀਟੀਵੀ ਕੈਮਰਿਆਂ ਦੀ ਜੋ ਲਾਈਟ ਹਨੇਰਾ ਹੋਣ ਤੇ ਆਪਣੇ ਆਪ ਚਲਦੀ ਹੈ, ਨੂੰ ਵੀ ਇਸ ਸਮੇਂ ਦੌਰਾਨ ਬੰਦ ਕੀਤਾ ਜਾਵੇ, ਤਾਂ ਜੋ ਸ਼ਹਿਰ ਦੇ ਵਿੱਚ ਪੂਰੀ ਤਰ੍ਹਾਂ ਹਨੇਰਾ ਵਿਖਾਈ ਦੇਵੇ। ਇਸ ਸਮੇਂ ਦੌਰਾਨ ਜੇਕਰ ਕੋਈ ਸੜਕ ਉੱਤੇ ਗੱਡੀ ਜਾ ਰਹੀ ਹੈ ਤਾਂ ਉਹ ਉਸਦੀਆਂ ਲਾਈਟਾਂ ਬੰਦ ਕਰਕੇ ਉਸ ਨੂੰ ਸੜਕ ਤੋਂ ਹੇਠਾਂ ਲਾਹ ਕੇ ਕੱਚੇ ਸਥਾਨ ਉੱਤੇ ਰੋਕ ਕੇ ਲਵੇ।

# ਨਵੀਆਂ ਕਲਮਾਂ ਨਵੀਂ ਉਡਾਣ ਪ੍ਰੋਜੈਕਟ ਤਹਿਤ 8 ਮਈ ਨੂੰ ਹੋਣ ਵਾਲੇ ਇਕ ਰੋਜ਼ਾ ਬਾਲ

ਕਾਦੀਆ 6 ਮਈ :-(ਸਲਾਮ ਤਾਰੀ/ਸਿਕੰਦਰ ਸੰਧੂ) ਸੁੱਖੀ ਬਾਠ ਸੰਸਥਾਪਕ ਪੰਜਾਬ ਭਵਨ ਸਰੀ ਕੈਨੇਡਾ ਵੱਲੋਂ ਸ਼ੁਰੂ ਕੀਤੇ ਪ੍ਰੋਜੈਕਟ ਨਵੀਆਂ ਕਲਮਾਂ ਨਵੀਂ ਉਡਾਣ ਜੋ ਕਿ ਪਿਛਲੇ ਸਮੇਂ ਤੋਂ ਸਫਲਤਾ ਪੂਰਵਕ ਚੱਲ ਰਿਹਾ ਹੈ। ਪ੍ਰੋਜੈਕਟ ਅਧੀਨ ਪੂਰੇ ਪੰਜਾਬ ਦੇ ਸਾਰੇ ਜ਼ਿਲਿਆਂ ਵਿੱਚੋਂ ਬਾਲ ਲੇਖਕਾਂ ਦੀਆਂ 60 ਕਿਤਾਬਾਂ ਛਪ ਚੁੱਕੀਆਂ ਹਨ। ਪੰਜਾਬ ਦੇ ਨਾਲ ਨਾਲ ਦੂਸਰੇ ਰਾਜਾਂ ਤੋਂ ਵੀ ਕਿਤਾਬਾਂ ਲਗਾਤਾਰ ਛੱਪ ਰਹੀਆਂ ਹਨ। ਜਿਸ ਦੇ ਤਹਿਤ ਜ਼ਿਲ੍ਹਾ ਗੁਰਦਾਸਪੁਰ ਦੇ ਬਾਲ ਲੇਖਕਾਂ ਦੀਆਂ ਦੋ ਕਿਤਾਬਾਂ ਪਿਛਲੇ ਸਮੇਂ ਦੌਰਾਨ ਲੋਕ ਅਰਪਣ ਹੋ ਚੁੱਕੀਆਂ ਹਨ। ਇਸ ਮੌਕੇ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਪ੍ਰਧਾਨ ਡਾ ਸਤਿੰਦਰ ਕੌਰ ਕਾਹਲੋਂ ਨੇ ਦੱਸਿਆ ਕਿ ਬਟਾਲਾ ਜ਼ਿਲ੍ਹਾ ਗੁਰਦਾਸਪੁਰ ਵਿਖੇ 8 ਮਈ 2025 ਨੂੰ ਇੱਕ ਰੋਜ਼ਾ ਬਾਲ ਸਾਹਿਤ ਉਤਸਵ ਕਰਵਾਇਆ ਜਾ ਰਿਹਾ ਹੈ। ਜਿਸ ਦੀਆਂ ਤਿਆਰੀਆਂ ਉਥੋਂ ਦੀ ਪ੍ਰਬੰਧਕੀ ਟੀਮ ਗਗਨਦੀਪ ਸਿੰਘ,ਰਜਨੀਤ ਕੌਰ ਬਾਜਵਾ, ਕਮਲਜੀਤ ਕੌਰ, ਨਵਜੋਤ ਕੌਰ ਬਾਜਵਾ ਤੇ ਸੁਖਵਿੰਦਰ ਕੌਰ ਦੇ ਸਹਿਯੋਗ ਨਾਲ ਮੁਕੰਮਲ ਹੋ ਚੁੱਕੀਆਂ ਹਨ। ਇਸ ਪ੍ਰੋਗਰਾਮ ਵਿੱਚ ਚਾਰ ਜ਼ਿਲਿਆਂ ਦੇ ਵਿਦਿਆਰਥੀ ਭਾਗ ਲੈਣਗੇ। ਉਨ੍ਹਾਂ ਦੱਸਿਆ ਕਿ ਇਸ ਪ੍ਰੋਗਰਾਮ ਦੇ ਮੁੱਖ ਮਹਿਮਾਨ ਸ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਐਮ ਐਲ ਏ ਹਲਕਾ ਬਟਾਲਾ ਹੋਣਗੇ। ਸ਼੍ਰੀ ਸੁੱਖੀ ਬਾਠ ਸੰਸਥਾਪਕ ਪੰਜਾਬ ਭਵਨ ਸਰੀ ਕੈਨੇਡਾ ਇਸ ਉਤਸਵ ਦੀ ਪ੍ਰਧਾਨਗੀ ਕਰਨਗੇ ਐਮ ਡੀ ਹਸਤ ਸ਼ਿਲਪ ਕਾਲਜ ਸ੍ਰੀ ਅਰੁਣ ਕੁਮਾਰ ਜੋਈ ,ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ)ਸ੍ਰੀ ਰਾਜੇਸ਼ ਸ਼ਰਮਾ ,ਜ਼ਿਲ੍ਹਾ ਸਿੱਖਿਆ ਅਫ਼ਸਰ (ਪ੍ਰਾਇਮਰੀ) ਸ਼੍ਰੀਮਤੀ ਪਰਮਜੀਤ ,ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ (ਪ੍ਰਾਇਮਰੀ)ਡਾ ਅਨਿਲ ਸ਼ਰਮਾ , ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਸ. ਜਸਵਿੰਦਰ ਸਿੰਘ, ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਲਖਵਿੰਦਰ ਸਿੰਘ ਸੇਖੋਂ ,ਸ੍ਰੀ ਰਾਜੇਸ਼ਵਰ ਸਲਾਰਿਆ ਉੱਪ ਜ਼ਿਲਾ ਸਿੱਖਿਆ ਅਫ਼ਸਰ ਪਠਾਨਕੋਟ ਸੇਵਾ ਮੁਕਤ ਵਿਸ਼ੇਸ਼ ਮਹਿਮਾਨ ਦੇ ਤੌਰ ਤੇ ਸ਼ਿਰਕਤ ਕਰਨਗੇ। ਇਸ ਪ੍ਰੋਗਰਾਮ ਵਿੱਚ ਬਾਲ ਲੇਖਕਾਂ ਦੀਆਂ 5 ਕਿਤਾਬਾਂ ਲੋਕ ਅਰਪਣ ਕੀਤੀਆਂ ਜਾਣਗੀਆਂ। ਵੱਖ ਵੱਖ ਸਕੂਲਾਂ ਦੇ ਬੱਚੇ ਵੱਖ ਵੱਖ-ਵੱਖ ਵੰਨਗੀਆਂ ਪੇਸ਼ ਕਰਨਗੇ।

# ਵੋਟਰ ਸੂਚੀਆਂ ਨੂੰ ਅਪਡੇਟ ਕਰਨ ਲਈ ਮੌਤ ਰਜਿਸਟ੍ਰੇਸ਼ਨ ਦਾ ਡਾਟਾ ਇਲੈਕਟ੍ਰੋਨਿਕ ਢੰਗ ਨਾਲ ਪ੍ਰਾਪਤ ਕੀਤਾ ਜਾਵੇ : ਜ਼ਿਲ੍ਹਾ ਚੋਣ ਅ.ਫਸਰ

ਫਤਹਿਗੜ੍ਹ ਸਾਹਿਬ, 6 ਮਈ-(ਹਰਪ੍ਰੀਤ ਕੌਰ ਟਿਵਾਣਾ) ਭਾਰਤੀ ਚੋਣ ਕਮਿਸ਼ਨ ਨਵੀਂ ਦਿੱਲੀ ਵੱਲੋਂ ਵੋਟਰ ਸੂਚੀਆਂ ਦੀ ਸ਼ੁੱਧਤਾ ਨੂੰ ਯਕੀਨੀ ਬਣਾਉਣ ਅਤੇ ਨਾਗਰਿਕਾਂ ਲਈ ਵੋਟਿੰਗ ਪ੍ਰਕਿਰਿਆ ਨੂੰ ਵਧੇਰੇ ਸੁਵਿਧਾਜਨਕ ਬਣਾਉਣ ਦੇ ਉਦੇਸ਼ ਨਾਲ ਨਵੀਆਂ ਪਹਿਲਕਦਮੀਆਂ ਸ਼ੁਰੂ ਕੀਤੀਆਂ ਗਈਆਂ ਹਨ। ਇਹ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਚੋਣ ਅ.ਫਸਰ-ਕਮ-ਡਿਪਟੀ ਕਮਿਸ਼ਨਰ ਡਾ. ਸੋਨਾ ਥਿੰਦ ਨੇ ਦੱਸਿਆ ਹੈ ਕਿ ਕਮਿਸ਼ਨ ਵੱਲੋਂ ਹੁਣ ਰਜਿਸਟਰੇਸ਼ਨ ਆਫ਼ ਇਲੈਕਟਰਜ਼ ਰੂਲਜ਼, 1960 ਦੇ ਨਿਯਮ 9 ਅਤੇ ਜਨਮ ਅਤੇ ਮੌਤ ਰਜਿਸਟ ?ਰੇਸ਼ਨ ਐਕਟ, 1969 (2023 ਵਿੱਚ ਕੀਤੀ ਸੋਧੇ ਮੁਤਾਬਕ) ਦੀ ਧਾਰਾ 3(5)(ਬੀ) ਅਨੁਸਾਰ, ਭਾਰਤ ਦੇ ਰਜਿਸਟਰਾਰ ਜਨਰਲ ਤੋਂ ਇਲੈਕਟਰਾਨਿਕ ਤੌਰ 'ਤੇ ਮੌਤ ਰਜਿਸਟਰੇਸ਼ਨ ਸਬੰਧੀ ਡਾਟਾ ਪ੍ਰਾਪਤ ਕੀਤਾ ਜਾਵੇਗਾ। ਉਹਨਾਂ ਦੱਸਿਆ ਕਿ ਚੋਣਕਾਰ ਰਜਿਸਟਰੇਸ਼ਨ ਅ.ਫਸਰ, (ਈ.ਆਰ.ਓ) ਰਜਿਸਟਰਡ ਮੌਤਾਂ ਬਾਰੇ ਸਮੇਂ ਸਿਰ ਜਾਣਕਾਰੀ ਪ੍ਰਾਪਤ ਕਰ ਸਕਣਗੇ ਅਤੇ ਬੂਥ ਲੈਵਲ ਅ.ਫਸਰ (ਬੀ.ਐਲ.ਓ) ਫਾਰਮ 7 ਤਹਿਤ ਰਸਮੀ ਬੇਨਤੀ ਦੀ ਉਡੀਕ ਕੀਤੇ ਬਿਨਾਂ, ਫੀਲਡ ਵਿਜ਼ਿਟ ਰਾਹੀਂ ਜਾਣਕਾਰੀ ਦੀ ਮੁੜ ਪੁਸ਼ਟੀ ਕਰਨ ਦੇ ਯੋਗ ਹੋ ਜਾਣਗੇ। ਉਹਨਾਂ ਦੱਸਿਆ ਕਿ ਵੋਟਰ ਸੂਚਨਾ ਸਲਿੱਪ (ਵੀ.ਆਈ.ਐਸ.) ਨੂੰ ਹੋਰ ਵੋਟਰ-ਪੱਖੀ ਬਣਾਉਣ ਲਈ, ਕਮਿਸ਼ਨ ਨੇ ਇਸਦੇ ਡਿਜ਼ਾਈਨ ਵਿੱਚ ਸੋਧ ਕਰਨ ਦਾ ਫੈਸਲਾ ਕੀਤਾ ਹੈ। ਵੋਟਰ ਦਾ ਸੀਰੀਅਲ ਨੰਬਰ ਅਤੇ ਭਾਗ ਨੰਬਰ ਹੁਣ ਵਧੇਰੇ ਪ੍ਰਮੁੱਖਤਾ ਨਾਲ ਪ੍ਰਦਰਸ਼ਿਤ ਕੀਤਾ ਜਾਵੇਗਾ ਅਤੇ ਅੱਖਰਾਂ ਦੇ ਆਕਾਰ ਵਿੱਚ ਵਾਧਾ ਕੀਤਾ ਜਾਵੇਗਾ ਜਿਸ ਨਾਲ ਵੋਟਰ ਆਸਾਨੀ ਨਾਲ ਆਪਣੇ ਪੋਲਿੰਗ ਸਟੇਸ਼ਨ ਦੀ ਪਛਾਣ ਕਰ ਸਕਣਗੇ ਅਤੇ ਪੋਲਿੰਗ ਅਧਿਕਾਰੀ ਵੋਟਰ ਸੂਚੀ ਵਿੱਚ ਵੋਟਰਾਂ ਦੇ ਨਾਮ ਕੁਸ਼ਲਤਾ ਨਾਲ ਲੱਭ ਸਕਦੇ ਹਨ।

ਜ਼ਿਲ੍ਹਾ ਚੋਣ ਅ.ਫਸਰ ਨੇ ਦੱਸਿਆ ਕਿ ਲੋਕ ਪ੍ਰਤੀਨਿਧਤਾ ਐਕਟ, 1950 ਦੀ ਧਾਰਾ 13ਬੀ(2) ਤਹਿਤ ਈ.ਆਰ.ਓਜ਼ ਵੱਲੋਂ ਨਿਯੁਕਤ ਕੀਤੇ ਗਏ ਸਾਰੇ ਬੀ.ਐਲ.ਓਜ਼ ਨੂੰ ਮਿਆਰੀ ਫੋਟੋ ਪਛਾਣ ਪੱਤਰ ਜਾਰੀ ਕੀਤੇ ਜਾਣਗੇ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਨਾਗਰਿਕ ਵੋਟਰ ਤਸਦੀਕ ਅਤੇ ਰਜਿਸਟਰੇਸ਼ਨ ਮੁਹਿੰਮ ਦੌਰਾਨ ਬੀ.ਐਲ.ਓਜ਼ ਦੀ ਪਛਾਣ ਕਰ ਸਕਣ ਅਤੇ ਉਨ੍ਹਾਂ ਨਾਲ ਵਿਸ਼ਵਾਸ ਨਾਲ ਗੱਲਬਾਤ ਕਰ ਸਕਣ।

ਚੋਣ ਨਾਲ ਸਬੰਧਤ ਡਿਊਟੀਆਂ ਨਿਭਾਉਣ ਸਮੇਂ ਵੋਟਰਾਂ ਅਤੇ ਚੋਣ ਕਮਿਸ਼ਨ ਵਿਚਕਾਰ ਪਹਿਲੇ ਇੰਟਰਫੇਸ ਦੇ ਰੂਪ ਵਿੱਚ, ਇਹ ਮਹੱਤਵਪੂਰਨ ਹੈ ਕਿ ਘਰ-ਘਰ ਦੌਰੇ ਕਰਦੇ ਸਮੇਂ ਲੋਕਾਂ ਵੱਲੋਂ ਬੀ.ਐਲ.ਓਜ਼ ਦੀ ਆਸਾਨੀ ਨਾਲ ਪਛਾਣ ਕੀਤੀ ਜਾ ਸਕੇ।


## ਜਨਤਕ ਸੂਚਨਾ

ਮੇਰੇ ਸਾਇਲ ਐਸ ਬੀ ਆਈ ਬਰਾਂਚ ਕੋਟਕਪੂਰਾ ਰੋਡ ਸੀ ਮੁਕਤਸਰ ਸਾਹਿਬ (003249) ਵਲੋਂ ਆਮ ਜਨਤਾ ਨੂੰ ਸਚਿਤ ਕੀਤਾ ਜਾਂਦਾ ਹੈ ਗੁਰਕਿਰਨ ਕੌਰ ਬਰਾੜ ਪਤਨੀ ਰਣਜੀਤ ਸਿੰਘ ਬਰਾੜ ਨੇ ਆਪਣੀ ਪ੍ਰਾਪਰਟੀ 8 ਮਰਲੇ 3 ਸਰਸਾਈ 29 × 78 ਫੁਟ ਵਾਕਿਆ ਰਕਬਾ ਬੀੜ ਸਰਕਾਰ ਤਹਿਸੀਲ ਦਾ ਜਿਲਾ ਸ੍ਰੀ ਮੁਕਤਸਰ ਸਾਹਿਬ ਦਾ ਰਹਿਣ ਕਰਕੇ ਲੋਨ ਲੈਣ ਲਈ ਅਪਲਾਈ ਕੀਤਾ ਹੈ। ਇਹਕਿ ਪੁਰਾਣਾ ਬੈਨਾਮਾ ਜਿਸਦਾ ਵਸੀਕਾ ਨੰ 2022-23/53/1/638 ਮਿਤੀ 6-5-2022 ਵਲੋਂ ਅਪਮਿੰਦਰ ਸਿੰਘ ਪੁੱਤਰ ਜਰਨੈਲ ਸਿੰਘ ਬਹੱਕ ਸੈਲਾ ਪਤਨੀ ਅਸ਼ੋਕ ਕੁਮਾਰ ਦੇ ਹੱਕ ਵਿਚ ਹੈ ਗੁੰਮ ਹੋ ਚੁਕਿਆ ਹੈ । ਇਸ ਵਿਅਕਤੀ ਨੇ ਘੋਸ਼ਣਾ ਕੀਤੀ ਹੈ ਕਿ ਉਕਤ ਬੈਨਾਮਾ ਗੁੰਮ ਹੋ ਚੁਕਿਆ ਹੈ ਅਤੇ ਉਹ ਉਕਤ ਜਮੀਨ ਨੂੰ ਰਹਿਣ ਕਰਦੇ ਹੋਏ ਲੋਨ ਲੈਣ ਜਾ ਰਿਹਾ ਹੈ ਜੇਕਰ ਕਿਸੇ ਵਿਅਕਤੀ ਬੈਂਕ ਨੂੰ ਇਸ ਸਬੰਧੀ ਕੋਈ ਇਤਰਾਜ ਹੋਵੇ ਤਾਂ ਉਹ ਇਸ ਨੋਟਿਸ ਦੇ ਹੋਣ ਤੋ ਬਾਅਦ 15 ਦਿਨਾ ਦੇ ਅੰਦਰ ਅੰਦਰ ਹੇਠ ਲਿਖੇ ਪਤੇ ਤੇ ਆਪਣੇ ਇਤਰਾਜ ਪੇਸ਼ ਕਰ ਸਕਦਾ ਹੈ ਇਸ ਤੋਂ ਬਾਅਦ ਇਸ ਸਬੰਧੀ ਕੋਈ ਵੀ ਇਤਰਾਜ ਨਾ ਵਿਚਾਰੇ ਜਾਣਗੇ ਅਤੇ ਐਸ ਬੀ ਆਈ ਬੈਂਕ ਉਕਤ ਵਿਅਕਤੀ ਨੂੰ ਲੋਨ ਦੇ ਦੇਵੇਗਾ ਗੁਮਸ਼ੁਦਾ ਰਿਪੋਟ ਨੰ: 595417/2025 ਮਿਤੀ 6/5/2025 ਨੂੰ ਸਾਇਲ ਵੱਲੋ ਦਰਜ ਕਰਵਾ ਦਿੱਤੀ ਗਈ ਸੀ।
ਵਿਕਰਮ ਵਰਮਾ ਵਕੀਲ, ਚੰਬਰ ਨੰ 24, ਜਿਲਾ ਅਦਾਲਤਾਂ, ਸ੍ਰੀ ਮੁਕਤਸਰ ਸਾਹਿਬ (98147-94247)


# ਆਪਣੇ ਕਾਰੋਬਾਰ ਸ਼ੁਰੂ ਕਰਨ ਵਾਲੇ ਵਿਅਕਤੀ ਹੋਰ ਲੋਕਾਂ ਲਈ ਵੀ ਰੋਜ਼ਗਾਰ ਦੇ ਰਾਹ ਖੋਲ੍ਹਦੇ ਨੇ : ਰਾਜੂ ਖੰਨਾ , ਖ਼ਾਲਸਾ



ਅਮਲੋਹ, 6 ਮਈ, (ਸੂਦ) ਅਮਲੋਹ ਸ਼ਹਿਰ ਵਿਖੇ ਜੰਜੂਆ ਇਲੈਕਟ ?ਰੋਨਿਕਸ ਵੱਲੋਂ ਨਵੇਂ ਤੇ ਵੱਡੇ ਸੋਅ ਰੂਮ ਦਾ ਸ਼ਾਨਦਾਰ ਉਦਘਾਟਨ ਕੀਤਾ ਗਿਆ। ਇਸ ਉਤਸ਼ਾਹਪੂਰਨ ਮੌਕੇ 'ਤੇ ਸ਼੍ਰੋਮਣੀ ਅਕਾਲੀ ਦਲ ਹਲਕਾ ਅਮਲੋਹ ਦੇ ਇੰਚਾਰਜ ਗੁਰਪ੍ਰੀਤ ਸਿੰਘ ਰਾਜੂ ਖੰਨਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅੰਤ੍ਰਿੰਗ ਕਮੇਟੀ ਮੈਂਬਰ ਭਾਈ ਰਵਿੰਦਰ ਸਿੰਘ ਖਾਲਸਾ ਅਤੇ ਪ੍ਰਧਾਨ ਦਰਸ਼ਨ ਸਿੰਘ ਚੀਮਾ ਵਿਸ਼ੇਸ਼ ਤੌਰ 'ਤੇ ਪਹੁੰਚੇ। ਇਸ ਮੌਕੇ ਮਹਿਮਾਨਾਂ ਦਾ ਸੰਤੋਖ ਸਿੰਘ ਜੰਜੂਆ ਅਤੇ ਜਤਿੰਦਰ ਸਾਬੀ ਖਨਿਆਣ ਵੱਲੋਂ ਸਵਾਗਤ ਕੀਤਾ ਗਿਆ। ਉਦਘਾਟਨ ਸਮਾਗਮ ਦੌਰਾਨ ਰਾਜੂ ਖੰਨਾ ਨੇ ਸੰਤੋਖ ਸਿੰਘ ਦੀ ਮਿਹਨਤ ਅਤੇ ਸਫਲਤਾ ਦੀ ਸਹਾਰਨਾ ਕਰਦੇ ਹੋਏ ਕਿਹਾ ਕਿ ਜੰਜੂਆ ਇਲੈਕਟ ?ਰੋਨਿਕਸ ਦਾ ਨਵਾਂ ਸੋਅ ਰੂਮ ਇਲਾਕੇ ਲਈ ਇੱਕ ਵੱਡੀ ਪ੍ਰਾਪਤੀ ਹੈ। ਉਨ੍ਹਾਂ ਕਿਹਾ ਕਿ ਇਹ ਨਾ ਸਿਰਫ਼ ਇਕ ਵਪਾਰਕ ਉਪਰਾਲਾ ਹੈ, ਸਗੋਂ ਕਈ ਨੌਜਵਾਨਾਂ ਲਈ ਰੁਜ਼ਗਾਰ ਦਾ ਸਰੋਤ ਵੀ ਬਣਿਆ ਹੈ ।ਰਾਜੂ ਖੰਨਾ ਨੇ ਲੋਕਾਂ ਨੂੰ ਸਵੈ ਰੁਜ਼ਗਾਰੀ ਵੱਲ ਵਧਣ ਦੀ ਅਪੀਲ ਕਰਦਿਆਂ ਕਿਹਾ ਕਿ ਆਪਣੇ ਕਾਰੋਬਾਰ ਸ਼ੁਰੂ ਕਰਨ ਵਾਲੇ ਵਿਅਕਤੀ ਨਾਂ ਸਿਰਫ ਆਪਣੇ ਪਰਿਵਾਰ ਦੀ ਭਲਾਈ ਕਰਦੇ ਹਨ, ਸਗੋਂ ਹੋਰ ਲੋਕਾਂ ਲਈ ਵੀ ਰੋਜ਼ਗਾਰ ਦੇ ਰਾਹ ਖੋਲ੍ਹਦੇ ਹਨ।

ਇਸ ਮੌਕੇ ਸੰਤੋਖ ਸਿੰਘ ਜੰਜੂਆ ਨੇ ਦੱਸਿਆ ਕਿ ਸਾਡੇ ਕੋਲ ਵੱਖ ਵੱਖ ਚੰਗੀ ਕਿਸਮ ਦੇ ਏਸੀ, ਐਲ ਈ ਡੀ, ਫਰਿੱਜ਼, ਵਾਸਿੰਗ ਮਸ਼ੀਨ, ਕੂਲਰ, ਪੱਖੇ ਅਤੇ ਹੋਰ ਸਾਮਾਨ ਮਿਲੇਗਾ ।ਇਸ ਮੌਕੇ ਉਤੇ ਵੱਡੀ ਗਿਣਤੀ ਵਿੱਚ ਸਥਾਨਕ ਲੋਕਾਂ ਨੇ ਭਾਗ ਲਿਆ ਤੇ ਜੰਜੂਆ ਇਲੈਕਟਰਾਨਿਕ ਨੂੰ ਭਵਿੱਖ ਲਈ ਵਧਾਈਆਂ ਦਿੱਤੀਆਂ।

ਇਸ ਮੌਕੇ ਨੰਬਰਦਾਰ ਪਿਆਰਾ ਸਿੰਘ, ਸੰਤੋਖ ਸਿੰਘ ਜੰਜੂਆ, ਜਤਿੰਦਰ ਸਿੰਘ ਸਾਬੀ, ਸਹਿਰੀ ਪ੍ਰਧਾਨ ਰਾਕੇਸ਼ ਕੁਮਾਰ ਸਾਹੀ, ਜੱਥੇ ਕੁਲਦੀਪ ਮਛਰਾਏ, ਆਬਜ਼ਰਵਰ ਹਰਬੰਸ ਬਡਾਲੀ, ਯੂਥ ਅਕਾਲੀ ਦਲ ਦੀ ਕੋਰ ਕਮੇਟੀ ਮੈਂਬਰ ਕਮਲਜੀਤ ਸਿੰਘ ਗਿੱਲ, ਡਾ ਅਰਜਨ ਸਿੰਘ, ਬਲਤੇਜ ਸਿੰਘ, ਪੀਏ ਧਰਮਪਾਲ ਭੜੀ ਆਦਿ ਮੌਜੂਦ ਸਨ।

# ਸਕੂਲੀ ਵਿਦਿਆਰਥੀਆਂ ਲਈ ਲਗਾਇਆ ਨਜ਼ਰ ਜਾਂਚ ਕੈਂਪ

ਕਾਦੀਆ, 6ਮਈ (ਸਲਾਮ ਤਾਰੀ) ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਪੰਜਾਬ ਵੱਲੋਂ ਚੱਲ ਰਹੇ ਪ੍ਰੋਗਰਾਮਾਂ ਅਧੀਨ ਸਿਵਲ ਸਰਜਨ ਗੁਰਦਾਸਪੁਰ ਡਾਕਟਰ ਜਸਵਿੰਦਰ ਸਿੰਘ ਜੀ ਦੇ ਦਿਸ਼ਾ ਨਿਰਦੇਸ਼ਾਂ, ਐਸ ਐਮ ਓ ਆਈ ਮੋਬਾਇਲ ਯੂਨਿਟ ਡਾਕਟਰ ਵਿਮੀ ਮਹਾਜਨ ਦੀ ਅਗਵਾਈ ਅਤੇ ਸੀਨੀਅਰ ਮੈਡੀਕਲ ਅਫਸਰ ਡਾਕਟਰ ਨਰੇਸ਼ ਕੁਮਾਰ ਦੀ ਪ੍ਰਧਾਨਗੀ ਹੇਠ ਬਲਾਕ ਭਾਮ ਅਧੀਨ ਆਉਂਦੇ ਸਕੂਲੀ ਬੱਚਿਆਂ ਨੂੰ ਆਰ ਬੀ ਐਸ ਕੇ ਪ੍ਰੋਗਰਾਮ ਹੇਠ ਨਜ਼ਰ ਦੀਆਂ ਐਨਕਾਂ ਮੁਫ਼ਤ ਵੰਡੀਆਂ ਗਈਆਂ। ਓਪਥਲਮਿਕ ਅਫਸਰ ਸ੍ਰੀ ਕਾਰਤਿਕ ਗੁਲਾਟੀ ਨੇ ਦੱਸਿਆ ਕਿ ਨੈਸ਼ਨਲ ਪ੍ਰੋਗਰਾਮ ਕੰਟਰੋਲ ਆਫ ਬਲਾਇੰਡਨੈੱਸ ਹੇਠ ਬਲਾਕ ਭਾਮ ਦੇ ਵੱਖੋ ਵੱਖਰੇ ਸਰਕਾਰੀ ਹਸਪਤਾਲਾਂ ਵਿਖੇ ਸਿਹਤ ਵਿਭਾਗ ਵੱਲੋਂ ਸਕੂਲੀ ਬੱਚਿਆਂ ਦੀ ਨਜ਼ਰ ਚੈੱਕ ਕਰਨ ਦੇ ਕੈਂਪ ਲਗਾਏ ਜਾ ਰਹੇ ਹਨ ।ਹਰ ਮਹੀਨੇ 2 ਕੈਂਪ ਸਕੂਲ ਵਿਖੇ ਲਗਾਉਣ ਦਾ ਟਾਰਗੇਟ ਹੈ ਜਿਸ ਦੀ ਪੂਰਤੀ ਕਰਦੇ ਹੋਏ ਹੁਣ ਤਕ 30 ਵਿਦਿਆਰਥੀਆਂ ਨੂੰ ਮੁਫ਼ਤ ਨਜਰ ਦੀਆਂ ਐਨਕਾਂ ਵੰਡੀਆਂ ਜਾ ਚੁੱਕੀਆਂ ਹਨ।

ਇਸਦੇ ਨਾਲ ਹੀ ਓ.ਪੀ.ਡੀ ਦੌਰਾਨ ਵੀ ਬੁਜ਼ੁਰਗਾਂ ਦੀ ਸਿਹਤ ਸੰਭਾਲ ਅਧੀਨ ਓਹਨਾ ਦੀ ਘਟਦੀ ਨਜਰ ਦਾ ਬਕਾਇਦਾ ਚੈਕਅਪ ਕੀਤਾ ਜਾ ਰਿਹਾ ਹੈ ਅਤੇ ਲੋੜਵੰਦਾਂ ਨੂੰ ਮੁਫ਼ਤ ਨਜਰ ਦੀਆਂ ਐਨਕਾਂ ਮੁਹਈਆ ਕਰਵਾਈਆਂ ਜਾ ਰਹੀਆਂ ਹਨ। ਇਸੇ ਲੜੀ ਤਹਿਤ ਹੁਣ ਤੱਕ 120 ਬੁਜ਼ੁਰਗਾਂ ਨੂੰ ਐਨਕਾਂ ਵੰਡੀਆਂ ਜਾ ਚੁੱਕੀਆਂ ਹਨ। ਬੀ ਈ ਈ ਸੁਰਿੰਦਰ ਕੌਰ ਨੇ ਦੱਸਿਆ ਕਿ ਸੀ ਐਚ ਸੀ ਭਾਮ ਵਿਖੇ ਰੋਜ਼ਾਨਾ ਅੱਖਾਂ ਦਾ ਚੈਕਪ ਹੋ ਰਿਹਾ ਹੈ। ਓ ਪੀ ਡੀ ਦੌਰਾਨ ਕੋਈ ਵੀ ਮਰੀਜ ਨਜਰ ਦੀ ਜਾਂਚ ਕਰਵਾ ਸਕਦਾ ਹੈ। ਇਲਾਕਾ ਵਾਸੀਆਂ ਨੂੰ ਇਸਦਾ ਵੱਧ ਤੋਂ ਵੱਧ ਲਾਹਾ ਲੈਣ ਚਾਹੀਦਾ ਹੈ। ਇਸ ਮੌਕੇ ਤੇ ਏ ਐਮ ਓ ਡਾਕਟਰ ਸੰਦੀਪ ,ਓਪਥਲਮਿਕ ਅਫਸਰ ਸ਼ ?ਰੀ ਕਾਰਤਿਕ ਗੁਲਾਟੀ, ਬੀ ਈ ਈ ਸੁਰਿੰਦਰ ਕੌਰ, ਨਵਦੀਪ ਸਿੰਘ ਫਾਰਮੇਸੀ ਅਫਸਰ ਸਕੂਲੀ ਵਿਦਿਆਰਥੀ ਮੌਜੂਦ ਰਹੇ।





## ਸਟੇਟ ਬੈਂਕ ਆਫ ਇੰਡੀਆ

ਐਸਐਮਈਸੀਸੀ, ਮੁੱਖ ਸ਼ਾਖਾ ਬਿਲਡਿੰਗ ਸਿਵਲ ਲਾਈਨ, ਜਲੰਧਰ

**ਮੰਗ ਸੂਚਨਾ**

**ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 (ਇੱਥੇ ਬਾਅਦ ਵਿੱਚ "ਕਾਨੂੰਨ" ਵਜੋਂ ਸੱਦਿਆ ਗਿਆ) ਦੀ ਧਾਰਾ 13 (2) ਦੇ ਅਧੀਨ ਸੂਚਨਾ**

ਇਸ ਦੁਆਰਾ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨਲਿਖਤ ਕਰਜ਼ਦਾਰ/ਜ਼ਾਮਨ ਨੇ ਬੈਂਕ ਤੋਂ ਉਨ੍ਹਾਂ ਨੂੰ ਪ੍ਰਾਪਤ ਕਰਜ਼ ਸਹੂਲਤ ਦੇ ਮੂਲ ਅਤੇ ਵਿਆਜ ਦੇ ਪੁਨਰ ਭੁਗਤਾਨ ਵਿਚ ਕੁਤਾਹੀ ਕੀਤੀ ਹੈ ਅਤੇ ਕਰਜ਼ੇ ਨੂੰ ਗੈਰ ਕਾਰਗੁਜ਼ਾਰੀ ਵਾਲੀਆਂ ਸੰਪੱਤੀਆਂ (ਐਨਪੀਏ) ਵਜੋਂ ਵਰਗੀਕ੍ਰਿਤ ਕੀਤਾ ਗਿਆ ਹੈ। ਉਨ੍ਹਾਂ ਨੂੰ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੀ ਧਾਰਾ 13 (2) ਦੇ ਅਧੀਨ ਉਨ੍ਹਾਂ ਦੇ ਆਖ਼ਰੀ ਜਾਣੂੰ **ਪਤਿਆਂ** 'ਤੇ ਜੋ ਸੂਚਨਾਵਾਂ ਭੇਜੀਆਂ ਗਈਆਂ ਸਨ, ਉਹ ਅਣ-ਤਾਮੀਲੀਆਂ ਪਰਤ ਆਈਆਂ ਅਤੇ ਇਸ ਲਈ ਉਨ੍ਹਾਂ ਨੂੰ ਇਸ ਦੁਆਰਾ ਜਨਤਕ ਸੂਚਨਾ ਦੇ ਮਾਧਿਅਮ ਰਾਹੀਂ ਸੂਚਿਤ ਕੀਤਾ ਜਾਂਦਾ ਹੈ।

| ਸ਼ਾਖਾ ਅਤੇ ਕਰਜ਼ਦਾਰ (ਾਂ) / ਜ਼ਾਮਨ (ਾਂ) ਦੇ ਨਾਮ | | ਐਨਪੀਏ ਦੀ ਮਿਤੀ | ਮੰਗ ਸੂਚਨਾ ਦੀ ਮਿਤੀ | ਸੂਚਨਾ ਅਨੁਸਾਰ ਬਕਾਇਆ ਰਕਮ |
|---|---|---|---|---|
| ਸ਼ਾਖਾ ਦਫਤਰ : ਖੁਰਲਾ ਕਿੰਗਰਾ, ਜਲੰਧਰ (ਸ਼ਾਖਾ ਕੋਡ 2394) | ਮੈਸਰਜ਼ ਐਵਰੀਡੇਅ ਨੀਡਜ਼ (ਮਾਲਕੀਅਤ ਫਰਮ) ਪ੍ਰੋਪ. ਸ੍ਰੀਮਤੀ ਕੋਮਲ ਸਲਹੋਤਰਾ ਪਤਨੀ ਸ੍ਰੀ ਮੋਨੀਸ਼ ਸਲਹੋਤਰਾ ਦੁਕਾਨ ਨੰ. 49,50,51,52, ਬਸੰਤ ਵਿਹਾਰ, ਖਾਂਬੜਾ, ਨਕੋਦਰ ਰੋਡ, ਜਲੰਧਰ, ਪੰਜਾਬ-144026, ਇਸਦੀ | 29.04.2025 | 30.04.2025 | Rs. 21,16,075.56 29.04.2025 ਦੇ ਅਨੁਸਾਰ ਜਮ੍ਹਾਂ ਵਿਆਜ ਅਤੇ ਹੋਰ ਫੀਸਾਂ |

ਪ੍ਰੋਪਰਾਈਟਰ ਸ੍ਰੀਮਤੀ ਕੋਮਲ ਸਲਹੋਤਰਾ ਪਤਨੀ ਸ੍ਰੀ ਮੋਨੀਸ਼ ਸਲਹੋਤਰਾ 80 ਆਰ, ਬਲਾਕ-ਏ, ਮਾਡਲ ਹਾਊਸ, ਨੇੜੇ ਘਈ ਬੇਕਰੀ, ਜਲੰਧਰ ਪੰਜਾਬ-144003

**(ਬੈਂਕ ਕੋਲ ਹਾਈਪੋਥੋਕੇਟਿਡ ਅਸਾਸਿਆਂ/ਜ਼ਾਮਨੀਆਂ ਦੇ ਵੇਰਵੇ)**

ਸਟਾਕ (ਦਾਲਾਂ, ਆਟਾ, ਦੇਸੀ ਘੀ, ਚੀਨੀ, ਤੇਲ, ਸਾਬਣ, ਨਮਕੀਨ, ਚਿਪਸ, ਚਾਹ ਆਦਿ ਵਰਗੀਆਂ ਕਰਿਆਨਾ ਵਸਤਾਂ), ਟ੍ਰੇਡ ਵਿਚਲੇ ਸਟਾਕ, ਪ੍ਰਾਪਤਯੋਗ, ਖਪਤਯੋਗ ਸਟੋਰਜ਼ ਅਤੇ ਸਪੇਅਰਜ਼ ਅਤੇ ਬੈਂਕ ਵਿੱਤ ਤੋਂ ਖਰੀਦੇ ਪਲਾਂਟ ਅਤੇ ਮਸ਼ੀਨਰੀ ਸਮੇਤ ਚਾਲੂ ਅਸਾਸਿਆਂ ਦੀ ਹਾਈਪੋਥੀਕੇਸ਼ਨ

| ਲ. ਨੰ. | ਮਦ ਦਾ ਵੇਰਵਾ | ਮਾਤਰਾ | ਇਕਾਈ ਮਾਪ | ਦਰ |
|---|---|---|---|---|
| 1. | ਕੈਰੀਅਰ ਸਪਲਿਟ ਏਸੀ | 1 | Pc | Rs. 56,500/- |
| 2. | ਕੈਰੀਅਰ ਸਪਲਿਟ ਏਸੀ | 1 | Pc | Rs. 56,500/- |
| 3. | ਡਿਸਪਲੇ ਰੈਕ | 44 | Pc | Rs. 4,81,496.64 |
| 4. | ਥਰਮਲ ਪ੍ਰਿੰਟਰ ਅਤੇ ਬਾਰ ਕੋਡ ਸਕੈਨਰ ਦੇ ਨਾਲ ਟੀਵੀਐਸ ਐਂਡਰਾਇਡ ਟੱਚ ਪੀਓਐਸ | 3 | Pc | Rs. 64,000/- |
| 5. | ਸਾਈਡ ਡਿਸਪਲੇ ਰੈਕ ਅਤੇ ਫਾਲਸ ਸੀਲਿੰਗ ਵਾਲਾ ਬਿਲਿੰਗ ਕਾਊਂਟਰ | - | - | Rs. 4,43,146.05 |

ਸੂਚਨਾ ਦੀ ਵਿਕਲਪਿਕ ਤਾਮੀਲ ਲਈ ਕਦਮ ਚੁੱਕੇ ਜਾ ਰਹੇ ਹਨ। ਉਕਤ ਕਰਜ਼ਦਾਰ /ਜ਼ਾਮਨ ਨੂੰ ਇਸ ਦੁਆਰਾ ਸੱਦਾ ਦਿੱਤਾ ਜਾਂਦਾ ਹੈ ਕਿ ਇਸ ਸੂਚਨਾ ਦੇ ਪ੍ਰਕਾਸ਼ਨ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਬਕਾਇਆ ਰਕਮ ਦਾ ਭੁਗਤਾਨ ਕਰ ਦੇਣ, ਜਿਸ ਤੋਂ ਅਸਫਲ ਰਹਿਣ 'ਤੇ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੀ ਧਾਰਾ 13 ਦੀ ਉਪਧਾਰਾ (4) ਦੇ ਅਧੀਨ ਇਸ ਸੂਚਨਾ ਦੀ ਮਿਤੀ ਤੋਂ 60 ਦਿਨਾਂ ਦੇ ਲੰਘਣ ਉਪਰੰਤ ਅਗਲੇਰੇ ਕਦਮ ਚੁੱਕੇ ਜਾਣਗੇ।

ਮਿਤੀ : 07.05.2025 ਸਥਾਨ : ਜਲੰਧਰ ਅਧਿਕਾਰਤ ਅਧਿਕਾਰੀ

## ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ

(ਰਜਿ: ਪੀ.ਐਸ.ਈ.ਬੀ. ਮੁੱਖ ਦਫ਼ਤਰ ਦੀ ਮਾਲ ਪਟਿਆਲਾ)
ਕਾਰਪੋਰੇਸ਼ਨ ਆਈ.ਡੀ.ਨੰ.: U40109PB2010SGC033813 ਵੈਬਸਾਈਟ : www.pspcl.in
ਸੰਪਰਕ ਨੰਬਰ : 96461-23800

ਵਧੀਕ ਨਿਗਰਾਨ ਇੰਜੀਨੀਅਰ, ਸਿਵਲ ਉਸਾਰੀ ਅਤੇ ਸਾਂਭ-ਸੰਭਾਲ ਮੰਡਲ, ਅਫ਼ਸਰ ਫਲੈਟ ਨੰਬਰ 18, ਨੇੜੇ 23 ਨੰਬਰ ਰੇਲਵੇ ਫਾਟਕ ਸ਼ਕਤੀ ਵਿਹਾਰ, ਪੀ.ਐਸ.ਪੀ.ਸੀ.ਐਲ., ਪਟਿਆਲਾ ਦੇ ਦਫ਼ਤਰ ਵੱਲੋਂ ਹੇਠ ਲਿਖੇ ਕੰਮਾਂ ਦੇ ਖੁੱਲ੍ਹੇ ਟੈਂਡਰ ਈ-ਟੈਂਡਰ ਪ੍ਰਣਾਲੀ ਰਾਹੀਂ ਸੱਦੇ ਜਾਂਦੇ ਹਨ।

| ਕੰਮ ਦਾ ਨਾਮ | ਟੈਂਡਰ ਇਨਕੁਆਰੀ ਨੰਬਰ / ਮਿਤੀ |
|---|---|
| ਮੁਬਾਰਕਪੁਰ ਬਲਟਾਣਾ 66 KV ਲਾਈਨ ਦੇ ਟਾਵਰ ਨੰਬਰ 33 ਦੇ ਆਲੇ-ਦੁਆਲੇ ਸੁਰੱਖਿਆ ਦੀਵਾਰ (ਪ੍ਰੋਟੈਕਸ਼ਨ ਵਾਲ) ਦੀ ਉਸਾਰੀ ਸੰਬੰਧੀ | 48 / CCM / PTA / 2024-25 ਮਿਤੀ : 05 / 05 / 2025 (ਸ਼ੋਰਟ ਟਰਮ) |
| ਪਾਵਰ ਕਲੋਨੀ ਰੋਪੜ ਵਿਖੇ ਐਮ.ਈ. ਲੈਬ ਦਫ਼ਤਰ ਦੀਆਂ ਇਮਾਰਤਾਂ ਦੇ ਨਵੀਨੀਕਰਨ ਸੰਬੰਧੀ | 25 / CCM / PTA / 2024-25 ਮਿਤੀ : 05 / 05 / 2025 |
| ਓ ਐਂਡ ਐਮ ਡਿਵੀਜ਼ਨ, ਮੁਹਾਲੀ ਅਧੀਨ 66 ਕੇ.ਵੀ. ਸਬ-ਸਟੇਸ਼ਨ ਘੜੂਆਂ ਵਿਖੇ ਐਸ.ਐਚ.ਬੀ. ਦੇ ਵਿਸਤਾਰ ਸੰਬੰਧੀ | 26 / CCM / PTA / 2024-25 ਮਿਤੀ : 05 / 05 / 2025 |

ਇਹਨਾਂ ਕੰਮਾਂ ਦੀ DNIT ਅਤੇ ਟੈਂਡਰ ਸਪੈਸੀਫਿਕੇਸ਼ਨ ਸੰਬੰਧੀ ਡਿਟੇਲ ਨੋਟਿਸ https://eproc.punjab.gov.in ਦੀ ਵੈਬ-ਸਾਈਟ ਤੇ ਮਿਤੀ 08/05/2025 ਨੂੰ 03:00 ਵਜੇ ਦੁਪਹਿਰ ਬਾਅਦ ਤੋਂ ਵੇਖੇ ਜਾ ਸਕਦੇ ਹਨ।
ਨੋਟ : ਜੇਕਰ ਕਿਸੇ ਕਾਰਨ ਟੈਂਡਰ ਪ੍ਰਕਿਰਿਆ ਪੂਰੀ ਨਹੀਂ ਹੁੰਦੀ ਤਾਂ ਸੋਧ ਸੰਬੰਧੀ ਵੇਰਵੇ https://eproc.punjab.gov.in ਤੇ ਹੀ ਦਿੱਤੇ ਜਾਣਗੇ ਜੀ। C 329 / 25
RO No. PR Advt. No. 76155 / 12 / 4202 / 2023 / 44142 / Dated CHD: 5 / 6 / 2025

## ਪੰਜਾਬ ਸਰਕਾਰ

**ਟੈਂਡਰ ਸੂਚਨਾ ਹਵਾਲਾ ਨੰਬਰ 2025/186 ਮਿਤੀ 05.05.2025**

ਐਸਪੀਓ ਵਿਭਾਗ, ਪੀਏਯੂ, ਲੁਧਿਆਣਾ ਵੱਲੋਂ ਨਿਮਨਲਿਖਤ ਖਰੀਦ ਦੇ ਲਈ ਆਨਲਾਈਨ ਈ-ਟੈਂਡਰ ਮੰਗੇ ਜਾਂਦੇ ਹਨ:

**ਡੀਐਸਡਬਲਿਊ, ਪੀਏਯੂ ਲੁਧਿਆਣਾ ਦੇ ਸਾਰੇ ਹੋਸਟਲਾਂ ਲਈ ਆਰਓ ਸਿਸਟਮ ਨਾਲ ਵਾਟਰ ਕੂਲਰਾਂ ਦੀ ਖਰੀਦ**

ਬੰਦ ਹੋਣ ਦੀ ਮਿਤੀ ਅਤੇ ਸਮਾਂ : 26.05.2025 ਨੂੰ ਸਵੇਰੇ 11.00 ਵਜੇ
ਵੇਰਵਿਆਂ ਲਈ ਲਾਗ ਆਨ ਕਰੋ : www.eproc.punjab.gov.in ਅਤੇ www.pau.edu
ਨੋਟ : ਈ-ਟੈਂਡਰ ਸੂਚਨਾ ਵਿਚ ਕੋਈ ਵੀ ਸੋਧ (ਾਂ) ਕੇਵਲ ਉਕਤ ਵੈਬਸਾਈਟ 'ਤੇ ਹੀ ਪਾਈ ਜਾਵੇਗੀ।
ਸਹੀ/-ਪ੍ਰਬੰਧਕੀ ਸਹਿ ਲੇਖਾ ਅਧਿਕਾਰੀ, ਸਟੋਰ ਖਰੀਦ ਲੁਧਿਆਣਾ
ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ
(ਈ-ਮੇਲ : spoaao@pau.edu)
RO.No.PR-Advt.NA/12/29718/2023/44122/Dated CHD : 5/5/2025

## ਐਸਐਮਐਫਜੀ ਇੰਡੀਆ ਹੋਮ ਫਾਇਨਾਂਸ ਕੰਪਨੀ ਲਿਮ.

SMFG Grihashakti — Nayi Asha. Naya Vishwas.

*(ਸਾਬਕਾ ਤੌਰ 'ਤੇ ਫੁਲਰਟਨ ਇੰਡੀਆ ਹੋਮ ਫਾਇਨਾਂਸ ਕੰਪਨੀ ਲਿਮ.)*
ਕਾਰਪੋਰੇਟ ਦਫਤਰ : 503 ਅਤੇ 504, 5ਵੀਂ ਮੰਜ਼ਿਲ, ਜੀ-ਬਲਾਕ, ਇਂਸਪਾਇਰ ਬੀਕੇਸੀ, ਬੀਕੇਸੀ ਮੁੱਖ ਸੜਕ, ਬਾਂਦਰਾ ਕੁਰਲਾ ਕੰਪਲੈਕਸ, ਬਾਂਦਰਾ (ਪੂਰਬ), ਮੁੰਬਈ-400051
ਰਜਿ. ਦਫ਼ਤਰ : ਕਾਮਰਜ਼ੋਨ ਆਈਟੀ ਪਾਰਕ, ਟਾਵਰ ਬੀ, ਪਹਿਲੀ ਮੰਜ਼ਿਲ, ਨੰ. 111, ਮਾਂਊਟ ਪੂਨਾਮਾਲੀ ਰੋਡ, ਪੋਰੂਰ, ਚੇਨੱਈ-600116, ਤਾਮਿਲਨਾਡੂ

**ਅਚੱਲ ਸੰਪੱਤੀ ਦੇ ਲਈ ਕਬਜ਼ਾ ਸੂਚਨਾ [(ਅੰਤਿਕਾ IV) ਨਿਯਮ 8(1)]**

ਜਿਥੇ ਕਿ, ਨਿਮਨ ਹਸਤਾਖਰੀ ਨੇ **ਐਸਐਮਐਫਜੀ ਇੰਡੀਆ ਹੋਮ ਫਾਇਨਾਂਸ ਕੰਪਨੀ ਲਿਮ.** *(ਸਾਬਕਾ ਤੌਰ 'ਤੇ ਫੁਲਰਟਨ ਇੰਡੀਆ ਹੋਮ ਫਾਇਨਾਂਸ ਕੰਪਨੀ ਲਿਮ.)* ਇੱਕ ਹਾਊਸਿੰਗ ਫਾਇਨਾਂਸ ਕੰਪਨੀ (ਨੈਸ਼ਨਲ ਹਾਊਸਿੰਗ ਬੈਂਕ (ਪੂਰੀ ਤਰ੍ਹਾਂ **ਆਰਬੀਆਈ** ਦੀ ਮਾਲਕੀ ਹੇਠ) ਨਾਲ ਪੂਰਨ ਪੰਜੀਕ੍ਰਿਤ) (ਇੱਥੇ ਬਾਅਦ ਵਿੱਚ **''ਐਸਐਮਐਚਐਫਸੀ''** ਵੱਜੋਂ ਸੰਦਰਭਿਤ) ਦੇ **ਅਧਿਕਾਰਤ ਅਧਿਕਾਰੀ** ਵਜੋਂ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 (2002 ਦਾ 54) ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 3 ਨਾਲ ਪੜ੍ਹੀ ਜਾਣ ਵਾਲੀ ਧਾਰਾ 13 (12) ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਦਰਸਾਈ ਸੂਚਨਾ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਵਿਆਜ ਅਤੇ ਦਰਸਾਈ ਸੂਚਨਾ ਵਿੱਚ ਦਰਸਾਈ ਰਕਮ ਨੂੰ ਅਦਾ ਕਰਨ ਦੇ ਲਈ ਕਰਜ਼ਦਾਰਾਂ (**ਨਾਮ ਨਿਮਨ ਦਰਸਾਏ**) ਨੂੰ ਸੱਦਾ ਦਿੰਦੇ ਹੋਏ ਦਰਸਾਏ ਕਾਨੂੰਨ ਦੀ ਧਾਰਾ 13 (2) ਦੇ ਅਧੀਨ ਨਿਮਨ ਦਰਸਾਈ ਮਿਤੀ ਨੂੰ ਮੰਗ ਸੂਚਨਾ ਜਾਰੀ ਕੀਤੀ ਸੀ। ਇੱਥੇ ਦਰਸਾਏ ਕਰਜ਼ਦਾਰ ਰਕਮ ਅਦਾ ਕਰਨ ਵਿਚ ਅਸਫ਼ਲ ਰਹੇ ਹਨ, ਇਸ ਲਈ ਇਥੇ ਨਿਮਨ ਦਰਸਾਏ ਕਰਜ਼ਦਾਰਾਂ ਨੂੰ ਅਤੇ **ਆਮ ਕਰਕੇ ਜਨਤਾ** ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖਰੀ ਨੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 ਨਾਲ ਪੜ੍ਹੇ ਜਾਣ ਵਾਲੇ ਕਾਨੂੰਨ ਦੀ ਧਾਰਾ 13 ਦੀ ਉਪ-ਧਾਰਾ (4) ਅਧੀਨ ਮੈਨੂੰ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਮਨ ਦਰਸਾਈ ਸੰਪੱਤੀ ਦੇ **ਕਬਜ਼ਾ** ਲੈ ਲਿਆ ਹੈ। ਉਕਤ ਦਰਸਾਏ ਕਰਜ਼ਦਾਰਾਂ ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਥੇ ਚਿਤਾਵਨੀ ਦਿੱਤੀ ਜਾਂਦੀ ਹੈ ਕਿ ਦਰਸਾਈ ਸੰਪੱਤੀ ਦੀ ਕੋਈ ਸੌਦੇਬਾਜ਼ੀ ਨਾ ਕੀਤੀ ਜਾਵੇ ਅਤੇ ਸੰਪੱਤੀ ਦੀ ਕੋਈ ਵੀ ਸੌਦੇਬਾਜ਼ੀ ਨਿਮਨ ਦਰਸਾਈ ਰਕਮ ਅਤੇ ਵਿਆਜ ਦੇ ਲਈ **''ਐਸਐਮਐਚਐਫਸੀ''** ਦੇ ਚਾਰਜ ਨਾਲ ਸਬੰਧਤ ਹੋਵੇਗੀ।

| ਲ ਨੰ. | ਕਰਜ਼ਦਾਰ(ਾਂ)/ਜ਼ਾਮਨ (ਾਂ) ਦਾ ਨਾਮ ਕਰਜ਼ ਖਾਤਾ ਨੰਬਰ | ਸੁਰੱਖਿਅਤ ਅਸਾਸਿਆਂ (ਅਚੱਲ ਸੰਪੱਤੀ)ਦੇ ਵੇਰਵੇ | ਮੰਗ ਸੂਚਨਾ ਦੀ ਮਿਤੀ ਅਤੇ ਰਕਮ | ਕਬਜ਼ੇ ਦੀ ਮਿਤੀ |
|---|---|---|---|---|
| 1 | LAN :- 610138011175448 1. ਰੇਸ਼ਮਾ ਦੇਵੀ 2. ਦ੍ਰੋਪਤੀ ਦੇਵੀ 3. ਰਾਮ ਸ਼ੰਕਰ | ਵਿਕਰੀ ਡੀਡ ਵਸੀਕਾ ਨੰਬਰ-2022-23/103/1/7291 ਮਿਤੀ 23-1-2023 ਦੇ ਅਧੀਨ ਰੇਸ਼ਮਾ ਦੇਵੀ ਧੀ ਰਾਮ ਸ਼ੰਕਰ ਦੇ ਨਾਮ 'ਤੇ ਦਰਜ ਜਾਇਦਾਦ ਦੇ ਮਕਾਨ ਕਮ ਪਲਾਟ ਨੰਬਰ 199, 50 ਵਰਗ ਗਜ਼, ਖਸਰਾ ਨੰਬਰ-2//26-27-28-29-32-33-3//33-34-36, ਖਟਾ ਨੰਬਰ-253/253, ਜਮ੍ਹਾਂਬੰਦੀ ਵਿੱਚ ਸ਼ਾਮਲ ਹਨ, ਸਾਲ 2012-13 ਲਈ, ਪਿੰਡ-ਮਹਿਮੂਦਪੁਰਾ, ਐਚਬੀ ਨੰਬਰ-275, ਆਬਾਦੀ ਪਲਾਟ ਨੰਬਰ-199, ਸਿਟੀ ਐਨਕਲੇਵ, ਧਾਂਦਰਾ ਰੋਡ, ਤਹਿਸੀਲ ਅਤੇ ਜ਼ਿਲ੍ਹਾ-ਲੁਧਿਆਣਾ ਵਿਖੇ ਸਥਿਤ ਸੰਪੱਤੀ ਦੇ ਸਾਰੇ ਭਾਗ ਅਤੇ ਹਿੱਸੇ। ਹੇਠ ਲਿਖੇ ਅਨੁਸਾਰ ਹੱਦਬੰਦੀ: - ਪੂਰਬ-ਗਲੀ, ਪੱਛਮ-ਖਾਲੀ ਪਲਾਟ, ਉੱਤਰ-ਗਲੀ, ਦੱਖਣੀ-ਗੁਆਂਢੀ। | 20.11.2024 Rs. 12,47,214/- (ਰੁ. ਬਾਰਾਂ ਲੱਖ ਸੰਤਾਲੀ ਹਜ਼ਾਰ ਦੋ ਸੌ ਚੌਦਾਂ ਕੇਵਲ) 16.11.2024 ਦੇ ਅਨੁਸਾਰ | 05.05.2025 |
| 2 | LAN :- 609839511112043 1. ਵੀਰ ਪਾਲ 2. ਮਮਤਾ ਪਤਨੀ ਵੀਰ ਪਾਲ | ਪਲਾਟ ਮਾਪ 4 ਮਰਲੇ 7 ਸਰਸਾਹੀ 43/2196 ਹਿੱਸਾ ਜ਼ਮੀਨ ਮਾਪ 12 ਕਨਾਲ 4 ਮਰਲੇ ਖੇਵਟ/ਖਤੌਨੀ ਨੰਬਰ 398/464 ਖਸਰਾ ਨੰਬਰ 9//18/2(5-2), 19(7-2), ਮਕਾਨ ਨੰ. 49, ਪਿੰਡ ਸ਼ਾਮਪੁਰਾ, ਤਹਿਸੀਲ ਅਤੇ ਜ਼ਿਲ੍ਹਾ ਰੂਪਨਗਰ, ਪੰਜਾਬ ਵਿਖੇ ਸਥਿਤ ਹੈ। | 15.02.2024 Rs. 14,23,395/- (ਰੁ. ਚੌਦਾਂ ਲੱਖ ਤੇਈ ਹਜ਼ਾਰ ਤਿੰਨ ਸੌ ਪਚਾਨਵੇਂ ਕੇਵਲ) 15.02.2024 ਦੇ ਅਨੁਸਾਰ | 05.05.2025 |

ਸਥਾਨ: ਲੁਧਿਆਣਾ, ਰੂਪਨਗਰ, ਪੰਜਾਬ
ਮਿਤੀ : 05.05.2025
ਸਹੀ/-
ਅਧਿਕਾਰਤ ਅਧਿਕਾਰੀ, ਐਸਐਮਐਫਜੀ ਇੰਡੀਆ ਹੋਮ ਫਾਇਨਾਂਸ ਕੰਪਨੀ ਲਿਮ.
*(ਸਾਬਕਾ ਤੌਰ 'ਤੇ ਫੁਲਰਟਨ ਇੰਡੀਆ ਹੋਮ ਫਾਇਨਾਂਸ ਕੰਪਨੀ ਲਿਮ.)*

## ਬੈਂਕ ਆਫ ਬੜੌਦਾ Bank of Baroda

ਸ਼ਾਖਾ : ਨਾਮਦੇਵ ਚੌਕ, ਜਲੰਧਰ-144001

**ਕਬਜ਼ਾ ਸੂਚਨਾ (ਅਚੱਲ ਸੰਪੱਤੀ ਦੇ ਲਈ)**

ਜਿਥੇ ਕਿ, ਨਿਮਨ ਹਸਤਾਖ਼ਰੀ ਨੇ **ਬੈਂਕ ਆਫ ਬੜੌਦਾ** ਦੇ ਅਧਿਕਾਰਤ ਅਧਿਕਾਰੀ ਵਜੋਂ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ (ਦੂਜਾ) ਅਧਿਆਦੇਸ਼ ਕਾਨੂੰਨ, 2002 ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 3 ਨਾਲ ਪੜ੍ਹੀ ਜਾਣ ਵਾਲੀ ਧਾਰਾ 13 (12) ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਦਰਸਾਈ ਸੂਚਨਾ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਸੂਚਨਾ ਵਿਚ ਰਕਮ ਨੂੰ ਅਦਾ ਕਰਨ ਦੇ ਲਈ ਉਨ੍ਹਾਂ ਨੂੰ ਸੱਦਾ ਦੇਣ ਉਪਰੰਤ ਇਥੇ ਦਰਸਾਈ ਅਤੇ ਖਾਤੇ ਅਧੀਨ ਦਰਸਾਈ ਮਿਤੀ ਨੂੰ 13 (2) ਅਧੀਨ ਮੰਗ ਸੂਚਨਾ ਜਾਰੀ ਕੀਤੀ ਸੀ।
ਕਰਜ਼ਦਾਰ/ਾਂ ਰਕਮ ਅਦਾ ਕਰਨ ਵਿਚ ਅਸਫ਼ਲ ਰਹੇ ਹਨ, ਇਸ ਲਈ ਇਥੇ ਕਰਜ਼ਦਾਰ/ਾਂ ਨੂੰ ਅਤੇ ਆਮ ਜਨਤਾ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖ਼ਰੀ ਨੇ ਖਾਤੇ ਅਧੀਨ ਦਰਸਾਈਆਂ ਮਿਤੀਆਂ ਨੂੰ ਸੁਰੱਖਿਆ ਵਿਆਜ ਲਾਗੂਕਰਨ ਨਿਯਮਾਂਵਲੀ, 2002 ਦੇ ਨਿਯਮ 8 ਨਾਲ ਪੜ੍ਹੇ ਜਾਣ ਵਾਲੇ ਕਾਨੂੰਨ ਦੀ ਧਾਰਾ 13 ਦੀ ਉਪ-ਧਾਰਾ (4) ਅਧੀਨ ਉਨ੍ਹਾਂ ਨੂੰ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਮਨ ਦਰਸਾਈ ਸੰਪੱਤੀ ਦਾ **ਕਬਜ਼ਾ** ਲੈ ਲਿਆ ਹੈ।
ਕਰਜ਼ਦਾਰ/ਜ਼ਾਮਨ/ਗਿਰਵੀਕਾਰਾਂ ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਥੇ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਸੰਪੱਤੀ ਦੀ ਸੌਦੇਬਾਜ਼ੀ ਨਾ ਕੀਤੀ ਜਾਵੇ ਅਤੇ ਸੰਪੱਤੀ ਦੀ ਕੋਈ ਵੀ ਸੌਦੇਬਾਜ਼ੀ ਉਨ੍ਹਾਂ ਦੇ ਨਾਮ ਅਧੀਨ ਦਰਸਾਈ ਰਕਮ ਜਮ੍ਹਾਂ ਪੂਰਤੀ ਹੋਣ ਤੱਕ ਲਾਗੂ ਵਿਆਜ ਅਤੇ ਹੋਰ ਫੀਸਾਂ ਦੇ ਲਈ **ਬੈਂਕ ਆਫ ਬੜੌਦਾ** ਦੇ ਚਾਰਜ ਨਾਲ ਸਬੰਧਤ ਹੋਵੇਗੀ।
***ਕਰਜ਼ਦਾਰ ਦਾ ਧਿਆਨ ਸੁਰੱਖਿਅਤ ਸੰਪੱਤੀਆਂ ਦੀ ਪੁਨਰ ਪ੍ਰਾਪਤੀ ਲਈ ਉਪਲਬਧ ਸਮੇਂ ਦੇ ਸਬੰਧ ਵਿਚ ਕਾਨੂੰਨ ਦੀ ਧਾਰਾ 13 ਦੀ ਉਪ-ਧਾਰਾ (8) ਦੀ ਵਿਵਸਥਾ ਵੱਲ ਦੁਆਇਆ ਜਾਂਦਾ ਹੈ।***

| ਖਾਤਾ, ਕਰਜ਼ਦਾਰਾਂ ਅਤੇ ਜ਼ਾਮਨਾਂ ਦੇ ਨਾਮ | ਸੰਪੱਤੀ ਦਾ ਵੇਰਵਾ | ਕਬਜ਼ੇ ਦੀ ਮਿਤੀ | ਮੰਗ ਸੂਚਨਾ ਦੀ ਮਿਤੀ | ਮੰਗ ਸੂਚਨਾ ਅਨੁਸਾਰ ਵਸੂਲੀਯੋਗ ਰਕਮ |
|---|---|---|---|---|
| **ਕਰਜ਼ਦਾਰ : ਮਿਸ ਆਂਚਲ ਸ਼ਰਮਾ ਅਤੇ ਸ੍ਰੀਮਤੀ ਮੀਰਾ ਸ਼ਰਮਾ**, ਵਾਸੀ ਮਕਾਨ ਨੰ. 42-43, ਤਿਲਕ ਨਗਰ, ਬਸਤੀ ਸ਼ੇਖ ਟਾਵਰ ਟਾਊਨ ਕਲੋਨੀ, ਜਲੰਧਰ-144014 | ਵਿਕਰੀ ਡੀਡ ਵਸੀਕਾ ਨੰਬਰ 2529 ਮਿਤੀ 30-06-2016 ਦੇ ਅਧੀਨ ਆਂਚਲ ਸ਼ਰਮਾ ਦੇ ਨਾਮ 'ਤੇ ਦਰਜ਼ ਰਿਹਾਇਸ਼ੀ ਜਾਇਦਾਦ ਦਾ ਬਰਾਬਰ ਗਿਰਵੀਨਾਮਾ ਮਕਾਨ ਨੰਬਰ 42-43, ਤਿਲਕ ਨਗਰ, ਬਸਤੀ ਸ਼ੇਖ ਟਾਵਰ ਟਾਊਨ ਕਲੋਨੀ, ਜਲੰਧਰ-144014 ਵਿਖੇ ਸਥਿਤ। ਹੱਦਾਂ ਇਸ ਪ੍ਰਕਾਰ ਹਨ: ਪੂਰਬ: ਪਲਾਟ ਨੰਬਰ 52 ਸ੍ਰੀ ਅਮਨ, ਪੱਛਮ: ਪਲਾਟ ਨੰਬਰ 54 ਸ੍ਰੀ ਦਲੀਪ ਕੁਮਾਰ, ਉੱਤਰੀ ਰੋਡ, ਦੱਖਣ: ਪਲਾਟ ਨੰਬਰ 49 ਸ੍ਰੀ ਦਲੀਪ ਕੁਮਾਰ। | 06.05.2025 | 03.03.2025 | Rs. 8,88,666/- (ਰੁ. ਅੱਠ ਲੱਖ ਅਠਾਸੀ ਹਜ਼ਾਰ ਛੇ ਸੌ ਛਿਆਹਠ ਕੇਵਲ) ਠੇਕਾ ਦਰ 'ਤੇ ਵਿਆਜ ਜਮ੍ਹਾਂ ਭੁਗਤਾਨ ਦੀ ਮਿਤੀ ਤੱਕ ਲਾਗਤ, ਫੀਸਾਂ ਅਤੇ ਖਰਚੇ। |

ਮਿਤੀ : 07.05.2025 ਸਥਾਨ : ਜਲੰਧਰ ਅਧਿਕਾਰਤ ਅਧਿਕਾਰੀ

# 1965 ਦੀ ਜੰਗ

# ਜਦੋਂ ਭਾਰਤੀ ਫੌਜ ਨੇ ਲਾਹੌਰ ਨੂੰ ਤਿੰਨ ਪਾਸਿਆਂ ਤੋਂ ਘੇਰ ਲਿਆ

## ਪਾਕਿਸਤਾਨ ਰਹਿ ਗਿਆ ਸੀ ਹੈਰਾਨ



ਇਹ 6 ਸਤੰਬਰ 1965 ਦੀ ਤਾਰੀਖ਼ ਸੀ, ਜਦੋਂ ਭਾਰਤੀ ਫੌਜ ਨੇ ਤੜਕੇ ਤਿੰਨ ਪਾਸਿਆਂ ਤੋਂ ਲਾਹੌਰ 'ਤੇ ਹਮਲਾ ਕੀਤਾ ਅਤੇ ਪਾਕਿਸਤਾਨੀ ਫੌਜ ਨੂੰ ਭਾਰੀ ਝਟਕਾ ਦਿੱਤਾ। ਦੋ ਦਿਨ ਬਾਅਦ, 8 ਸਤੰਬਰ ਨੂੰ, ਸਿਆਲਕੋਟ 'ਤੇ ਵੀ ਪਠਾਨਕੋਟ-ਜੰਮੂ ਧੁਰੇ ਤੋਂ ਹਮਲਾ ਕੀਤਾ ਗਿਆ। ਲਾਹੌਰ 'ਤੇ ਇਹ ਹਮਲਾ ਜੰਮੂ-ਕਸ਼ਮੀਰ ਵਿੱਚ ਪਾਕਿਸਤਾਨ ਦੀ ਘੁਸਪੈਠ ਦਾ ਢੁਕਵਾਂ ਜਵਾਬ ਸੀ। ਇਸ ਨਾਲ ਪਾਕਿਸਤਾਨੀ ਫੌਜ ਪੂਰੀ ਤਰ੍ਹਾਂ ਹੈਰਾਨ ਰਹਿ ਗਈ। ਇਹ ਇੱਕ ਦਲੇਰਾਨਾ ਕਾਰਵਾਈ ਸੀ ਜਿਸਦੀ ਪਾਕਿਸਤਾਨ ਦੀ ਫੌਜੀ ਸਥਾਪਨਾ ਪੂਰੀ ਤਰ੍ਹਾਂ ਉਮੀਦ ਕਰ ਰਹੀ ਸੀ। ਪਾਕਿਸਤਾਨ ਦਾ ਮੰਨਣਾ ਸੀ ਕਿ ਭਾਰਤ ਸਿਰਫ਼ ਜੰਮੂ-ਕਸ਼ਮੀਰ ਵਿੱਚ ਹੀ ਜਵਾਬੀ ਕਾਰਵਾਈ ਕਰੇਗਾ।

ਉਸ ਦਿਨ ਕੀ ਹੋਇਆ ਸੀ?

6 ਸਤੰਬਰ ਦੀ ਸਵੇਰ ਨੂੰ, ਭਾਰਤੀ ਫੌਜਾਂ ਤਿੰਨ ਮੋਰਚਿਆਂ - ਵਾਹਗਾ-ਡੋਗਰਾਈ, ਖਾਲੜਾ-ਬੁਰਕੀ, ਅਤੇ ਖੇਮਕਰਨ-ਕਸੂਰ - ਤੋਂ ਲਾਹੌਰ ਵੱਲ ਵਧੀਆਂ। ਇਸਦਾ ਮਤਲਬ ਸੀ ਕਿ ਲਾਹੌਰ ਤਿੰਨ ਪਾਸਿਆਂ ਤੋਂ ਖ਼ਤਰੇ ਵਿੱਚ ਸੀ। ਥੋੜ੍ਹੀ ਜਿਹੀ ਗੋਲੀਬਾਰੀ ਤੋਂ ਬਾਅਦ, ਭਾਰਤੀ ਫੌਜਾਂ ਨੇ ਜਲਦੀ ਹੀ ਸਾਬਕਾ ਗ੍ਰੈਂਡ ਟਰੰਕ (ਜੀਟੀ) ਰੋਡ 'ਤੇ ਵਾਹਗਾ ਸਰਹੱਦ 'ਤੇ ਸਾਂਝੀ ਚੈੱਕ ਪੋਸਟ 'ਤੇ ਕਬਜ਼ਾ ਕਰ ਲਿਆ ਅਤੇ ਲਾਹੌਰ ਵੱਲ ਵਧ ਗਏ। ਫੌਜ ਦੀਆਂ ਅਗਾਂਹਵਧੂ ਪਾਰਟੀਆਂ ਲਾਹੌਰ ਦੇ ਬਾਹਰਵਾਰ - ਬਾਤਾਪੁਰ, ਡੋਗਰਾਈ ਅਤੇ ਬਰਕੀ - ਪਹੁੰਚ ਗਈਆਂ। ਅੱਜ ਇਹ ਪਿੰਡ ਲਾਹੌਰ ਸ਼ਹਿਰ ਦਾ ਹਿੱਸਾ ਬਣ ਗਏ ਹਨ।

ਲਾਹੌਰ 'ਤੇ ਹਮਲੇ ਦਾ ਕਾਰਨ ਕੀ ਸੀ?

ਅਗਸਤ 1965 ਤੋਂ, ਪਾਕਿਸਤਾਨ ਨੇ ਆਪ੍ਰੇਸ਼ਨ ਜਿਬਰਾਲਟਰ ਦੇ ਤਹਿਤ ਜੰਮੂ ਅਤੇ ਕਸ਼ਮੀਰ ਵਿੱਚ ਇੱਕ ਅਣਐਲਾਨੀ ਜੰਗ ਛੇੜ ਦਿੱਤੀ ਸੀ। 1 ਸਤੰਬਰ ਨੂੰ, ਉਸਨੇ ਅਖਨੂਰ ਸੈਕਟਰ ਵਿੱਚ ਟੈਂਕਾਂ ਅਤੇ ਹਵਾਈ ਸੈਨਾ ਦੀ ਸਹਾਇਤਾ ਨਾਲ ਇੱਕ ਰਵਾਇਤੀ ਫੌਜੀ ਹਮਲਾ ਸ਼ੁਰੂ ਕੀਤਾ, ਜਿਸਦਾ ਉਦੇਸ਼ ਅਖਨੂਰ 'ਤੇ ਕਬਜ਼ਾ ਕਰਨਾ ਅਤੇ ਜੰਮੂ ਵੱਲ ਵਧਣਾ ਸੀ। ਜਵਾਬ ਵਿੱਚ, ਭਾਰਤੀ ਫੌਜ ਨੇ 5 ਅਤੇ 6 ਸਤੰਬਰ ਦੀ ਰਾਤ ਨੂੰ ਪੰਜਾਬ ਵਿੱਚ ਕਈ ਥਾਵਾਂ 'ਤੇ ਅੰਤਰਰਾਸ਼ਟਰੀ ਸਰਹੱਦ ਪਾਰ ਕੀਤੀ। ਇਸ ਹਮਲੇ ਨੇ ਲਾਹੌਰ ਸੈਕਟਰ ਵਿੱਚ ਪਾਕਿਸਤਾਨ ਨੂੰ ਪੂਰੀ ਤਰ੍ਹਾਂ ਹਿਲਾ ਕੇ ਰੱਖ ਦਿੱਤਾ। ਪੱਛਮੀ ਫੌਜ ਦੇ ਕਮਾਂਡਰ ਲੈਫਟੀਨੈਂਟ ਜਨਰਲ ਹਰਬਖਸ਼ ਸਿੰਘ ਦੇ ਅਨੁਸਾਰ, ਰਣਨੀਤੀ ਇਹ ਸੀ ਕਿ ਪਾਕਿਸਤਾਨੀ ਫੌਜ ਨੂੰ ਅਖਨੂਰ ਤੋਂ ਲਾਹੌਰ ਸੈਕਟਰ ਵੱਲ ਆਪਣੀਆਂ ਫੌਜਾਂ ਵਾਪਸ ਬੁਲਾਉਣ ਲਈ ਮਜਬੂਰ ਕੀਤਾ ਜਾਵੇ, ਇਸ ਤਰ੍ਹਾਂ ਇਸਦੇ ਹਮਲੇ ਨੂੰ ਹੌਲੀ ਕੀਤਾ ਜਾਵੇ। ਭਾਰਤੀ ਯੋਜਨਾ ਵਿੱਚ ਲਾਹੌਰ ਵਿੱਚ ਇਛੋਗਿਲ ਨਹਿਰ ਤੱਕ ਪਹੁੰਚਣਾ ਅਤੇ ਉਸ ਉੱਤੇ ਕਬਜ਼ਾ ਕਰਨਾ ਸ਼ਾਮਲ ਸੀ। ਇਹ ਨਹਿਰ ਲਾਹੌਰ ਦੀ ਰੱਖਿਆ ਕਰਨ ਵਾਲੀ ਇੱਕ ਵੱਡੀ ਪਾਣੀ ਦੀ ਰੁਕਾਵਟ ਸੀ। ਜੇਕਰ ਭਾਰਤ ਨੇ ਇਸ 'ਤੇ ਕਬਜ਼ਾ ਕਰ ਲਿਆ ਹੁੰਦਾ, ਤਾਂ ਇਹ ਲਾਹੌਰ ਲਈ ਸਿੱਧਾ ਖ਼ਤਰਾ ਬਣ ਜਾਂਦਾ। ਭਾਰਤੀ ਫੌਜ ਦੀ 15ਵੀਂ ਇਨਫੈਂਟਰੀ ਡਿਵੀਜ਼ਨ ਨੇ ਜੀਟੀ ਰੋਡ 'ਤੇ ਤੇਜ਼ ਹਮਲਾ ਕੀਤਾ ਅਤੇ ਵਾਹਗਾ ਵਿਖੇ ਪਾਕਿਸਤਾਨੀ ਸਰਹੱਦੀ ਫੌਜਾਂ ਨੂੰ ਪਿੱਛੇ ਧੱਕ ਦਿੱਤਾ। ਫੌਜਾਂ ਬਾਟਾਪੁਰ ਪਹੁੰਚ ਗਈਆਂ। ਹਾਲਾਂਕਿ, ਸ਼ੁਰੂਆਤੀ ਲੀਡ ਦੇ ਬਾਵਜੂਦ, ਬਾਅਦ ਦੀ ਕਾਰਵਾਈ ਵਿੱਚ ਗਤੀ ਜਾਰੀ ਨਹੀਂ ਰਹੀ। ਉੱਚ ਪੱਧਰ 'ਤੇ ਕਮਜ਼ੋਰ ਫੌਜੀ ਲੀਡਰਸ਼ਿਪ ਕਾਰਨ ਕਈ ਸੀਨੀਅਰ ਅਧਿਕਾਰੀਆਂ ਨੂੰ ਹਟਾ ਦਿੱਤਾ ਗਿਆ ਅਤੇ ਲਾਹੌਰ 'ਤੇ ਕਬਜ਼ਾ ਕਰਨ ਦਾ ਮੌਕਾ ਖੁੰਝ ਗਿਆ। ਭਾਰਤੀ ਫੌਜ ਵੱਲੋਂ 15ਵੀਂ ਇਨਫੈਂਟਰੀ ਡਿਵੀਜ਼ਨ ਅਤੇ ਚੌਥੀ ਪਹਾੜੀ ਡਿਵੀਜ਼ਨ ਦੇ ਖੇਤਰ ਵਿੱਚ ਹਮਲਾ ਕਰਕੇ ਸ਼ੁਰੂਆਤੀ ਸਫਲਤਾ ਤੋਂ ਬਾਅਦ, ਕਈ ਖੇਤਰਾਂ ਵਿੱਚ ਗਤੀ ਬਰਕਰਾਰ ਨਹੀਂ ਰਹਿ ਸਕੀ। ਉੱਚ ਪੱਧਰ 'ਤੇ ਮਾੜੀ ਫੌਜੀ ਲੀਡਰਸ਼ਿਪ ਦੇ ਨਤੀਜੇ ਵਜੋਂ ਕਈ ਸੀਨੀਅਰ ਫੌਜੀ ਅਧਿਕਾਰੀਆਂ ਨੂੰ ਕਮਾਂਡ ਤੋਂ ਹਟਾ ਦਿੱਤਾ ਗਿਆ।

ਭਾਰਤੀ ਮੋਰਚੇ ਦੀ ਹੌਲੀ ਗਤੀ ਦਾ ਫਾਇਦਾ ਉਠਾਉਂਦੇ ਹੋਏ, ਪਾਕਿਸਤਾਨ ਨੇ ਖੇਮਕਰਨ ਸੈਕਟਰ ਵਿੱਚ ਹਮਲਾ ਕੀਤਾ ਅਤੇ ਕੁਝ ਜ਼ਮੀਨ 'ਤੇ ਕਬਜ਼ਾ ਕਰ ਲਿਆ। ਪਰ ਜਲਦੀ ਹੀ ਭਾਰਤੀ ਫੌਜ ਨੇ ਅਸਲ ਉਤਰ ਦੀ ਇਤਿਹਾਸਕ ਲੜਾਈ ਵਿੱਚ ਪਾਕਿਸਤਾਨੀ ਪੈਟਨ ਟੈਂਕਾਂ ਨੂੰ ਕਰਾਰੀ ਹਾਰ ਦਿੱਤੀ ਅਤੇ ਉਨ੍ਹਾਂ ਨੂੰ ਪਿੱਛੇ ਹਟਣ ਲਈ ਮਜਬੂਰ ਕਰ ਦਿੱਤਾ।

**ਪੰਜਾਬ ਦੇ ਸਾਬਕਾ ਮੁੱਖ ਮੰਤਰੀ ਅਤੇ ਫੌਜੀ ਇਤਿਹਾਸਕਾਰ ਕੈਪਟਨ ਅਮਰਿੰਦਰ ਸਿੰਘ ਦੇ ਅਨੁਸਾਰ, ਭਾਰਤ ਨੇ ਲਾਹੌਰ 'ਤੇ ਕਬਜ਼ਾ ਕਰਨ ਦੀ ਯੋਜਨਾ ਨਹੀਂ ਬਣਾਈ ਸੀ ਕਿਉਂਕਿ ਇਸ ਲਈ ਵੱਡੀ ਫੌਜੀ ਤਾਕਤ ਦੀ ਲੋੜ ਹੁੰਦੀ। ਪਰ ਰਾਵੀ ਨਦੀ ਉੱਤੇ ਸ਼ਾਹਦਰਾ ਪੁਲ ਨੂੰ ਉਡਾਉਣ ਅਤੇ ਲਾਹੌਰ-ਵਜ਼ੀਰਾਬਾਦ ਹਾਈਵੇਅ ਨੂੰ ਵਿਗਾੜਨ ਦੀ ਯੋਜਨਾ ਜ਼ਰੂਰ ਸੀ ਤਾਂ ਜੋ ਪਾਕਿਸਤਾਨ ਨੂੰ ਹੋਰ ਰਣਨੀਤਕ ਨੁਕਸਾਨ ਪਹੁੰਚਾਇਆ ਜਾ ਸਕੇ।**



ਭਾਰਤੀ ਫੌਜ ਦੇ ਆਪ੍ਰੇਸ਼ਨ ਦਾ ਕੀ ਨਤੀਜਾ ਨਿਕਲਿਆ?

ਪਾਕਿਸਤਾਨ ਨੂੰ ਉਮੀਦ ਨਹੀਂ ਸੀ ਕਿ ਭਾਰਤ ਪੰਜਾਬ ਵਿੱਚ ਮੋਰਚਾ ਖੋਲ੍ਹੇਗਾ। ਉਸਨੂੰ ਸਿਰਫ਼ ਜੰਮੂ-ਕਸ਼ਮੀਰ ਵਿੱਚ ਟਕਰਾਅ ਦਾ ਡਰ ਸੀ। ਇਸ ਲਈ 6 ਸਤੰਬਰ ਦੇ ਹਮਲੇ ਇੱਕ ਪੂਰੀ ਤਰ੍ਹਾਂ ਹੈਰਾਨੀਜਨਕ ਸਨ। ਪਾਕਿਸਤਾਨੀ ਫੌਜ ਨੂੰ ਲਾਹੌਰ ਸੈਕਟਰ ਵਿੱਚ ਫੌਜਾਂ ਤਾਇਨਾਤ ਕਰਨੀਆਂ ਪਈਆਂ, ਜਿਸ ਨਾਲ ਅਖਨੂਰ ਵਿੱਚ ਉਸਦਾ ਦਬਾਅ ਘੱਟ ਗਿਆ। ਪਾਕਿਸਤਾਨੀ ਹਵਾਈ ਸੈਨਾ ਨੂੰ ਵੀ ਆਪਣਾ ਧਿਆਨ ਲਾਹੌਰ ਵਿੱਚ ਭਾਰਤੀ ਫੌਜਾਂ 'ਤੇ ਹਮਲਾ ਕਰਨ ਵੱਲ ਕੇਂਦਰਿਤ ਕਰਨਾ ਪਿਆ। ਪੰਜਾਬ ਦੇ ਸਾਬਕਾ ਮੁੱਖ ਮੰਤਰੀ ਅਤੇ ਫੌਜੀ ਇਤਿਹਾਸਕਾਰ ਕੈਪਟਨ ਅਮਰਿੰਦਰ ਸਿੰਘ ਦੇ ਅਨੁਸਾਰ, ਭਾਰਤ ਨੇ ਲਾਹੌਰ 'ਤੇ ਕਬਜ਼ਾ ਕਰਨ ਦੀ ਯੋਜਨਾ ਨਹੀਂ ਬਣਾਈ ਸੀ ਕਿਉਂਕਿ ਇਸ ਲਈ ਵੱਡੀ ਫੌਜੀ ਤਾਕਤ ਦੀ ਲੋੜ ਹੁੰਦੀ। ਪਰ ਰਾਵੀ ਨਦੀ ਉੱਤੇ ਸ਼ਾਹਦਰਾ ਪੁਲ ਨੂੰ ਉਡਾਉਣ ਅਤੇ ਲਾਹੌਰ-ਵਜ਼ੀਰਾਬਾਦ ਹਾਈਵੇਅ ਨੂੰ ਵਿਗਾੜਨ ਦੀ ਯੋਜਨਾ ਜ਼ਰੂਰ ਸੀ ਤਾਂ ਜੋ ਪਾਕਿਸਤਾਨ ਨੂੰ ਹੋਰ ਰਣਨੀਤਕ ਨੁਕਸਾਨ ਪਹੁੰਚਾਇਆ ਜਾ ਸਕੇ।

# ਭਾਰਤ-ਪਾਕਿ ਵੰਡ ਸਮੇਂ ਤੋਂ ਹੀ ਚੱਲ ਰਹੀ ਹੈ ਪਾਣੀ ਦੀ ਜੰਗ

## ਨਹਿਰੂ ਅਤੇ ਜਿਨਾਹ ਵਿਚਕਾਰ ਟਕਰਾਅ ਕਾਰਨ ਰੈਡਕਲਿਫ ਤਣਾਅ ਵਿੱਚ ਰਿਹਾ



ਜਦੋਂ ਅਗਸਤ 1947 ਵਿੱਚ ਭਾਰਤ ਅਤੇ ਪਾਕਿਸਤਾਨ ਦੀ ਵੰਡ ਹੋਈ, ਤਾਂ ਨਕਸ਼ੇ 'ਤੇ ਰੇਖਾਵਾਂ ਖਿੱਚਣ ਵਾਲੇ ਸਿਰਿਲ ਰੈਡਕਲਿਫ ਨੂੰ ਪਾਕਿਸਤਾਨ ਦੇ ਸੰਸਥਾਪਕ ਮੁਹੰਮਦ ਅਲੀ ਜਿਨਾਹ ਵੱਲੋਂ ਬਹੁਤ ਆਲੋਚਨਾ ਦਾ ਸਾਹਮਣਾ ਕਰਨਾ ਪਿਆ। ਪਾਕਿਸਤਾਨ ਦੇ ਸੰਸਥਾਪਕ ਜਿਨਾਹ ਨੇ ਬਾਰਡਰ ਕਮਿਸ਼ਨ ਦੇ ਚੇਅਰਮੈਨ ਨੂੰ ਕਿਹਾ ਕਿ ਉਹ ਹਿੰਦੂਆਂ ਦੇ ਉਪਜਾਊ ਸਿੰਜਾਈ ਵਾਲੇ ਖੇਤਾਂ ਦੀ ਬਜਾਏ ਮਾਰੂਥਲ ਚਾਹੁੰਦੇ ਹਨ। ਦੂਜੇ ਪਾਸੇ, ਜਵਾਹਰ ਲਾਲ ਨਹਿਰੂ ਦੀ ਝਿੜਕ ਹਿੰਦੂ-ਮੁਸਲਿਮ ਦੀ ਸਾਂਝੀ ਝਿੜਕ ਵਜੋਂ ਆਈ।

ਪੰਜਾਬ ਅਤੇ ਇਸ ਖੇਤਰ ਵਿੱਚ ਮਾਨਸੂਨ ਵਿੱਚ ਦੇਰੀ ਹੋਣ ਕਾਰਨ, ਤੇਜ਼ ਗਰਮੀ ਨਾਲ ਜੂਝ ਰਹੇ ਖੇਤਰ, ਰੈੱਡਕਲਿਫ ਨੂੰ ਸਿੰਚਾਈ ਪ੍ਰਣਾਲੀ ਦਾ ਕੰਟਰੋਲ ਦੋਵਾਂ ਦੇਸ਼ਾਂ ਨੂੰ ਸੌਂਪਣ ਦੀ ਸਮੱਸਿਆ ਦਾ ਸਾਹਮਣਾ ਕਰਨਾ ਪਿਆ, ਜੋ ਕਿ "ਬ੍ਰਿਟਿਸ਼ ਪ੍ਰੇਰਨਾ ਨਾਲ ਅਤੇ ਵੱਡੇ ਪੱਧਰ 'ਤੇ ਸਿੱਖ ਦੇ ਪੈਸੇ, ਡਿਜ਼ਾਈਨ ਅਤੇ ਮਿਹਨਤ ਦੁਆਰਾ ਬਣਾਇਆ ਗਿਆ ਸੀ, ਤਾਂ ਜੋ ਵਿਸਤ੍ਰਿਤ ਨਹਿਰਾਂ ਦੀ ਇੱਕ ਪ੍ਰਣਾਲੀ ਰਾਹੀਂ ਦਰਿਆਈ ਪਾਣੀ ਨੂੰ ਸੁੱਕੇ ਪੱਛਮ ਵੱਲ ਮੋੜਿਆ ਜਾ ਸਕੇ" ਜਿਸਨੇ ਸੂਬੇ ਨੂੰ ਭਾਰਤ ਦੇ ਅਨਾਜ ਭੰਡਾਰ ਵਜੋਂ ਉਭਰਨ ਦੇ ਯੋਗ ਬਣਾਇਆ ਸੀ।

ਇਸ ਖੇਤਰ ਨੂੰ ਪਾਣੀ ਸਪਲਾਈ ਕਰਨ ਵਾਲੀਆਂ ਪੰਜ ਨਦੀਆਂ ਪੂਰਬ ਵਿੱਚ ਸਨ ਅਤੇ ਅਸਲ ਵਿੱਚ ਭਾਰਤ ਦੀਆਂ ਸਨ, ਜਦੋਂ ਕਿ ਉਹ ਜਿਸ ਜ਼ਮੀਨ ਨੂੰ ਸਿੰਜਦੀਆਂ ਸਨ ਉਹ ਜ਼ਿਆਦਾਤਰ ਪੱਛਮ ਵਿੱਚ ਸਨ, ਜੋ ਕਿ ਪਾਕਿਸਤਾਨ ਬਣ ਗਿਆ। ਰੈੱਡਕਲਿਫ ਨੂੰ ਅਹਿਸਾਸ ਹੋਇਆ ਕਿ ਵੰਡ ਨੇ ਸ਼ਾਨਦਾਰ ਪਾਣੀ ਦੇ ਨੈੱਟਵਰਕ ਨੂੰ ਖ਼ਤਰਾ ਪੈਦਾ ਕਰ ਦਿੱਤਾ ਸੀ। ਰੈੱਡਕਲਿਫ ਨੇ ਵਾਇਸਰਾਏ ਰਾਹੀਂ ਜਿਨਾਹ ਅਤੇ ਨਹਿਰੂ ਨੂੰ ਇੱਕ ਪ੍ਰਸਤਾਵ ਰੱਖਿਆ: ਕੀ ਦੋਵੇਂ ਆਗੂ ਭਾਰਤ ਅਤੇ ਪਾਕਿਸਤਾਨ ਦੁਆਰਾ ਇਸ ਨਦੀ-ਨਹਿਰੀ ਪ੍ਰਣਾਲੀ ਦੀ ਸਾਂਝੀ ਵਰਤੋਂ ਲਈ ਸਹਿਮਤ ਹੋਣਗੇ ਜਾਂ ਨਹੀਂ।

ਦੋਵਾਂ ਨੇ ਰੈਡਕਲਿਫ ਦੇ ਬਿਆਨ 'ਤੇ ਇਤਰਾਜ਼ ਜਤਾਇਆ ਸੀ

ਇਸ ਬਾਰੇ ਬ੍ਰਿਟਿਸ਼ ਲੇਖਕ ਲਿਓਨਾਰਡ ਮੋਸਲੇ ਨੇ 1962 ਵਿੱਚ ਆਪਣੀ ਕਿਤਾਬ 'ਦਿ ਲਾਸਟ ਡੇਜ਼ ਆਫ਼ ਦ ਬ੍ਰਿਟਿਸ਼ ਰਾਜ' ਵਿੱਚ ਲਿਖਿਆ ਸੀ ਕਿ ਦੋਵੇਂ ਆਗੂ ਉਨ੍ਹਾਂ ਨਾਲ ਸਪੱਸ਼ਟ ਤੌਰ 'ਤੇ ਨਾਰਾਜ਼ ਸਨ। ਉਸਦੇ ਸੁਝਾਅ ਲਈ ਉਸਨੂੰ ਹਿੰਦੂਆਂ ਅਤੇ ਮੁਸਲਮਾਨਾਂ ਦੋਵਾਂ ਨੇ ਝਿੜਕਿਆ। ਜਿਨਾਹ ਨੇ ਉਸਨੂੰ ਆਪਣਾ ਕੰਮ ਜਾਰੀ ਰੱਖਣ ਲਈ ਕਿਹਾ ਅਤੇ ਸੰਕੇਤ ਦਿੱਤਾ ਕਿ ਉਹ ਹਿੰਦੂਆਂ ਦੁਆਰਾ ਸਿੰਜੀਆਂ ਗਈਆਂ ਉਪਜਾਊ ਖੇਤਾਂ ਨਾਲੋਂ ਪਾਕਿਸਤਾਨ ਦੇ ਮਾਰੂਥਲਾਂ ਨੂੰ ਤਰਜੀਹ ਦਿੰਦਾ ਹੈ। ਨਹਿਰੂ ਨੇ ਉਨ੍ਹਾਂ ਨੂੰ ਸਾਫ਼-ਸਾਫ਼ ਕਿਹਾ ਕਿ ਭਾਰਤ ਆਪਣੀਆਂ ਨਦੀਆਂ ਨਾਲ ਜੋ ਵੀ ਕਰਦਾ ਹੈ, ਉਹ ਭਾਰਤ ਦਾ ਮਾਮਲਾ ਹੈ। ਮੋਸਲੇ ਦੇ ਅਨੁਸਾਰ, ਸੀਮਾ ਕਮਿਸ਼ਨ ਦੇ ਚੇਅਰਮੈਨ ਵਜੋਂ ਰੈੱਡਕਲਿਫ ਦਾ ਇਹ ਇੱਕੋ ਇੱਕ ਉਸਾਰੂ ਸੁਝਾਅ ਦੇਣ ਦਾ ਯਤਨ ਸੀ। ਦੋਵਾਂ ਗੁਆਂਢੀਆਂ ਵਿਚਕਾਰ ਸਾਂਝੇ ਪਾਣੀ ਦਾ ਮੁੱਦਾ ਉਦੋਂ ਤੋਂ ਹੀ ਵਿਵਾਦਪੂਰਨ ਰਿਹਾ ਹੈ।

ਨਹਿਰੂ ਸਰਕਾਰ ਨੇ ਪਾਣੀ ਬੰਦ ਕਰ ਦਿੱਤਾ ਸੀ।

ਕਿਉਂਕਿ ਨਹਿਰ ਦਾ ਸਾਂਝਾ ਕੰਟਰੋਲ ਸਵਾਲ ਤੋਂ ਬਾਹਰ ਸੀ, ਇਸ ਲਈ ਦਸੰਬਰ 1947 ਵਿੱਚ ਇੱਕ "ਸਥਾਈ ਸਮਝੌਤਾ" ਦੇ ਰੂਪ ਵਿੱਚ ਇੱਕ ਅਸਥਾਈ ਹੱਲ ਲੱਭਿਆ ਗਿਆ, ਜਿਸ ਵਿੱਚ ਹੱਲ ਲਈ ਗੱਲਬਾਤ ਕਰਨ ਲਈ ਮਾਰਚ 1948 ਤੱਕ ਦਾ ਸਮਾਂ ਦਿੱਤਾ ਗਿਆ। ਹਾਲਾਂਕਿ, ਕਿਸੇ ਵੀ ਧਿਰ ਨੇ ਸਮਾਂ ਸੀਮਾ ਵਧਾਉਣ ਲਈ ਕੋਈ ਕਦਮ ਨਹੀਂ ਚੁੱਕਿਆ, ਅਤੇ ਭਾਰਤ ਨੇ 1 ਅਪ੍ਰੈਲ, 1948 ਨੂੰ ਭਾਰਤੀ ਪੰਜਾਬ ਵਿੱਚ ਸਤਲੁਜ 'ਤੇ ਫਿਰੋਜ਼ਪੁਰ ਹੈੱਡਵਰਕਸ ਤੋਂ ਪਾਕਿਸਤਾਨ ਦੇ ਪੰਜਾਬ ਸੂਬੇ ਵਿੱਚ ਦੀਪਾਲਪੁਰ ਨਹਿਰ ਨੂੰ ਪਾਣੀ ਦੀ ਸਪਲਾਈ ਬੰਦ ਕਰ ਦਿੱਤੀ। ਇਸ ਨਾਲ ਸਿੰਧੂ ਪ੍ਰਣਾਲੀ ਦੇ ਪਾਣੀਆਂ ਦੀ ਵੰਡ ਨੂੰ ਲੈ ਕੇ ਇੱਕ ਰਸਮੀ ਭਾਰਤ-ਪਾਕਿਸਤਾਨ ਵਿਵਾਦ ਵੀ ਸ਼ੁਰੂ ਹੋ ਗਿਆ।

ਇੱਕ ਮਹੀਨੇ ਬਾਅਦ, 30 ਅਪ੍ਰੈਲ ਨੂੰ, ਨਹਿਰੂ ਨੇ ਪੂਰਬੀ ਪੰਜਾਬ ਸਰਕਾਰ ਨੂੰ ਪਾਣੀ ਦੀ ਸਪਲਾਈ ਮੁੜ ਸ਼ੁਰੂ ਕਰਨ ਦਾ ਹੁਕਮ ਦਿੱਤਾ। 4 ਮਈ ਨੂੰ ਹੋਏ ਇੱਕ ਸਮਝੌਤੇ ਵਿੱਚ, ਭਾਰਤ ਨੇ ਭਰੋਸਾ ਦਿੱਤਾ ਕਿ ਬਿਨਾਂ ਕਿਸੇ ਪੂਰਵ ਸੂਚਨਾ ਦੇ ਅਤੇ ਵਿਕਲਪਕ ਸਰੋਤ ਬਣਾਉਣ ਲਈ ਸਮਾਂ ਦਿੱਤੇ ਬਿਨਾਂ ਪਾਣੀ ਨਹੀਂ ਕੱਟਿਆ ਜਾਵੇਗਾ। ਦੂਜੇ ਪਾਸੇ, ਪਾਕਿਸਤਾਨ ਨੇ ਭਾਰਤੀ ਪੰਜਾਬ ਵਿੱਚ ਸਰੋਤ ਵਿਕਸਤ ਕਰਨ ਦੀ ਭਾਰਤ ਦੀ ਜਾਇਜ਼ ਲੋੜ ਨੂੰ ਸਵੀਕਾਰ ਕੀਤਾ।

ਪਾਕਿਸਤਾਨ ਨੇ ਕਿਹਾ ਸੀ ਕਿ ਇਹ ਮਜਬੂਰੀ ਵਿੱਚ ਕੀਤਾ ਗਿਆ ਸੰਧੀ ਸੀ।

ਹਾਲਾਂਕਿ, ਦੋ ਸਾਲ ਬਾਅਦ ਪਾਕਿਸਤਾਨ ਨੇ ਕਿਹਾ ਕਿ ਉਸਨੇ ਮਈ 1948 ਦੇ ਸਮਝੌਤੇ ਨੂੰ "ਮਜਬੂਰੀ" ਅਧੀਨ ਸਵੀਕਾਰ ਕੀਤਾ ਸੀ ਅਤੇ ਦਬਾਅ ਹੇਠ ਇਸ 'ਤੇ ਦਸਤਖਤ ਕੀਤੇ ਸਨ। ਜਵਾਬ ਵਿੱਚ, ਨਹਿਰੂ ਨੇ ਲਿਖਿਆ ਕਿ ਮੈਨੂੰ ਯਾਦ ਨਹੀਂ ਕਿ ਇਸ ਤੋਂ ਵੱਧ ਅਸਾਧਾਰਨ ਬਿਆਨ ਕਦੇ ਸੁਣਿਆ ਹੋਵੇ। ਤੁਹਾਡੀ ਸਰਕਾਰ ਨੂੰ ਇਹ ਪਤਾ ਲਗਾਉਣ ਵਿੱਚ ਦੋ ਸਾਲ ਲੱਗ ਗਏ ਕਿ ਸਮਝੌਤਾ ਦਬਾਅ ਹੇਠ ਦਸਤਖਤ ਕੀਤਾ ਗਿਆ ਸੀ।

1951 ਵਿੱਚ ਵਿਸ਼ਵ ਬੈਂਕ ਦੀ ਪਹਿਲਕਦਮੀ ਨਾਲ ਇਹ ਗਤੀਰੋਧ ਟੁੱਟ ਗਿਆ ਅਤੇ 1960 ਵਿੱਚ ਸਿੰਧੂ ਜਲ ਸੰਧੀ 'ਤੇ ਦਸਤਖਤ ਹੋਣ ਤੋਂ ਪਹਿਲਾਂ ਇੱਕ ਸਮਝੌਤੇ 'ਤੇ ਪਹੁੰਚਣ ਵਿੱਚ ਨੌਂ ਸਾਲ ਲੱਗ ਗਏ, ਪਰ ਪਾਕਿਸਤਾਨ ਭਾਰਤ ਤੋਂ ਸੁਚੇਤ ਰਿਹਾ। ਅੱਧੀ ਸਦੀ ਬਾਅਦ, ਪਾਕਿਸਤਾਨ ਨੇ 2011 ਵਿੱਚ ਕਿਸ਼ਨਗੰਗਾ ਪਣ-ਬਿਜਲੀ ਪ੍ਰੋਜੈਕਟ ਦੇ ਵਿਰੁੱਧ ਨੀਦਰਲੈਂਡ ਦੇ ਹੇਗ ਵਿੱਚ ਸਥਾਈ ਸਾਲਸੀ ਅਦਾਲਤ (ਪੀਸੀਏ) ਦਾ ਦਰਵਾਜ਼ਾ ਖੜਕਾਇਆ, ਜਿਸ ਵਿੱਚ ਦੋਵਾਂ ਧਿਰਾਂ ਵਿਚਕਾਰ ਵਿਸ਼ਵਾਸ ਦੀ ਘਾਟ ਅਤੇ 1948 ਦੇ ਇਤਿਹਾਸਕ ਤਜਰਬੇ ਦਾ ਹਵਾਲਾ ਦਿੱਤਾ ਗਿਆ।

ਇਸ ਸਭ ਦੇ ਵਿਚਕਾਰ, ਜੰਮੂ-ਕਸ਼ਮੀਰ ਵਿੱਚ ਅੱਤਵਾਦੀ ਘਟਨਾਵਾਂ ਵਿੱਚ ਵਾਧੇ ਤੋਂ ਬਾਅਦ, ਭਾਰਤ ਨੇ ਹੁਣ ਸਿੰਧੂ ਜਲ ਸੰਧੀ ਨੂੰ ਪੂਰੀ ਤਰ੍ਹਾਂ ਰੱਦ ਕਰਨ ਦਾ ਐਲਾਨ ਕੀਤਾ ਹੈ, ਜੋ ਪਾਕਿਸਤਾਨ ਲਈ ਇੱਕ ਵੱਡੇ ਸੰਕਟ ਦਾ ਕਾਰਨ ਬਣ ਸਕਦਾ ਹੈ।

**ਪੰਜਾਬ ਅਤੇ ਇਸ ਖੇਤਰ ਵਿੱਚ ਮਾਨਸੂਨ ਵਿੱਚ ਦੇਰੀ ਹੋਣ ਕਾਰਨ, ਤੇਜ਼ ਗਰਮੀ ਨਾਲ ਜੂਝ ਰਹੇ ਖੇਤਰ, ਰੈੱਡਕਲਿਫ ਨੂੰ ਸਿੰਚਾਈ ਪਰ੍ਣਾਲੀ ਦਾ ਕੰਟਰੋਲ ਦੋਵਾਂ ਦੇਸ਼ਾਂ ਨੂੰ ਸੌਂਪਣ ਦੀ ਸਮੱਸਿਆ ਦਾ ਸਾਹਮਣਾ ਕਰਨਾ ਪਿਆ, ਜੋ ਕਿ "ਬਿਰ੍ਟਿਸ਼ ਪਰ੍ੇਰਨਾ ਨਾਲ ਅਤੇ ਵੱਡੇ ਪੱਧਰ 'ਤੇ ਸਿੱਖ ਦੇ ਪੈਸੇ, ਡਿਜ਼ਾਈਨ ਅਤੇ ਮਿਹਨਤ ਦੁਆਰਾ ਬਣਾਇਆ ਗਿਆ ਸੀ, ਤਾਂ ਜੋ ਵਿਸਤਿਰ੍ਤ ਨਹਿਰਾਂ ਦੀ ਇੱਕ ਪਰ੍ਣਾਲੀ ਰਾਹੀਂ ਦਰਿਆਈ ਪਾਣੀ ਨੂੰ ਸੁੱਕੇ ਪੱਛਮ ਵੱਲ ਮੋੜਿਆ ਜਾ ਸਕੇ" ਜਿਸਨੇ ਸੂਬੇ ਨੂੰ ਭਾਰਤ ਦੇ ਅਨਾਜ ਭੰਡਾਰ ਵਜੋਂ ਉਭਰਨ ਦੇ ਯੋਗ ਬਣਾਇਆ ਸੀ।**



# ਲੋਕਾਂ ਨੂੰ ਚਨਾਬ ਤੋਂ ਦੂਰ ਰਹਿਣ ਦੀ ਚਿਤਾਵਨੀ

ਜੰਮੂ-ਜੰਮੂ ਕਸ਼ਮੀਰ ਪੁਲੀਸ ਨੇ ਲੋਕਾਂ ਨੂੰ ਚਿਤਾਵਨੀ ਦਿੱਤੀ ਹੈ ਕਿ ਉਹ ਅਖਨੂਰ ਸੈਕਟਰ 'ਚ ਚਨਾਬ ਦਰਿਆ ਪੈਦਲ ਪਾਰ ਕਰਨ ਦੀ ਕੋਤਾਹੀ ਨਾ ਕਰਨ। ਪਿਛਲੇ ਕੁਝ ਦਿਨਾਂ 'ਚ ਪਾਣੀ ਦਾ ਪੱਧਰ ਘਟਣ ਕਰਕੇ ਸੈਂਕੜੇ ਲੋਕ ਦਰਿਆ 'ਚ ਸੋਨੇ-ਚਾਂਦੀ ਦੇ ਗਹਿਣਿਆਂ ਅਤੇ ਸਿੱਕਿਆਂ ਦੀ ਭਾਲ ਕਰਦੇ ਦੇਖੇ ਗਏ ਹਨ। ਬਗਲੀਹਾਰ ਅਤੇ ਸਲਾਲ ਡੈਮਾਂ ਰਾਹੀਂ ਦਰਿਆ 'ਚ ਪਾਣੀ ਦਾ ਪ੍ਰਵਾਹ ਸੀਮਤ ਕੀਤੇ ਜਾਣ ਕਰਕੇ ਪਾਣੀ ਦਾ ਪੱਧਰ ਘੱਟ ਗਿਆ ਹੈ। ਪਿਛਲੇ ਹਫ਼ਤੇ ਮਿੱਟੀ ਕੱਢਣ ਮਗਰੋਂ ਬਗਲੀਹਾਰ ਅਤੇ ਸਲਾਲ ਡੈਮਾਂ 'ਚ ਪਾਣੀ ਭਰਨ ਲਈ ਸੋਮਵਾਰ ਨੂੰ ਉਨ੍ਹਾਂ ਨੂੰ ਬੰਦ ਕਰ ਦਿੱਤਾ ਗਿਆ ਜਿਸ ਕਾਰਨ ਚਨਾਬ ਖਾਸ ਕਰਕੇ ਅਖਨੂਰ ਸੈਕਟਰ 'ਚ ਦਰਿਆ ਅੰਦਰ ਪਾਣੀ ਦੀ ਆਮਦ ਬਹੁਤ ਘਟ ਗਈ ਹੈ। ਅੱਜ ਦੁਪਹਿਰ ਬਾਅਦ ਪਾਣੀ ਦਾ ਪੱਧਰ ਮੁੜ ਵਧਣ ਕਾਰਨ ਲੋਕਾਂ ਨੂੰ ਚਨਾਬ ਦਰਿਆ ਤੋਂ ਹਟਾਉਣ ਲਈ ਪੁਲੀਸ ਅਧਿਕਾਰੀ ਉਥੇ ਪਹੁੰਚ ਗਏ। ਇਕ ਪੁਲੀਸ ਅਧਿਕਾਰੀ ਨੇ ਕਿਹਾ ਕਿ ਕੈਚਮੈਂਟ ਏਰੀਆ 'ਚ ਮੀਂਹ ਪੈਣ ਕਾਰਨ ਪਾਣੀ ਦਾ ਪੱਧਰ ਅਚਾਨਕ ਵਧ ਸਕਦਾ ਹੈ ਜਿਸ ਕਾਰਨ ਚਨਾਬ 'ਚ ਪੈਦਲ ਜਾ ਰਹੇ ਲੋਕਾਂ ਦੀ ਜਾਨ ਨੂੰ ਖ਼ਤਰਾ ਹੋ ਸਕਦਾ ਹੈ। ਸਥਾਨਕ ਲੋਕਾਂ ਨੇ ਕਿਹਾ ਕਿ ਉਨ੍ਹਾਂ ਪਹਿਲਾਂ ਚਨਾਬ 'ਚ ਪਾਣੀ ਦਾ ਪੱਧਰ ਇੰਨਾ ਘੱਟ ਕਦੇ ਨਹੀਂ ਦੇਖਿਆ। ਇਕ ਸਥਾਨਕ ਵਿਅਕਤੀ ਅੰਕੁਰ ਸ਼ਰਮਾ ਨੇ ਕਿਹਾ ਕਿ ਸਿੰਧ ਜਲ ਸੰਧੀ ਮੁਅੱਤਲ ਕੀਤੇ ਜਾਣ ਮਗਰੋਂ ਪਾਕਿਸਤਾਨ ਨੂੰ ਸਬਕ ਸਿਖਾਉਣ ਦਾ ਮੌਕਾ ਮਿਲ ਗਿਆ ਹੈ ਉਨ੍ਹਾਂ ਕਿਹਾ ਕਿ ਪਾਕਿਸਤਾਨ ਨੂੰ ਹੁਣ ਸਮਝ ਜਾਣਾ ਚਾਹੀਦਾ ਹੈ ਕਿ ਉਹ ਹਰ ਵਾਰ ਬੇਕਸੂਰਾਂ ਦੀ ਹੱਤਿਆ ਕਰਕੇ ਆਪਣਾ ਖਹਿੜਾ ਨਹੀਂ ਛੁਡਾ ਸਕਦਾ ਹੈ।



# 1965 ਦੀ ਜੰਗ ਦੇ ਪਹਿਲੇ ਛੇ ਦਿਨ




ਕਰਨਲ ਬਲਬੀਰ ਸਿੰਘ ਸਰਾਂ (ਸੇਵਾਮੁਕਤ)

ਸਾਲ 1965 ਵਿੱਚ ਪਾਕਿਸਤਾਨ ਦੇ ਤਤਕਾਲੀ ਸਦਰ (ਰਾਸ਼ਟਰਪਤੀ) ਅਯੂਬ ਖ਼ਾਂ ਨੇ ਆਪਣੀ ਫ਼ੌਜ ਨਤੀਜੇ ਦੀ ਪਰਵਾਹ ਕੀਤੇ ਬਗੈਰ ਭਾਰਤ ਖਿਲਾਫ਼ ਜੰਗ ਵਿੱਚ ਝੋਕਣ ਦਾ ਫ਼ੈਸਲਾ ਕਰ ਲਿਆ।

ਪਹਿਲੀ ਸਤੰਬਰ 1965 ਨੂੰ ਚੱਲ ਰਹੇ ਡਰਾਮੇ ਦਾ ਪਰਦਾ ਚੁੱਕਿਆ ਗਿਆ ਅਤੇ 22 (ਬਾਈ) ਦਿਨਾਂ ਦੀ ਜੰਗ ਨੇ ਭਾਰਤੀ ਉਪ-ਮਹਾਂਦੀਪ ਨੂੰ ਹਿਲਾ ਕੇ ਰੱਖ ਦਿੱਤਾ। ਪਾਕਿਸਤਾਨ ਨੇ ਬਹੁਤ ਜ਼ੋਰਦਾਰ ਹਮਲਾ ਕੀਤਾ ਸੀ। ਇਸ ਤੋਂ ਪਹਿਲਾਂ ਪਾਕਿਸਤਾਨ 1947-48 ਵਿੱਚ ਕਸ਼ਮੀਰ ਸਾਥੋਂ ਖੋਹਣ ਹਿਤ ਜ਼ੋਰ ਅਜ਼ਮਾਇਸ਼ ਕਰ ਚੁੱਕਾ ਸੀ।

ਪਾਕਿਸਤਾਨ ਦਾ 1965 ਦਾ ਇਹ ਹਮਲਾ ਬਹੁਤ ਭਿਆਨਕ ਸੀ ਜਿਸ ਵਿੱਚ ਉਸ ਦਾ ਇੱਕ ਇਨਫੈਂਟਰੀ ਬ੍ਰਿਗੇਡ ਅਤੇ 90 ਟੈਂਕ ਸਨ। ਪਾਕਿਸਤਾਨ ਨੇ ਇਸ ਦਾ ਨਾਮ 'ਔਪਰੇਸ਼ਨ ਗਰੈਂਡ ਸਲੈਮ' ਰੱਖਿਆ ਸੀ। ਇਹ ਝਟਪਟ ਦੀ ਲੜਾਈ ਸੀ ਅਤੇ ਇਸ ਦੇ ਦੋ ਮੁੱਖ ਮੰਤਵ ਸਨ: ਪਹਿਲੇ ਹੱਲੇ, ਇਸ ਫੋਰਸ ਨੇ ਛੰਬ ਕਾਬੂ ਕਰਕੇ, ਯੁੱਧ ਕਲਾ ਪੱਖੋਂ ਫ਼ੌਜੀ ਮਹੱਤਵ ਵਾਲੇ ਕਸਬੇ ਅਖ਼ਨੂਰ ਜੋ ਦਰਿਆ ਚਨਾਬ 'ਤੇ ਹੈ, ਉੱਤੇ ਕਾਬਜ਼ ਹੋਣ ਮਗਰੋਂ ਸਾਡੀ ਪਾਰ ਜਾਣ ਵਾਲੀ ਸੜਕ ਜੰਮੂ-ਅਖ਼ਨੂਰ-ਰਾਜੌਰੀ-ਪੁਣਛ ਨੂੰ ਕੱਟਣਾ ਅਤੇ ਸਾਡੇ ਦੇਸ਼ ਦੇ ਸੁਰੱਖਿਆ ਬਲਾਂ ਨੂੰ ਘੇਰੇ ਵਿੱਚ ਲੈਣਾ ਸੀ। ਦੂਜੇ ਗੇੜ ਵਿੱਚ ਅਖ਼ਨੂਰ ਤੋਂ ਜੰਮੂ 'ਤੇ ਕਬਜ਼ਾ ਕਰ ਕੇ ਜੰਮੂ-ਸ੍ਰੀਨਗਰ ਕੌਮੀ ਸ਼ਾਹਰਾਹ ਦੇ ਦੋਵੇਂ ਪਾਸੇ ਨੱਪ ਕੇ ਬਾਨੀਹਾਲ ਪਾਸ (ਦੱਰਾ) ਦੇ ਉੱਤਰ ਵੱਲ ਘਾਟੀ ਵਿੱਚ ਲੱਗੀ ਸਾਡੀ ਫ਼ੌਜ ਨੂੰ ਅਲੱਗ-ਥਲੱਗ ਕਰਨਾ ਸੀ। ਇਹ ਇੱਕ ਸੋਚੀ ਸਮਝੀ ਯੋਜਨਾ ਸੀ ਜੋ ਉਸ ਦੇ ਫ਼ੌਜੀ ਅਦਾਰਿਆਂ ਵਿੱਚ ਬਲੈਕ ਬੋਰਡਾਂ ਤੇ ਸੈਂਡ ਮਾਡਲਾਂ 'ਤੇ ਖੇਡੀ ਅਤੇ ਅਜ਼ਮਾਈ ਗਈ ਸੀ ਅਤੇ ਇਹ ਫੂਲ-ਪਰੂਫ਼ (ਬਿਨਾਂ ਸ਼ੱਕ ਕਾਮਯਾਬ ਹੋਣ ਵਾਲੀ) ਐਲਾਨੀ ਗਈ ਸੀ। ਉਸ ਨੂੰ ਇਸ ਦੀ ਸਫ਼ਲਤਾ 'ਤੇ ਇੰਨਾ ਭਰੋਸਾ ਸੀ ਕਿ ਉਸ ਦੇ ਕਮਾਂਡਰਾਂ ਨੇ ਵਿਦੇਸ਼ੀ ਪੱਤਰਕਾਰਾਂ ਦਾ ਗਰੁੱਪ ਵੀ ਹਮਲੇ ਵੇਲੇ ਨਾਲ ਰੱਖਿਆ ਸੀ।

ਇਹ ਯੋਜਨਾ ਕਾਮਯਾਬ ਹੋ ਜਾਂਦੀ ਤਾਂ ਪਾਕਿਸਤਾਨ ਆਪਣੀ ਉਮਰ ਭਰ ਦੀ ਖ਼ੁਆਹਿਸ਼ ਪੂਰੀ ਕਰ ਲੈਂਦਾ ਅਤੇ ਅਯੂਬ ਖ਼ਾਂ ਪਾਕਿਸਤਾਨ ਦੇ ਇਤਿਹਾਸ ਵਿੱਚ ਕਾਇਦ-ਏ-ਆਜ਼ਮ ਮੁਹੰਮਦ ਅਲੀ ਜਿਨਾਹ ਨੂੰ ਪਛਾੜ ਕੇ ਸਭ ਤੋਂ ਵੱਡਾ ਆਗੂ ਸਥਾਪਤ ਹੋ ਜਾਂਦਾ।

ਆਉਣ ਵਾਲੀਆਂ ਘੜੀਆਂ ਦੇ ਪਰਛਾਵੇਂ ਪਹਿਲਾਂ ਹੀ ਦਿਸਣ ਲੱਗ ਪਏ ਸਨ। ਅਸਲ ਹਮਲੇ ਤੋਂ ਪੰਦਰਾਂ ਦਿਨ ਪਹਿਲਾਂ ਉਸ ਨੇ ਹਮਲੇ ਲਈ ਚੁਣੇ ਖੇਤਰ ਵਿੱਚ ਹਰ ਰੋਜ਼ ਦੀ ਘੁਸਪੈਠ ਨੂੰ ਤੇਜ਼ ਕਰ ਦਿੱਤਾ ਜਿਸ ਦਾ ਪਤਾ ਲਾਉਣ ਲਈ ਸੁਰੱਖਿਆ ਦਲ ਕੌਮਾਂਤਰੀ ਸਰਹੱਦ ਅਤੇ ਜੰਗਬੰਦੀ ਰੇਖਾ 'ਤੇ ਸਰਗਰਮ ਸਨ।

ਚੌਦਾਂ ਅਗਸਤ 1965 ਨੂੰ ਗੁਆਂਢੀ ਮੁਲਕ ਦੇ ਤਕਰੀਬਨ 1000 ਬੰਦਿਆਂ (ਇੱਕ ਬਟਾਲੀਅਨ) ਨੇ ਜੰਗਬੰਦੀ ਦੀ ਉਲੰਘਣਾ ਕਰ ਕੇ ਕੁਝ ਪੋਸਟਾਂ 'ਤੇ ਹਮਲੇ ਕੀਤੇ। ਇਸ ਦਾ ਮਕਸਦ ਸਾਨੂੰ ਟੋਹਣਾ ਅਤੇ ਸਾਡੀ ਤਿਆਰੀ ਵੇਖਣਾ ਸੀ। ਉਸ ਦੇ ਭੇਜੇ ਘੁਸਪੈਠੀਆਂ ਨੂੰ ਅਸੀਂ ਦਬਾ ਲਿਆ ਸੀ। ਪਾਕਿਸਤਾਨੀ ਫ਼ੌਜੀ ਵੀ ਹੱਥੋ-ਹੱਥ ਦੀ ਲੜਾਈ ਮਗਰੋਂ ਧੱਕ ਕੇ ਪਿੱਛੇ ਮੋੜ ਦਿੱਤੇ। ਕੁਝ ਲਿਖਤਾਂ ਉਸ ਦਿਨ ਪਾਕਿਸਤਾਨ ਦੇ 60 ਫ਼ੌਜੀ ਮਰੇ ਦੱਸਦੀਆਂ ਹਨ, ਪਰ ਇਹ ਠੀਕ ਨਹੀਂ ਲੱਗਦਾ ਕਿਉਂਕਿ ਮੇਰੀ ਬਟਾਲੀਅਨ ਇਸ ਲੜਾਈ ਵਿੱਚ ਲੱਗੀ ਸੀ।

ਜੰਗ ਵਿੱਚ ਦੁਸ਼ਮਣ ਮੁਲਕ ਨੇ 15 ਅਤੇ 16 ਅਗਸਤ ਨੂੰ ਤੋਪਖਾਨਾ, ਮੌਰਟਰਾਂ ਅਤੇ ਮਸ਼ੀਨਗੰਨਾਂ ਦੀ ਵਰਤੋਂ ਕਰ ਕੇ ਸਾਨੂੰ ਸਿਰ ਨਹੀਂ ਚੁੱਕਣ ਦਿੱਤਾ। ਸਾਡਾ ਬ੍ਰਿਗੇਡ ਕਮਾਂਡਰ ਅਤੇ ਉਸ ਦਾ ਸਟਾਫ ਅਫ਼ਸਰ, ਸਿੱਧੇ ਹਮਲੇ ਨਾਲ ਮਾਰੇ ਗਏ। ਛੰਭ ਮੁੱਖ ਖੇਤਰ ਸੀ। ਅਸੀਂ ਅੜੇ ਰਹੇ। ਲੇਖਕ ਹਾਜ਼ਰ ਸੀ। ਫਿਰ ਇਹ ਹਰ ਰੋਜ਼ ਦੀ ਗੱਲ ਬਣ ਗਈ। ਅਠਾਰਾਂ ਤਾਰੀਖ਼ ਨੂੰ ਲੋਹੜੇ ਦਾ ਫਾਇਰ ਆਇਆ। ਉਸ ਨੇ ਸਾਡੇ ਖਿੱਤੇ ਦੇ ਉੱਤਰ ਵੱਲ ਦੂਰ ਮੇਂਡਰ ਸੈਕਟਰ ਵਿੱਚ ਵੀ ਇਹੀ ਕੰਮ ਕੀਤਾ ਤਾਂ ਕਿ ਅਸੀਂ ਹਮਲੇ ਦੀ ਥਾਂ ਬਾਰੇ ਭੁਲੇਖੇ ਵਿੱਚ ਰਹੀਏ।

ਜਨਰਲ ਨਿਮੋ (ਸੰਯੁਕਤ ਰਾਸ਼ਟਰ ਮਿਲਟਰੀ ਆਬਜ਼ਰਵਰ ਗਰੁੱਪ ਦਾ ਮੁਖੀ ਜੋ ਜੰਮੂ ਕਸ਼ਮੀਰ ਵਿੱਚ ਜੰਗਬੰਦੀ ਰੇਖਾ ਦੇ ਦੋਵੇਂ ਪਾਸੇ ਤਾਇਨਾਤ ਸੀ) ਨੇ ਯੂਐੱਨ ਸੈਕਟਰੀ ਜਨਰਲ ਨੂੰ ਭੇਜੀ ਰਿਪੋਰਟ ਵਿੱਚ ਸਾਫ਼ ਕਿਹਾ ਕਿ ਪਾਕਿਸਤਾਨ ਦੇ ਫ਼ੌਜੀ ਜੰਗਬੰਦੀ ਰੇਖਾ ਪਾਰ ਕਰ ਕੇ ਛੰਭ ਦੇ ਇਲਾਕੇ ਵਿੱਚ ਤਕਰੀਬਨ ਇੱਕ ਮੀਲ ਅੰਦਰ ਗਏ; ਪੰਦਰਾਂ ਸੋਲਾਂ ਤਾਰੀਖ਼ ਨੂੰ ਉਸ ਨੇ ਭਾਰਤ ਦੀਆਂ ਨੌਂ ਫ਼ੌਜੀ ਚੌਕੀਆਂ 'ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ। ਉਸ ਨੇ ਰਿਪੋਰਟ ਕੀਤਾ ਕਿ ਘਮਸਾਣ ਦੀ ਲੜਾਈ ਕਾਰਨ ਔਬਜ਼ਰਵਰ ਵਿਚ ਜਾ ਕੇ ਨਹੀਂ ਦੇਖ ਸਕੇ। ਦੂਜੇ ਪਾਰ ਦੇ ਔਬਜਰਵਰਜ਼ ਨੇ ਸਾਡਿਆਂ ਨੂੰ ਚੌਕਸ ਵੀ ਕਰ ਦਿੱਤਾ ਸੀ।

ਪਹਿਲੀ ਸਤੰਬਰ 1965 ਨੂੰ ਸਵੇਰ ਦੇ ਚਾਰ ਵਜੇ ਦੁਸ਼ਮਣ ਨੇ ਪੂਰਾ ਤੋਪਖਾਨਾ ਖੋਲ੍ਹ ਦਿੱਤਾ। ਇੱਕ ਤਰ੍ਹਾਂ ਪਰਲੋ ਲਿਆ ਦਿੱਤੀ। ਮਕਸਦ ਸਾਡੀਆਂ ਰੱਖਿਆ ਪੰਕਤੀ ਨੂੰ ਕਮਜ਼ੋਰ ਕਰਨਾ ਅਤੇ ਸਾਡਾ ਮਨੋਬਲ ਤੋੜਨਾ ਸੀ। ਉਸ ਨੇ ਹੋਰ ਸੈਕਟਰਾਂ ਵਿੱਚ ਵੀ ਤਕੜੀ ਗੋਲੀਬਾਰੀ ਕੀਤੀ। ਗੋਲੀਬਾਰੀ ਦੀ ਹਨੇਰੀ ਠੱਲ੍ਹਣ ਮਗਰੋਂ ਪਾਕਿਸਤਾਨ ਦੀ ਪੈਦਲ ਫ਼ੌਜ ਨੇ ਸਾਡੀਆਂ ਭੂਰੇਜਾਲ, ਛੰਭ ਅਤੇ ਕਈ ਹੋਰ ਚੌਕੀਆਂ 'ਤੇ ਪੜਤਾਲੀਆ (ਪ੍ਰੋਬਿੰਗ) ਹਮਲੇ ਸ਼ੁਰੂ ਕੀਤੇ। ਪਹਿਲੇ ਗੇੜ ਵਿੱਚ ਅਸੀਂ ਹਮਲੇ ਪਸਤ ਕਰ ਦਿੱਤੇ। ਉਨ੍ਹਾਂ ਦੇ ਪਿੰਡ ਮੇਲੂ ਵਾਲੇ ਪਾਸਿਓਂ ਆਇਆ ਹਮਲਾ ਵੀ ਮੋੜ ਦਿੱਤਾ। ਤੀਜਾ ਹਮਲਾ ਵੀ ਠੱਲ੍ਹ ਲਿਆ। ਇਨ੍ਹਾਂ ਸ਼ੁਰੂ ਸ਼ੁਰੂ ਦੇ ਹਮਲਿਆਂ ਮਗਰੋਂ ਮੁੱਖ ਹਮਲਾ ਟੈਂਕਾਂ ਨਾਲ ਹੋਇਆ। ਇਸ ਵਿੱਚ ਪਾਕਿਸਤਾਨ ਦੀ ਇੱਕ ਬ੍ਰਿਗੇਡ ਅਤੇ 2 ਟੈਂਕ ਰੈਜੀਮੈਂਟਾਂ (90 ਟੈਂਕ) ਸਨ। ਸਾਡੀ ਇਕੱਲੀ ਬਟਾਲੀਅਨ ਅਤੇ ਕੁੱਲ ਚੌਦਾਂ ਹਲਕੇ ਟੈਂਕ ਸਨ ਜਿਨ੍ਹਾਂ ਵਿੱਚੋਂ ਵੀ ਦੋ ਖ਼ਰਾਬ ਸਨ।

ਅਪਰੈਲ 1965 ਦੀਆਂ ਰਣ ਕੱਛ ਦੀ ਝੜਪਾਂ ਵਾਂਗ ਪਾਕਿਸਤਾਨ ਨੇ ਆਪਣੇ ਮਨਪਸੰਦ ਇਲਾਕੇ ਤੋਂ ਹਮਲਾ ਛੇੜਿਆ। 470 ਮੀਲ ਲੰਮੀ ਜੰਗਬੰਦੀ ਰੇਖਾ ਵਿੱਚ ਰਣ ਖੇਤਰ ਛੰਭ ਹੀ ਇੱਕ ਇਲਾਕਾ ਹੈ ਜਿੱਥੇ ਟੈਂਕ ਤਬਾਹੀ ਕਰ ਸਕਦੇ ਹਨ। ਟੈਂਕਾਂ ਮੁਕਾਬਲੇ ਮੋਰਚੇ ਵਿੱਚ ਖੜ੍ਹਾ ਇਨਫੈਂਟਰੀ ਦਾ ਸਿਪਾਹੀ ਕੀ ਕਰ ਸਕਦਾ ਹੈ?

1965 ਦੀ ਜੰਗਬੰਦੀ ਮਗਰੋਂ ਸਾਡੇ ਤਤਕਾਲੀ ਫ਼ੌਜ ਮੁਖੀ ਜਨਰਲ ਜੈਅੰਤੋ ਨਾਥ ਚੌਧਰੀ ਨੇ 23 ਸਤੰਬਰ ਨੂੰ ਪ੍ਰੈਸ ਕਾਨਫਰੰਸ ਵਿੱਚ ਕਿਹਾ ਸੀ ਕਿ ਇਸ ਖੇਤਰ ਵਿੱਚ ਸਾਡੇ ਟੈਂਕ ਬਹੁਤ ਘੱਟ ਸਨ ਅਤੇ ਹੋਰ ਵੀ ਕਈ ਕਮੀਆਂ ਸਨ। ਜਦੋਂ ਜਨਰਲ ਨੂੰ ਪੁੱਛਿਆ ਕਿ ਇਸ ਖੇਤਰ ਵਿੱਚ ਭਾਰੀ ਟੈਂਕ ਕਿਉਂ ਨਹੀਂ ਰੱਖੇ ਤਾਂ ਉਸ ਦਾ ਜੁਆਬ ਸੀ, "ਸਾਡੇ ਕੋਲ ਦੁਸ਼ਮਣ ਨਾਲੋਂ ਟੈਂਕ ਘੱਟ ਸਨ ਅਤੇ ਅਸੀਂ 1949 ਦੇ ਕਰਾਚੀ ਸਮਝੌਤੇ ਅਧੀਨ ਮਿਥੀ ਹੋਈ ਸੀਮਿਤ ਫ਼ੌਜ ਹੀ ਰੱਖ ਸਕਦੇ ਸਾਂ। ਦੁਸ਼ਮਣ ਨਾਲ ਲੱਗਦੇ ਸਿਆਲਕੋਟ-ਖਾਰੀਆਂ-ਗੁਜਰਾਤ ਦੇ ਇਲਾਕੇ ਦੀਆਂ ਛਾਉਣੀਆਂ ਵਿੱਚੋਂ ਟੈਂਕ ਚੱਲ ਸਕਦੇ ਸਨ ਜਦੋਂਕਿ ਸਾਡੇ ਬੇਸ ਬਹੁਤ ਦੂਰ ਪੈਂਦੇ ਹਨ।"

ਇਹ ਕਹਿਣਾ ਗ਼ਲਤ ਹੋਵੇਗਾ ਕਿ ਇਹ ਅਚਾਨਕ ਕੀਤਾ ਗਿਆ ਹਮਲਾ ਸੀ। ਲੜਾਈ ਦੀਆਂ ਮੁੱਢਲੀਆਂ ਕੰਨਸੋਆਂ ਸਾਨੂੰ ਯੂਐੱਨ ਆਬਜ਼ਰਵਰ ਗਰੁੱਪ ਨੇ ਦੇ ਦਿੱਤੀਆਂ ਸਨ। ਦੁਸ਼ਮਣ ਦੇ ਟੈਂਕ ਜੰਗਬੰਦੀ ਰੇਖਾ ਦੇ ਨੇੜੇ ਇਕੱਠੇ ਹੋਣ ਦੀਆਂ ਖ਼ਬਰਾਂ ਵੀ ਅਸੀਂ ਪਿੱਛੇ ਦੇ ਰਹੇ ਸਾਂ। ਜ਼ਾਹਿਰ ਹੈ ਕਿ ਸਾਡੇ ਉਪਰਲੇ ਹੈੱਡਕੁਆਰਟਰ ਖ਼ਤਰਾ ਭਾਂਪਣ ਵਿੱਚ ਪੱਛੜ ਗਏ ਅਤੇ ਅਸੀਂ ਗਿਣਤੀ ਪੱਖੋਂ ਤਿਆਰ ਨਹੀਂ ਸਾਂ। ਸਾਡੇ ਵੇਲੇ ਪੂਰੇ ਖੇਤਰ ਵਿੱਚ ਸਿਰਫ਼ ਇੱਕ ਬ੍ਰਿਗੇਡ ਸੀ ਜਿੱਥੇ ਮਗਰੋਂ ਇੱਕ ਡਿਵੀਜ਼ਨ ਤਾਇਨਾਤ ਕਰਨੀ ਪਈ ਸੀ।

ਪਾਕਿਸਤਾਨੀ ਸਾਨੂੰ ਪੜਾਵਾਂ ਵਿੱਚ ਪਿੱਛੇ ਧੱਕਦੇ ਆਏ ਅਤੇ ਅਸੀਂ ਮੁਨੱਵਰ ਤਵੀ (ਨਦੀ) 'ਤੇ ਆ ਰੁਕੇ। ਹਾਲਤ ਨਾਜ਼ੁਕ ਬਣ ਗਈ। ਪਾਕਿਸਤਾਨੀ ਫ਼ੌਜੀ ਛੇਤੀ ਤੋਂ ਛੇਤੀ ਅਖ਼ਨੂਰ ਪੁਲ 'ਤੇ ਪਹੁੰਚਣਾ ਚਾਹੁੰਦੇ ਸਨ।

ਉਧਰ ਨਵੀਂ ਦਿੱਲੀ ਬੈਠੇ ਜਨਰਲ ਚੌਧਰੀ ਨੇ ਸਮਝ ਲਿਆ ਕਿ ਹਮਲੇ ਦੀ ਰਫ਼ਤਾਰ ਨੂੰ ਮੱਠਾ ਕਰਨ ਲਈ ਹਵਾਈ ਫ਼ੌਜ ਦੀ ਮਦਦ ਜ਼ਰੂਰੀ ਹੈ। ਉਸ ਨੇ ਰੱਖਿਆ ਮੰਤਰੀ ਤੋਂ ਮਨਜ਼ੂਰੀ ਮੰਗੀ ਜੋ ਝੱਟ ਪ੍ਰਵਾਨ ਹੋ ਗਈ ਅਤੇ ਪ੍ਰਧਾਨ ਮੰਤਰੀ ਨੂੰ ਪਹੁੰਚ ਕੀਤੀ ਤੇ ਮੰਨ ਲਈ ਗਈ। ਇਸ ਫ਼ੈਸਲੇ 'ਤੇ ਲੱਗੇ ਵਕਤ ਦੀ ਤਫ਼ਸੀਲ ਇਸ ਤਰ੍ਹਾਂ ਮਿਲਦੀ ਹੈ:

* ਸ਼ਾਮ 5 ਵੱਜ ਕੇ 10 ਮਿੰਟ: ਰੱਖਿਆ ਮੰਤਰੀ ਵੱਲੋਂ ਹਵਾਈ ਫ਼ੌਜ ਮੁਖੀ, ਏਅਰ ਮਾਰਸ਼ਲ ਅਰਜਨ ਸਿੰਘ ਨੂੰ ਸੁਝਾਅ/ ਅਗਾਊਂ ਨੋਟਿਸ।
* ਸ਼ਾਮ 5 ਵੱਜ ਕੇ 20 ਮਿੰਟ: ਹਵਾਈ ਫ਼ੌਜ ਦੇ ਹੈੱਡਕੁਆਰਟਰ ਹੁਕਮ ਪੁੱਜੇ।
* ਸ਼ਾਮ 5 ਵੱਜ ਕੇ 45 ਮਿੰਟ: ਸਾਡੀ ਹਵਾਈ ਫ਼ੌਜ ਹਰਕਤ ਵਿੱਚ ਆਈ।
* ਸ਼ਾਮ ਛੇ ਵਜੇ: ਪਹਿਲੀ ਸੌਰਟੀ (ਪਹਿਲਾ ਜਹਾਜ਼) ਲਾਂਚ ਹੋ ਗਈ।

ਸਾਡੀ ਹਵਾਈ ਫ਼ੌਜ ਨੇ ਪੁਰਾਣੇ ਬੁੱਢੇ ਵੈਮਪਾਇਰ ਅਤੇ ਮਾਈਸਟਰੀਰੀਅਜ਼ ਹਵਾਈ ਜਹਾਜ਼ ਜੰਗ ਵਿੱਚ ਝੋਕੇ । ਇਨ੍ਹਾਂ ਨੇ ਸੱਤ ਮਿਸ਼ਨਾਂ ਵਿੱਚ 20 ਉਡਾਣਾਂ ਭਰੀਆਂ। ਪਹਿਲੇ ਦਿਨ ਅਸੀਂ ਨਾਟ (GNAT) ਅਤੇ ਹੰਟਰ ਜਹਾਜ਼ ਨਹੀਂ ਵਰਤੇ।

ਪਹਿਲੀ ਸਤੰਬਰ ਦੀ ਸ਼ਾਮ ਨੂੰ ਸਾਡੀ ਮਦਦ ਲਈ ਆਏ 4 ਵੈਮਪਾਇਰ ਜਹਾਜ਼ਾਂ ਨੂੰ ਲੜਦਿਆਂ, ਸੜਦਿਆਂ ਅਸੀਂ (ਮੈਂ ਵੀ) ਖ਼ੁਦ ਵੇਖਿਆ ਕਿਉਂਕਿ ਮੇਰੀ ਬਟਾਲੀਅਨ ਸਭ ਤੋਂ ਮੂਹਰੇ ਇਕੱਲੀ ਸੀ। ਉਪਰਲਾ ਬਿਆਨ ਅਸੀਂ ਹੱਡੀਂ ਹੰਢਾਇਆ ਹੈ।

ਸਾਡੇ ਚਾਰ ਹਵਾਈ ਜਹਾਜ਼ ਤਾਂ ਤਬਾਹ ਹੋ ਗਏ, ਪਰ ਛੇ ਮੀਲ ਤੱਕ ਅੰਦਰ ਆ ਚੁੱਕੀ ਦੁਸ਼ਮਣ ਫ਼ੌਜ ਨੂੰ ਠੱਲ ਜ਼ਰੂਰ ਪੈ ਗਈ, ਭਾਵੇਂ ਇਹ ਕੁਝ ਵਕਤ ਲਈ ਹੀ ਸੀ। ਪਾਕਿਸਤਾਨੀ ਫ਼ੌਜ ਭਮੱਤਰ ਗਈ। ਉਸ ਨੇ ਇਹ ਕਦੇ ਸੋਚਿਆ ਹੀ ਨਹੀਂ ਸੀ ਕਿ ਭਾਰਤ ਹਵਾਈ ਸੈਨਾ ਜੰਗ ਵਿੱਚ ਲਾ ਦੇਵੇਗਾ। ਸਾਡੇ ਜਹਾਜ਼ਾਂ ਨੇ ਦੁਸ਼ਮਣ ਦੇ 13 ਟੈਂਕ ਤਬਾਹ ਕਰ ਦਿੱਤੇ, ਪੰਜ ਸਾਡੀ ਥਲ ਸੈਨਾ ਨੇ ਤਬਾਹ ਕੀਤੇ। ਪਾਕਿਸਤਾਨ ਦੇ ਗਿਆਰਾਂ ਟੈਂਕ ਸੜਦੇ ਵੇਖੇ ਗਏ। ਇਸ ਨਾਲ ਹੀ ਹਮਲਾਵਰ ਦੀਆਂ 30-40 ਭਾਰੀ ਗੱਡੀਆਂ ਵੀ ਸੜ ਗਈਆਂ।

ਸਾਡੇ ਆਪਣਿਆਂ ਨੇ ਸਾਡਾ ਵੀ ਕਾਫ਼ੀ ਨੁਕਸਾਨ ਕੀਤਾ। ਅਸਲ ਵਿੱਚ ਆਪਣੀ ਹਵਾਈ ਫ਼ੌਜ ਨੂੰ ਬੰਬ ਲਾਈਨ ਗ਼ਲਤ ਦਿੱਤੀ ਗਈ। ਯੁੱਧ ਦੇ ਧੂੰਏ ਵਿੱਚ ਅਜਿਹੇ ਹਾਲਾਤ ਕਈ ਵਾਰ ਪੈਦਾ ਹੋ ਹੀ ਜਾਂਦੇ ਹਨ। ਹਵਾਈ ਸੈਨਾ ਨੂੰ ਦੱਸਿਆ ਗਿਆ ਸੀ ਕਿ ਮੁਨੱਵਰ ਤਵੀ ਦੇ ਪੱਛਮ ਵੱਲ ਸਾਡੇ ਕੋਈ ਫ਼ੌਜੀ ਨਹੀਂ ਹਨ ਜੋ ਗ਼ਲਤ ਜਾਣਕਾਰੀ ਸੀ। ਮੇਰੀ ਬਟਾਲੀਅਨ ਇੱਕ ਅਤੇ ਦੋ ਸਤੰਬਰ ਦੀ ਰਾਤ ਸਾਢੇ ਗਿਆਰਾਂ ਵਜੇ ਮਗਰੋਂ ਹੀ ਪਿੱਛੇ ਹਟਣ ਦੇ ਹੁਕਮ ਮਿਲਣ 'ਤੇ ਤਵੀ ਦੇ ਇਸ ਪਾਰ ਆਈ। ਨਤੀਜਾ ਸਾਡਿਆਂ ਸਾਨੂੰ ਹੀ ਹਮਲਾਵਰ ਸਮਝ ਕੇ ਬੰਬਾਂ ਦਾ ਮੀਂਹ ਵਰ੍ਹਾ ਦਿੱਤਾ। ਅਸੀਂ ਹੇਠੋਂ ਬਹੁਤ ਇਸ਼ਾਰੇ ਕੀਤੇ, ਚਿੱਟੇ ਰੁਮਾਲ ਵਿਖਾਏ, ਪਰ ਬਲਦੀ ਅੱਗ ਵਿੱਚ ਕਿਸ ਨੂੰ ਦਿਸਦਾ ਹੈ।

ਇਹੀ ਹਵਾਈ ਹਮਲੇ ਅਤੇ ਜ਼ਮੀਨੀ ਲੜਾਈ ਅਗਲੇ ਪੰਜ ਦਿਨ ਚਲਦੀ ਰਹੀ। ਤਿੰਨ ਸਤੰਬਰ ਨੂੰ ਪਾਕਿਸਤਾਨ ਆਪਣੇ ਨਵੇਂ ਨਕੋਰ ਅਮਰੀਕੀ ਸੇਬਰ ਜੈੱਟ ਲੈ ਆਇਆ। ਅਸੀਂ ਜੁਆਬ ਵਿੱਚ ਨੈਟ ਪਹਿਲੀ ਵਾਰ ਭੇਜੇ। ਦੋਵੇਂ ਇਕਦਮ ਭਿੜ ਗਏ। ਪਾਕਿਸਤਾਨ ਦੇ ਸੁਪਰਸੌਨਿਕ ਅਤੇ ਸਾਡੇ ਨੈਟ। ਪਹਿਲਾ ਪਾਕਿਸਤਾਨੀ ਸੇਬਰ ਡੇਗਣ ਦਾ ਮਾਣ ਸੁਕੈਅਡਰਨ ਕੀਲਰ ਨੂੰ ਮਿਲਿਆ। ਅਗਲੇ ਦਿਨ ਫਲਾਈਟ ਲੈਫਟੀਨੈਂਟ ਵਰਿੰਦਰ ਪਠਾਣੀਆ ਨੇ ਅਖ਼ਨੂਰ ਉੱਤੇ ਹਵਾਈ ਜੰਗ ਵਿੱਚ ਸੇਬਰ ਢਾਹ ਲਿਆ। ਇਸ ਮਗਰੋਂ ਸਾਡੀ ਹਵਾਈ ਫ਼ੌਜ ਦਾ ਹੱਥ ਉਪਰ ਹੀ ਰਿਹਾ। ਨੈਟ ਛਾ ਗਏ।

ਇੰਨਾ ਹੋਣ ਨਾਲ ਹਮਲਾ ਹੌਲੀ ਜ਼ਰੂਰ ਹੋ ਗਿਆ, ਪਰ ਰੁਕਿਆ ਨਹੀਂ। ਪੰਜ ਸਤੰਬਰ ਨੂੰ ਉਸ ਨੇ ਜੌੜੀਆਂ ਕਸਬਾ ਲੈ ਲਿਆ। ਇੱਥੇ ਮੇਰੀ ਪਲਟਨ ਦੀ ਬੀ ਕੰਪਨੀ ਹੋਰਾਂ ਨਾਲ ਰਲ ਕੇ ਰੱਖਿਆ ਕਰ ਰਹੀ ਸੀ। ਦੁਸ਼ਮਣ ਆਪਣੇ ਮਿੱਥੇ ਨਿਸ਼ਾਨੇ, ਅਖ਼ਨੂਰ ਕਸਬਾ ਅਤੇ ਪੁਲ, ਵੱਲ ਵਧ ਰਿਹਾ ਸੀ। ਪਾਕਿਸਤਾਨ ਦੇ ਸੈਨਾ ਮੁਖੀ, ਜਨਰਲ ਮੂਸਾ ਨੇ ਆਪਣੇ ਜੁਆਨਾਂ ਨੂੰ ਇੱਕ ਸ਼ਰਾਰਤ ਭਰਿਆ ਸੁਨੇਹਾ ਭੇਜਿਆ ਕਿ "ਤੁਸੀਂ ਦੰਦੀ ਵੱਢ ਲਈ ਹੈ, ਇਸ ਨੂੰ ਹੋਰ ਡੂੰਘਾ ਚੱਕ ਮਾਰੋ, ਉਦੋਂ ਤੱਕ, ਜਦ ਤੱਕ ਇਹ ਖ਼ਤਮ ਨਾ ਹੋ ਜਾਵੇ।"

ਹੁਣ ਪਾਕਿਸਤਾਨੀ ਫ਼ੌਜੀ ਅਖ਼ਨੂਰ ਤੋਂ ਸਿਰਫ਼ ਛੇ ਮੀਲ ਦੂਰ ਸਨ ਅਤੇ ਮੇਰੀ ਬਟਾਲੀਅਨ, ਅਖ਼ਨੂਰ ਪੁਲ ਦੀ ਸੁਰੱਖਿਆ 'ਤੇ ਲੱਗੀ ਸੀ ਅਤੇ ਮੈਂ ਪੁਲ 'ਤੇ। ਇਸੇ ਅਰਸੇ ਵਿੱਚ ਕੁਝ ਹੋਰ ਘਟਨਾਵਾਂ ਵਾਪਰੀਆਂ ਸਨ। ਜਿਵੇਂ:

ਦੋ ਸਤੰਬਰ: ਸੰਯੁਕਤ ਰਾਸ਼ਟਰ ਦੇ ਸੈਕਟਰੀ ਜਨਰਲ ਓ (ਯੂ) ਥਾਂਟ ਨੇ ਦੋਵੇਂ ਮੁਲਕਾਂ ਨੂੰ ਜੰਗਬੰਦੀ ਲਈ ਕਿਹਾ। ਪਾਕਿਸਤਾਨ ਨੇ ਅਣਸੁਣੀ ਕਰ ਦਿੱਤੀ। ਭਾਰਤ ਇਸ ਸ਼ਰਤ 'ਤੇ ਤਿਆਰ ਸੀ ਕਿ ਪਾਕਿਸਤਾਨ ਛੰਭ ਤੋਂ ਪਿੱਛੇ ਹਟ ਜਾਵੇ।

ਤਿੰਨ ਸਤੰਬਰ: ਯੂ ਥਾਂਟ ਨੇ ਅਸੈਂਬਲੀ ਨੂੰ ਕਿਹਾ ਕਿ ਪਾਕਿਸਤਾਨ ਜੰਗਬੰਦੀ ਦੀ ਗਾਰੰਟੀ ਨਹੀਂ ਦੇ ਰਿਹਾ।

ਚਾਰ ਸਤੰਬਰ: ਚੀਨ ਦਾ ਵਿਦੇਸ਼ ਮੰਤਰੀ ਕਰਾਚੀ ਪੁੱਜਿਆ। ਉਸ ਨੇ ਪਾਕਿਸਤਾਨ ਦੇ ਵਿਦੇਸ਼ ਮੰਤਰੀ ਭੁੱਟੋ ਨਾਲ ਛੇ ਘੰਟੇ ਗੱਲਬਾਤ ਮਗਰੋਂ ਬਿਆਨ ਦਿੱਤਾ ਕਿ ਭਾਰਤ ਹਮਲਾਵਰ ਹੈ।

ਪੰਜ ਸਤੰਬਰ: ਪਾਕਿਸਤਾਨ ਦੀ ਹਵਾਈ ਫ਼ੌਜ ਨੇ ਅੰਮ੍ਰਿਤਸਰ ਨੇੜੇ ਸਾਡੀਆਂ ਏਅਰ ਡਿਫੈਂਸ ਵਿੱਚ ਲੱਗੀਆਂ ਪੁਜੀਸ਼ਨਾਂ 'ਤੇ ਹਮਲਾ ਕੀਤਾ। ਜੰਗ ਦਾ ਇੱਕ ਹੋਰ ਮੁਹਾਜ਼ ਖੁੱਲ੍ਹ ਗਿਆ।

ਸਾਡੇ ਪਾਸੇ ਕੇਂਦਰ ਸਰਕਾਰ ਇਹ ਹਾਲਾਤ ਵੇਖ ਰਹੀ ਸੀ। ਹਾਲਾਤ ਭਾਂਪ ਲਏ, ਮਨ ਬਣਾ ਲਿਆ ਕਿ ਅਖ਼ਨੂਰ ਬਚਾਉਣ ਲਈ ਕੌਮਾਂਤਰੀ ਸਰਹੱਦ ਟੱਪ ਕੇ ਸਿਆਲਕੋਟ ਵੱਲ ਪਾਕਿਸਤਾਨ ਦੀ ਭੋਇੰ 'ਤੇ ਹਮਲੇ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ। ਸਭ ਤੋਂ ਪਹਿਲਾਂ ਹਮਲਾ ਸਿਆਲਕੋਟ ਵੱਲ ਵਿਚਾਰਿਆ ਗਿਆ। ਹਾਲਾਤ ਤੇਜ਼ੀ ਨਾਲ ਬਦਲ ਰਹੇ ਸਨ। ਸਾਡੀ ਪਹਿਲੀ ਕੋਰ ਦੇ ਮੁਖੀ ਲੈਫਟੀਨੈਂਟ ਜਨਰਲ ਓ.ਪੀ. ਡੰਨ ਨੇ ਫ਼ੌਜੀਆਂ ਨੂੰ ਜੰਮੂ ਵੱਲ ਹੁਕਮ ਦਿੱਤੇ ਸਨ। ਪੰਜਾਬ ਵਿਚਲੀ ਗਿਆਰਾਂ ਕੋਰ ਦਾ ਮੁਖੀ ਲੈਫਟੀਨੈਂਟ ਜਨਰਲ ਜੋਗਿੰਦਰ ਸਿੰਘ (ਉਰਫ਼ ਯੋਗੀ) ਇਕਦਮ ਹਮਲੇ ਦੇ ਪੱਖ ਵਿੱਚ ਸੀ। ਇਹ ਕੋਰ ਜਲੰਧਰ ਸੀ। ਹੁਕਮ ਮਿਲਣ 'ਤੇ ਗਿਆਰਾਂ ਕੋਰ ਨੇ ਲਾਹੌਰ ਵੱਲ ਤਿੰਨ ਰਸਤਿਆਂ ਤੋਂ ਵਧਣਾ ਸ਼ੁਰੂ ਕਰ ਦਿੱਤਾ। ਦੂਜੇ ਬੰਨੇ, ਵਨ ਕੋਰ ਨੇ ਮਹਿਜ਼ 72 ਘੰਟਿਆਂ ਵਿੱਚ ਮੁਕੰਮਲ ਤਿਆਰੀ ਕਰ ਕੇ ਸਿਆਲਕੋਟ ਵੱਲ ਮੂੰਹ ਕੀਤਾ।

ਲਾਹੌਰ ਅਤੇ ਸਿਆਲਕੋਟ ਵੱਲ ਇੱਕੋ ਵੇਲੇ ਹਮਲੇ ਕਾਰਨ ਪਾਕਿਸਤਾਨ ਬੌਖਲਾ ਗਿਆ ਅਤੇ ਉਹ ਅਖ਼ਨੂਰ ਵੱਲ ਦਬਾਅ ਘਟਾਉਣ ਲਈ ਮਜਬੂਰ ਹੋ ਗਿਆ। ਇਸੇ ਕਰਕੇ ਉਸ ਨੇ ਆਪਣੀ 7 ਇਨਫੈਂਟਰੀ ਡਿਵੀਜ਼ਨ ਅਤੇ ਪੈਰਾਸ਼ੂਟ ਬ੍ਰਿਗੇਡ ਛੰਭ ਤੋਂ ਹਟਾ ਕੇ ਸਿਆਲਕੋਟ ਦੇ ਬਚਾ ਹਿਤ ਲਾ ਦਿੱਤੀਆਂ।

# ਯੁਗਮਦੀਪ ਸਿੰਘ ਟਿਵਾਣਾ ਮਾਨਸ਼ਾਹੀਆ ਕਲੋਨੀ ਵੈਲਫੇਅਰ ਸੁਸਾਇਟੀ ਵੱਲੋਂ ਸਨਮਾਨਿਤ

ਪਟਿਆਲਾ, 6 ਮਈ (ਚ.ਨ.ਸ.): ਕੱਲ੍ਹ ਇੱਥੇ ਆਈ.ਸੀ.ਐਸ.ਈ. ਦੇ ਦਸਵੀਂ ਕਲਾਸ ਦੇ ਹਾਲ ਹੀ ਵਿਚ ਐਲਾਨੇ ਨਤੀਜਿਆਂ ਵਿੱਚ ਕੈਟਲ ਸਕੂਲ ਦੇ ਵਿਦਿਆਰਥੀ



ਯੁਗਮਦੀਪ ਸਿੰਘ ਟਿਵਾਣਾ ਨੇ 98.4% ਅੰਕ ਪ੍ਰਾਪਤ ਕਰਕੇ ਪਟਿਆਲਾ ਵਿਚੋਂ ਤੀਜਾ ਸਥਾਨ ਹਾਸਲ ਕੀਤਾ। ਇਸ ਖੁਸ਼ੀ ਦੇ ਮੌਕੇ 'ਤੇ ਵਿਦਿਆਰਥੀ ਯੁਗਮਦੀਪ ਸਿੰਘ ਟਿਵਾਣਾ ਜੋ ਮਾਨਸ਼ਾਹੀਆ ਕਲੋਨੀ ਪਟਿਆਲਾ ਦਾ ਵਸਨੀਕ ਹੈ,ਨੂੰ ਮਾਨਸ਼ਾਹੀਆ ਕਲੋਨੀ ਵੈਲਫੇਅਰ ਸੁਸਾਇਟੀ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ 'ਤੇ ਸ੍ਰੀ ਸੁਰਿੰਦਰ ਸਿੰਘ ਚੱਢਾ ਚੇਅਰਮੈਨ ਸਕੋਲਰ ਫੀਲਡਜ਼ ਪਬਲਿਕ ਸਕੂਲ,ਬਲਜਿੰਦਰ ਸਿੰਘ ਕਾਰਜਸਾਧਕ ਅਫ਼ਸਰ ਸਮਾਣਾ, ਮਨਮੋਹਨ ਸਿੰਘ ਉਪ ਸਕੱਤਰ ਲੋਕ ਸੰਪਰਕ (ਸੇਵਾ ਮੁਕਤ) ਪਾਵਰਕਾਮ ਡਾਕਟਰ ਬੀ.ਐਸ.ਸੋਹਲ, ਦਰਸ਼ਨ ਸਿੰਘ ਵਿਰਕ ਲੈਕਚਰਾਰ,ਖੁਸ਼ਪਾਲ ਸਿੰਘ ਸੀਨੀਅਰ ਸਹਾਇਕ ਪਾਵਰਕਾਮ,ਮਹਿੰਦਰ ਗੋਇਲ ਸਨਅਤਕਾਰ, ਇੰਜੀਨੀਅਰ ਰਾਜਦੀਪ ਸਿੰਘ,ਚੰਦਨਦੀਪ ਕੌਰ ਪ੍ਰਬੰਧਕ ਸਕੋਲਰ ਫੀਲਡਜ਼ ਪਬਲਿਕ ਸਕੂਲ,ਗੁਰਪ੍ਰੀਤ ਕੌਰ ਸਿਖਿਆ ਸ਼ਾਸਤਰੀ, ਗੁਰਸ਼ਰਨ ਕੌਰ ਸਿਖਿਆ ਸ਼ਾਸਤਰੀ,ਨੇ ਮਾਨਸ਼ਾਹੀਆ ਕਲੋਨੀ ਵੈਲਫੇਅਰ ਸੁਸਾਇਟੀ ਵੱਲੋਂ ਰੰਗਦਾਰ ਫੁੱਲਕਾਰੀ, ਗੁਲਦਸਤੇ ਭੇਟ ਕੀਤੇ ਅਤੇ ਯੁਗਮਦੀਪ ਸਿੰਘ ਟਿਵਾਣਾ ਦੇ ਪਿਤਾ ਸੁਖਦੀਪ ਸਿੰਘ ਟਿਵਾਣਾ ਅਤੇ ਮਾਤਾ ਦਮਨਦੀਪ ਕੌਰ ਨੂੰ ਵਧਾਈ ਦਿੱਤੀ। ਇਸ ਤੋਂ ਇਲਾਵਾ ਮਾਨਸ਼ਾਹੀਆ ਕਲੋਨੀ ਵੈਲਫੇਅਰ ਸੁਸਾਇਟੀ ਵੱਲੋਂ ਯੁਗਮਦੀਪ ਸਿੰਘ ਟਿਵਾਣਾ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ।

# ਵਿਦਿਆਰਥੀ ਵਰਗ 'ਤੇ ਦਬਾਅ ਬਣਾਉਣ ਦੀ ਥਾਂ ਉਨ੍ਹਾਂ ਦੀ ਮਨਪਸੰਦ ਦੇ ਵਿਸ਼ੇ ਲੈ ਕੇ ਦੇਣ ਨੂੰ ਤਰਜੀਹ ਦੇਣ ਮਾਪੇ: ਕਾਲਕਾ, ਕਾਹਲੋਂ

ਨਵੀਂ ਦਿੱਲੀ, 6 ਮਈ (ਅੰਮ੍ਰਿਤਪਾਲ ਸਿੰਘ) : ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਸਰਦਾਰ ਜਗਦੀਪ ਸਿੰਘ ਕਾਹਲੋਂ ਨੇ ਇੰਜੀਨੀਅਰਿੰਗ ਤੇ ਮੈਡੀਕਲ ਸਮੇਤ ਵੱਖ-ਵੱਖ ਵਿਸ਼ਿਆਂ ਦੀ ਚੋਣ ਕਰਨ ਵਾਲੇ ਵਿਦਿਆਰਥੀਆਂ ਦੇ ਮਾਪਿਆਂ ਨੂੰ ਅਪੀਲ ਕੀਤੀ ਹੈ ਕਿ ਉਹ ਆਪੋ ਆਪਣੇ ਬੱਚਿਆਂ 'ਤੇ ਮਾਨਸਿਕ ਦਬਾਅ ਬਣਾਉਣ ਦੀ ਥਾਂ 'ਤੇ ਉਹਨਾਂ ਦੀ ਮਨਪਸੰਦ ਦੇ ਵਿਸ਼ੇ ਲੈ ਕੇ ਦੇਣ ਨੂੰ ਤਰਜੀਹ ਦੇਣ ਤਾਂ ਜੋ ਵਿਦਿਆਰਥੀ ਖੁਦਕੁਸ਼ੀਆਂ ਦੇ ਰੁਝਾਨ ਤੋਂ ਟਾਲਾ ਵੱਟਣ।

ਇਥੇ ਜਾਰੀ ਕੀਤੇ ਇਕ ਬਿਆਨ ਵਿਚ ਸਰਦਾਰ ਕਾਲਕਾ ਤੇ ਸਰਦਾਰ ਕਾਹਲੋਂ ਨੇ ਕਿਹਾ ਕਿ ਉਹਨਾਂ ਨੂੰ ਮੀਡੀਆ ਵਿਚ ਇਹ ਖਬਰਾਂ ਵੇਖ ਕੇ ਬਹੁਤ ਪੀੜਾ ਹੋਈ ਹੈ ਕਿ ਮਾਪਿਆਂ ਦੇ ਦਬਾਅ ਕਾਰਨ ਨੀਟ ਅਤੇ ਜੇ ਈ ਈ ਵਰਗੀਆਂ ਪ੍ਰੀਖਿਆਵਾਂ ਵਿਚ ਰੈਂਕ ਹਾਸਲ ਕਰਨ ਦੀ ਦੌੜ ਵਿਚ ਸਫਲ ਨਾ ਹੋਣ 'ਤੇ ਵਿਦਿਆਰਥੀ ਖੁਦਕੁਸ਼ੀਆਂ ਕਰ ਰਹੇ ਹਨ। ਉਹਨਾਂ ਕਿਹਾ ਕਿ ਅਜਿਹੀਆਂ ਪ੍ਰਾਪਤੀਆਂ ਵੀ ਕਿਸ ਕੰਮ ਦੀਆਂ ਜਿਸਦੇ ਡਰੋਂ ਸਾਡੇ ਬੱਚੇ ਖੁਦਕੁਸ਼ੀਆਂ ਦੇ ਰਾਹ ਪੈਣ। ਉਹਨਾਂ ਕਿਹਾ ਕਿ ਇਸ ਨਾਲੋਂ ਤਾਂ ਮਾਪਿਆਂ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਉਹ ਆਪਣੇ ਬੱਚਿਆਂ ਦੇ ਮਨਪਸੰਦ ਦੇ ਵਿਸ਼ਿਆਂ ਵਿਚ ਉਹਨਾਂ ਨੂੰ ਪੜ੍ਹਾਈ ਕਰਵਾਉਣ ਤਾਂ ਜੋ ਵਿਦਿਆਰਥੀ ਆਪਣੀ ਮਨਮਰਜ਼ੀ ਮੁਤਾਬਕ ਤਰੱਕੀ ਵੀ ਕਰ ਸਕਣ, ਆਪਣੀ ਜ਼ਿੰਦਗੀ ਦਾ ਆਨੰਦ ਵੀ ਮਾਣ ਸਕਣ ਅਤੇ ਕਿਸੇ ਵੀ ਦਬਾਅ ਤੋਂ ਵੀ ਮੁਕਤ ਰਹਿਣ।ਉਹਨਾਂ ਨੇ ਵਿਦਿਆਰਥੀਆਂ ਨੂੰ ਵੀ ਅਪੀਲ ਕੀਤੀ ਕਿ ਉਹ ਕਿਸੇ ਵੀ ਤਰੀਕੇ ਦੇ ਦਬਾਅ ਹੇਠ ਨਾ ਆਉਣ। ਉਹ ਆਪਣੇ ਜੀਵਨ ਦੇ ਟੀਚੇ ਮੁਤਾਬਕ ਕੰਮ ਕਰਨ ਅਤੇ ਖੁਦਕੁਸ਼ੀਆਂ ਦੇ ਰਾਹ ਤੋਂ ਬਚ ਕੇ ਜੀਵਨ ਵਿਚ ਤਰੱਕੀ ਤੇ ਖੁਸ਼ਹਾਲੀ ਦੇ ਰਸਤੇ ਪੈਣ।

# ਸ਼੍ਰੋਮਣੀ ਅਕਾਲੀ ਦਲ ਦਿੱਲੀ ਸਟੇਟ ਨੂੰ ਵੱਡਾ ਹੁਲਾਰਾ, ਵਾਰਡ ਨੰਬਰ 34 ਸਰਿਤਾ ਵਿਹਾਰ ਤੋਂ ਇੰਦਰਪਾਲ ਸਿੰਘ ਸਾਥੀਆਂ ਸਮੇਤ ਪਾਰਟੀ ਵਿਚ ਹੋਏ ਸ਼ਾਮਲ



ਨਵੀਂ ਦਿੱਲੀ, 6 ਮਈ (ਅੰਮ੍ਰਿਤਪਾਲ ਸਿੰਘ) : ਸ਼੍ਰੋਮਣੀ ਅਕਾਲੀ ਦਲ ਦਿੱਲੀ ਸਟੇਟ ਨੂੰ ਉਸ ਵੇਲੇ ਵੱਡਾ ਹੁਲਾਰਾ ਮਿਲਿਆ ਜਦੋਂ ਵਾਰਡ ਨੰਬਰ 34 ਸਰਿਤਾ ਵਿਹਾਰ ਵਿਚ ਕਮੇਟੀ ਮੈਂਬਰ ਸਰਦਾਰ ਗੁਰਪ੍ਰੀਤ ਸਿੰਘ ਜੱਸਾ ਦੇ ਮਾਰਗ ਦਰਸ਼ਨ ਹੇਠ ਨੌਜਵਾਨ ਵੀਰ ਇੰਦਰਪਾਲ ਸਿੰਘ ਸਾਥੀਆਂ ਸਮੇਤ ਪਾਰਟੀ ਵਿਚ ਸ਼ਾਮਲ ਹੋ ਗਏ। ਪਾਰਟੀ ਵਲੋਂ ਇੰਦਰਪਾਲ ਸਿੰਘ ਨੂੰ ਵਾਰਡ ੩੪ ਯੂਥ ਵਿੰਗ ਦਾ ਪ੍ਰਧਾਨ ਬਣਾਇਆ ਗਿਆ। ਇਹਨਾਂ ਮੈਂਬਰਾਂ ਨੂੰ ਪਾਰਟੀ ਵਿਚ ਸ਼ਾਮਲ ਹੋਣ 'ਤੇ ਜੀ ਆਇਆਂ ਕਹਿੰਦਿਆਂ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਸਰਦਾਰ ਜਗਦੀਪ ਸਿੰਘ ਕਾਹਲੋਂ ਨੇ ਕਿਹਾ ਕਿ ਸਰਦਾਰ ਇੰਦਰਪਾਲ ਸਿੰਘ ਤੇ ਸਾਥੀਆਂ ਦੇ ਪਾਰਟੀ ਵਿਚ ਸ਼ਾਮਲ ਹੋਣ ਨਾਲ ਪਾਰਟੀ ਨੂੰ ਵੱਡੀ ਮਜ਼ਬੂਤੀ ਮਿਲੀ ਹੈ। ਉਹਨਾਂ ਕਿਹਾ ਕਿ ਨੌਜਵਾਨ ਵਰਗ ਦੇ ਪਾਰਟੀ ਵਿਚ ਸ਼ਾਮਲ ਹੋਣ ਤੋਂ ਸਪੱਸ਼ਟ ਸੰਕੇਤ ਹੈ ਕਿ ਸਾਡਾ ਨੌਜਵਾਨ ਵਰਗ ਦਿੱਲੀ ਕਮੇਟੀ ਦੀ ਮੌਜੂਦਾ ਟੀਮ ਦੇ ਕੰਮਕਾਜ ਤੇ ਕੌਮ ਦੀ ਕੀਤੀ ਜਾ ਰਹੀ ਸੇਵਾ ਤੋਂ ਬੇਹੱਦ ਖੁਸ਼ ਹੈ, ਜਿਸ ਤੋਂ ਪ੍ਰੇਰਿਤ ਹੋ ਕੇ ਇਹ ਨੌਜਵਾਨ ਪਾਰਟੀ ਵਿਚ ਸ਼ਾਮਲ ਹੋ ਰਹੇ ਹਨ। ਉਹਨਾਂ ਕਿਹਾ ਕਿ ਇਹਨਾਂ ਨੌਜਵਾਨਾਂ ਨੂੰ ਨਾ ਸਿਰਫ ਪਾਰਟੀ ਵਿਚ ਪੂਰਾ ਮਾਣ ਸਤਿਕਾਰ ਮਿਲੇਗਾ ਬਲਕਿ ਕਮੇਟੀ ਵਿਚ ਵੀ ਵੱਖ-ਵੱਖ ਅਹੁਦਿਆਂ 'ਤੇ ਨਿਯੁਕਤੀਆਂ ਦੇ ਰੂਪ ਵਿਚ ਸਨਮਾਨਤ ਕੀਤਾ ਜਾਵੇਗਾ। ਉਹਨਾਂ ਨੇ ਨੌਜਵਾਨਾਂ ਦਾ ਧੰਨਵਾਦ ਵੀ ਕੀਤਾ ਜਿਹਨਾਂ ਨੇ ਪਾਰਟੀ ਦਾ ਸਾਥ ਦੇਣ ਦਾ ਮਨ ਬਣਾਇਆ।

# ਗੁਲਾਬ ਚੰਦ ਕਟਾਰੀਆ ਨੇ ਚੰਡੀਗੜ੍ਹ ਵਿੱਚ ਆਯੁਸ਼ਮਾਨ ਆਰੋਗਯ ਮੰਦਿਰਾਂ ਦਾ ਕੀਤਾ ਦੌਰਾ

ਚੰਡੀਗੜ੍ਹ, 6 ਮਈ (ਹਰਦੀਪ ਕੌਰ) : ਪੰਜਾਬ ਦੇ ਰਾਜਪਾਲ ਅਤੇ ਯੂਟੀ ਚੰਡੀਗੜ੍ਹ ਦੇ ਪ੍ਰਸ਼ਾਸਕ ਸ੍ਰੀ ਗੁਲਾਬ ਚੰਦ ਕਟਾਰੀਆ ਨੇ ਅੱਜ ਮਲੋਆ, ਸੈਕਟਰ-35, ਮੱਖਣ ਮਾਜਰਾ ਅਤੇ ਰਾਏਪੁਰ ਕਲਾਂ ਵਿਖੇ ਉੱਨਤ ਆਯੁਸ਼ਮਾਨ ਆਰੋਗਯ ਮੰਦਿਰ (ਏਏਐਮ/11) ਕੇਂਦਰਾਂ ਦਾ ਦੌਰਾ ਕੀਤਾ। ਇਹ ਦੌਰਾ ਆਯੁਸ਼ਮਾਨ ਭਾਰਤ ਪਹਿਲ ਦੇ ਤਹਿਤ ਸਿਹਤ ਅਤੇ ਤੰਦਰੁਸਤੀ ਕੇਂਦਰਾਂ ਨੂੰ ਆਯੁਸ਼ਮਾਨ ਆਰੋਗਯ ਮੰਦਿਰਾਂ ਵਿੱਚ ਬਦਲਣ ਦੇ ਰਾਸ਼ਟਰਵਿਆਪੀ ਸਮਾਰੋਹ ਦਾ ਹਿੱਸਾ ਸੀ। ਦੌਰੇ ਦੇ ਦੌਰਾਨ, ਪ੍ਰਸ਼ਾਸਕ ਨੇ ਕੇਂਦਰਾਂ ਵਿੱਚ ਬੁਨਿਆਦੀ ਢਾਂਚੇ, ਸੇਵਾ ਪ੍ਰਦਾਨ ਕਰਨ ਅਤੇ ਡਿਜੀਟਲ ਸਿਹਤ ਏਕੀਕਰਣ ਦੀ ਸਮੀਖਿਆ ਕੀਤੀ। ਸ੍ਰੀ ਕਟਾਰੀਆ ਨੇ ਕਈ ਮਰੀਜ਼ਾਂ ਨਾਲ ਵੀ ਗੱਲਬਾਤ ਕੀਤੀ ਜੋ ਰੁਟੀਨ ਚੈੱਕ-ਅੱਪ ਅਤੇ ਸਲਾਹ-ਮਸ਼ਵਰੇ ਲਈ ਆਏ ਸਨ, ਅਤੇ ਕੇਂਦਰਾਂ 'ਤੇ ਉਪਲੱਬਧ ਕਰਵਾਈਆਂ ਜਾ ਰਹੀਆਂ ਸੇਵਾਵਾਂ ਦੀ ਗੁਣਵੱਤਾ, ਪਹੁੰਚ ਅਤੇ ਸਮੁੱਚੇ ਅਨੁਭਵ ਬਾਰੇ ਜਾਣਕਾਰੀ ਲਈ। ਉਨ੍ਹਾਂ ਨੇ ਕਮਿਊਨਿਟੀ ਹੈਲਥ ਅਫ਼ਸਰਾਂ ਅਤੇ ਸਟਾਫ਼ ਨਾਲ ਵੀ ਗੱਲਬਾਤ ਕੀਤੀ ਤਾਕਿ



ਪ੍ਰਦਾਨ ਕੀਤੀਆਂ ਜਾ ਰਹੀਆਂ ਮੁਫ਼ਤ ਸੇਵਾਵਾਂ ਦੀ ਸ਼੍ਰੇਣੀ ਨੂੰ ਸਮਝਿਆ ਜਾ ਸਕੇ, ਜਿਸ ਵਿੱਚ ਗ਼ੈਰ-ਸੰਚਾਰੀ ਰੋਗਾਂ ਦੀ ਜਾਂਚ, ਟੈਲੀਮੈਡੀਸਿਨ ਸਲਾਹ-ਮਸ਼ਵਰਾ, ਜੱਚਾ ਅਤੇ ਬੱਚਾ ਸਿਹਤ ਸੰਭਾਲ਼, ਅਤੇ ਜ਼ਰੂਰੀ ਦਵਾਈਆਂ ਅਤੇ ਡਾਇਗਨੌਸਟਿਕਸ ਦੀ ਵਿਵਸਥਾ ਸ਼ਾਮਲ ਹੈ।ਸ਼੍ਰੀ ਕਟਾਰੀਆ ਨੇ ਗੁਣਵੱਤਾਪੂਰਨ ਪ੍ਰਾਇਮਰੀ ਹੈਲਥਕੇਅਰ ਨੂੰ ਸਮੁਦਾਇ ਦੇ ਕਰੀਬ ਲਿਆਉਣ ਵਿੱਚ ਕੇਂਦਰਾਂ ਦੇ ਪ੍ਰਭਾਵੀ ਪਹੁੰਚ 'ਤੇ ਤਸੱਲੀ ਵਿਅਕਤ ਕੀਤੀ। ਸਾਇਟ ਦੇ ਦੌਰੇ ਦੇ ਬਾਅਦ, ਯੂਟੀ ਸਕੱਤਰੇਤ ਵਿਖੇ ਇੱਕ ਸਨਮਾਨ ਸਮਾਰੋਹ ਦਾ ਆਯੋਜਨ ਕੀਤਾ ਗਿਆ, ਜਿੱਥੇ ਮਾਣਯੋਗ ਰਾਜਪਾਲ ਨੇ ਆਯੁਸ਼ਮਾਨ ਭਾਰਤ ਯੋਜਨਾ ਦੇ ਤਹਿਤ ਸੇਵਾਵਾਂ ਪ੍ਰਦਾਨ ਕਰਨ ਵਿੱਚ ਲਗੇ ਹੈਲਥਕੇਅਰ ਵਰਕਰਾਂ ਦੇ ਅਨਮੋਲ ਯੋਗਦਾਨ ਨੂੰ ਮਾਨਤਾ ਦਿੱਤੀ। ਕਮਿਊਨਿਟੀ ਹੈਲਥ ਅਫ਼ਸਰਾਂ, ਏਐੱਨਐੱਮਜ਼ ਫਾਰਮਾਸਿਸਟਾਂ ਅਤੇ ਲੈਬਾਰਟਰੀ ਟੈਕਨੀਸ਼ੀਅਨਾਂ ਨੂੰ ਸ਼ਹਿਰ ਵਿੱਚ ਜਨਤਕ ਸਿਹਤ ਨਤੀਜਿਆਂ ਨੂੰ ਬਿਹਤਰ ਬਣਾਉਣ ਲਈ ਉਨ੍ਹਾਂ ਦੀ ਸਮਰਪਿਤ ਸੇਵਾ ਅਤੇ ਪ੍ਰਤੀਬੱਧਤਾ ਲਈ ਸਨਮਾਨਿਤ ਕੀਤਾ ਗਿਆ। ਸ਼੍ਰੀ ਕਟਾਰੀਆ ਨੇ ਪੁਰਸਕਾਰ ਜੇਤੂਆਂ ਨੂੰ ਪ੍ਰਸ਼ੰਸਾ ਪੱਤਰ ਦਿੱਤੇ ਅਤੇ ਉਨ੍ਹਾਂ ਦੀ ਭਾਰਤ ਦੇ ਰੋਕਥਾਮ ਅਤੇ ਪ੍ਰਮੋਟਿਵ ਹੈਲਥਕੇਅਰ ਡਿਲਿਵਰੀ ਸਿਸਟਮ ਦੀ ਰੀੜ੍ਹ ਹੋਣ ਲਈ ਪ੍ਰਸ਼ੰਸਾ ਕੀਤੀ। ਰਾਜਪਾਲ ਨੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿੱਚੋਂ ਸਭ ਤੋਂ ਵੱਧ ਟੈਲੀਕੰਸਲਟੇਸ਼ਨਸ ਪ੍ਰਦਾਨ ਕਰਨ ਵਿੱਚ ਚੰਡੀਗੜ੍ਹ ਦੀ ਪ੍ਰਾਪਤੀ ਦੀ ਵੀ ਸ਼ਲਾਘਾ ਕੀਤੀ, ਸਿਹਤ ਵਿਭਾਗ ਅਤੇ ਫ੍ਰੰਟਲਾਇਨ ਵਰਕਫੋਰਸ ਦੇ ਯਤਨਾਂ ਨੂੰ ਸਵੀਕਾਰ ਕੀਤਾ।ਇਸ ਸਮਾਗਮ ਦੌਰਾਨ ਰਾਜਪਾਲ ਦੇ ਪ੍ਰਮੁੱਖ ਸਕੱਤਰ ਸ਼੍ਰੀ ਵਿਵੇਕ ਪ੍ਰਤਾਪ ਸਿੰਘ, ਵਿੱਤ ਸਕੱਤਰ ਸ਼੍ਰੀ ਦੀਪਰਵਾ ਲਾਕੜਾ, ਸਕੱਤਰ ਸਿਹਤ ਸ਼੍ਰੀ ਅਜੈ ਚਗਤੀ, ਡਾਇਰੈਕਟਰ ਸਿਹਤ ਡਾ. ਸੁਮਨ ਸਿੰਘ ਅਤੇ ਚੰਡੀਗੜ੍ਹ ਪ੍ਰਸ਼ਾਸਨ ਦੇ ਹੋਰ ਅਧਿਕਾਰੀ ਵੀ ਮੌਜੂਦ ਸਨ।

# ਪਤੰਜਲੀ ਵਿੱਚ ਮਿਊਜ਼ੀਅਮ ਆਫ਼ ਓਰੀਜਿਨ ਐਂਡ ਕੰਟੀਨਿਊਮ ਦੇ ਵਿਸ਼ੇ ਤੇ ਇਤਿਹਾਸ ਤੇ ਇੱਕ ਰੋਜ਼ਾ ਕਾਨਫਰੰਸ ਸਮਾਪਤ

ਹਰਿਦੁਆਰ, 6 ਮਈ (ਅੰਮ੍ਰਿਤਪਾਲ ਸਿੰਘ) : ਬੀਰਬਲ ਸਾਹਨੀ ਇੰਸਟੀਚਿਊਟ ਆਫ਼ ਪਾਲੀਓ ਸਾਇੰਸ, ਪਤੰਜਲੀ ਰਿਸਰਚ ਫਾਊਂਡੇਸ਼ਨ ਅਤੇ ਪਤੰਜਲੀ ਯੂਨੀਵਰਸਿਟੀ ਨੇ ਮਿਊਜ਼ੀਅਮ ਆਫ਼ ਓਰੀਜਨ ਐਂਡ ਕੰਟੀਨਿਊਮ ਵਿਸ਼ੇ ਤੇ ਇੱਕ ਦਿਨਾ ਇਤਿਹਾਸ ਸੰਮੇਲਨ ਦਾ ਆਯੋਜਨ ਕਰਨ ਲਈ ਸਹਿਯੋਗ ਕੀਤਾ ਜਿਸ ਵਿੱਚ ਸਵਾਮੀ ਰਾਮਦੇਵ ਜੀ ਮਹਾਰਾਜ ਅਤੇ ਆਚਾਰੀਆ ਬਕ੍ਰਿਸ਼ਨ ਜੀ ਮਹਾਰਾਜ ਦੇ ਨਾਲ-ਨਾਲ ਉੱਘੇ ਇਤਿਹਾਸਕਾਰਾਂ, ਭੂ-ਵਿਗਿਆਨੀਆਂ ਅਤੇ ਭਾਰਤੀ ਗਿਆਨ ਪ੍ਰਣਾਲੀ ਦੇ ਵਿਦਵਾਨਾਂ ਨੇ ਇਸ ਵਿਸ਼ੇ ਤੇ ਵਿਚਾਰ-ਵਟਾਂਦਰਾ ਕੀਤਾ। ਕਾਨਫਰੰਸ ਵਿੱਚ, NAAC ਕਾਰਜਕਾਰੀ ਕਮੇਟੀ ਦੇ ਚੇਅਰਮੈਨ ਪ੍ਰੋ. ਅਨਿਲ ਸਹਸਤਰਬੁੱਧੀ ਨੇ ਕਿਹਾ ਕਿ ਪਤੰਜਲੀ ਵੱਲੋਂ ਇਤਿਹਾਸ ਲਿਖਣ ਅਤੇ ਪ੍ਰਮਾਣਿਤ ਕਰਨ ਲਈ ਕੀਤਾ ਜਾ ਰਿਹਾ ਕੰਮ ਆਉਣ ਵਾਲੀਆਂ ਪੀੜ੍ਹੀਆਂ ਨੂੰ ਪ੍ਰੇਰਿਤ ਕਰੇਗਾ ਅਤੇ ਲੋਕਾਂ ਨੂੰ ਉਨ੍ਹਾਂ ਦੀਆਂ ਜੜ੍ਹਾਂ ਨਾਲ ਜੋੜੇਗਾ। ਭਾਰਤੀ ਪੁਰਾਤੱਤਵ ਸਰਵੇਖਣ ਦੇ ਡਾਇਰੈਕਟਰ ਜਨਰਲ, ਡਾ. ਵਾਈ.ਐਸ. ਰਾਵਤ ਨੇ ਕਿਹਾ ਕਿ ਪਤੰਜਲੀ ਵੱਲੋਂ ਇਤਿਹਾਸ ਨੂੰ ਸੰਭਾਲਣ ਦਾ ਵਿਲੱਖਣ ਕੰਮ ਕੀਤਾ ਜਾ ਰਿਹਾ ਹੈ। ਖ਼ੁਸ਼ੀ ਜ਼ਾਹਰ ਕਰਦਿਆਂ ਉਨ੍ਹਾਂ ਕਿਹਾ ਕਿ ਪਤੰਜਲੀ ਵੱਲੋਂ ਪੁਰਾਤੱਤਵ



ਸਰਵੇਖਣ ਲਈ ਕੀਤਾ ਜਾ ਰਿਹਾ ਕੰਮ ਵਿਸ਼ਵ ਇਤਿਹਾਸ ਨੂੰ ਮੁੜ ਸੁਰਜੀਤ ਕਰੇਗਾ। ਇਸ ਮੌਕੇ ਸਵਾਮੀ ਰਾਮਦੇਵ ਜੀ ਮਹਾਰਾਜ ਨੇ ਕਿਹਾ ਕਿ ਭਾਰਤ ਦੇ ਗੌਰਵਸ਼ਾਲੀ ਇਤਿਹਾਸ ਨੂੰ ਜਾਣਬੁੱਝ ਕੇ ਛੁਪਾਇਆ ਗਿਆ ਹੈ। ਪਤੰਜਲੀ ਨੇ ਹੁਣ ਭਾਰਤ ਦੇ ਸੁਨਹਿਰੀ ਇਤਿਹਾਸ ਨੂੰ ਸੰਭਾਲਣ ਦੀ ਜ਼ਿੰਮੇਵਾਰੀ ਲਈ ਹੈ।ਪ੍ਰੋਗਰਾਮ ਵਿੱਚ, ਆਚਾਰੀਆ ਬਾਲਕ੍ਰਿਸ਼ਨ ਜੀ ਮਹਾਰਾਜ ਨੇ ਕਿਹਾ ਕਿ ਭਾਰਤੀ ਇਤਿਹਾਸ ਦੁਨੀਆ ਦਾ ਅਸਲ ਇਤਿਹਾਸ ਹੈ, ਅਤੇ ਅਸੀਂ ਆਪਣੇ ਪ੍ਰਾਚੀਨ ਇਤਿਹਾਸ, ਸ਼ਾਸਤਰੀ ਪਰੰਪਰਾਵਾਂ ਅਤੇ ਗਿਆਨ ਅਤੇ ਵਿਗਿਆਨ ਨੂੰ ਵਿਸ਼ਵ ਮੰਚ ਤੇ ਮੁੜ ਸਥਾਪਿਤ ਕਰਨ ਲਈ ਕੰਮ ਕਰ ਰਹੇ ਹਾਂ। ਕਾਨਫਰੰਸ ਵਿੱਚ ਬੀਐਸਆਈਪੀ ਦੇ ਡਾਇਰੈਕਟਰ ਪ੍ਰੋ. ਐਮ.ਜੀ. ਠੱਕਰ ਨੇ ਸੰਕਲਪਾਂ ਦੇ ਢਾਂਚੇ ਤੇ ਇੱਕ ਸ਼ੁਰੂਆਤੀ ਪੇਸ਼ਕਾਰੀ ਦਿੱਤੀ ਅਤੇ ਪਤੰਜਲੀ ਰਿਸਰਚ ਫਾਊਂਡੇਸ਼ਨ ਦੇ ਇਤਿਹਾਸ ਅਤੇ ਪੁਰਾਤੱਤਵ ਵਿਭਾਗ ਦੀ ਮੁਖੀ ਡਾ. ਰਸ਼ਮੀ ਮਿੱਤਲ ਨੇ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਮਨੁੱਖਤਾ ਦੇ ਇਤਿਹਾਸ ਵਿੱਚ ਨਵੀਂ ਸਮਝ ਤੇ ਇੱਕ ਸ਼ੁਰੂਆਤੀ ਪੇਸ਼ਕਾਰੀ ਦਿੱਤੀ।ਆਈ.ਕੇ.ਐੱਸ. ਸਿੱਖਿਆ ਮੰਤਰਾਲੇ ਦੇ ਅਧਿਕਾਰੀਆਂ ਨੇ ਪ੍ਰੋਗਰਾਮ ਵਿੱਚ ਹਿੱਸਾ ਲਿਆ। ਡਿਵੀਜ਼ਨ ਹੈੱਡ ਪ੍ਰੋ. ਹਾਂ। ਸੂਰਯਨਾਰਾਇਣ ਮੂਰਤੀ; ਅਹਿਮਦਾਬਾਦ, ਗੁਜਰਾਤ ਤੋਂ ਆਰਕੀਟੈਕਟ ਪਾਰਥ ਠੱਕਰ; ਡਾ. ਰਾਜੇਸ਼ ਪ੍ਰਸਾਦ, ਡਾਇਰੈਕਟਰ, ਇਲਾਹਾਬਾਦ ਅਜਾਇਬ ਘਰ; ਡਾ. ਬੀ.ਆਰ. ਡਾ: ਆਨੰਦ ਬਰਧਨ, ਸਹਾਇਕ ਪ੍ਰੋਫੈਸਰ, ਐਂਥ੍ਰੋਪੋਲੋਜੀ ਯੂਨੀਵਰਸਿਟੀ, ਦਿੱਲੀ; ਏ.ਐਸ.ਆਈ ਡਾ. ਧਰਮਵੀਰ ਸ਼ਰਮਾ, ਸਾਬਕਾ ਡਾਇਰੈਕਟਰ; ਓਨਕੋਲੋਜਿਸਟ ਅਤੇ ਇਤਿਹਾਸਕਾਰ ਡਾ. ਪੁਨੀਤ ਗੁਪਤਾ; ਸੁਰੇਸ਼ ਚੌਹਾਨਕੇ, ਚੇਅਰਮੈਨ, ਸੁਦਰਸ਼ਨ ਚੈਨਲ, ਸ਼੍ਰੀਮਤੀ ਗੀਤਾਂਜਲੀ ਬਰੂਆ, ਸਕੱਤਰ, ਚਿਨਾਕੀ- ਏ ਸੈਂਟਰ ਫਾਰ ਹੈਰੀਟੇਜ; ਨਵੀਂ ਦਿੱਲੀ ਤੋਂ ਆਰਕੀਟੈਕਟ ਸ਼੍ਰਿਜਿਥ ਬੈਨਰਜੀ; ਆਈ.ਜੀ.ਐਨ.ਸੀ.ਏ. ਡਾ. ਏ.ਐਸ., ਸਹਾਇਕ ਪ੍ਰੋਫੈਸਰ, ਸੰਭਾਲ ਵਿਭਾਗ, ਦਿੱਲੀ ਯੂਨੀਵਰਸਿਟੀ। ਸਤੇਂਦਰ ਕੁਮਾਰ ਅਤੇ ਆਈ.ਜੀ.ਐਨ.ਸੀ.ਏ. ਆਈਆਈਟੀ ਕਾਨਪੁਰ ਦੇ ਸੰਭਾਲ ਵਿਭਾਗ ਦੇ ਪ੍ਰੋਜੈਕਟ ਕੋਆਰਡੀਨੇਟਰ ਸ਼੍ਰੀ ਆਸਤਿਕ ਭਾਰਦਵਾਜ ਨੇ ਤਕਨੀਕੀ ਸੈਸ਼ਨ ਵਿੱਚ ਇੱਕ ਭਾਸ਼ਣ ਦਿੱਤਾ।

# ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦਾ ਜਨਮ ਦਿਹਾੜਾ ਮਨਾਇਆ

ਬਟਾਲਾ,6 ਮਈ (ਸੁਖਦੇਵ ਸਿੰਘ ਰੰਧਾਵਾ ਬਲਬੀਰ ਸੋਹਲ): ਬੀਤੀ 5 ਮਈ ਨੂੰ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਜੀ ਦਾ 302ਵਾਂ ਜਨਮ ਦਿਹਾੜਾ ਗੁਰਦੁਆਰਾ ਰਾਮਗੜ੍ਹੀਆ ਸਿੰਘ ਸਭਾ ਸੁਕਰਪੁਰਾ ਵਿਖੇ ਖਾਲਸਾਈ ਜਾਹੋ ਜਲਾਲ ਨਾਲ ਮਨਾਇਆ ਗਿਆ, ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਫਾਊਂਡੇਸ਼ਨ




ਵੱਲੋਂ ਆਯੋਜਿਤ ਇਸ ਗੁਰਮਤਿ ਸਮਾਗਮ ਵਿੱਚ ਹਜ਼ਾਰਾਂ ਸੰਗਤਾਂ ਨੇ ਹਾਜ਼ਰੀ ਭਰੀ। ਗੁਰਮਤਿ ਸਮਾਗਮ ਦੀ ਆਰੰਭਤਾ ਮਾਤਾ ਗੁਜਰੀ ਜੀ ਇਸਤਰੀ ਸਤਿਸੰਗ ਸਭਾ ਵੱਲੋਂ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਨਾਲ ਕੀਤੀ ਗਈ। ਉਪਰੰਤ ਭਾਈ ਰਘਬੀਰ ਸਿੰਘ ਅਤੇ ਬੀਬੀ ਰਾਜਵਿੰਦਰ ਕੌਰ ਜੀ ਦੇ ਕੀਰਤਨੀ ਜੱਥਿਆਂ ਨੇ ਇਲਾਹੀ ਬਾਣੀ ਦੇ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਪ੍ਰਸਿੱਧ ਕਥਾਵਾਚਕ ਭਾਈ ਹੀਰਾ ਸਿੰਘ ਜੀ ਟਾਹਲਾ ਸਾਹਿਬ ਵਾਲਿਆਂ ਨੇ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਜੀ ਦੇ ਜੀਵਨ ਬਾਰੇ ਸੰਗਤਾਂ ਨੂੰ ਜਾਣਕਾਰੀ ਦਿੰਦਿਆਂ ਕਿਹਾ ਕਿ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਤੋਂ ਭਾਈ ਰਾਮੂ ਬੰਮਰਾਹ ਜੀ ਨੇ ਸਿੱਖੀ ਦੀ ਦਾਤ ਪ੍ਰਾਪਤ ਕੀਤੀ ਤੇ ਪੀੜ੍ਹੀ ਦਰ ਪੀੜ੍ਹੀ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਜੀ ਤੱਕ ਜਾਲਮ ਮੁਗਲਾਂ ਨਾਲ ਯੁੱਧ ਲੜ ਕੇ ਖਾਲਸਾ ਰਾਜ ਕਾਇਮ ਕੀਤਾ, ਉਹਨਾਂ ਸੰਗਤਾਂ ਨੂੰ ਪ੍ਰੇਰਿਤ ਕੀਤਾ, ਕਿ ਉਹ ਆਪਣੇ ਪੁਰਖਿਆਂ ਦੇ ਇਤਿਹਾਸ ਤੋਂ ਸਬਕ ਲੈ ਕੇ ਆਪਣੇ ਬੱਚਿਆਂ ਅਤੇ ਕੌਮ ਦੇ ਭਵਿੱਖ ਲਈ ਲਾਮਬੰਦ ਹੋਣ, ਸਟੇਟ ਸੈਕਟਰੀ ਦੀ ਸੇਵਾ ਗੁਰਮੁੱਖ ਸਿੰਘ ਜੀ ਨੇ ਨਿਭਾਈ, ਮਾਸਟਰ ਗੁਰਮੀਤ ਸਿੰਘ ਜੀ ਨੇ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਫਾਊਂਡੇਸ਼ਨ ਵਲੋਂ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ ਤੇ ਫਾਊਂਡੇਸ਼ਨ ਵਲੋਂ ਕੀਤੇ ਜਾ ਰਹੇ ਉਪਰਾਲਿਆਂ ਦੀ ਜਾਣਕਾਰੀ ਦਿੱਤੀ, ਠੰਡੇ ਮਿੱਠੇ ਜਲ ਦੀ ਛਬੀਲ ਅਤੇ ਗੁਰੂ ਕੇ ਲੰਗਰ ਅਤੁੱਟ ਵਰਤੇ। ਇਸ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਰਾਮਗੜ੍ਹੀਆ ਫਾਊਂਡੇਸ਼ਨ ਦੇ ਭਾਈ ਗੁਰਦਰਸ਼ਨ ਸਿੰਘ, ਕੁਲਬੀਰ ਸਿੰਘ ਵਿਰਦੀ, ਰਣਧੀਰ ਸਿੰਘ ਰਾਣਾ, ਭੁਪਿੰਦਰ ਸਿੰਘ ਪ੍ਰਿੰਸ, ਉਂਕਾਰ ਸਿੰਘ, ਬਲਵਿੰਦਰ ਸਿੰਘ ਹੀਰਾ, ਗੁਰਪ੍ਰੀਤ ਸਿੰਘ ਚਾਹਲ, ਤਲਵਿੰਦਰ ਸਿੰਘ ਕੋਟਲਾ, ਦਿਲਬਾਗ ਸਿੰਘ, ਦਲਜਿੰਦਰ ਸਿੰਘ, ਬਲਜਿੰਦਰ ਸਿੰਘ ਕਿੱਟੂ, ਪ੍ਰਿੰਸਪਾਲ ਸਿੰਘ, ਜਸਬੀਰ ਸਿੰਘ, ਰਵਿੰਦਰ ਸਿੰਘ, ਯੁੱਧਵੀਰ ਸਿੰਘ ਮਾਲਟੂ, ਮਨਜੀਤ ਸਿੰਘ ਹੰਸਪਾਲ, ਪਲਵਿੰਦਰ ਸਿੰਘ ਲੰਬੜਦਾਰ, ਕੁਲਵੰਤ ਸਿੰਘ ਐਮ ਸੀ, ਅਵਤਾਰ ਸਿੰਘ ਬੰਟੀ, ਹਰਦੇਵ ਸਿੰਘ ਸੰਧੂ, ਵਜ਼ੀਰ ਸਿੰਘ,ਵੀਰਮ ਸਿੰਘ ਕਿਰਪਾਲ ਸਿੰਘ ਪਾਲ, ਸੁਖਦੇਵ ਸਿੰਘ, ਗਿਆਨੀ ਹਰਬੰਸ ਸਿੰਘ ਹੰਸਪਾਲ, ਗੁਰਪ੍ਰੀਤ ਸਿੰਘ, ਰਛਪਾਲ ਸਿੰਘ, ਹਰਪ੍ਰੀਤ ਸਿੰਘ ਸੰਘਾ ਆਦਿ ਹਾਜ਼ਰ ਸਨ।

# ਵੇਰਕਾ ਮਿਲਕ ਪਲਾਂਟ ਵਿਖੇ ਸਿਵਲ ਡਿਫੈਂਸ ਵੱਲੋਂ ਮੌਕ ਡਰਿੱਲ ਅੱਜ

## ਲੋਕਾਂ ਨੂੰ ਘਬਰਾਉਣ ਦੀ ਲੋੜ ਨਹੀਂ : ਡੀ.ਸੀ ਹਿਮਾਂਸ਼ੂ ਜੈਨ

ਲੁਧਿਆਣਾ, 6 ਮਈ (ਵਿਸ਼ਾਲ ਸ਼ਰਮਾ): ਆਫ਼ਤ ਦੀ ਤਿਆਰੀ ਨੂੰ ਵਧਾਉਣ ਲਈ ਇੱਕ ਸਿਵਲ ਡਿਫੈਂਸ ਮੌਕ ਡਰਿੱਲ ਬੁੱਧਵਾਰ, 7 ਮਈ ਨੂੰ ਵੇਰਕਾ ਮਿਲਕ ਪਲਾਂਟ ਵਿਖੇ ਕੀਤੀ ਜਾਵੇਗੀ। ਅਭਿਆਸ ਦਾ ਉਦੇਸ਼ ਐਮਰਜੈਂਸੀ ਲਈ ਜ਼ਿਲ੍ਹਾ ਪ੍ਰਸ਼ਾਸਨ ਦੀ ਪ੍ਰਤੀਕਿਰਿਆ ਸਮਰੱਥਾਵਾਂ ਦੀ ਜਾਂਚ ਅਤੇ ਮਜ਼ਬੂਤੀ ਕਰਨਾ ਹੈ।ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਨੇ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਮੌਕ ਡਰਿੱਲ ਦੌਰਾਨ ਸ਼ਾਂਤ ਰਹਿਣ ਅਤੇ ਘਬਰਾਉਣ ਦੀ ਲੋੜ ਨਹੀਂ। ਉਨ੍ਹਾਂ ਅੱਗੇ ਕਿਹਾ ਕਿ ਵੇਰਕਾ ਮਿਲਕ ਪਲਾਂਟ ਵਿਖੇ ਅਭਿਆਸ ਦੀ ਸ਼ੁਰੂਆਤ ਦਾ ਸੰਕੇਤ




ਦੇਣ ਲਈ ਰੱਖਿਆ ਅਧਿਕਾਰੀਆਂ ਨਾਲ ਤਾਲਮੇਲ ਕਰਕੇ ਐਮਰਜੈਂਸੀ ਸਾਇਰਨ ਸ਼ਾਮ 4 ਵਜੇ ਵੱਜਣਗੇ। ਇਹ ਮੌਕ ਡਰਿੱਲ ਇੱਕ ਇਮਾਰਤ ਵਿੱਚ ਅੱਗ ਸੁਰੱਖਿਆ ਅਤੇ ਬਚਾਅ ਕਾਰਜ ਦੀ ਨਕਲ ਕਰੇਗੀ ਜੋ ਪ੍ਰਸ਼ਾਸਨ ਦੀ ਸੁਰੱਖਿਅਤ ਨਿਕਾਸੀ ਨੂੰ ਯਕੀਨੀ ਬਣਾਉਣ ਦੀ ਯੋਗਤਾ ਦਾ ਮੁਲਾਂਕਣ ਕਰੇਗੀ। ਭਾਗੀਦਾਰਾਂ ਵਿੱਚ ਸਕੂਲੀ ਵਿਦਿਆਰਥੀ, ਐਨ.ਸੀ.ਸੀ ਕੈਡੇਟ, ਐਨ.ਡੀ.ਆਰ.ਐਫ, ਪੰਜਾਬ ਪੁਲਿਸ, ਫਾਇਰ ਸਰਵਿਸਿਜ਼, ਨਗਰ ਨਿਗਮ, ਸਿਹਤ ਵਿਭਾਗ ਅਤੇ ਹੋਰ ਮੁੱਖ ਏਜੰਸੀਆਂ ਸ਼ਾਮਲ ਹੋਣਗੀਆਂ।ਇਸ ਤੋਂ ਇਲਾਵਾ ਐਮਰਜੈਂਸੀ ਪ੍ਰੋਟੋਕੋਲ ਦੀ ਜਾਂਚ ਕਰਨ ਲਈ ਨਿਰਧਾਰਤ ਖੇਤਰਾਂ ਵਿੱਚ ਰਾਤ 8:00 ਵਜੇ ਤੋਂ ਰਾਤ 8:30 ਵਜੇ ਤੱਕ 30 ਮਿੰਟ ਦਾ ਬਲੈਕਆਊਟ ਲਾਗੂ ਕੀਤਾ ਜਾਵੇਗਾ।ਡੀ.ਸੀ ਜੈਨ ਨੇ ਸ਼ਹਿਰ ਦੀ ਆਫ਼ਤ ਤਿਆਰੀ ਨੂੰ ਮਜ਼ਬੂਤ ਕਰਨ ਵਿੱਚ ਇਸਦੀ ਮਹੱਤਤਾ 'ਤੇ ਜ਼ੋਰ ਦਿੰਦੇ ਹੋਏ ਅਭਿਆਸ ਦੇ ਸੁਚਾਰੂ ਅਮਲ ਨੂੰ ਯਕੀਨੀ ਬਣਾਉਣ ਲਈ ਜਨਤਕ ਸਹਿਯੋਗ ਦੀ ਮੰਗ ਕੀਤੀ।

# ਗੁ. ਸ਼ਹੀਦ ਬਾਬਾ ਦੀਪ ਸਿੰਘ ਦੇ ਨੇੜੇ ਖੁੱਲ੍ਹੇ ਸ਼ਰਾਬ ਦੇ ਠੇਕੇ ਦਾ ਪਿੰਡ ਵਾਸੀਆਂ ਨੇ ਕੀਤਾ ਵਿਰੋਧ

ਸ੍ਰੀ ਕੀਰਤਪੁਰ ਸਾਹਿਬ, 6 ਮਈ (ਬੀ ਐਸ ਰਾਣਾ) : ਚੰਗਰ ਇਲਾਕੇ ਦੇ ਪਿੰਡ ਬੁਰੂਵਾਲ ਦੇ ਗੁਰਦੁਆਰਾ ਸ਼ਹੀਦ ਬਾਬਾ ਦੀਪ ਸਿੰਘ ਜੀ ਤੋਂ ਕਰੀਬ 100 ਮੀਟਰ ਦੀ ਦੂਰੀ ਤੇ ਨੈਸ਼ਨਲ ਹਾਈਵੇ ਕੁੱਲੂ ਮਨਾਲੀ -ਚੰਡੀਗੜ੍ਹ ਮੁੱਖ ਮਾਰਗ ਦੇ ਨਾਲ ਖੁੱਲ੍ਹੇ ਸ਼ਰਾਬ ਦੇ ਠੇਕੇ ਨੂੰ ਹਟਾਉਣ ਦੇ ਲਈ ਪਿੰਡ ਬੁਰੂਵਾਲ ਦੇ ਵਸਨੀਕਾਂ ਵੱਲੋਂ ਰੋਸ ਪ੍ਰਗਟ ਕਰਦੇ ਹੋਏ ਉਕਤ ਸ਼ਰਾਬ ਦੇ ਠੇਕੇ ਨੂੰ ਇੱਥੇ ਖੋਲ੍ਹਣ ਦਾ ਜਬਰਦਸਤ ਵਿਰੋਧ ਕੀਤਾ। ਇਸ ਮੌਕੇ ਪਿੰਡ ਵਾਸੀਆਂ ਨੇ ਸ਼ਰਾਬ ਦੇ ਠੇਕੇਦਾਰਾਂ ਨੂੰ ਸਖਤ ਹਦਾਇਤ ਕੀਤੀ ਕਿ ਦੋ ਦਿਨ ਦੇ ਵਿੱਚ ਅਗਰ ਸ਼ਰਾਬ ਦਾ ਠੇਕਾ ਇੱਥੋਂ ਨਾ ਚੁੱਕਿਆ ਗਿਆ ਤਾਂ ਇਸ ਦੇ ਨਤੀਜੇ ਗੰਭੀਰ ਹੋਣਗੇ, ਪਿੰਡ ਵਾਸੀਆਂ ਨੇ



ਕਿਹਾ ਕਿ ਫਿਰ ਇਥੇ ਤੋੜ ਭੰਨ ਵੀ ਹੋ ਸਕਦੀ ਹੈ, ਜਿਸ ਦੀ ਸਮੁੱਚੀ ਜਿੰਮੇਵਾਰੀ ਸ਼ਰਾਬ ਦੇ ਠੇਕੇਦਾਰਾਂ ਅਤੇ ਪ੍ਰਸ਼ਾਸਨ ਦੀ ਹੋਵੇਗੀ। ਇਸ ਮੌਕੇ ਪਿੰਡ ਦੇ ਲੋਕਾਂ ਨੇ ਦੱਸਿਆ ਕਿ ਉਹਨਾਂ ਦੇ ਪਿੰਡ ਵਿੱਚ ਪਹਿਲਾ ਤੋਂ ਹੀ ਇੱਕ ਸ਼ਰਾਬ ਦਾ ਠੇਕਾ ਪਿੰਡ ਕਲਿਆਣਪੁਰ ਦੀ ਹੱਦ ਦੇ ਨਾਲ ਖੁੱਲ੍ਹਿਆ ਹੋਇਆ ਹੈ ਅਤੇ ਦੂਸਰਾ ਠੇਕਾ ਪਿੰਡ ਬੁਰੂਵਾਲ ਦੇ ਗੁਰਦੁਆਰਾ ਸ਼ਹੀਦ ਬਾਬਾ ਦੀਪ ਸਿੰਘ ਦੇ ਨਜ਼ਦੀਕ ਖੋਲ੍ਹ ਦਿੱਤਾ ਗਿਆ ਹੈ । ਉਹਨਾਂ ਦੱਸਿਆ ਕਿ ਗੁਰਦੁਆਰਾ ਸਾਹਿਬ ਤੋਂ 100 ਮੀਟਰ ਦੀ ਦੂਰੀ 'ਤੇ ਖੁੱਲ੍ਹੇ ਉਕਤ ਸ਼ਰਾਬ ਦੇ ਠੇਕੇ ਦਾ ਪਿੰਡ ਦੇ ਲੋਕਾਂ ਵੱਲੋਂ ਵਿਰੋਧ ਕੀਤਾ ਗਿਆ ਹੈ। ਉਹਨਾਂ ਕਿਹਾ ਕਿ ਕਿਸੇ ਵੀ ਕੀਮਤ 'ਤੇ ਸ਼ਰਾਬ ਦਾ ਠੇਕਾ ਇੱਥੇ ਨਹੀਂ ਖੋਲ੍ਹਣਾ ਦਿੱਤਾ ਜਾਵੇਗਾ। ਜਿਸ ਲਈ ਉਕਤ ਠੇਕੇਦਾਰਾਂ ਨੂੰ ਦੋ ਦਿਨ ਦਾ ਸਮਾਂ ਦਿੱਤਾ ਗਿਆ ਹੈ। ਪਿੰਡ ਵਾਸੀਆਂ ਨੇ ਦੱਸਿਆ ਕਿ ਸ਼ਰਾਬ ਦੇ ਠੇਕੇ ਤੋਂ 300 ਮੀਟਰ ਦੀ ਦੂਰੀ ਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮੱਸੇਵਾਲ ਅਤੇ ਸ਼ਿਵ ਮੰਦਿਰ ਵੀ ਹੈ, ਉਹਨਾਂ ਕਿਹਾ ਕਿ ਜਿਸ ਥਾਂ 'ਤੇ ਸ਼ਰਾਬ ਦਾ ਠੇਕਾ ਖੋਲ੍ਹਿਆ ਗਿਆ ਹੈ, ਬਿਲਕੁਲ ਉਸ 'ਤੇ ਅੱਗੇ ਤੋਂ ਰੋਜਾਨਾ ਸੈਂਕੜਿਆਂ ਦੀ ਗਿਣਤੀ ਵਿੱਚ ਬੱਚੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮੱਸੇਵਾਲ ਨੂੰ ਪੜ੍ਹਨ ਲਈ ਜਾਂਦੇ ਹਨ, ਜਿਸ ਲਈ ਬੱਚਿਆਂ 'ਤੇ ਮਾੜਾ ਅਸਰ ਪਵੇਗਾ। ਇਸ ਮੌਕੇ ਗੁਰਦੁਆਰਾ ਸ਼ਹੀਦ ਬਾਬਾ ਦੀਪ ਸਿੰਘ ਦੇ ਮੁੱਖ ਸੇਵਾਦਾਰ ਡਾਕਟਰ ਖੁਸ਼ਹਾਲ ਸਿੰਘ ਬੁਰੂਵਾਲ , ਪਿੰਡ ਦੇ ਸਰਪੰਚ ਕ੍ਰਿਸ਼ਨਾ ਦੇਵੀ, ਕਮਲ ਸਿੰਘ ਪੰਚ, ਗੁਰਦਿਆਲ ਸਿੰਘ ਪੰਚ ਬਲਜੀਤ ਸਿੰਘ ਪੰਚ, ਕਾਬਲ ਸਿੰਘ ਰਾਣਾ ਸੋਸ਼ਲ ਮੀਡੀਆ ਇੰਚਾਰਜ ਬਲਾਕ ਕਾਂਗਰਸ ਕਮੇਟੀ ਅਨੰਦਪੁਰ ਸਾਹਿਬ, ਸੁਰਿੰਦਰ ਸਿੰਘ, ਮੰਗਲ ਸਿੰਘ, ਅਮਰੀਕ ਸਿੰਘ, ਦਰਸ਼ਨ ਸਿੰਘ, ਉਜਾਗਰ ਸਿੰਘ, ਅਵਤਾਰ ਸਿੰਘ, ਮਾਨ ਸਿੰਘ ,ਹਰਜਾਪ ਸਿੰਘ, ਗਿਆਨ ਸਿੰਘ ,ਗੁਰਮੇਲ ਸਿੰਘ, ਬਿੰਦਰ ਸਿੰਘ ਸਾਬਕਾ ਪੰਚ, ਗੁਰਪ੍ਰੀਤ ਸਿੰਘ, ਦਿਲਬਾਗ ਸਿੰਘ ,ਗੁਰਪਾਲ ਸਿੰਘ, ਸੁਰਜੀਤ ਸਿੰਘ, ਮਾਨ ਸਿੰਘ, ਸੂਬੇਦਾਰ ਸਿਕੰਦਰ ਸਿੰਘ, ਬਿਕਰਮਜੀਤ ਸਿੰਘ, ਗੁਰਤੇਜ ਸਿੰਘ ਪ੍ਰਧਾਨ ਸ੍ਰੀ ਗੁਰੂ ਅਰਜਨ ਦੇਵ ਸਪੋਰਟਸ ਕਲੱਬ, ਪਰਮਜੀਤ ਕੌਰ, ਰਣਜੀਤ ਕੌਰ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਹਾਜ਼ਰ ਸਨ।

# ਜ਼ਿੰਦਗੀ ਜਿਊਣਾ ਵੀ ਹੈ ਇੱਕ ਅੰਦਾਜ਼



ਸੰਜੀਵ ਸਿੰਘ ਸੈਣੀ
7888966168

ਜ਼ਿੰਦਗੀ ਜ਼ਿੰਦਾਦਿਲੀ ਦਾ ਨਾਮ ਹੈ। ਜ਼ਿੰਦਗੀ ਜਿਉਣ ਦਾ ਇੱਕ ਅੰਦਾਜ਼ ਹੈ। ਜ਼ਿੰਦਗੀ ਇੱਕ ਰੰਗ ਮੰਚ ਦੀ ਤਰ੍ਹਾਂ ਹੈ। ਜ਼ਿੰਦਾਦਿਲੀ ਨਾਲ ਜ਼ਿੰਦਗੀ ਨੂੰ ਜਿਊਣ ਵਾਲਾ ਇਨਸਾਨ ਹੀ ਕਾਮਯਾਬ ਹੁੰਦਾ ਹੈ। ਅੱਜ ਦੀ ਦੌੜ ਭੱਜ ਜ਼ਿੰਦਗੀ ਵਿੱਚ ਅਸੀਂ ਖੁਸ਼ ਰਹਿਣਾ ਹੀ ਭੁੱਲ ਚੁੱਕੇ ਹਾਂ। ਤੁਹਾਡੀ ਖੁਸ਼ੀ ਹਮੇਸ਼ਾ ਤੁਹਾਡੇ ਵਿਹਾਰ ਤੇ ਨਿਰਭਰ ਕਰਦੀ ਹੈ ਹੈ। ਇਹ ਜਰੂਰੀ ਨਹੀਂ ਹੁੰਦਾ ਕਿ ਤੁਹਾਡੇ ਕੋਲ ਕੀ ਕੁਝ ਇਨਸਾਨ ਜ਼ਿੰਦਗੀ ਨੂੰ ਆਪਣੇ ਮੁਤਾਬਕ ਮਾਣਦਾ ਹੈ ।ਕੋਈ ਵਾਤਾਵਰਣ ਪ੍ਰੇਮੀ ਹੈ ।ਉਸਨੂੰ ਪੌਦੇ ਲਗਾ ਕੇ ਉਹਨਾਂ ਦੀ ਦੇਖਭਾਲ ਕਰਕੇ ਖੁਸ਼ੀ ਮਿਲਦੀ ਹੈ ।ਕੋਈ ਪੰਛੀਆਂ ਨੂੰ ਦਾਣਾ ਪਾ ਕੇ ਖੁਸ਼ ਹੁੰਦਾ ਹੈ ।ਕੋਈ ਲੋੜਵੰਦਾਂ ਦੀ ਮੱਦਦ ਕਰਕੇ ਖੁਸ਼ ਹੁੰਦਾ ਹੈ। ਕੋਈ ਛੋਟੇ ਬੱਚਿਆਂ, ਗਰੀਬ ਤਬਕੇ ਵਾਲਿਆਂ ਨੂੰ ਕਾਪੀ ਪੈਂਸਿਲਾਂ ਜੁੱਤੇ ਹੋਰ ਪਤਾ ਨਹੀਂ ਕਿਸ ਤਰ੍ਹਾਂ ਦੀ ਮੱਦਦ ਕਰਕੇ ਆਪਣੇ ਆਪ ਵਿੱਚ ਖੁਸ਼ੀ ਮਹਿਸੂਸ ਕਰਦਾ ਹੈ। ਵੈਸੇ ਵੀ ਇਨਸਾਨ ਦਾ ਫਰਜ਼ ਹੈ ਕਿ ਉਹ ਲੋੜਵੰਦਾਂ ਦੀ ਮੱਦਦ ਕਰੇ। ਸਮਾਜ ਵਿੱਚ ਵਿਚਰਦੇ ਹੋਏ ਅਸੀਂ ਦੇਖਦੇ ਹੀ ਹਾਂ ਕਿ ਕਈ ਲੋਕ ਚਾਹੇ ਉਹ ਕਿਸੇ ਸਮਾਜਿਕ ਜਥੇਬੰਦੀ ਨਾਲ ਜੁੜੇ ਹੋਣ, ਕਿਸ ਤਰ੍ਹਾਂ ਲੋਕਾਂ ਦੀ ਮੱਦਦ ਕਰਕੇ ਖੁਸ਼ੀ ਮਹਿਸੂਸ ਕਰਦੇ ਹਨ। ਚਾਹੇ ਉਹ ਬਲੱਡ ਡੋਨੇਸ਼ਨ ਕੈਂਪ ਲਗਾ ਲੈਣ, ਅੱਖਾਂ ਦੇ ਕੈਂਪ ਲਗਾ ਲੈਣ। ਜਾਂ ਗਰੀਬ ਪਰਿਵਾਰਾਂ ਵਿੱਚ ਰਾਸ਼ਨ ਦੇ ਦੇਣ ਕਿਸੇ ਗਰੀਬ ਪਰਿਵਾਰ ਦੀ ਧੀ ਦਾ ਵਿਆਹ ਕਰ ਦਿੰਦੇ ਹਨ, ਅਜਿਹੇ ਕਾਰਜਾਂ ਵਿੱਚ ਉਸਨੂੰ ਖੁਸ਼ੀ ਮਹਿਸੂਸ ਹੁੰਦੀ ਹੈ। ਸੁੱਖ ਦੁੱਖ ਜ਼ਿੰਦਗੀ ਦੇ ਪਰਛਾਵੇਂ ਹਨ। ਹਰ ਇਨਸਾਨ ਦੀ ਜ਼ਿੰਦਗੀ ਇੱਕੋ ਸਾਰ ਨਹੀਂ ਹੁੰਦੀ ,ਹਰ ਇਨਸਾਨ ਦੇ ਹਾਲਾਤ ਇੱਕੋ ਜਿਹੇ ਨਹੀਂ ਹੁੰਦੇ। ਸਮਾਂ ਵਡਮੁੱਲੀ ਦਾਤ ਹੈ। ਹਰ ਇਨਸਾਨ ਦੀ ਜ਼ਿੰਦਗੀ ਵਿੱਚ ਸਮੇਂ ਦਾ ਅਹਿਮ ਰੋਲ ਹੁੰਦਾ ਹੈ। ਸਮਾਂ ਹਮੇਸ਼ਾ ਬਦਲਦਾ ਹੀ ਰਹਿੰਦਾ ਹੈ। ਇੱਕੋ ਜਿਹੇ ਦਿਨ ਹਰ ਇਨਸਾਨ 'ਤੇ ਨਹੀਂ ਰਹਿੰਦੇ ,ਕਦੇ ਉਸ ਨੂੰ ਉੱਚੀ ਜਗ੍ਹਾ 'ਤੇ ਸਮਾਂ ਬਿਠਾ ਦਿੰਦਾ ਹੈ, ਕਦੇ ਉਸ ਨੂੰ ਵਾਧੇ ਘਾਟੇ ਹੋਣ ਕਰਕੇ ਨੀਚੇ ਵੀ ਆਉਣਾ ਪੈਂਦਾ ਹੈ। ਸਮਾਂ ਬੰਦੇ ਤੋਂ ਬਹੁਤ ਕੁਝ ਵੀ ਕਰਵਾ ਦਿੰਦਾ ਹੈ। ਸਮੇਂ ਦੀ ਨਬਜ਼ ਪਛਾਣਨ ਵਾਲਾ ਤੇ ਸਮੇਂ 'ਤੇ ਮੁਤਾਬਕ ਚੱਲਣ ਵਾਲੇ ਲੋਕ ਸਾਨੂੰ ਬਹੁਤ ਘੱਟ ਮਿਲਦੇ ਹਨ। ਸਾਡੇ ਜੀਵਨ ਵਿੱਚ ਬਹੁਤ ਚੁਣੌਤੀਆਂ ਹੁੰਦੀਆਂ ਹਨ, ਜੋ ਇਨਸਾਨ ਚੁਣੌਤੀਆਂ ਦਾ ਡੱਟ ਕੇ ਸਾਹਮਣਾ ਕਰਦਾ ਹੈ ਉਹ ਜਿੱਤ ਜਾਂਦੇ ਹਨ। ਜੋ ਇਹਨਾਂ ਚੁਣੌਤੀਆਂ ਦੇ ਅੱਗੇ ਹਾਰ ਜਾਂਦੇ ਹਨ ਉਹ ਫਿਰ ਦੁੱਖੀ ਹੀ ਰਹਿੰਦੇ ਹਨ।

ਸਾਡਾ ਕਈ ਅਜਿਹੇ ਇਨਸਾਨਾਂ ਨਾਲ ਵਾਹ ਪੈਂਦਾ ਹੈ, ਜਿਨ੍ਹਾਂ ਦੀ ਜ਼ਿੰਦਗੀ ਵਿੱਚ ਸਿਰਫ ਸੰਘਰਸ਼ ਹੀ ਸੰਘਰਸ਼ ਹੈ । ਉਹਨਾਂ ਦੀ ਜ਼ਿੰਦਗੀ ਵਿੱਚ ਕਦੇ ਵੀ ਖੁਸ਼ੀ ਨਹੀਂ ਹੈ। ਹਰ ਇਨਸਾਨ ਖੁਸ਼ੀ ਨੂੰ ਆਪਣੇ ਨਜ਼ਰੀਏ ਨਾਲ ਦੇਖਦਾ ਹੈ। ਜੇ ਅਮੀਰ ਤਬਕੇ ਦੀ ਗੱਲ ਕਰੀਏ ਉਹ ਵੱਡੀ ਗੱਡੀਆਂ ਜਾਂ ਵੱਡੇ ਵਿਲਾ ਖਰੀਦ ਕੇ ਖੁਸ਼ੀ ਮਹਿਸੂਸ ਕਰਦੇ ਹਨ ਜਾਂ ਉਹਨਾਂ ਨੂੰ ਇਹ ਹੁੰਦਾ ਹੈ ਕਿ ਸਾਡੇ ਕੋਲ ਤਾਂ ਬੰਬੀ ਕਮਾਈ ਹੈ, ਭਾਵ ਮੋਟਾ ਪੈਸਾ ਹੈ।ਸਾਨੂੰ ਇਸੇ ਦਾ ਹੀ ਬਹੁਤ ਹੌਸਲਾ ਹੈ। ਅਮੀਰ ਲੋਕਾਂ ਕੋਲ ਪੈਸਾ ਬਹੁਤ ਹੁੰਦਾ ਹੈ ਉਹਨਾਂ ਨੂੰ ਚਿੰਤਾ ਹੁੰਦੀ ਹੈ ਕਿ ਅਸੀਂ ਆਪਣੇ ਪੈਸੇ ਨੂੰ ਕਿਸ ਤਰ੍ਹਾਂ ਦੋਗਣਾ ਤਿਗਣਾ ਕਰਨਾ ਹੈ ,ਕਿੱਥੇ ਲਗਾ ਕੇ ਇਹ ਧੰਨ ਵਧਾਇਆ ਜਾ ਸਕਦਾ ਹੈ ।ਉਹਨਾਂ ਨੂੰ ਇਹ ਚਿੰਤਾ ਵੀ ਹੁੰਦੀ ਹੈ ਕਿ ਉਹਨਾਂ ਕੋਲ ਬਹੁਤ ਪੈਸਾ ਹੈ ਕਦੇ ਇਨਕਮ ਟੈਕਸ ਜਾਂ ਛਾਪਾ ਹੀ ਨਾ ਪੈ ਜਾਵੇ। ਦੂਜੇ ਪਾਸੇ ਉਹ ਗਰੀਬ ਤਬਕਾ ਹੈ ਜੋ 400 ਰੁਪਏ ਦਿਹਾੜੀ ਕਮਾ ਕੇ ਵੀ ਖੁਸ਼ੀ ਮਹਿਸੂਸ ਕਰਦਾ ਹੈ। ਵਰਤਮਾਨ ਵਿੱਚ ਰਹਿ ਕੇ ਜ਼ਿੰਦਗੀ ਬਸਰ ਕਰਦਾ ਹੈ ।ਕੱਲ੍ਹ ਦੀ ਉਸਨੂੰ ਬਿਲਕੁਲ ਵੀ ਫਿਕਰ ਨਹੀਂ ਹੁੰਦੀ। ਹਰ ਇਨਸਾਨ ਜ਼ਿੰਦਗੀ ਵਿੱਚ ਸਫਲ ਹੋਣਾ ਚਾਹੁੰਦਾ ਹੈ। ਹਰ ਇਨਸਾਨ ਖੁਸ਼ ਰਹਿਣਾ ਚਾਹੁੰਦਾ ਹੈ। ਜਦੋਂ ਅਸੀਂ ਖੁਸ਼ ਹੁੰਦੇ ਹਨ ਤਾਂ ਸਾਡੀ ਸੋਚ ਸਕਾਰਾਤਮਕ ਹੁੰਦੀ ਹੈ। ਨਕਾਰਾਤਮਕ ਭਾਵ ਸਾਡੇ ਦਿਮਾਗ ਵਿੱਚ ਨਹੀਂ ਆਉਂਦੇ ਹਨ। ਪਰ ਜਦੋਂ ਅਸੀਂ ਉਦਾਸ ਹੁੰਦੇ ਹਨ ਸਾਡੇ ਦਿਮਾਗ ਵਿੱਚ ਨਾਂਹ ਪੱਖੀ ਵਿਚਾਰ ਬਹੁਤ ਆ ਜਾਂਦੇ ਹਨ ਜੋ ਕਿ ਸਾਡੀ ਅਸਫਲਤਾ ਦਾ ਬਹੁਤ ਵੱਡਾ ਕਾਰਨ ਹਨ।

ਛੋਟੇ ਤਬਕੇ ਵਾਲੇ ਲੋਕ ਜਿਨਾਂ ਕੋਲ ਜ਼ਿੰਦਗੀ ਬਸਰ ਕਰਨ ਲਈ ਨਾ ਬਰਾਬਰ ਸਾਧਨ ਹੁੰਦੇ ਹਨ, ਉਹ ਕਦੇ ਵੀ ਆਪਣੀ ਤੁਲਨਾ ਕਿਸੇ ਹੋਰ ਨਾਲ ਨਹੀਂ ਕਰਦੇ ਹਨ। ਜਿੰਨਾ ਵੀ ਉਹਨਾਂ ਕੋਲ ਹੁੰਦਾ ਹੈ ਉਸੇ ਵਿੱਚ ਹੀ ਖੁਸ਼ ਰਹਿੰਦੇ ਹਨ। ਸਾਡੇ ਆਲੇ ਦੁਆਲੇ ਕਈ ਅਜਿਹੇ ਪਰਿਵਾਰ ਹਨ ਸਭ ਕੁਝ ਹੋਣ ਦੇ ਬਾਵਜੂਦ ਵੀ ਸੰਤੁਸ਼ਟ ਨਹੀਂ ਹਨ, ਉਹ ਆਪਣੀ ਤੁਲਨਾ ਵੱਡੇ ਲੋਕਾਂ ਨਾਲ ਕਰਦੇ ਹਨ। ਵਿਚਾਰ ਕਰਨ ਵਾਲੀ ਗੱਲ ਹੈ ਕਿ ਜੇ ਪਰਮਾਤਮਾ ਸਾਨੂੰ ਵਧੀਆ ਰਿਜ਼ਕ ,ਗੱਡੀ, ਵਧੀਆ ਕੱਪੜੇ ਰਹਿਣ ਲਈ ਵਧੀਆ ਘਰ ਦੇ ਰਿਹਾ ਹੈ ਤਾਂ ਅਸੀਂ ਉਸਦਾ ਸ਼ੁਕਰ ਗੁਜ਼ਾਰ ਕਿਉਂ ਨਹੀਂ ਹੁੰਦੇ। ਕੀ ਕਦੇ ਅਸੀਂ ਆਪਣੀ ਤੁਲਨਾ ਛੋਟੇ ਤਬਕੇ ਨਾਲ ਕੀਤੀ ਹੈ। ਜੋ ਵੀ ਸਾਨੂੰ ਜ਼ਿੰਦਗੀ ਵਿੱਚ ਮਿਲਿਆ ਹੈ ਅਸੀਂ ਉਸ ਵਿੱਚ ਖੁਸ਼ ਰਹਿਣਾ ਚਾਹੀਦਾ ਹੈ। ਵੱਡੇ ਮਹਾ ਨਗਰਾਂ ਵਿੱਚ ਜਾ ਕੇ ਦੇਖੋ ਜਿੱਥੇ ਉਹ ਪਾਣੀ ਵਾਲੇ ਪਾਈਪ ਪਏ ਹੁੰਦੇ ਹਨ ਉਹਨਾਂ ਵਿੱਚ ਕਈ ਅਜਿਹੇ ਪਰਿਵਾਰ ਆਪਣਾ ਸਮਾਂ ਗੁਜ਼ਾਰਦੇ ਹਨ।ਹੌਸਲਾ ਤੁਹਾਡੇ ਅੰਦਰ ਅਜਿਹੀ ਸ਼ਕਤੀ ਭਰ ਦਿੰਦਾ ਹੈ ਕਿ ਤੁਹਾਡਾ ਅੰਦਰਲਾ ਮਜਬੂਤ ਹੋ ਜਾਂਦਾ ਹੈ। ਆਪਣੇ ਆਪ ਤੇ ਭਰੋਸਾ ਰੱਖੋ ,ਆਤਮ ਵਿਸ਼ਵਾਸ ਨਾਲ ਤੁਸੀਂ ਵੱਡੀ ਤੋਂ ਵੱਡੀ ਮੰਜ਼ਿਲ ਸਰ ਕਰ ਸਕਦੇ ਹੋ। ਪੈਸਾ ਦੌਲਤ ਨਾਲ ਤੁਸੀਂ ਪਦਾਰਥਵਾਦੀ ਗੁਜ਼ਰਾਨ ਵਾਲੀ ਚੀਜ਼ਾਂ ਖਰੀਦ ਸਕਦੇ ਹੋ, ਪਰ ਜੋ ਸਕੂਨ , ਖੁਸ਼ੀ ਹੈ ਉਹ ਪੈਸੇ ਨਾਲ ਨਹੀਂ ਮਿਲ ਸਕਦਾ। ਅੱਜ ਦੇ ਸਮੇਂ ਵਿੱਚ ਰਿਸ਼ਤੇ ਮਤਲਬ ਦੇ ਰਹਿ ਚੁੱਕੇ ਹਨ ।ਸਾਰੇ ਪਰਿਵਾਰ ਆਪਣੇ ਕੰਮਾਂਕਾਰਾਂ ਵਿੱਚ ਰੁੱਝੇ ਹੋਏ ਹਨ। ਮੋਬਾਇਲਾਂ ਨੇ ਰਿਸ਼ਤਿਆਂ ਨੂੰ ਖਤਮ ਕਰ ਦਿੱਤਾ ਹੈ। ਖੁਸ਼ਹਾਲ ਜ਼ਿੰਦਗੀ ਜਿਊਣਾ ਅਸੀਂ ਭੁੱਲ ਚੁੱਕੇ ਹਾਂ। ਦੇਖੋ ਅੱਜ ਦੀ ਮਹਿੰਗਾਈ ਵਿੱਚ ਪੈਸਾ ਹੋਣਾ ਬਹੁਤ ਜਰੂਰੀ ਹੈ। ਪੈਸਾ ਗੁਜ਼ਰਾਨ ਲਈ ਹੈ, ਪਰ ਪੈਸੇ ਦਾ ਕਦੇ ਵੀ ਘੁਮੰਡ ਨਾ ਕਰੋ। ਜਿੱਥੇ ਚਾਰ ਲੋਕਾਂ ਨੇ ਨਾਲ ਖੜ੍ਹੇ ਹੋਣਾ ਹੈ, ਉੱਥੇ ਪੈਸਾ ਵੀ ਕੰਮ ਨਹੀਂ ਆਉਂਦਾ।

# ਸਚਖੰਡ ਸ੍ਰੀ ਹਰਿਮੰਦਰ ਸਾਹਿਬ ਆਉਣ ਵਾਲੀਆਂ ਸੰਗਤਾਂ ਨੂੰ ਵੱਢ ਰਹੇ ਅਵਾਰਾ ਕੁੱਤੇ

ਅੰਮ੍ਰਿਤਸਰ, 6 ਮਈ (ਬਬਲੂ ਮਹਾਜਨ) : ਗੁਰੂ ਨਗਰੀ ਅੰਮ੍ਰਿਤਸਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਜਿੱਥੇ ਕੁੱਲ ਦੁਨੀਆਂ ਭਰ ਤੋਂ ਵੱਡੀ ਗਿਣਤੀ ਵਿੱਚ ਸ਼ਰਧਾਲੂ ਮੱਥਾ ਟੇਕਣ ਆਉਂਦੇ ਹਨ। ਉੱਥੇ ਸ੍ਰੀ ਅੰਮ੍ਰਿਤਸਰ ਨੂੰ ਵਪਾਰ ਦਾ ਕੇਂਦਰ ਵੀ ਮੰਨਿਆ ਜਾਂਦਾ ਹੈ। ਇੱਥੇ ਆਏ ਦਿਨ ਸ੍ਰੀ ਹਰਿਮੰਦਰ ਸਾਹਿਬ ਦੇ ਰਸਤੇ ਤੇ ਅਵਾਰਾ ਕੁੱਤਿਆ ਵੱਲੋਂ ਸ਼ਰਧਾਲੂਆਂ ਅਤੇ ਆਮ ਨਾਗਰਿਕਾਂ ਨਾਲ ਵੱਡੀਆਂ ਘਟਨਾਵਾਂ ਦੇਖਣ ਨੂੰ ਮਿਲਦੀਆਂ ਹਨ। ਅੱਜ ਇਸ ਸਬੰਧੀ ਸੱਚਖੰਡ ਸ਼੍ਰੀ ਹਰਿਮੰਦਰ ਸਾਹਿਬ,ਦਰਬਾਰ ਸਾਹਿਬ ਦੇ ਜਨਰਲ ਮੈਨੇਜਰ ਸ.ਭਗਵੰਤ ਸਿੰਘ ਧੰਗੇੜਾ ਨੇ ਮੁੱਖ ਮੰਤਰੀ ਪੰਜਾਬ ਸ.ਭਗਵੰਤ ਸਿੰਘ ਮਾਨ ਨੂੰ ਵਿਸ਼ੇਸ਼ ਪੱਤਰ ਲਿਖ ਕੇ ਜਾਣਕਾਰੀ ਦਿੱਤੀ।। ਮੈਨੇਜਰ ਦਰਬਾਰ ਸਾਹਿਬ ਨੇ ਸਰਕਾਰ ਨੂੰ ਅਪੀਲ ਕੀਤੀ ਸੱਚਖੰਡ ਸ਼੍ਰੀ ਹਰਿਮੰਦਰ ਸਾਹਿਬ ਮੱਥਾ ਟੇਕਣ ਆਉਣ ਵਾਲੇ ਸ਼ਰਧਾਲੂਆਂ ਨੂੰ ਇਸ ਸਮੱਸਿਆ ਤੋਂ ਜਲਦ ਤੋਂ ਜਲਦ ਨਿਯਾਦ ਦਵਾਈ ਜਾਵੇ।

# ਕਵੀਰਾਜ ਡਾ. ਰਵਿੰਦਰ ਨਾਥ ਟੈਗੋਰ



ਅਸਿਸਟੈਂਟ ਪ੍ਰੋ.ਗਗਨਦੀਪ ਕੌਰ ਧਾਲੀਵਾਲ

ਡਾ.ਰਵਿੰਦਰ ਨਾਥ ਟੈਗੋਰ ਇੱਕ ਪ੍ਰਭਾਵਸ਼ਾਲੀ ਵਿਅਕਤੀ ਸਨ। ਰਵਿੰਦਰ ਨਾਥ ਟੈਗੋਰ ਇੱਕ ਮਹਾਨ ਦੇਸ਼ ਭਗਤ ਸਨ।ਉਨ੍ਹਾਂ ਨੂੰ ਮਾਤ -ਭੂਮੀ ਨਾਲ ਬਹੁਤ ਪਿਆਰ ਸੀ। ਉਨ੍ਹਾਂ ਜਨ ਗਣ ਮਨ ਕੌਮੀ ਗੀਤ ਰਵਿੰਦਰ ਨਾਥ ਟੈਗੋਰ ਦੀ ਅਦੁੱਤੀ ਰਚਨਾ ਕੀਤੀ ।ਡਾ.ਰਵਿੰਦਰ ਨਾਥ ਟੈਗੋਰ ਨੂੰ ਭਾਰਤ ਦਾ ਕਵੀਰਾਜ ਕਿਹਾ ਜਾਂਦਾ ਹੈ।ਉਹ ਉੱਘੇ ਨਾਵਲਕਾਰ ਵੀ ਸਨ।ਡਾ.ਰਵਿੰਦਰ ਨਾਥ ਟੈਗੋਰ ਨੂੰ ਭਾਰਤ ਦੇ ਸੱਚੇ ਦੇਸ਼ ਭਗਤ ਹੋਣ ਦਾ ਮਾਣ ਪ੍ਰਾਪਤ ਹੈ । ਡਾ.ਰਵਿੰਦਰ ਨਾਥ ਟੈਗੋਰ ਮਹਾਂ ਰਿਸ਼ੀ ਦਵਿੰਦਰ ਨਾਥ ਠਾਕੁਰ ਦੇ ਪੁੱਤਰ ਸਨ।ਉਨ੍ਹਾਂ ਦੇ ਮਾਤਾ ਜੀ ਦਾ ਨਾਂ ਸ਼ਾਰਦਾ ਦੇਵੀ ਸੀ।ਉਨ੍ਹਾਂ ਦਾ ਜਨਮ 7 ਮਈ 1861 ਈ. ਨੂੰ ਜੋਗ ਸਾਂਕੋ' (ਸ਼ਹਿਰ) ਠਾਕਰ ਬਾੜੀ, ਕੋਲਕਾਤਾ ਵਿਖੇ ਹੋਇਆ ।ਉਨ੍ਹਾਂ ਨੇ 12 ਸਾਲ ਦੀ ਉਮਰ ਵਿੱਚ 'ਪ੍ਰਿਥਵੀਰਾਜ ਪਰਾਜਯ 'ਨਾਮੀ ਨਾਟਕ ਲਿਖਿਆ ਸੀ।ਅੰਮ੍ਰਿਤ ਬਜ਼ਾਰ ਪੱਤ੍ਰਕਾ ਨੇ ਉਹਨਾਂ ਦੀ ਕਵਿਤਾ ਨੂੰ 1875ਈ.ਵਿੱਚ ਛਾਪਿਆ। ਰਵਿੰਦਰ ਨਾਥ ਟੈਗੋਰ ਦਾ ਵਿਆਹ ਮ੍ਰਿਨਾਲਿਨੀ ਦੇਵੀ ਨਾਲ ਹੋਇਆ ।ਰਾਵਿੰਦਰ ਨਾਥ ਟੈਗੋਰ 1898 ਈ: ਵਿੱਚ ਭਾਰਤੀ ਮੈਗਜ਼ੀਨ ਦੇ ਸੰਪਾਦਕ ਬਣੇ। 1901 ਈ: ਵਿੱਚ ਬੰਗਦਰਸ਼ਨ ਪੱਤ੍ਰਿਕਾ ਦੀ ਸੰਪਾਦਨਾਂ ਕਵੀ ਟੈਗੋਰ ਨੇ ਕੀਤੀ ।1912 ਈ: ਵਿੱਚ ਉਨ੍ਹਾਂ ਦੀ ਮਹਾਨ ਰਚਨਾ ਗੀਤਾਂਜਲੀ ਛਪੀ ਜਿਸ ਨੂੰ 1913 ਈ: ਵਿੱਚ ਨੋਬਲ ਇਨਾਮ ਪ੍ਰਾਪਤ ਹੋਇਆ। ਡਾ.ਰਵਿੰਦਰ ਨਾਥ ਟੈਗੋਰ ਨੇ ਸ਼ਾਮ ਦੇ ਗੀਤ', 'ਪ੍ਰਭਾਤ ਦੇ ਗੀਤ', 'ਤਸਵੀਰਾਂ ਦਾ ਰਾਗ', 'ਨਵਾਂ ਚੰਨ, 'ਪ੍ਰਾਰਥਨਾ', 'ਭੁੱਖੇ ਪੱਥਰ',




'ਤਾਰਾ', 'ਕਾਬਲੀ ਵਾਲਾ ਜਿਹੀਆਂ ਪ੍ਰਸਿੱਧ ਰਚਨਾਵਾਂ ਲਿਖ ਕੇ ਸਾਹਿਤ ਜਗਤ ਵਿੱਚ ਹਿੱਸਾ ਪਾਇਆ । ਡਾ.ਰਵਿੰਦਰ ਨਾਥ ਟੈਗੋਰ ਨੇ 35 ਕਾਵਿ-ਸੰਗ੍ਰਹਿ, 50 ਲੇਖ ਸੰਗ੍ਰਹਿ, 40 ਨਾਟਕ, 11 ਕਹਾਣੀ ਸੰਗ੍ਰਹਿ ਲਿਖੇ।ਕਲਕੱਤਾ ਯੂਨੀਵਰਸਿਟੀ ਵੱਲੋਂ ਡੀ. ਲਿਟ ਦੀ ਉਪਾਧੀ ਦਿੱਤੀ ਗਈ।ਡਾ.ਰਵਿੰਦਰ ਨਾਥ ਟੈਗੋਰ ਨੇ 'ਬੰਗਾਲ ਦੀ ਵੰਡ 'ਦਾ ਕੱਟੜ ਵਿਰੋਧ ਕੀਤਾ । ਵਿਦਿਆਰਥੀਆਂ ਨੂੰ ਮੁਫ਼ਤ ਵਿਦਿਆ ਦੇਣ ਲਈ ਸੰਸਥਾ ਸਥਾਪਿਤ ਕੀਤੀ ਜਿਸਨੂੰ ਸ਼ਾਂਤੀ ਨਿਕੇਤਨ ਕਿਹਾ ਗਿਆ।13 ਅਪ੍ਰੈਲ 1919 ਨੂੰ ਜਿਲ੍ਹਿਆਂ ਵਾਲੇ ਬਾਗ ਦਾ ਹੱਤਿਆ ਕਾਂਡ ਹੋਇਆ ਸੀ।ਜਦ ਪੰਜਾਬ ਵਿੱਚ ਹੋਏ ਅੱਤਿਚਾਰਾਂ ਦੀ ਖ਼ਬਰ ਦੂਸਰੇ ਹਿੱਸਿਆਂ ਵਿੱਚ ਪੁੱਜੀ ਤਾਂ ਸਾਰੇ ਭਾਰਤਵਰਸ਼ ਵਿੱਚ ਅਸਾਧਾਰਨ ਜੋਸ਼ ਫੈਲ ਗਿਆ।ਜਿਸ ਵਿੱਚ ਅਨੇਕਾਂ ਹੀ ਮਾਸੂਮ ਲੋਕ ਮਾਰੇ ਗਏ ਸਨ। ਡਾ.ਰਵਿੰਦਰ ਨਾਥ ਟੈਗੋਰ ਨੇ ਸਰਕਾਰ ਦੀ ਨੀਤੀ ਸੰਬੰਧੀ ਰੋਸ ਪ੍ਰਗਟ ਕਰਦਿਆਂ ਹੋਇਆ ਜਿਲ੍ਹਿਆਂ ਵਾਲਾ ਬਾਗ ਹੱਤਿਆ ਕਾਂਡ 'ਦੇ ਸਮੇਂ ਆਪਣੀ ਨਾਈਟਹੁੱਡ 'ਸਰ ' ਦੀ ਉਪਾਧੀ (30 ਮਈ 1919 ਈ.)ਦਾ ਤਿਆਗ ਕਰ ਦਿੱਤਾ । ਇਸੇ ਕਰਕੇ ਮਹਾਤਮਾ ਗਾਂਧੀ ਜੀਡਾ.ਰਵਿੰਦਰ ਨਾਥ ਟੈਗੋਰ ਨੂੰ ਆਪਣਾ 'ਗੁਰੂਦੇਵ' ਕਹਿੰਦੇ ਸਨ। ਉਨ੍ਹਾਂ ਨੇ ਵਾਇਸਰਾਏ ਦੇ ਨਾਮ ਇੱਕ ਚਿੱਠੀ ਲਿਖੀ ਸੀ ਜਿਸ ਵਿੱਚ ਉਨ੍ਹਾਂ ਨੇ ਆਪਣੇ ਦੇਸ਼ ਵਾਸੀਆਂ ਉੱਤੇ ਸਰਕਾਰ ਦੇ ਅੱਤਿਆਚਾਰਾਂ ਦੀ ਸਖ਼ਤ ਨਿੰਦਾ ਕੀਤੀ ਸੀ । ਅੰਤ 7 ਅਗਸਤ 1941 ਈ. ਵਿਚ 80 ਸਾਲ ਦੀ ਉਮਰ ਵਿੱਚ ਡਾ.ਰਵਿੰਦਰ ਨਾਥ ਟੈਗੋਰ ਦਾ ਦੇਹਾਂਤ ਹੋ ਗਿਆ।



ਰੋਜ਼ਾਨਾ ਚੜ੍ਹਦੀਕਲਾ
# ਸਿਹਤ ਖ਼ਬਰਨਾਮਾ



## ਗਰਮੀਆਂ 'ਚ ਸਰੀਰ ਨੂੰ ਠੰਢਾ ਰੱਖਣ ਲਈ ਜ਼ਰੂਰ ਖਾਓ ਖ਼ਰਬੂਜ਼ਾ

ਗਰਮੀਆਂ ਦੀ ਸ਼ੁਰੂਆਤ ਹੋ ਗਈ ਹੈ। ਸਮਰਥ ਮਾਤਰਾ 'ਚ ਪਾਣੀ ਹੋਣ ਦੇ ਕਾਰਨ ਗਰਮੀਆਂ 'ਚ ਖ਼ਰਬੂਜ਼ਾ ਕਾਫ਼ੀ ਪਸੰਦ ਕੀਤਾ ਜਾਂਦਾ ਹੈ। ਇਹ ਤੁਹਾਨੂੰ ਹਾਈਡਰੇਟ ਰੱਖਣ ਦੇ ਨਾਲ-ਨਾਲ ਸਰੀਰ ਨੂੰ ਠੰਡਾ ਰੱਖਣ 'ਚ ਫ਼ਾਇਦਾ ਕਰਦਾ ਹੈ। ਪੌਸ਼ਟਿਕ ਤੱਤਾਂ ਤੋਂ ਭਰਪੂਰ ਖ਼ਰਬੂਜ਼ਾ ਸਵਾਦ 'ਚ ਵੀ ਵਧੀਆ ਹੁੰਦਾ ਹੈ। ਖ਼ਰਬੂਜ਼ੇ 'ਚ ਪਾਣੀ ਤੋਂ ਇਲਾਵਾ, ਵਿਟਾਮਿਨ ਅਤੇ ਮਿਨਰਲ



95 ਫ਼ੀਸਦੀ ਮਾਤਰਾ 'ਚ ਹੁੰਦੇ ਹਨ ਜੋ ਸਿਹਤ ਨਾਲ ਜੁੜੀਆਂ ਕਈ ਸਮੱਸਿਆਵਾਂ ਨੂੰ ਦੂਰ ਕਰ 'ਚ ਮਦਦਗਾਰ ਹਨ।

**ਦਿਲ ਦੇ ਰੋਗਾਂ ਤੋਂ ਬਚਾਅ ;** ਖ਼ਰਬੂਜ਼ਾ'ਚ ਐਂਡੀਨੋਸੀਨ ਨਾਂ ਦਾ ਤੱਤ ਹੁੰਦਾ ਹੈ ਜੋ ਸਰੀਰ 'ਚ ਖ਼ੂਨ ਨੂੰ ਗੰਧਲੇ ਨਹੀਂ ਹੋਣ ਦਿੰਦਾ ਅਤੇ ਖ਼ੂਨ ਦਾ ਸੰਚਾਰ ਠੀਕ ਕਰਦਾ ਹੈ। ਇਸ ਦੇ ਨੇਮੀ ਸੇਵਨ ਨਾਲ ਸਟਰੋਕ ਜਾਂ ਦਿਲ ਦੇ ਦੌਰੇ ਦਾ ਖ਼ਤਰਾ ਘੱਟ ਜਾਂਦਾ ਹੈ।

**ਗੁਰਦੇ ਲਈ ਫ਼ਾਇਦੇਮੰਦ ;** ਖ਼ਰਬੂਜ਼ੇ ਦਾ ਨੇਮੀ ਸੇਵਨ ਗੁਰਦੇ ਦੇ ਮਰੀਜਾਂ ਲਈ ਬਹੁਤ ਫ਼ਾਈਦੇਮੰਦ ਹੈ। ਖਾਸ ਤੌਰ 'ਤੇ ਨੀਂਬੂ ਦੇ ਰਸ ਨਾਲ ਇਸ ਦਾ ਸੇਵਨ ਯੂਰਿਕ ਐਸਿਡ ਨਾਲ ਸਬੰਧਤ ਸਮੱਸਿਆਵਾਂ ਨੂੰ ਦੂਰ ਕਰਨ 'ਚ ਫ਼ਾਇਦੇਮੰਦ ਹੈ।

**ਚਮਕਦਾਰ ਚਮੜੀ ਲਈ ;** ਖ਼ਰਬੂਜ਼ੇ 'ਚ ਕੋਲਾਜ਼ਨ ਨਾਂ ਦਾ ਤੱਤ ਚੰਗੀ ਮਾਤਰਾ 'ਚ ਹੁੰਦਾ ਹੈ ਜੋ ਚਮੜੀ ਨੂੰ ਖ਼ੂਬਸੂਰਤ ਅਤੇ ਚਮਕਦਾਰ ਬਣਾਉਂਦਾ ਹੈ। ਖ਼ਾਸ ਤੌਰ 'ਤੇ ਬੇਜਾਨ ਅਤੇ ਰੁਖ਼ੀ ਚਮੜੀ ਨੂੰ ਇਸ ਨਾਲ ਆਰਾਮ ਮਿਲਦਾ ਹੈ। ਉਥੇ ਹੀ ਇਸ 'ਚ ਮੌਜੂਦ ਪਾਣੀ ਚਮੜੀ ਦੀ ਨਮੀ ਨੂੰ ਬਰਕਰਾਰ ਰੱਖਣ 'ਚ ਮਦਦਗਾਰ ਹੈ।

**ਸ਼ੂਗਰ 'ਚ ਫ਼ਾਇਦੇਮੰਦ ;** ਖ਼ਰਬੂਜ਼ਾ ਦਾ ਸੇਵਨ ਕਰਨ ਨਾਲ ਇਹ ਸ਼ੂਗਰ ਦੇ ਪੱਧਰ ਨੂੰ ਇਕੋ ਜਿਹੇ ਬਣਾਏ ਰੱਖਣ 'ਚ ਮਦਦਗਾਰ ਸਾਬਤ ਹੁੰਦਾ ਹੈ।

**ਕੈਂਸਰ ਤੋਂ ਬਚਾਅ ;** ਖ਼ਰਬੂਜ਼ਾ 'ਚ ਕੈਰੋਟੀਨਾਇਡ ਚੰਗੀ ਮਾਤਰਾ 'ਚ ਹੁੰਦਾ ਹੈ ਜੋ ਕੈਂਸਰ ਤੋਂ ਬਚਾਅ 'ਚ ਮਦਦਗਾਰ ਹੁੰਦਾ ਹੈ। ਇਸ ਦੇ ਬੀਜ ਖ਼ਾਸਤੌਰ 'ਤੇ ਇਸ ਮਾਮਲੇ 'ਚ ਕਾਫ਼ੀ ਫ਼ਾਇਦੇਮੰਦ ਹਨ।

**ਪਾਚਣ 'ਚ ਫ਼ਾਇਦੇਮੰਦ ;** ਖ਼ਰਬੂਜ਼ੇ 'ਚ ਪਾਣੀ ਚੰਗੀ ਮਾਤਰਾ 'ਚ ਹੁੰਦਾ ਹੈ ਜੋ ਸਰੀਰ 'ਚ ਐਸਿਡਿਟੀ ਨਹੀਂ ਹੋਣ ਦਿੰਦਾ ਅਤੇ ਪਾਚਣ ਵਧੀਆ ਰੱਖਦਾ ਹੈ। ਖ਼ਰਬੂਜ਼ੇ 'ਚ ਮੌਜੂਦ ਮਿਨਰਲ ਮੈਟਾਬਾਲਿਜ਼ਮ ਠੀਕ ਰਖਦੇ ਹਨ ਜਿਸ ਦੇ ਨਾਲ ਪਾਚਣ ਠੀਕ ਰਹਿੰਦਾ ਹੈ।

## ਪ੍ਰਾਚੀ ਗਾਇਕਵਾੜ ਨੇ 'ਖੇਲੋ ਇੰਡੀਆ' ਯੂਥ ਗੇਮਜ਼ ਦੀ ਸ਼ੂਟਿੰਗ 'ਚ ਜਿੱਤਿਆ ਸੋਨ ਤਮਗ਼ਾ

ਨਵੀਂ ਦਿੱਲੀ, 6 ਮਈ (ਚ.ਨ.ਸ.): ਖੇਲੋ ਇੰਡੀਆ ਯੂਥ ਗੇਮਜ਼ 2025 ਦੇ ਦੂਜੇ ਦਿਨ ਮੰਗਲਵਾਰ ਨੂੰ, ਮਹਾਰਾਸ਼ਟਰ ਦੀ ਪ੍ਰਾਚੀ ਸ਼ਸ਼ੀਕਾਂਤ ਗਾਇਕਵਾੜ ਨੇ 50 ਮੀਟਰ ਰਾਈਫਲ 3 ਪੁਜੀਸ਼ਨ (ਯੂਥ ਵੂਮੈਨ ਵਰਗ) ਵਿੱਚ ਸੋਨ ਤਮਗ਼ਾ ਜਿੱਤਿਆ। ਅੱਜ, ਦਿੱਲੀ ਦੇ ਕਰਨੀ ਸਿੰਘ ਸ਼ੂਟਿੰਗ ਰੇਂਜ ਵਿਖੇ ਹੋਏ ਮਹਿਲਾ ਸ਼ੂਟਿੰਗ ਮੁਕਾਬਲੇ ਵਿੱਚ, ਪ੍ਰਾਚੀ ਨੇ 458.4 ਅੰਕਾਂ ਨਾਲ ਸੋਨ ਤਮਗ਼ਾ, ਕਰਨਾਟਕ ਦੀ ਤਿਲੋਤਮਾ ਨੇ 455.6 ਅੰਕਾਂ ਨਾਲ ਚਾਂਦੀ ਅਤੇ ਅਨੁਸ਼ਕਾ ਨੇ 445.7 ਅੰਕਾਂ ਨਾਲ ਕਾਂਸੀ ਦਾ ਤਮਗ਼ਾ ਜਿੱਤਿਆ।



ਮੁਕਾਬਲੇ ਤੋਂ ਬਾਅਦ, ਪ੍ਰਾਚੀ ਨੇ ਕਿਹਾ,ਖੇਲੋ ਇੰਡੀਆ ਵਿੱਚ ਇਹ ਮੇਰਾ ਦੂਜਾ ਮੌਕਾ ਹੈ। ਪਿਛਲੇ ਸਾਲ ਮੈਂ ਚੇਨਈ ਵਿੱਚ ਕਾਂਸੀ ਦਾ ਤਮਗ਼ਾ ਜਿੱਤਿਆ ਸੀ, ਇਸ ਵਾਰ ਮੈਨੂੰ ਸੋਨ ਤਮਗ਼ਾ ਜਿੱਤਣ 'ਤੇ ਬਹੁਤ ਮਾਣ ਮਹਿਸੂਸ ਹੋ ਰਿਹਾ ਹੈ। ਮੈਂ ਖੇਲੋ ਇੰਡੀਆ ਦੇ ਮਾਨਤਾ ਪ੍ਰਾਪਤ ਕੇਂਦਰਾਂ ਦਾ ਧੰਨਵਾਦ ਕਰਨਾ ਚਾਹਾਂਗੀ ਜਿੱਥੇ ਮੈਨੂੰ ਸਹੀ ਸਰੋਤ ਅਤੇ ਸਿਖਲਾਈ ਮਿਲੀ। ਸਵਪਨਿਲ ਸਰ ਮੇਰੇ ਆਦਰਸ਼ ਹਨ ਅਤੇ ਮੈਂ ਉਨ੍ਹਾਂ ਦੀ ਸਿਖਲਾਈ ਦੀ ਪਾਲਣਾ ਕਰਦੀ ਹਾਂ। ਉਹ ਨਿਸ਼ਾਨੇਬਾਜ਼ਾਂ ਦੀ ਅਗਲੀ ਪੀੜ੍ਹੀ ਨੂੰ ਤਿਆਰ ਕਰਨ ਲਈ ਜਾਣੇ ਜਾਂਦੇ ਹਨ। ਖੇਡਾਂ ਵਿੱਚ ਮਹਾਰਾਸ਼ਟਰ ਦੀ ਇੱਕ ਸ਼ਾਨਦਾਰ ਪਰੰਪਰਾ ਹੈ ਅਤੇ ਮੈਨੂੰ ਰਾਜ ਦੀ ਨੁਮਾਇੰਦਗੀ ਕਰਨ ਤੇ ਮਾਣ ਹੈ।

## ਦਿਲਜੀਤ ਦੋਸਾਂਝ "ਮੇਟ ਗਾਲਾ-2025" ਵਿਚ ਸ਼ਾਹੀ ਸਫੈਦ ਪਹਿਰਾਵੇ ਵਿਚ ਪਹੁੰਚੇ, ਬਣੇ ਖਿੱਚ ਦਾ ਕੇਂਦਰ

ਨਵੀਂ ਦਿੱਲੀ, 6 ਮਈ (ਚ.ਨ.ਸ.) : ਦਿਲ ਲੂਮਿਨਾਟੀ ਟੂਰ ਤੋਂ ਮਹੀਨਿਆਂ ਬਾਅਦ ਪੰਜਾਬੀ ਗਾਇਕ ਦਿਲਜੀਤ ਦੋਸਾਂਝ ਮੇਟ ਗਾਲਾ 2025 ਦੇ ਨੀਲੇ ਕਾਰਪੇਟ 'ਤੇ ਪਟਿਆਲਾ ਦੇ ਮਹਾਰਾਜਾ ਨੂੰ ਸ਼ਰਧਾਂਜਲੀ ਵਜੋਂ ਇਕ ਸ਼ਾਹੀ ਸਫੈਦ ਪਹਿਰਾਵੇ ਵਿਚ ਪੁੱਜਿਆ। ਇਹ ਪਹਿਰਾਵਾ ਅਮਰੀਕੀ-ਨੇਪਾਲੀ ਡਿਜ਼ਾਈਨਰ ਪ੍ਰਬਲ ਗੁਰੰਗ ਵੱਲੋਂ ਡਿਜ਼ਾਈਨ ਕੀਤਾ ਗਿਆ ਸੀ, ਜਿਸ ਨੇ ਪਹਿਲਾਂ ਨਿਊਯਾਰਕ ਵਿਚ ਮੈਟਰੋਪੋਲੀਟਨ ਮਿਊਜ਼ੀਅਮ ਆਫ਼ ਆਰਟ ਵਿਖੇ ਸਾਲਾਨਾ ਆਯੋਜਿਤ ਫੈਸ਼ਨ ਚੈਰਿਟੀ ਪ੍ਰੋਗਰਾਮ ਲਈ ਬਾਲੀਵੁੱਡ ਅਦਾਕਾਰਾ ਆਲੀਆ ਭੱਟ ਲਈ ਪਹਿਰਾਵਾ ਤਿਆਰ ਕੀਤਾ ਸੀ।ਮੇਟ ਗਾਲਾ ਦੌਰਾਨ ਸਿੱਖ ਪਹਿਰਾਵੇ ਦੀ ਨੁਮਾਇੰਦਗੀ ਕਰਦੇ ਹੋਏ ਦਿਲਜੀਤ ਨੇ ਹਾਥੀ ਦੰਦ ਅਤੇ ਗੋਲਡਨ ਸ਼ੇਰਵਾਨੀ ਪਹਿਨੀ ਹੋਈ ਸੀ।



ਇਸ ਦੇ ਨਾਲ ਹੀ ਦਿਲਜੀਤ ਨੇ ਇਕ ਤਹਿਮਤ ਜਵਾਹਰਾਤਾਂ ਨਾਲ ਜੜੀ ਪੱਗ ਜਿਸ ਵਿਚ ਸਫ਼ੈਦ 'ਕਲਗੀ' ਮੌਜੂਦ ਸੀ, ਬੰਨ੍ਹੀ ਹੋਈ ਸੀ। ਇਸ ਦੌਰਾਨ ਪੰਜਾਬੀ ਸਿੰਗਰ ਅਤੇ ਅਦਾਕਾਰ ਨੇ ਗਹਿਣਿਆਂ ਨਾਲ ਜੜੀ ਤਲਵਾਰ ਵੀ ਫੜ੍ਹੀ ਹੋਈ ਸੀ, ਜਿਸ ਦੀ ਹੱਥੀ ਸ਼ੇਰ ਦੇ ਸਿਰ ਵਾਲੀ ਸੀ। ਉਸ ਨੇ ਪੰਜਾਬ ਦੇ ਨਕਸ਼ੇ ਅਤੇ ਗੁਰਮੁਖੀ ਵਿੱਚ ਕਢਾਈ ਵਾਲੇ ਅੱਖਰਾਂ ਵਾਲਾ ਇਕ ਕੇਪ (ਕੱਪੜਾ) ਵੀ ਦਿਖਾਇਆ। ਦਿਲਜੀਤ ਦੀ ਟੀਮ ਨੇ ਆਪਣੇ ਅਧਿਕਾਰਤ ਇੰਸਟਾਗ੍ਰਾਮ ਪੇਜ 'ਤੇ ਗਾਲਾ ਵਿੱਚ ਪੰਜਾਬੀ ਸੁਪਰਸਟਾਰ ਦੀ ਮੌਜੂਦਗੀ ਦੀਆਂ ਵੀਡੀਓਜ਼ ਦੀ ਇਕ ਲੜੀ ਸਾਂਝੀ ਕੀਤੀ। ਜਿਸ ਵਿਚ ਗਾਇਕ ਨੂੰ ਮੇਟ ਬਾਲ ਲਈ ਹੋਟਲ ਤੋਂ ਨਿਕਲਦੇ ਸਮੇਂ ਪੌੜੀਆਂ ਤੋਂ ਹੇਠਾਂ ਉਤਰਦੇ ਹੋਏ ਦਿਖਾਇਆ ਗਿਆ ਸੀ।

## ਪ੍ਰਿਯੰਕਾ ਚੋਪੜਾ ਪਤੀ ਨਿੱਕ ਜੋਨਸ ਨਾਲ ਮੇਟ ਗਾਲਾ 'ਚ ਚਮਕੀ

ਨਿਊਯਾਰਕ, 6 ਮਈ (ਚ.ਨ.ਸ.) : ਬਾਲੀਵੁੱਡ ਅਦਾਕਾਰਾ ਪ੍ਰਿਯੰਕਾ ਚੋਪੜਾ ਜੋਨਾਸ ਨੇ ਆਪਣੇ ਪਤੀ ਅਤੇ ਗਾਇਕ ਨਿੱਕ ਜੋਨਸ ਨਾਲ ਮੇਟ ਗਾਲਾ 2025 ਦੇ ਰੈੱਡ ਕਾਰਪੇਟ 'ਤੇ ਜਲਵਾ ਬਿਖੇਰਿਆ। ਪ੍ਰਿਯੰਕਾ ਅਤੇ ਜੋਨਸ ਦੋਵਾਂ ਨੇ ਹੱਥ ਵਿੱਚ ਹੱਥ ਫੜ ਕੇ ਇੱਕ ਸ਼ਾਨਦਾਰ ਐਂਟਰੀ ਕੀਤੀ। ਇਹ ਪ੍ਰਿਯੰਕਾ ਦੀ ਫੈਸ਼ਨ ਇੰਡਸਟਰੀ ਦੇ ਸਭ ਤੋਂ ਵੱਡੇ ਪ੍ਰੋਗਰਾਮ ਵਿੱਚ ਪੰਜਵੀਂ ਮੌਜੂਦਗੀ ਹੈ, ਜੋ ਕਿ ਮੈਟਰੋਪੋਲੀਟਨ ਮਿਊਜ਼ੀਅਮ ਆਫ਼ ਆਰਟ ਵਿੱਚ ਆਯੋਜਿਤ ਕੀਤਾ ਗਿਆ ਸੀ।

ਪ੍ਰਿਯੰਕਾ ਚੋਪੜਾ ਨੇ ਬਾਲਮੇਨ ਦੇ ਓਲੀਵੀਅਰ ਰਾਉਸਟਿੰਗ ਦੁਆਰਾ ਡਿਜ਼ਾਈਨ ਕੀਤੀ ਗਈ ਪੋਲਕਾ ਡੌਟ ਡਰੈੱਸ ਪਹਿਨੀ ਸੀ। ਇਹ ਗਾਲਾ ਦੀ ਥੀਮ: ਸੁਪਰਫਾਈਨ: ਟੇਲਰਿੰਗ ਬਲੈਕ ਸਟਾਈਲ ਨਾਲ ਪੂਰੀ ਤਰ੍ਹਾਂ ਮੇਲ ਖਾਂਦਾ ਸੀ।ਪ੍ਰਿਯੰਕਾ ਚੋਪੜਾ ਦੇ ਇਸ ਲੁੱਕ ਵਿੱਚ ਕਲਾਸਿਕ ਹਾਲੀਵੁੱਡ ਦੀ ਝਲਕ ਦੇਖਣ ਨੂੰ ਮਿਲੀ। ਉਨ੍ਹਾਂ ਨੇ ਪਹਿਰਾਵੇ ਨੂੰ ਸਜਾਉਣ ਲਈ ਇਤਾਲਵੀ ਘਰਾਣੇ ਦੇ ਚਮਕਦਾਰ ਬੁਲਗਾਰੀ ਗਹਿਣੇ ਪਹਿਨੇ ਸਨ।



ਨਿੱਕ ਜੋਨਸ ਵੀ ਪ੍ਰਿਯੰਕਾ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਚੱਲ ਰਹੇ ਸਨ। ਨਿੱਕ ਜੋਨਾਸ ਨੇ ਇੱਕ ਟੇਲਰਡ ਸੂਟ ਪਾਇਆ ਸੀ ਜੋ ਕਾਫ਼ੀ ਸਟਾਈਲਿਸ਼ ਸੀ ਅਤੇ ਪ੍ਰਿਯੰਕਾ ਚੋਪੜਾ ਦੇ ਸੂਟ ਨਾਲ ਮੇਲ ਖਾਂਦਾ ਸੀ। ਇਹ ਧਿਆਨ ਦੇਣ ਯੋਗ ਹੈ ਕਿ ਨਿੱਕ ਜੋਨਸ ਅਤੇ ਪ੍ਰਿਯੰਕਾ ਚੋਪੜਾ 2017 ਵਿੱਚ ਪਹਿਲੀ ਵਾਰ ਇਕੱਠੇ ਮੇਟ ਗਾਲਾ ਵਿੱਚ ਸ਼ਾਮਲ ਹੋਏ ਸਨ। ਇਸ ਸਾਲ ਦਾ ਮੇਟ ਗਾਲਾ ਭਾਰਤੀ ਫੈਸ਼ਨ ਅਤੇ ਸਿਨੇਮਾ ਪ੍ਰੇਮੀਆਂ ਲਈ ਇੱਕ ਵਿਸ਼ੇਸ਼ ਸਥਾਨ ਰੱਖਦਾ ਹੈ, ਕਿਉਂਕਿ ਕਈ ਭਾਰਤੀ ਸਿਤਾਰਿਆਂ ਨੇ ਆਪਣੀ ਪਹਿਲੀ ਪੇਸ਼ਕਾਰੀ ਦਿੱਤੀ ਹੈ।

## ਪਰਵ ਚੌਧਰੀ ਨੇ ਯੂਥ ਐਂਡ ਜੂਨੀਅਰ ਵਿਸ਼ਵ ਚੈਂਪੀਅਨਸ਼ਿਪ 'ਚ ਜਿੱਤਿਆ ਕਾਂਸੀ ਤਮਗ਼ਾ

ਲੀਮਾ , 6 ਮਈ (ਚ.ਨ.ਸ.): ਭਾਰਤੀ ਵੇਟਲਿਫਟਰ ਪਰਵ ਚੌਧਰੀ ਨੇ ਇੱਥੇ ਆਈ. ਡਬਲਯੂ. ਐੱਫ. ਯੂਥ ਐਂਡ ਜੂਨੀਅਰ ਵਿਸ਼ਵ ਵੇਟਲਿਫਟਿੰਗ ਚੈਂਪੀਅਨਸ਼ਿਪ ਵਿਚ ਕਾਂਸੀ ਤਮਗ਼ਾ ਜਿੱਤਿਆ। ਪਰਵ ਨੇ ਲੜਕਿਆਂ ਦੇ ਯੂਥ ਵਰਗ ਦੇ 96 ਕਿ. ਗ੍ਰਾ. ਭਾਰ ਵਰਗ ਵਿਚ ਕੁੱਲ 315 ਕਿ. ਗ੍ਰਾ. ਭਾਰ ਚੁੱਕਿਆ। ਉਸ ਨੇ ਸਨੈਚ ਵਿਚ 140 ਕਿ. ਗ੍ਰਾ. ਭਾਰ ਚੁੱਕਿਆ। ਕਲੀਨ ਐਂਡ ਜਰਕ ਵਿਚ ਉਸ ਨੇ 175 ਕਿ. ਗ੍ਰਾ. ਭਾਰ ਚੁੱਕ ਕੇ ਕਾਂਸੀ ਤਮਗ਼ਾ ਹਾਸਲ ਕੀਤਾ। ਮੌਜੂਦਾ ਟੂਰਨਾਮੈਂਟ ਵਿਚ ਇਹ ਭਾਰਤ ਦਾ ਤੀਜਾ ਤਮਗ਼ਾ ਹੈ।ਜਯੋਸ਼ਨਾ ਸਬਰ (40 ਕਿ. ਗ੍ਰਾ.) ਤੇ ਹਰਸ਼ਵਰਧਨ ਸਾਹੂ (49 ਕਿ. ਗ੍ਰਾ.) ਨੇ ਵੀ ਪਿਛਲੇ ਹਫਤੇ ਆਪਣੇ-ਆਪਣੇ ਭਾਰ ਵਰਗ ਵਿਚ ਕਾਂਸੀ ਤਮਗ਼ੇ ਜਿੱਤੇ ਸਨ।



## ਤਾਈਪੇ ਓਪਨ ਕੁਆਲੀਫਾਇਰ ਵਿੱਚ ਨੌਜਵਾਨ ਭਾਰਤੀ ਖਿਡਾਰੀਆਂ ਨੇ ਕੀਤਾ ਨਿਰਾਸ਼

ਤਾਈਪੇ, 6 ਮਈ (ਚ.ਨ.ਸ.) : ਭਾਰਤ ਦੇ ਨੌਜਵਾਨ ਬੈਡਮਿੰਟਨ ਖਿਡਾਰੀਆਂ ਨੇ ਮੰਗਲਵਾਰ ਨੂੰ ਤਾਈਪੇ ਓਪਨ ਸੁਪਰ 300 ਬੈਡਮਿੰਟਨ ਟੂਰਨਾਮੈਂਟ ਦੇ ਸਿੰਗਲਜ਼ ਕੁਆਲੀਫਾਇਰ ਵਿੱਚ ਨਿਰਾਸ਼ਾਜਨਕ ਪ੍ਰਦਰਸ਼ਨ ਕੀਤਾ, ਕਿਉਂਕਿ ਉਨ੍ਹਾਂ ਵਿੱਚੋਂ ਕੋਈ ਵੀ ਮੁੱਖ ਡਰਾਅ ਵਿੱਚ ਜਗ੍ਹਾ ਨਹੀਂ ਬਣਾ ਸਕਿਆ। ਮਨਰਾਜ ਸਿੰਘ, ਰਘੂ ਮਾਰਿਸਵਾਮੀ ਅਤੇ ਮਾਨਸੀ ਸਿੰਘ ਨੇ ਸਿੰਗਲਜ਼ ਕੁਆਲੀਫਿਕੇਸ਼ਨ ਵਿੱਚ ਸ਼ੁਰੂਆਤੀ ਦੌਰ ਦੀਆਂ ਜਿੱਤਾਂ ਨਾਲ ਉਮੀਦਾਂ ਜਗਾਈਆਂ ਪਰ ਤਿੰਨੋਂ ਦੂਜੇ ਦੌਰ ਦੇ ਮੈਚਾਂ ਵਿੱਚ ਪਿੱਛੇ ਰਹਿ ਗਏ। ਮਨਰਜ ਨੂੰ ਪੁਰਸ਼ ਸਿੰਗਲਜ਼ ਵਿੱਚ ਮਲੇਸ਼ੀਆ ਦੇ ਤਾਨ ਜੀਆ ਜੀ ਤੋਂ 21-9, 19-21, 20-22 ਨਾਲ ਜਦਕਿ ਰਘੂ ਨੂੰ ਇੰਡੋਨੇਸ਼ੀਆ ਦੇ ਮੁਹੰਮਦ ਜ਼ਕੀ ਉਬੈਦਿੱਲਾਹ ਤੋਂ 16-21, 17-21 ਨਾਲ ਹਾਰ ਦਾ ਸਾਹਮਣਾ ਕਰਨਾ ਪਿਆ। ਮਹਿਲਾ ਸਿੰਗਲਜ਼ ਵਿੱਚ ਹਿੱਸਾ ਲੈ ਰਹੀ ਮਾਨਸੀ ਥਾਈਲੈਂਡ ਦੀ ਪਿਚਮੋਨ ਓਪਟਾਨੀਪੁਥ ਤੋਂ 17-21, 10-21 ਨਾਲ ਹਾਰ ਗਈ। ਇਸ ਤੋਂ ਪਹਿਲਾਂ, ਕੁਆਲੀਫਾਇਰ ਦੇ ਸ਼ੁਰੂਆਤੀ ਮੈਚ ਵਿੱਚ, ਰਘੂ ਨੇ ਮਕਾਊ ਦੇ ਪੁਈ ਪੈਂਗ ਫੋਂਗ ਨੂੰ 14-21, 21-16, 21-14 ਨਾਲ ਹਰਾਇਆ। ਮਨਰਾਜ ਨੇ ਸਥਾਨਕ ਖਿਡਾਰੀ ਚੇਂਗ ਕਾਈ ਨੂੰ 19-21, 21-13, 21-11 ਨਾਲ ਹਰਾਇਆ ਸੀ। ਮਾਨਸੀ ਨੇ ਚੀਨੀ ਤਾਈਪੇ ਦੀ ਸਾਈ ਹਸੀਨ-ਪੇਈ ਨੂੰ 22-20, 14-21, 21-17 ਨਾਲ ਹਰਾਇਆ ਸੀ। ਪੁਰਸ਼ ਸਿੰਗਲਜ਼ ਵਿੱਚ, ਆਰਿਆਮਨ ਟੰਡਨ ਅਤੇ ਮਿਥੁਨ ਮੰਜੂਨਾਥ ਨੂੰ ਕੁਆਲੀਫਾਇਰ ਦੇ ਸ਼ੁਰੂਆਤੀ ਦੌਰ ਵਿੱਚ ਹਾਰ ਦਾ ਸਾਹਮਣਾ ਕਰਨਾ ਪਿਆ। ਮਹਿਲਾ ਸਿੰਗਲਜ਼ ਵਿੱਚ, ਈਸ਼ਾਰਾਨੀ ਬਰੂਆ, ਈਰਾ ਸ਼ਰਮਾ ਅਤੇ ਸ਼੍ਰੇਆ ਲੇਲੇ ਵੀ ਪਹਿਲੇ ਦੌਰ ਵਿੱਚੋਂ ਬਾਹਰ ਹੋ ਗਈਆਂ।



## ਟਰੰਪ ਨੇ ਸੰਯੁਕਤ ਰਾਸ਼ਟਰ ਦੀ 19 ਹਜ਼ਾਰ ਕਰੋੜ ਦੀ ਸਹਾਇਤਾ ਰੋਕੀ

ਨਿਊਯਾਰਕ, 6 ਮਈ (ਚ.ਨ.ਸ.): ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸੰਯੁਕਤ ਰਾਸ਼ਟਰ (ਯੂ.ਐੱਨ.) ਨੂੰ ਦਿੱਤੇ ਜਾਣ ਵਾਲੇ 19,000 ਕਰੋੜ ਰੁਪਏ ਦੇ ਫੰਡ ਨੂੰ ਰੋਕ ਦਿੱਤਾ ਹੈ। ਇਸ ਵਿੱਚੋਂ ਕੁਝ ਪੈਸਾ ਬਾਇਡਨ ਪ੍ਰਸ਼ਾਸਨ ਦੇ ਕਾਰਜਕਾਲ ਦਾ ਵੀ ਹੈ।ਟਰੰਪ ਵੱਲੋਂ ਫੰਡ ਨਾ ਦੇਣ ਕਾਰਨ ਸੰਯੁਕਤ ਰਾਸ਼ਟਰ ਦੀਵਾਲੀਆਪਨ ਦੇ ਕੰਢੇ 'ਤੇ ਹੈ। ਬਜਟ ਸੰਕਟ ਇਨਾ ਗੰਭੀਰ ਹੈ ਕਿ ਜੇਕਰ ਸਥਿਤੀ ਨਹੀਂ ਬਦਲਦੀ ਹੈ, ਤਾਂ 5 ਮਹੀਨਿਆਂ ਬਾਅਦ ਕਰਮਚਾਰੀਆਂ ਦੀਆਂ ਤਨਖਾਹਾਂ ਦੇਣ ਲਈ ਪੈਸੇ ਨਹੀਂ ਹੋਣਗੇ।ਬਜਟ ਸੰਕਟ ਕਾਰਨ, ਸੰਯੁਕਤ ਰਾਸ਼ਟਰ ਆਪਣੇ ਕਈ ਵਿਭਾਗਾਂ ਤੋਂ 3000 ਕਰਮਚਾਰੀਆਂ ਨੂੰ ਛਾਂਟਣ ਦੀ ਯੋਜਨਾ ਬਣਾ ਰਿਹਾ ਹੈ। ਇਸ ਤੋਂ ਇਲਾਵਾ, ਸੰਯੁਕਤ ਰਾਸ਼ਟਰ ਨਾਈਜ਼ੀਰੀਆ, ਪਾਕਿਸਤਾਨ ਅਤੇ ਲੀਬੀਆ ਵਰਗੇ ਦੇਸ਼ਾਂ ਵਿੱਚ ਕਰਮਚਾਰੀਆਂ ਦੀ ਗਿਣਤੀ 20 ਪ੍ਰਤੀਸ਼ਤ ਘਟਾਏਗਾ।ਦੱਸ ਦੇਈਏ ਕਿ 2025 ਲਈ ਸੰਯੁਕਤ ਰਾਸ਼ਟਰ ਦਾ ਕੁੱਲ ਬਜਟ ਲਗਭਗ 32 ਹਜ਼ਾਰ ਕਰੋੜ ਰੁਪਏ ਹੈ।ਜੇਕਰ ਅਮਰੀਕਾ ਇਸ ਸਾਲ ਵੀ ਆਪਣੀ ਜ਼ਰੂਰੀ ਵਿੱਤੀ ਸਹਾਇਤਾ ਨਹੀਂ ਦਿੰਦਾ ਹੈ, ਤਾਂ 2027 ਤੱਕ ਉਹ ਸੰਯੁਕਤ ਰਾਸ਼ਟਰ ਮਹਾਸਭਾ ਵਿੱਚ ਵੋਟ ਪਾਉਣ ਦਾ ਅਧਿਕਾਰ ਗੁਆ ਸਕਦਾ ਹੈ।ਸੰਯੁਕਤ ਰਾਸ਼ਟਰ ਚਾਰਟਰ ਦੇ ਆਰਟੀਕਲ 19 ਅਨੁਸਾਰ, ਕੋਈ ਵੀ ਮੈਂਬਰ ਦੇਸ਼ ਜੋ ਦੋ ਸਾਲਾਂ ਲਈ ਆਪਣੀ ਲਾਜ਼ਮੀ ਮੈਂਬਰਸ਼ਿਪ ਫੀਸ ਦਾ ਭੁਗਤਾਨ ਨਹੀਂ ਕਰਦਾ ਹੈ, ਉਹ ਜਨਰਲ ਅਸੈਂਬਲੀ ਵਿੱਚ ਵੋਟ ਪਾਉਣ ਦਾ ਅਧਿਕਾਰ ਗੁਆ ਦਿੰਦਾ ਹੈ।



## ਐਮ. ਐਮ. ਐਸ. ਈ. ਅਤੇ ਖੇਤੀਬਾੜੀ ਕਾਰਨੀਵਲ ਦਾ ਸਫਲਤਾਪੂਰਵਕ ਆਯੋਜਨ

### ਯੂਕੋ ਬੈਂਕ ਨੇ 25.16 ਕਰੋੜ ਰੁਪਏ ਦੇ ਕਰਜ਼ੇ ਮਨਜ਼ੂਰ ਕੀਤੇ




ਜਲੰਧਰ, 6 ਮਈ (ਚ.ਨ.ਸ.) : ਦੇਸ਼ ਦੇ ਇੱਕ ਪ੍ਰਮੁੱਖ ਜਨਤਕ ਖੇਤਰ ਬੈਂਕ, ਯੂਕੋ ਬੈਂਕ ਨੇ 06.05.2025 ਨੂੰ ਜਲੰਧਰ ਵਿਖੇ ਸਰੋਤ, ਐਮ ਐਮ ਐਸ ਈ ਅਤੇ ਖੇਤੀਬਾੜੀ ਕਾਰਨੀਵਲ ਦਾ ਸਫਲਤਾਪੂਰਵਕ ਆਯੋਜਨ ਕੀਤਾ। ਪ੍ਰੋਗਰਾਮ ਦੌਰਾਨ, ਲਗਭਗ 25.16 ਕਰੋੜ ਰੁਪਏ ਦੇ ਕਰਜ਼ੇ ਮਨਜ਼ੂਰ ਕੀਤੇ ਗਏ ਅਤੇ 32 ਗਾਹਕਾਂ ਨੂੰ ਸਹੂਲਤ ਦਿੱਤੀ ਗਈ। ਇਸ ਤੋਂ ਇਲਾਵਾ, 40.50 ਕਰੋੜ ਰੁਪਏ ਦੇ ਜਮ੍ਹਾਂ ਰਾਸ਼ੀ ਇਕੱਠੀ ਕੀਤੀ ਗਈ।ਸ਼੍ਰੀਮਤੀ ਕੇ ਪ੍ਰੀਤੀ, ਡੀਜੀਐਮ, ਰਿਕਵਰੀ ਅਤੇ ਕਾਨੂੰਨ, ਯੂਕੋ ਬੈਂਕ, ਮੁੱਖ ਦਫਤਰ ਇਸ ਸਮਾਗਮ ਦੀ ਮੁੱਖ ਮਹਿਮਾਨ ਸਨ। ਸਮਾਗਮ ਨੂੰ ਸੰਬੋਧਨ ਕਰਦਿਆਂ, ਸ਼੍ਰੀਮਤੀ ਪ੍ਰੀਤੀ ਨੇ ਕਿਹਾ ਕਿ ਯੂਕੋ ਬੈਂਕ ਨਵੇਂ ਗਾਹਕਾਂ ਨਾਲ ਜੁੜਨ, ਪੁਰਾਣੇ ਗਾਹਕਾਂ ਨੂੰ ਨਵੀਆਂ ਯੋਜਨਾਵਾਂ ਬਾਰੇ ਜਾਣਕਾਰੀ ਦੇਣ ਅਤੇ ਬੈਂਕ ਦੇ ਨਾਲ ਮਜ਼ਬੂਤੀ ਨਾਲ ਖੜ੍ਹੇ ਹੋਣ ਲਈ ਉਨ੍ਹਾਂ ਦਾ ਧੰਨਵਾਦ ਕਰਨ ਲਈ ਭਾਰਤ ਭਰ ਵਿੱਚ ਸਰੋਤ, ਐਮਐਮਐਸਈ ਅਤੇ ਖੇਤੀਬਾੜੀ ਕਾਰਨੀਵਲ ਦਾ ਆਯੋਜਨ ਕਰ ਰਿਹਾ ਹੈ। ਇਸਦਾ ਉਦੇਸ਼ ਦੇਸ਼ ਦੇ ਸਮੁੱਚੇ ਆਰਥਿਕ ਵਿਕਾਸ ਲਈ ਕ੍ਰੈਡਿਟ ਅਤੇ ਜਮ੍ਹਾਂ ਰਾਸ਼ੀ ਵਧਾਉਣਾ ਹੈ। ਉਨ੍ਹਾਂ ਨੇ ਦੇਸ਼ ਦੀ ਆਰਥਿਕ ਨੀਤੀ ਦੇ ਅਨੁਸਾਰ ਉੱਭਰ ਰਹੇ ਉੱਦਮੀਆਂ ਨੂੰ ਵੱਧ ਤੋਂ ਵੱਧ ਕਰਜ਼ੇ ਮਨਜ਼ੂਰ ਕਰਨ 'ਤੇ ਜ਼ੋਰ ਦਿੱਤਾ। ਯੂਕੋ ਬੈਂਕ, ਜਲੰਧਰ ਜ਼ੋਨ ਦੇ ਜ਼ੋਨਲ ਮੁਖੀ ਰਾਹੁਲ ਰੰਜਨ ਨੇ ਸਾਰੇ ਹਾਜ਼ਰੀਨ ਦਾ ਸਵਾਗਤ ਕੀਤਾ। ਉਨ੍ਹਾਂ ਨੇ ਵਿਚਾਰ ਪ੍ਰਗਟ ਕੀਤਾ ਕਿ ਬੈਂਕ ਕੋਲ ਸਮਾਜ ਦੇ ਸਾਰੇ ਵਰਗਾਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਉਤਪਾਦਾਂ ਅਤੇ ਸੇਵਾਵਾਂ ਦੀ ਇੱਕ ਵਿਸ਼ਾਲ ਸ਼੍ਰੇਣੀ ਹੈ ਅਤੇ ਬੈਂਕ ਹਮੇਸ਼ਾ ਸਮਾਜ ਦੇ ਵਿਕਾਸ ਲਈ ਕਰਜ਼ਾ ਦੇਣ ਲਈ ਵਚਨਬੱਧ ਰਿਹਾ ਹੈ। ਬੈਂਕ ਦੁਆਰਾ ਆਯੋਜਿਤ ਕਾਰਨੀਵਲ 26 ਤੱਕ ਜਾਰੀ ਰਹੇਗਾ ਅਤੇ ਜਲੰਧਰ ਜ਼ੋਨ ਦੀਆਂ ਸਾਰੀਆਂ 102 ਸ਼ਾਖਾਵਾਂ ਦੇ ਗਾਹਕਾਂ ਨੂੰ ਬੈਂਕ ਦੀਆਂ ਵੱਖ-ਵੱਖ ਲਾਭਦਾਇਕ ਯੋਜਨਾਵਾਂ ਦਾ ਲਾਭ ਮਿਲੇਗਾ।

## ਕੈਂਸਰ ਫੰਡ ਵਾਸਤੇ ਪਹਾੜ ਚੜ੍ਹਦੇ ਅਮਰੀਕੀ ਪਰਬਤਾਰੋਹੀ ਦੀ ਨੇਪਾਲ 'ਚ ਮੌਤ

ਕਾਠਮੰਡੂ, 6 ਮਈ (ਚ.ਨ.ਸ.): ਪੂਰਬੀ ਨੇਪਾਲ ਵਿੱਚ ਦੁਨੀਆ ਦੀ ਪੰਜਵੀਂ ਸਭ ਤੋਂ ਉੱਚੀ ਚੋਟੀ ਮਾਊਂਟ ਮਕਾਲੂ 'ਤੇ ਇੱਕ ਅਮਰੀਕੀ ਪਰਬਤਾਰੋਹੀ ਮੌਤ ਹੋ ਗਈ। ਉਹ ਬੱਚਿਆਂ ਦੇ ਕੈਂਸਰ ਪ੍ਰੋਗਰਾਮ ਲਈ ਫੰਡ ਇਕੱਠਾ ਕਰਨ ਲਈ ਇਸ ਚੋਟੀ ਨੂੰ ਸਰ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ। ਅਧਿਕਾਰੀਆਂ ਨੇ ਮੰਗਲਵਾਰ ਨੂੰ ਕਿਹਾ ਕਿ ਇਹ ਹਿਮਾਲੀਅਨ ਮੁਲਕ ਦੇ ਮਾਰਚ ਵਿੱਚ ਸ਼ੁਰੂ ਹੋਏ ਚੜ੍ਹਾਈ ਸੀਜ਼ਨ ਦੌਰਾਨ ਦੂਜੀ ਮੌਤ ਹੈ।ਦੁਨੀਆ ਦੇ ਪੰਜਵੇਂ ਸਭ ਤੋਂ ਉੱਚੇ ਪਹਾੜ ਮਕਾਲੂ ਦੀ ਚੋਟੀ 8,463 ਮੀਟਰ (28,000 ਫੁੱਟ) ਉੱਚੀ ਹੈ, ਜਦੋਂ ਕਿ ਸੰਸਾਰ ਦੀ ਸਭ ਤੋਂ ਬੁਲੰਦ ਚੋਟੀ ਮਾਊਂਟ ਐਵਰੈਸਟ 8,849 ਮੀਟਰ (29,032 ਫੁੱਟ) ਉੱਚੀ ਹੈ।ਮੈਡੀਸਨ ਮਾਊਂਟੇਨੀਅਰਿੰਗ ਦੇ ਮੁਹਿੰਮ ਪ੍ਰਬੰਧਕ ਨੇ ਕਿਹਾ ਕਿ 39 ਸਾਲਾ ਅਲੈਗਜ਼ੈਂਡਰ ਪੈਨਕੋ ਦੀ ਮੌਤ ਐਤਵਾਰ ਨੂੰ ਉਦੋਂ ਹੋਈ ਜਦੋਂ ਉਹ ਪਹਾੜ ਦੇ ਦੂਜੇ ਉੱਚੇ ਕੈਂਪ 'ਤੇ ਆਪਣੇ ਸਲੀਪਿੰਗ ਬੈਗ ਵਿੱਚ ਬੈਠਣ ਹੀ ਵਾਲਾ ਸੀ। ਇਸ ਤੋਂ ਪਹਿਲਾਂ ਉਹ ਤੀਜੇ ਉੱਚੇ ਕੈਂਪ 'ਤੇ ਆਪਣੀ ਅਨੁਕੂਲਤਾ ਯਾਤਰਾ ਤੋਂ ਦੂਜੇ ਕੈਂਪ ਵਿਚ ਪਰਤਿਆ ਸੀ।ਕੰਪਨੀ ਨੇ ਆਪਣੀ ਵੈੱਬਸਾਈਟ 'ਤੇ ਕਿਹਾ, ਐਲੈਕਸ ਅਚਾਨਕ ਬੇਹੋਸ਼ ਹੋ ਗਿਆ। ਘੰਟਿਆਂ ਦੇ ਪੁਨਰ ਸੁਰਜੀਤੀ ਯਤਨਾਂ ਦੇ ਬਾਵਜੂਦ ਉਸਨੂੰ ਸੁਰਜੀਤ ਨਹੀਂ ਕੀਤੀ ਜਾ ਸਕਿਆ।ਮੈਡੀਸਨ ਨੇ ਕਿਹਾ ਕਿ ਉਸਨੇ ਪਹਿਲਾਂ ਵੀ ਉੱਥੇ ਕਲੀਨਿਕਲ ਅਜ਼ਮਾਇਸ਼ਾਂ ਅਤੇ ਹੋਰ ਪ੍ਰੋਗਰਾਮਾਂ ਨੂੰ ਫੰਡ ਦੇਣ ਵਿੱਚ ਮਦਦ ਲਈ 10 ਲੱਖ ਡਾਲਰ ਇਕੱਠੇ ਕੀਤੇ ਸਨ। ਇਸ ਤੋਂ ਪਹਿਲਾਂ ਅਪਰੈਲ ਵਿੱਚ, ਇੱਕ ਨੇਪਾਲੀ ਸ਼ੇਰਪਾ ਦੀ ਦੁਨੀਆ ਦੇ 10ਵੇਂ ਸਭ ਤੋਂ ਉੱਚੇ ਪਹਾੜ ਮਾਊਂਟ ਅੰਨਪੂਰਨਾ 'ਤੇ ਮੌਤ ਹੋ ਗਈ ਸੀ।



## ਮਨੋਰੰਜਨ ਦੀ ਦੁਨੀਆਂ 'ਚ ਕ੍ਰਿਕਟ ਦੇ ਗੱਬਰ ਦੀ ਐਂਟਰੀ

ਨਵੀਂ ਦਿੱਲੀ, 6 ਮਈ (ਚ.ਨ.ਸ.) : ਕ੍ਰਿਕਟ ਦੇ ਚਹੇਤੇ ਗੱਬਰ ਇੱਕ ਵਾਰ ਫਿਰ ਲੋਕਾਂ ਦਾ ਦਿਲ ਜਿੱਤਣ ਲਈ ਤਿਆਰ ਹਨ - ਇਸ ਵਾਰ, ਮੈਦਾਨ 'ਤੇ ਨਹੀਂ, ਸਗੋਂ ਕੈਮਰੇ ਦੇ ਸਾਹਮਣੇ। ਦਰਅਸਲ ਸ਼ਿਖਰ ਧਵਨ ਮਨੋਰੰਜਨ ਦੀ ਦੁਨੀਆ ਵਿੱਚ ਇਕ ਹਾਈ-ਐਨਰਜੀ ਮਿਊਜ਼ਿਕ ਵੀਡੀਓ ਬੇਸੋਸ ਵਿੱਚ ਇੱਕ ਕਲਾਕਾਰ ਵਜੋਂ ਨਜ਼ਰ ਆਉਣ ਲਈ ਤਿਆਰ ਹਨ। ਉਨ੍ਹਾਂ ਨਾਲ ਬਾਲੀਵੁੱਡ ਦੀ ਅਦਾਕਾਰਾ ਜੈਕਲੀਨ ਫਰਨਾਂਡੀਜ਼ ਵੀ ਹੈ, ਜੋ ਆਪਣੀ ਸ਼ਾਨਦਾਰ ਸਕ੍ਰੀਨ ਮੌਜੂਦਗੀ ਲਈ ਜਾਣੀ ਜਾਂਦੀ ਹੈ। ਇੱਕ ਰਿਲੀਜ਼ ਦੇ ਅਨੁਸਾਰ, ਦੋਵੇਂ ਪਹਿਲੀ ਵਾਰ ਇਕੱਠੇ ਕੰਮ ਕਰ ਰਹੇ ਹਨ ਅਤੇ ਇਸ ਜੋੜੀ ਨੇ ਪਹਿਲਾਂ ਹੀ ਪ੍ਰਸ਼ੰਸਕਾਂ ਵਿੱਚ ਉਤਸ਼ਾਹ ਪੈਦਾ ਕਰ ਦਿੱਤਾ ਹੈ।8 ਮਈ 2025 ਨੂੰ ਯੂਟਿਊਬ 'ਤੇ ਰਿਲੀਜ਼ ਹੋਣ ਲਈ ਤਿਆਰ, ਬੇਸੋਸ ਸਿਰਫ਼ ਇੱਕ ਗੀਤ ਤੋਂ ਵੱਧ ਹੋਣ ਦਾ ਵਾਅਦਾ ਕਰਦਾ ਹੈ- ਇਹ ਇੱਕ ਅਨੁਭਵ, ਇੱਕ ਮਾਹੌਲ ਅਤੇ ਸ਼ਾਇਦ ਕ੍ਰਿਕਟਰ ਤੋਂ ਮਨੋਰੰਜਨਕਰਤਾ ਬਣੇ ਇਸ ਖਿਡਾਰੀ ਲਈ ਇੱਕ ਨਵੇਂ ਅਧਿਆਏ ਦੀ ਸ਼ੁਰੂਆਤ ਹੈ।



## ਸਾਂਸਦ ਡੌਨ ਡੇਵਿਸ ਐਨਡੀਪੀ ਦੇ ਅੰਤਰਿਮ ਨੇਤਾ ਨਿਯੁਕਤ

ਓਟਵਾ, 6 ਮਈ (ਚ.ਨ.ਸ.) : ਸੰਸਦ ਮੈਂਬਰ ਡੌਨ ਡੇਵਿਸ ਨੂੰ ਨਿਊ ਡੈਮੋਕ੍ਰੇਟਿਕ ਪਾਰਟੀ ਆਫ ਕੈਨੇਡਾ ਲਈ ਨਵਾਂ ਅੰਤਰਿਮ ਨੇਤਾ ਚੁਣਿਆ ਗਿਆ ਹੈ।ਪਾਰਟੀ ਦੀ ਫੈਡਰਲ ਕੌਂਸਲ ਦੀ ਇੱਕ ਵਿਸ਼ੇਸ਼ ਮੀਟਿੰਗ ਵਿੱਚ, ਐਨਡੀਪੀ ਦੀ ਗਵਰਨਿੰਗ ਕੌਂਸਲ ਨੇ ਵੈਨਕੂਵਰ ਕਿੰਗਸਵੇਅ ਤੋਂ ਸੰਸਦ ਮੈਂਬਰ ਡੇਵਿਸ ਨੂੰ ਨਿਯੁਕਤ ਕਰਨ ਲਈ ਵੋਟ ਦਿੱਤੀ, ਜਦੋਂਕਿ ਸਾਬਕਾ ਨੇਤਾ ਜਗਮੀਤ ਸਿੰਘ ਨੇ ਇੱਕ ਹਫ਼ਤਾ ਪਹਿਲਾਂ ਪਾਰਟੀ ਦੇ ਨਿਰਾਸ਼ਾਜਨਕ ਚੋਣ ਨਤੀਜੇ ਤੋਂ ਬਾਅਦ ਅਸਤੀਫਾ ਦੇ ਦਿੱਤਾ ਸੀ। ਐਨਡੀਪੀ ਪ੍ਰਧਾਨ ਮੈਰੀ ਸ਼ੌਰਟਾਲ ਨੇ ਪਾਰਟੀ ਦੇ ਬਿਆਨ ਵਿੱਚ ਕਿਹਾ ਕਿ ਹਾਲ ਹੀ ਦੇ ਚੋਣ ਨਤੀਜੇ ਉਹ ਨਹੀਂ ਸਨ, ਜਿਸਦੀ ਉਮੀਦ ਸੀ, ਇੱਕ ਬਿਹਤਰ ਕੈਨੇਡਾ ਐਨਡੀਪੀ ਦੇ ਤਜ਼ਰਬੇਕਾਰ ਬਣਾਉਣ ਲਈ ਸਾਡੀ ਵਚਨਬੱਧਤਾ ਕਦੇ ਵੀ ਇੰਨੀ ਮਜ਼ਬੂਤ ਨਹੀਂ ਰਹੀ। ਨਵੇਂ ਉਦੇਸ਼ ਨਾਲ, ਅਸੀਂ ਸਰਕਾਰ ਨੂੰ ਜਵਾਬਦੇਹ ਬਣਾਵਾਂਗੇ ਅਤੇ ਉਨ੍ਹਾਂ ਮੁੱਦਿਆਂ ਲਈ ਲੜਦੇ ਰਹਾਂਗੇ, ਜਿਨ੍ਹਾਂ ਬਾਰੇ ਅਸੀਂ ਦੇਸ਼ ਭਰ ਦੇ ਦਰਵਾਜ਼ਿਆਂ 'ਤੇ ਸੁਣਿਆ ਹੈ-ਜਨਤਕ ਸਿਹਤ ਸੰਭਾਲ, ਕਿਫਾਇਤੀ ਘਰ, ਚੰਗੀਆਂ ਨੌਕਰੀਆਂ ਆਦਿ। ਚੋਣਾਂ ਵਾਲੀ ਰਾਤ ਪਾਰਟੀ ਦੇ ਇਤਿਹਾਸ ਦੇ ਸਭ ਤੋਂ ਮਾੜੇ ਪ੍ਰਦਰਸ਼ਨ ਤੋਂ ਬਾਅਦ ਸੋਮਵਾਰ ਰਾਤ ਨੂੰ ਫੈਡਰਲ ਕੌਂਸਲ ਦੀ ਮੀਟਿੰਗ ਹੋਈ। ਜਗਮੀਤ ਸਿੰਘ ਆਪਣੀ ਬੀ.ਸੀ. ਸੀਟ ਹਾਰ ਗਏ ਸਨ ਅਤੇ ਮੌਕੇ 'ਤੇ ਹੀ ਅਸਤੀਫਾ ਦੇਣ ਦਾ ਐਲਾਨ ਕਰ ਦਿੱਤਾ ਸੀ।



## ਗੁਕੇਸ਼ ਸੁਪਰਬੇਟ ਕਲਾਸਿਕ ਵਿੱਚ ਪੇਸ਼ ਕਰੇਗਾ ਚੁਣੌਤੀ

ਬੁਖਾਰੇਸਟ, 6 ਮਈ (ਚ.ਨ.ਸ.) : ਬੁੱਧਵਾਰ ਤੋਂ ਸ਼ੁਰੂ ਹੋ ਰਹੇ ਸੁਪਰਬੇਟ ਕਲਾਸਿਕ ਸ਼ਤਰੰਜ ਟੂਰਨਾਮੈਂਟ ਵਿੱਚ ਚੋਟੀ ਦਾ ਦਰਜਾ ਪ੍ਰਾਪਤ ਹੋਵੇਗਾ ਜਿੱਥੇ ਇਹ ਤਜ਼ਰਬੇਕਾਰ ਨੌਜਵਾਨ ਖਿਡਾਰੀ ਆਪਣੇ ਕਰੀਅਰ ਵਿੱਚ ਪਹਿਲੀ ਵਾਰ 2800 ਰੇਟਿੰਗ ਦੇ ਅੰਕੜੇ ਨੂੰ ਪਾਰ ਕਰਨ ਦੀ ਚੁਣੌਤੀ ਦੇਵੇਗਾ। ਇਹ ਟੂਰਨਾਮੈਂਟ ਇਸ ਸਾਲ ਗ੍ਰੈਂਡ ਸ਼ਤਰੰਜ ਟੂਰ ਵਿੱਚ ਕਲਾਸੀਕਲ ਸ਼ਤਰੰਜ ਦੇ ਤਹਿਤ ਪਹਿਲਾ ਮੁਕਾਬਲਾ ਹੈ। ਹਾਲਾਂਕਿ, ਦੁਨੀਆ ਦੇ ਤੀਜੇ ਨੰਬਰ ਦੇ ਖਿਡਾਰੀ ਗੁਕੇਸ਼ ਲਈ ਅੱਗੇ ਦਾ ਰਸਤਾ ਆਸਾਨ ਨਹੀਂ ਹੋਵੇਗਾ ਕਿਉਂਕਿ ਸਾਰੇ ਨੌਂ ਟੂਰ ਭਾਗੀਦਾਰ ਪਹਿਲੇ ਟੂਰਨਾਮੈਂਟ ਵਿੱਚ ਇਕੱਠੇ ਮੁਕਾਬਲਾ ਕਰਨਗੇ। ਮੇਜ਼ਬਾਨ ਦੇਸ਼ ਦੇ ਡੇਕ ਬੋਗਦਾਨ-ਡੈਨੀਅਲ ਨੂੰ ਵਿਸ਼ਵ ਚੈਂਪੀਅਨ ਡੀ ਗੁਕੇਸ਼ ਵਾਈਲਡ ਕਾਰਡ ਦਿੱਤਾ ਗਿਆ ਹੈ। ਜਨਵਰੀ ਵਿੱਚ ਟਾਟਾ ਸਟੀਲ ਮਾਸਟਰਜ਼ ਵਿੱਚ ਦੂਜੇ ਸਥਾਨ 'ਤੇ ਰਹਿਣ ਤੋਂ ਬਾਅਦ, ਗੁਕੇਸ਼ ਤਿੰਨ ਮਹੀਨਿਆਂ ਤੋਂ ਵੱਧ ਸਮੇਂ ਬਾਅਦ ਕਲਾਸੀਕਲ ਮੁਕਾਬਲੇ ਵਿੱਚ ਖੇਡਦਾ ਦਿਖਾਈ ਦੇਵੇਗਾ। ਭਾਰਤ ਦੇ 18 ਸਾਲਾ ਗੁਕੇਸ਼ ਨੂੰ ਕਲਾਸੀਕਲ ਸ਼ਤਰੰਜ ਦਾ ਮਾਹਰ ਮੰਨਿਆ ਜਾਂਦਾ ਹੈ ਅਤੇ ਉਸਦੀਆਂ ਸਾਰੀਆਂ ਵੱਡੀਆਂ ਸਫਲਤਾਵਾਂ ਇਸ ਫਾਰਮੈਟ ਵਿੱਚ ਆਈਆਂ ਹਨ। ਗੁਕੇਸ਼ ਦੇ ਇਸ ਵੇਲੇ 2787 ਅੰਕ ਹਨ ਅਤੇ ਇੱਥੇ ਚੰਗੇ ਪ੍ਰਦਰਸ਼ਨ ਨਾਲ ਉਹ 2800 ਰੇਟਿੰਗ ਅੰਕ ਪ੍ਰਾਪਤ ਕਰ ਸਕਦਾ ਹੈ। ਵਿਸ਼ਵ ਚੈਂਪੀਅਨ ਗੁਕੇਸ਼ ਤੋਂ ਇਲਾਵਾ, ਆਰ ਪ੍ਰਗਿਆਨੰਧਾ ਟੂਰਨਾਮੈਂਟ ਵਿੱਚ ਹਿੱਸਾ ਲੈਣ ਵਾਲਾ ਇੱਕ ਹੋਰ ਭਾਰਤੀ ਹੈ ਜੋ ਸਾਰਿਆਂ ਨੂੰ ਸਖ਼ਤ ਮੁਕਾਬਲਾ ਦੇਣ ਲਈ ਤਿਆਰ ਹੈ।



## 'ਮਾਰਸ਼ਲ ਆਫ਼ ਦ ਏਅਰ ਫੋਰਸ' ਅਰਜਨ ਸਿੰਘ ਮੈਮੋਰੀਅਲ ਹਾਕੀ ਟੂਰਨਾਮੈਂਟ ਦਾ 6ਵਾਂ ਐਡੀਸ਼ਨ ਸਮਾਪਤ

ਚੰਡੀਗੜ੍ਹ, 6 ਮਈ (ਚ.ਨ.ਸ.) : ਮਾਰਸ਼ਲ ਆਫ਼ ਦ ਏਅਰ ਫੋਰਸ ਅਰਜਨ ਸਿੰਘ ਮੈਮੋਰੀਅਲ ਹਾਕੀ ਟੂਰਨਾਮੈਂਟ-2025 ਦਾ 6ਵਾਂ ਐਡੀਸ਼ਨ ਰਘਬੀਰ ਸਿੰਘ ਭੋਲਾ ਹਾਕੀ ਸਟੇਡੀਅਮ, 3 ਬੀਆਰਡੀ ਏਅਰਫੋਰਸ, ਚੰਡੀਗੜ੍ਹ ਵਿਖੇ ਇੱਕ ਸ਼ਾਨਦਾਰ ਸਮਾਰੋਹ ਨਾਲ ਸਮਾਪਤ ਹੋਇਆ। 29 ਅਪ੍ਰੈਲ ਤੋਂ 6 ਮਈ, 2025 ਤੱਕ ਆਯੋਜਿਤ ਇਸ ਟੂਰਨਾਮੈਂਟ ਵਿੱਚ ਕੁੱਲ 12 ਟੀਮਾਂ ਨੇ ਹਿੱਸਾ ਲਿਆ, ਜਿਨ੍ਹਾਂ ਵਿੱਚ ਬੰਗਲਾਦੇਸ਼ ਦੀ ਇੱਕ ਅੰਤਰਰਾਸ਼ਟਰੀ ਟੀਮ ਵੀ ਸ਼ਾਮਲ ਸੀ। ਫਾਈਨਲ ਮੈਚ ਰੇਲ ਕੋਚ ਫੈਕਟਰੀ (ਕਪੂਰਥਲਾ) ਅਤੇ ਭਾਰਤੀ ਰੇਲਵੇ ਵਿਚਕਾਰ ਖੇਡਿਆ ਗਿਆ, ਜਿਸ ਵਿੱਚ ਭਾਰਤੀ ਰੇਲਵੇ ਜੇਤੂ ਰਿਹਾ। ਜੇਤੂ ਅਤੇ ਉਪ ਜੇਤੂ ਟੀਮਾਂ ਨੂੰ ਤਮਗ਼ੇ ਅਤੇ ਟਰਾਫ਼ੀਆਂ ਭੇਟ ਕੀਤੀਆਂ ਗਈਆਂ, ਨਾਲ ਹੀ ਜੇਤੂਆਂ ਨੂੰ 3,00,000/- ਰੁਪਏ ਅਤੇ ਉਪ ਜੇਤੂਆਂ ਨੂੰ 2,00,000/- ਰੁਪਏ ਦਾ ਨਗਦ ਇਨਾਮ ਦਿੱਤਾ ਗਿਆ। ਏਅਰ ਕਮੋਡੋਰ ਰਾਜੀਵ ਸ਼੍ਰੀਵਾਸਤਵ, ਏਓਸੀ, 3ਬੀਆਰਡੀ ਅਤੇ ਗਰੁੱਪ ਕੈਪਟਨ ਮਨਪ੍ਰੀਤ ਸਿੰਘ, ਮੁੱਖ ਪ੍ਰਸ਼ਾਸਨਿਕ ਅਧਿਕਾਰੀ, 3ਬੀਆਰਡੀ ਚੰਡੀਗੜ੍ਹ ਵੀ ਪੁਰਸਕਾਰ ਜੇਤੂਆਂ ਨੂੰ ਸਨਮਾਨਿਤ ਕਰਨ ਲਈ ਮੌਜੂਦ ਸਨ। ਏਅਰ ਮਾਰਸ਼ਲ ਪੀ.ਕੇ. ਘੋਸ਼, ਏਅਰ ਅਫਸਰ-ਇਨ-ਚਾਰਜ ਪ੍ਰਸ਼ਾਸਨ, ਭਾਰਤੀ ਹਵਾਈ ਸੈਨਾ ਸਮਾਪਤੀ ਸਮਾਰੋਹ ਦੌਰਾਨ ਮੁੱਖ ਮਹਿਮਾਨ ਸਨ। ਆਪਣੇ ਸੰਬੋਧਨ ਵਿੱਚ, ਉਨ੍ਹਾਂ ਨੇ ਜੇਤੂਆਂ ਨੂੰ ਵਧਾਈ ਦਿੱਤੀ ਅਤੇ ਭਾਗ ਲੈਣ ਵਾਲੀਆਂ ਟੀਮਾਂ ਦੀ ਉਨ੍ਹਾਂ ਦੀ ਖੇਡ ਭਾਵਨਾ ਅਤੇ ਹੁਨਰ ਦੀ ਪ੍ਰਸ਼ੰਸਾ ਕੀਤੀ। ਉਨ੍ਹਾਂ ਨੇ ਦੇਸ਼ਾਂ ਵਿੱਚ ਦੋਸਤੀ ਅਤੇ ਭਾਈਚਾਰੇ ਨੂੰ ਉਤਸ਼ਾਹਿਤ ਕਰਨ ਵਿੱਚ ਖੇਡਾਂ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਮੁੱਖ ਮਹਿਮਾਨ ਨੇ ਓਲੰਪੀਅਨ ਸ਼੍ਰੀਮਤੀ ਨਵਜੋਤ ਕੌਰ ਅਤੇ ਅਰਜੁਨ ਪੁਰਸਕਾਰ ਜੇਤੂ ਆਕਾਸ਼ਦੀਪ ਸਿੰਘ ਸਮੇਤ ਪ੍ਰਮੁੱਖ ਅੰਤਰਰਾਸ਼ਟਰੀ ਹਾਕੀ ਖਿਡਾਰੀਆਂ ਨੂੰ ਵੀ ਸਨਮਾਨਤ ਕੀਤਾ। ਸਵਰਗੀ ਜੀਪੀ ਕੈਪਟਨ ਆਰ.ਐਸ. ਭੋਲਾ ਦੀ ਪਤਨੀ ਸ਼੍ਰੀਮਤੀ ਕਮਲਾ ਭੋਲਾ ਨੇ ਮੈਨ ਆਫ ਦਿ ਮੈਚ ਨੂੰ 10,000/- ਰੁਪਏ ਦਾ ਚੈੱਕ ਭੇਟ ਕੀਤਾ। ਏਅਰ ਮਾਰਸ਼ਲ ਘੋਸ਼ ਨੇ ਟੂਰਨਾਮੈਂਟ ਦੇ ਸੁਚਾਰੂ ਅਤੇ ਸਫਲ ਆਯੋਜਨ ਲਈ ਏਅਰ ਫੋਰਸ ਸਪੋਰਟਸ ਕੰਟਰੋਲ ਬੋਰਡ, 3 ਬੀਆਰਡੀ ਅਤੇ ਪ੍ਰਬੰਧਕੀ ਕਮੇਟੀ ਨੂੰ ਵਧਾਈ ਦਿੱਤੀ। ਉਨ੍ਹਾਂ ਨੇ ਮਾਰਸ਼ਲ ਆਫ਼ ਦ ਏਅਰ ਫੋਰਸ ਅਰਜਨ ਸਿੰਘ ਮੈਮੋਰੀਅਲ ਟੂਰਨਾਮੈਂਟ-2025 ਦੇ 6ਵੇਂ ਐਡੀਸ਼ਨ ਨੂੰ ਸਮਾਪਤ ਕਰਨ ਦਾ ਐਲਾਨ ਕੀਤਾ। ਇਹ ਟੂਰਨਾਮੈਂਟ ਭਾਰਤੀ ਹਵਾਈ ਸੈਨਾ ਦੇ ਇੱਕ ਮਹਾਨ ਖਿਡਾਰੀ ਅਤੇ ਇੱਕ ਜੋਸ਼ੀਲੇ ਹਾਕੀ ਖਿਡਾਰੀ, ਮਾਰਸ਼ਲ ਆਫ਼ ਦ ਏਅਰ ਫੋਰਸ ਅਰਜਨ ਸਿੰਘ ਦੀ ਵਿਰਾਸਤ ਨੂੰ ਇੱਕ ਢੁਕਵੀਂ ਸ਼ਰਧਾਂਜਲੀ ਸੀ।






ਭੁਵਨ ਰਿਭੂ, "ਜਸਟ ਰਾਈਟਸ ਫਾਰ ਚਿਲਡਰਨ" ਦੇ ਸੰਸਥਾਪਕ, ਐਡੀ ਓਲੀਵਰੇਸ ਓਰਟੇਗਾ, ਮਾਣਯੋਗ ਕਿਰਤ ਮੰਤਰੀ, ਡੋਮਿਨਿਕਨ ਰਿਪਬਲਿਕ ਤੋਂ ਮੈਡਲ ਆਫ਼ ਆਨਰ ਪ੍ਰਾਪਤ ਕਰਦੇ ਹੋਏ; ਜੇਵੀਅਰ ਕ੍ਰੀਮੇਡਸ, ਪ੍ਰਧਾਨ, ਵਰਲਡ ਜੂਰਿਸਟ ਐਸੋਸੀਏਸ਼ਨ ਅਤੇ ਮਾਣਯੋਗ ਮਹਿਲਾ ਮੰਤਰੀ, ਡੋਮਿਨਿਕਨ ਰੀਪਬਲਿਕ, ਮਾਇਰਾ ਜਿਮੇਨੇਜ਼।

# ਸਕੂਲਾਂ ਦੇ ਵਿਕਾਸ ਕਾਰਜ ਵਿਦਿਆਰਥੀਆਂ ਨੂੰ ਸਮਰਪਿਤ

## ਪੰਜਾਬ ਸਿੱਖਿਆ ਕ੍ਰਾਂਤੀ ਨੇ ਸੂਬੇ ਦੇ ਸਕੂਲਾਂ ਦੀ ਨੁਹਾਰ ਬਦਲੀ :ਚੇਅਰਮੈਨ ਪਨੂੰ



ਫਤਹਿਗੜ੍ਹ ਚੂੜੀਆਂ, 6 ਮਈ (ਰਾਜਨ ਸ਼ਰਮਾ): ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਪੰਜਾਬ ਦੇ ਸਕੂਲਾਂ ਦੇ ਬੁਨਿਆਦੀ ਢਾਂਚੇ ਵਿੱਚ ਸੁਧਾਰ ਅਤੇ ਸਿੱਖਿਆ ਦੀ ਗੁਣਵੱਤਾ ਵਿਚ ਲਿਆਂਦੀ ਗਈ ਤਬਦੀਲੀ ਨੇ ਪੰਜਾਬ ਦੇ ਲੋਕਾਂ ਦਾ ਸਰਕਾਰੀ ਸਕੂਲਾਂ ਵਿੱਚ ਪਿਛਲੀਆਂ ਸਰਕਾਰਾਂ ਸਮੇਂ ਖੁੱਸਿਆ ਵਿਸ਼ਵਾਸ ਬਹਾਲ ਕਰ ਦਿੱਤਾ ਹੈ। ਇਹ ਪ੍ਰਗਟਾਵਾ ਬਲਬੀਰ ਸਿੰਘ ਪਨੂੰ, ਚੇਅਰਮੈਨ ਪਨਸਪ ਪੰਜਾਬ ਵੱਲੋਂ ਅੱਜ ਹਲਕੇ ਦੇ ਵੱਖ-ਵੱਖ ਸਕੂਲਾਂ ਵਿੱਚ ਹੋਏ ਵਿਕਾਸ ਕਾਰਜ ਜਿਵੇਂ ਨਵੇਂ ਕਮਰਿਆਂ ਦੀ ਉਸਾਰੀ, ਕਮਰਿਆਂ ਦਾ ਨਵੀਨੀਕਰਨ ਤੇ ਚਾਰਦੀਵਾਰੀ ਆਦਿ ਦੇ ਵਿਕਾਸ ਕਾਰਜ ਸ਼ਾਮਲ ਹਨ। ਉਨ੍ਹਾਂ ਅੱਜ ਪਿੰਡ ਮਜਿਆਂਵਾਲੀ ਸਰਕਾਰੀ ਪ੍ਰਾਇਮਰੀ/ ਮਿਡਲ ਸਕੂਲ ਵਿਖੇ 18 ਲੱਖ 27 ਹਜ਼ਾਰ ਰੁਪਏ , ਪਿੰਡ ਤੇਜਾ ਕਲਾਂ ਦੇ ਬਾਬਾ ਬੁੱਢਾ ਸਰਕਾਰੀ ਹਾਈ ਸਕੂਲ ਵਿਖੇ 9 ਲੱਖ ਰੁਪਏ ਅਤੇ ਪਿੰਡ ਮੁਰੀਦਕੇ ਦੇ ਸਰਕਾਰੀ ਮਿਡਲ ਸਕੂਲ ਵਿਖੇ ਇਕ ਲੱਖ 96 ਹਜ਼ਾਰ ਰੁਪਏ ਦੇ ਵੱਖ-ਵੱਖ ਵਿਕਾਸ ਕਾਰਜਾਂ ਦੇ ਉਦਘਾਟਨ ਕੀਤੇ। ਚੇਅਰਮੈਨ ਬਲਬੀਰ ਸਿੰਘ ਪਨੂੰ ਨੇ ਕਿਹਾ ਜਦੋਂ ਉਹ ਸਕੂਲਾਂ ਦੇ ਦੌਰੇ ਦੌਰਾਨ ਨਵੇਂ ਨਵੇਂ ਕਮਰੇ, ਸਮਾਰਟ ਕਲਾਸ ਰੂਮ, ਚੰਗੇ ਪਖਾਨੇ, ਸਾਫ ਪੀਣ ਵਾਲੇ ਪਾਣੀ ਦੀ ਵਿਵਸਥਾ, ਖੇਡ ਦੇ ਮੈਦਾਨ ਆਦਿ ਵੇਖਦੇ ਹਨ ਤਾਂ ਉਸ ਮੌਕੇ ਉੱਥੇ ਪੜ੍ਹ ਰਹੇ ਬੱਚਿਆਂ ਦੇ ਚਿਹਰਿਆਂ 'ਤੇ ਆਈ ਮੁਸਕਾਨ ਨਾਲ ਮਨ ਨੂੰ ਬਹੁਤ ਸਕੂਨ ਮਿਲਦਾ ਹੈ। ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਸਰਕਾਰ ਦਾ ਇੱਕੋ ਇੱਕ ਨਿਸ਼ਾਨਾ ਪੰਜਾਬ ਦੇ ਸਰਕਾਰੀ ਸਕੂਲਾਂ ਦੀ ਦਿੱਖ, ਨਿੱਜੀ ਸਕੂਲਾਂ ਤੋਂ ਵੀ ਬਿਹਤਰ ਬਣਾ ਕੇ ਸਰਕਾਰੀ ਸਿੱਖਿਆ ਸੰਸਥਾਵਾਂ ਵਿੱਚ ਮਿਆਰੀ ਸਿੱਖਿਆ ਸਹੂਲਤਾਂ ਮੁਹੱਈਆ ਕਰਵਾਉਣਾ ਹੈ। ਇਸ ਮੌਕੇ ਅਮਨਦੀਪ ਕੌਰ, ਨਿਸ਼ਾ, ਹਰਪ੍ਰੀਤ ਕੌਰ, ਮਾਸਟਰ ਹਰਦੇਵ ਸਿੰਘ, ਵਿਕਰਮ ਸਿੰਘ, ਸੁਖਪ੍ਰੀਤ ਕੌਰ, ਸੁਖਕਰਨ ਕੌਰ, ਪਵਨਦੀਪ ਕੌਰ, ਸਰਪੰਚ ਰਾਜਵਿੰਦਰ ਸਿੰਘ, ਬਲਾਕ ਪ੍ਰਧਾਨ ਸ਼ਮਸ਼ੇਰ ਸਿੰਘ, ਬਲਾਕ ਪ੍ਰਧਾਨ ਹਰਦੀਪ ਸਿੰਘ ਮਜਿਆਂ ਵਾਲੀ, ਮਨਤਾਰ ਸਿੰਘ, ਏਐਸਆਈ ਰਾਮ ਸਿੰਘ, ਸਰਪੰਚ ਅੰਮ੍ਰਿਤਪਾਲ ਕੌਰ, ਸਰਪੰਚ ਧਰਮਵੀਰ ਸਿੰਘ ਤੇਜਾ ਕਲਾਂ, ਪ੍ਰਿੰਸੀਪਲ ਹਰਭਜਨ ਲਾਲ ਤੇਜਾ ਕਲਾਂ, ਪ੍ਰਿੰਸੀਪਲ ਪ੍ਰਦੀਪ ਕੁਮਾਰ ਮੁਰੀਦ ਕੇ , ਹਲਕਾ ਯੂਥ ਪ੍ਰਧਾਨ ਗੁਰਵਿੰਦਰ ਸਿੰਘ, ਕਾਦੀਆਂ ਦੇ ਹਲਕਾ ਕੋਡੀਨੇਟਰ ਐਜੂਕੇਸ਼ਨ ਰਘਬੀਰ ਸਿੰਘ ਅਠਵਾਲ, ਬਲਾਕ ਪ੍ਰਧਾਨ ਜਗਜੀਤ ਸਿੰਘ, ਬਲਾਕ ਪ੍ਰਧਾਨ ਹਰਪ੍ਰੀਤ ਸਿੰਘ, ਗਗਨਦੀਪ ਸਿੰਘ ਕੋਟਲਾ ਬਾਮਾ , ਕਰਨ ਬਾਠ, ਗੁਰ ਪ੍ਰਤਾਪ ਸਿੰਘ ਅਤੇ ਗੁਰਦੇਵ ਸਿੰਘ ਅੰਜਲਾ ਆਦਿ ਹਾਜ਼ਰ ਸਨ।

# ਟੀਕਾਕਰਨ ਮੁਹਿੰਮ ਤਹਿਤ 185 ਬੱਚੇ ਕੀਤੇ ਵੈਕਸੀਨੇਟ :-ਸਿਵਲ ਸਰਜਨ



ਫਤਹਿਗੜ੍ਹ ਸਾਹਿਬ, 6 ਮਈ (ਹਰਪ੍ਰੀਤ ਕੌਰ ਟਿਵਾਣਾ): ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ ਵਿਭਾਗ, ਪੰਜਾਬ, ਡਾ ਹਿਤਿੰਦਰ ਕੌਰ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਅਤੇ ਸਿਵਲ ਸਰਜਨ ਫਤਹਿਗੜ੍ਹ ਸਾਹਿਬ ਡਾ ਦਵਿੰਦਰਜੀਤ ਕੌਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਿਹਤ ਵਿਭਾਗ ਵੱਲੋਂ ਜ਼ਿਲ੍ਹੇ ਅੰਦਰ ਵਿਸ਼ਵ ਟੀਕਾਕਰਨ ਹਫਤਾ ਨੂੰ ਸਮਰਪਿਤ ਵਿਸ਼ੇਸ਼ ਟੀਕਾਕਰਨ ਹਫਤਾ ਮਨਾਇਆ ਗਿਆ, ਜਿਸ ਤਹਿਤ 185 ਬੱਚਿਆਂ ਨੂੰ ਵੈਕਸੀਨੇਟ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਿਵਲ ਸਰਜਨ ਦੱਸਿਆ ਕਿ ਇਸ ਮੁਹਿੰਮ ਤਹਿਤ ਕਿਸੇ ਕਾਰਨ ਟੀਕਾਕਰਨ ਤੋਂ ਵਾਂਝੇ ਰਹਿ ਗਏ ਬੱਚਿਆਂ ਨੂੰ (ਖਾਸ ਕਰਕੇ ਪੰਜਾਬ ਵਿੱਚ ਕੰਮ ਕਰਨ ਆਏ ਪ੍ਰਵਾਸੀ ਮਜ਼ਦੂਰਾਂ ਦੇ ਬੱਚਿਆਂ) ਨੂੰ ਬਿਮਾਰੀਆਂ ਤੋਂ ਬਚਾਅ ਸਬੰਧੀ ਵਿਸ਼ੇਸ਼ ਟੀਕਾਕਰਨ ਕੀਤਾ ਗਿਆ ਅਤੇ ਬਾਅਦ ਵਿੱਚ ਇਸ ਦੀ ਸਮੀਖਿਆ ਮੀਟਿੰਗ ਵੀ ਕੀਤੀ। ਉਹਨਾਂ ਦੱਸਿਆ ਕਿ ਹਫਤਾ ਭਰ ਚੱਲਣ ਵਾਲੀ ਇਸ ਮੁਹਿੰਮ ਦੀ ਅਗਵਾਈ ਜ਼ਿਲ੍ਹਾ ਟੀਕਾਕਰਨ ਅਫਸਰ ਡਾ ਰਾਜੇਸ਼ ਕੁਮਾਰ ਵੱਲੋਂ ਕੀਤੀ ਗਈ ਅਤੇ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਮੁਹਿੰਮ ਤੋਂ ਪਹਿਲਾਂ ਜ਼ਿਲ੍ਹੇ ਭਰ ਵਿੱਚ ਘਰ ਘਰ ਜਾ ਕੇ ਡਰਾਪ ਆਊਟ ਅਤੇ ਲੈਫਟ ਆਊਟ ਬੱਚਿਆਂ ਦੀਆਂ ਲਿਸਟਾਂ ਤਿਆਰ ਕੀਤੀਆਂ ਗਈਆਂ ਸਨ, ਤਾਂ ਕਿ ਇਸ ਮੁਹਿੰਮ ਦੌਰਾਨ ਕੋਈ ਵੀ ਬੱਚਾ ਟੀਕਾਕਰਨ ਤੋਂ ਵਾਂਝਾ ਨਾ ਰਹਿ ਜਾਵੇ। ਜ਼ਿਲ੍ਹਾ ਟੀਕਾਕਰਨ ਅਫਸਰ ਡਾ ਰਾਜੇਸ਼ ਕੁਮਾਰ ਨੇ ਦੱਸਿਆ ਕਿ ਇਸ ਮੁਹਿੰਮ ਦੌਰਾਨ ਪੈਂਟਾਵੇਲੈਂਟ ਦੀ ਪਹਿਲੀ ਖੁਰਾਕ ਦੇ 28 ਬੱਚੇ, ਦੂਸਰੀ ਖੁਰਾਕ ਦੇ 20 ਬੱਚੇ ਅਤੇ ਤੀਸਰੀ ਖੁਰਾਕ ਦੇ 22 ਬੱਚੇ, ਐਮਆਰ ਪਹਿਲੀ ਖੁਰਾਕ ਦੇ 35 ਬੱਚੇ, ਦੂਸਰੀ ਖੁਰਾਕ ਦੇ 39 ਬੱਚੇ, ਡੀਪੀਟੀ ਬੂਸਟਰ ਦੇ 17, ਟੀਟੀ 10 ਸਾਲ ਦੇ 19 ਅਤੇ 16 ਸਾਲ ਦੇ 07 ਬੱਚੇ ਕਵਰ ਕੀਤੇ ਗਏ।

# ਜ਼ਿਲਾ ਫਤਹਿਗੜ੍ਹ ਸਾਹਿਬ ਦੇ ਪਿੰਡ ਡੇਰਾ ਮੀਰ ਮੀਰਾਂ ਦੀ ਪੰਚਾਇਤ ਬਣੀ ਪਹਿਲੀ ਨਸ਼ਾ ਮੁਕਤ ਪੰਚਾਇਤ

## ਨਸ਼ਾ ਵੇਚਣ ਵਾਲੇ ਦੇ ਫੜੇ ਜਾਣ 'ਤੇ ਨਹੀਂ ਕੀਤੀ ਜਾਵੇਗੀ ਪੰਚਾਇਤ ਵੱਲੋਂ ਕੋਈ ਪੈਰਵੀ : ਕੁਲਵਿੰਦਰ ਸਿੰਘ ਸਰਪੰਚ



ਫਤਹਿਗੜ੍ਹ ਸਾਹਿਬ, 6 ਮਈ (ਹਰਪ੍ਰੀਤ ਕੌਰ ਟਿਵਾਣਾ):ਗ੍ਰਾਮ ਪੰਚਾਇਤ ਡੇਰਾ ਮੀਰ ਮੀਰਾਂ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਦੀ ਪਹਿਲੀ ਪੰਚਾਇਤ ਬਣੀ ਹੈ, ਜਿਸ ਨੇ ਪਿੰਡ ਵਿੱਚ ਨਸ਼ਾ ਮੁਕਤੀ ਦਾ ਬੋਰਡ ਲਗਾ ਕੇ ਇਹ ਸਾਬਤ ਕਰ ਦਿੱਤਾ ਹੈ ਕਿ ਉਹਨਾਂ ਦੇ ਪਿੰਡ ਵਿੱਚ ਕੋਈ ਵੀ ਵਿਅਕਤੀ ਨਸ਼ਾ ਨਹੀਂ ਵੇਚਦਾ ਤੇ ਨਾ ਹੀ ਕੋਈ ਵਿਅਕਤੀ ਨਸ਼ਿਆਂ ਦਾ ਸੇਵਨ ਕਰਦਾ ਹੈ । ਗ੍ਰਾਮ ਪੰਚਾਇਤ ਪਿੰਡ ਡੇਰਾ ਮੀਰ ਮੀਰਾਂ ਦੀ ਪੰਚਾਇਤ ਵੱਲੋਂ ਇੱਥੇ ਹੀ ਬਸ ਨਹੀਂ ਸਗੋਂ, ਇੱਕ ਵਿਸ਼ੇਸ਼ ਮਤਾ ਵੀ ਪਾਸ ਕੀਤਾ ਗਿਆ ਹੈ, ਜਿਸ ਵਿੱਚ ਦਰਸਾਇਆ ਗਿਆ ਹੈ ਕਿ ਪਿੰਡ ਵਿੱਚ ਕਿਸੇ ਵੀ ਪ੍ਰਕਾਰ ਦੇ ਨਸ਼ਾ ਵੇਚਣ ਵਾਲੇ ਦੀ ਪੰਚਾਇਤ ਵੱਲੋਂ ਜ਼ਰਾ ਵੀ ਮੱਦਦ ਨਹੀਂ ਕੀਤੀ ਜਾਵੇਗੀ, ਤੇ ਜੇਕਰ ਨਸ਼ਾ ਵੇਚਦੇ ਕੋਈ ਫੜਿਆ ਜਾਵੇ ਤਾਂ ਪੰਚਾਇਤ ਵੱਲੋਂ ਜਿੱਥੇ ਉਸ ਵਿਅਕਤੀ ਦੀ ਜ਼ਮਾਨਤ ਤੱਕ ਨਹੀਂ ਕਰਵਾਈ ਜਾਵੇਗੀ, ਉੱਥੇ ਹੀ ਨਗਰ ਦੇ ਕਿਸੇ ਵੀ ਵਿਅਕਤੀ ਵੱਲੋਂ ਉਸ ਨਸ਼ਾ ਤਸਕਰ ਦੀ ਮੱਦਦ ਕਰਨ ਵਾਲੇ ਪਰਿਵਾਰ ਦਾ ਵੀ ਮੁਕੰਮਲ ਬਾਈਕਾਟ ਕੀਤਾ ਜਾਵੇਗਾ । ਇਸ ਦੇ ਨਾਲ ਹੀ ਪੰਚਾਇਤ ਵੱਲੋਂ ਐਲਾਨ ਕੀਤਾ ਗਿਆ ਕਿ ਨਸ਼ਾ ਵੇਚਣ ਵਾਲਿਆਂ ਦੀ ਸੂਚਨਾ ਪੰਚਾਇਤ ਨੂੰ ਦੇਣ ਵਾਲੇ ਵਿਅਕਤੀ ਨੂੰ 10 ਹਜ਼ਾਰ ਰੁਪਏ ਨਗਦ ਇਨਾਮ ਦੇ ਕੇ ਵੀ ਸਨਮਾਨਿਤ ਕੀਤਾ ਜਾਵੇਗਾ। ਉੱਧਰ ਪਿੰਡ ਨਿਵਾਸੀਆਂ ਵੱਲੋਂ ਵੀ ਪੰਚਾਇਤ ਦੇ ਇਸ ਉੱਦਮ ਦੀ ਸ਼ਲਾਘਾ ਕੀਤੀ ਜਾ ਰਹੀ ਹੈ ਪਿੰਡ ਨਿਵਾਸੀਆਂ ਨੇ ਕਿਹਾ ਨਸ਼ਿਆਂ ਨੂੰ ਖਤਮ ਕਰਨ ਦੇ ਮੁੱਦੇ 'ਤੇ ਸਾਰਾ ਪਿੰਡ ਇੱਕ ਮੰਚ 'ਤੇ ਇਕੱਤਰ ਹੈ ਅਤੇ ਨਸ਼ਾ ਵੇਚਣ ਵਾਲਿਆਂ ਦੇ ਸਖ਼ਤ ਖਿਲਾਫ ਹੈ, ਜਿਸ ਨੂੰ ਲੈ ਕੇ ਪੰਚਾਇਤ ਵੱਲੋਂ ਸਾਂਝੇ ਤੌਰ 'ਤੇ ਇਹ ਫੈਸਲਾ ਲਿਆ ਗਿਆ ਹੈ ਅਤੇ ਪਿੰਡ ਵਿੱਚ ਵੱਖ ਵੱਖ ਥਾਵਾਂ 'ਤੇ ਨਸ਼ਾ ਮੁਕਤੀ ਪੰਚਾਇਤ ਦੇ ਬੋਰਡ ਵੀ ਲਗਾਏ ਗਏ ਹਨ। ਦੱਸ ਦਈਏ ਕਿ ਪੰਚਾਇਤ ਮੰਤਰੀ ਪੰਜਾਬ ਤਰੁਨਪ੍ਰੀਤ ਸਿੰਘ ਸੋਂਦ ਨੇ ਵੀ ਐਲਾਨ ਕੀਤਾ ਹੈ, ਕਿ ਹਰੇਕ ਜ਼ਿਲ੍ਹੇ ਦੇ ਬਲਾਕ ਵਿੱਚੋਂ ਪਹਿਲੀ ਇੱਕ ਪੰਚਾਇਤ ਪੂਰਨ ਤੌਰ 'ਤੇ ਨਸ਼ਾ ਮੁਕਤ ਹੋ ਕੇ ਬੋਰਡ ਲਗਾਉਣ ਵਾਲੀ ਪੰਚਾਇਤ ਨੂੰ ਪੰਜਾਬ ਸਰਕਾਰ ਵੱਲੋਂ ਇੱਕ ਲੱਖ ਰੁਪਏ ਦੇ ਕੇ ਸਨਮਾਨਿਤ ਕੀਤਾ ਜਾਵੇਗਾ, ਕਿਉਂਕਿ ਪੰਜਾਬ ਸਰਕਾਰ, ਪੰਜਾਬ ਵਿੱਚੋਂ ਨਸ਼ਾ ਖਤਮ ਕਰਨ ਲਈ ਪੂਰਨ ਤੌਰ 'ਤੇ ਤਤਪਰ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਨਰਿੰਦਰ ਸਿੰਘ ਪੰਚ, ਸੰਤੋਖ ਸਿੰਘ ਪੰਚ, ਹਰਦਿਆਲ ਸਿੰਘ ਪੰਚ, ਪਰਮਜੀਤ ਸਿੰਘ, ਜਗਜੀਤ ਸਿੰਘ ਬਲੱਗਣ, ਅਮਰਜੀਤ ਸਿੰਘ, ਸਤਨਾਮ ਸਿੰਘ, ਬਲਵਿੰਦਰ ਸਿੰਘ ਸਾਬਕਾ ਪੰਚ ਤੇ ਹੋਰ ਨਗਰ ਨਿਵਾਸੀ ਵੀ ਹਾਜ਼ਰ ਸਨ।

# ਸੂਬਾ ਪ੍ਰਧਾਨ ਪਰਮਿੰਦਰ ਸਿੰਘ ਗਾਲਿਬ ਦਾ ਲੰਬੜਦਾਰਾਂ ਵੱਲੋਂ ਸਨਮਾਨ



ਮੁੱਲਾਂਪੁਰ ਦਾਖਾ, 6 ਮਈ (ਦਵਿੰਦਰ ਸਿੰਘ ਲੰਮੇਂ): ਤਹਿਸੀਲ ਮੁੱਲਾਂਪੁਰ ਦਾਖਾ ਦੇ ਲੰਬੜਦਾਰਾਂ ਦੀ ਮੀਟਿੰਗ ਵਿੱਚ ਦੂਜੀ ਵਾਰ ਸੂਬਾ ਪ੍ਰਧਾਨ ਬਣਨ 'ਤੇ ਸੂਬਾ ਪ੍ਰਧਾਨ ਲੰਬੜਦਾਰ ਪਰਮਿੰਦਰ ਸਿੰਘ ਗਾਲਿਬ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ । ਲੰਬੜਦਾਰਾਂ ਦੀਆਂ ਮੰਗਾਂ ਅਤੇ ਉਹਨਾਂ ਨੂੰ ਆ ਰਹੀਆਂ ਸਮੱਸਿਆਵਾਂ ਪ੍ਰਤੀ ਹਮੇਸ਼ਾਂ ਚੇਤੰਨ ਰਹਿਣ ਵਾਲੇ ਜੁਝਾਰੂ ਲੰਬੜਦਾਰ ਅਤੇ ਤਹਿਸੀਲ ਪ੍ਰਧਾਨ ਸਤਿਨਾਮ ਸਿੰਘ ਬੜੈਚ ਦਾ ਵੀ ਸਨਮਾਨ ਕੀਤਾ ਗਿਆ। ਇਸ ਮੌਕੇ ਸੂਬਾ ਪ੍ਰਧਾਨ ਪਰਮਿੰਦਰ ਸਿੰਘ ਗਾਲਿਬ ਅਤੇ ੇਤਹਿਸੀਲ ਦੇ ਮੀਤ ਪ੍ਰਧਾਨ ਸਤਿਨਾਮ ਸਿੰਘ ਬੜੈਚ ਨੇ ਪੰਜਾਬ ਸਰਕਾਰ ਪਾਸੋਂ ਲੰਬੜਦਾਰੀ ਜੱਦੀਪੁਸਤੀ ਕਰਨ, ਹਰਿਆਣਾ ਸਰਕਾਰ ਦੀ ਤਰਜ 'ਤੇ ਮਾਣ ਭੱਤੇ ਵਿੱਚ ਵਾਧਾ ਕਰਨ, ਬੱਸ ਸਫਰ ਮੁਫਤ ਕਰਨ ਅਤੇ ਸਫਰ ਦੌਰਾਨ ਟੋਲ ਪਲਾਜੇ ਮਾਫ ਕਰਨ ਕਰਨ ਵਰਗੀਆਂ ਮੰਗਾਂ ਦੇ ਢੁੱਕਵੇਂ ਹੱਲ ਕੱਢਣ ਦੀ ਮੰਗ ਕੀਤੀ। ਸੂਬਾ ਪ੍ਰਧਾਨ ਗਾਲਿਬ ਨੇ ਦੱਸਿਆ ਕਿ ਉਹ ਉੱਕਤ ਮੰਗਾਂ ਨੂੰ ਪ੍ਰਵਾਨ ਕਰਨ ਲਈ ਪਿਛਲੇ ਦਿਨੀਂ ਉਹ ਪੰਜਾਬ ਦੇ ਗਵਰਨਰ ਗੁਲਾਬ ਚੰਦ ਕਟਾਰੀਆ ਨਾਲ ਮੁਲਾਕਾਤ ਵੀ ਕਰਕੇ ਆਏ ਹਨ। ਜੇਕਰ ਸਰਕਾਰ ਨੇ ਲੰਬੜਦਾਰਾਂ ਦੀਆਂ ਉਕਤ ਮੰਗਾਂ ਜਲਦੀ ਪ੍ਰਵਾਨ ਨਾ ਕੀਤੀਆਂ ਤਾਂ ਪੰਜਾਬ ਭਰ ਦੀ ਯੂਨੀਅਨਾ ਵੱਲੋਂ ਚੱਲ ਰਹੇ ਸ਼ਾਂਤਮਈ ਸੰਘਰਸ਼ ਨੂੰ ਹੋਰ ਤੇਜ ਕੀਤਾ ਜਾਵੇਗਾ।ਇਸ ਮੌਕੇ ਹਰੇਨਕ ਸਿੰਘ ਹਠੂਰ ਤਹਿਸੀਲ ਪ੍ਰਧਾਨ ਜਗਰਾਓਂ, ਅਗਜੈਕਟਿਵ ਮੈਂਬਰ ਪੰਜਾਬ ਜਸਵੰਤ ਸਿੰਘ ਸ਼ੇਖ ਦੌਲਤ, ਰਾਮ ਸਿੰਘ ਦਫਤਰ ਇੰਚਾਰਜ ਜਗਰਾਉ, ਖਜਾਨਚੀ ਗੁਰਜੀਤ ਸਿੰਘ ਮੁੱਲਾਂਪੁਰ, ਸਕੱਤਰ ਮੱਲ ਸਿੰਘ ਮੁੱਲਾਂਪੁਰ, ਮੀਤ ਪ੍ਰਧਾਨ ਅਮਰਜੋਤ ਸਿੰਘ ਬੱਦੋਵਾਲ, ਜਗਜੀਤ ਸਿੰਘ ਕੈਲਪੁਰ, ਤਰਨਜੀਤ ਸਿੰਘ ਦਾਖਾ, ਰਣਜੀਤ ਸਿੰਘ ਬੜੈਚ, ਨਿਰਮਲ ਸਿੰਘ ਕੈਲਪੁਰ, ਹਰਜੀਤ ਸਿੰਘ ਕੈਲਪੁਰ, ਅਵਤਾਰ ਸਿੰਘ ਮੰਡਿਆਣੀ, ਗੁਰਮੀਤ ਸਿੰਘ ਮੰਡਿਆਣੀ, ਹਰਦੀਪ ਸਿੰਘ ਪਮਾਲੀ, ਰਣਜੀਤ ਸਿੰਘ ਪਮਾਲੀ, ਆਦਿ ਹਾਜ਼ਰ ਸਨ

# ਕੌਮੀ ਲੋਕ ਅਦਾਲਤ 10 ਮਈ ਨੂੰ ਲੱਗੇਗੀ- ਸਕੱਤਰ ਅਸ਼ੋਕ ਕੁਮਾਰ ਚੌਹਾਨ



ਫਤਹਿਗੜ੍ਹ ਸਾਹਿਬ, 6 ਮਈ (ਹਰਪ੍ਰੀਤ ਕੌਰ ਟਿਵਾਣਾ) : ਕੌਮੀ ਲੋਕ ਅਦਾਲਤਾਂ ਵਿੱਚ ਗੰਭੀਰ ਕਿਸਮ ਦੇ ਫੌਜ਼ਦਾਰੀ ਕੇਸਾਂ ਨੂੰ ਛੱਡ ਕੇ ਹਰ ਤਰ੍ਹਾਂ ਦੇ ਕੇਸ ਜੋ ਵੱਖ-ਵੱਖ ਅਦਾਲਤਾਂ ਵਿੱਚ ਲੰਬਿਤ ਪਏ ਹੋਣ, ਦੋਵੇਂ ਧਿਰਾਂ ਦੀ ਆਪਸੀ ਸਹਿਮਤੀ ਨਾਲ ਨਿਪਟਾਏ ਜਾਂਦੇ ਹਨ। ਇਹ ਜਾਣਕਾਰੀ ਚੀਫ ਜੂਡੀਸ਼ੀਅਲ ਮੈਜਿਸਟਰੇਟ - ਕਮ -ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਅਸ਼ੋਕ ਕੁਮਾਰ ਚੌਹਾਨ ਨੇ ਜ਼ਿਲ੍ਹਾ ਕਚਹਿਰੀਆਂ ਅਤੇ ਸਬ ਡਵੀਜ਼ਨ ਪੱਧਰ ਦੀਆਂ ਅਦਾਲਤਾਂ ਵਿੱਚ ਵੀ 10 ਮਈ ਨੂੰ ਆਯੋਜਿਤ ਕੀਤੀ ਜਾ ਰਹੀ ਕੌਮੀ ਲੋਕ ਅਦਾਲਤ ਦੇ ਅਗੇਤੇ ਪ੍ਰਬੰਧਾਂ ਦਾ ਜਾਇਜ਼ਾ ਲੈਣ ਲਈ ਸਮਝੌਤਾ ਸਦਨ ਵਿਖੇ ਜ਼ਿਲ੍ਹੇ ਦੇ ਵੱਖ-ਵੱਖ ਬੈਂਕ ਅਧਿਕਾਰੀਆਂ ਨਾਲ ਕੀਤੀ ਗਈ ਇੱਕ ਵਿਸ਼ੇਸ਼ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਦਿੱਤੀ। ਉਨ੍ਹਾਂ ਦੱਸਿਆ ਕਿ ਕੌਮੀ ਲੋਕ ਅਦਾਲਤਾਂ ਰਾਹੀਂ ਆਪਸੀ ਸਹਿਮਤੀ ਨਾਲ ਹੋਣ ਵਾਲੇ ਫੈਸਲਿਆਂ ਨਾਲ ਜਿੱਥੇ ਪ੍ਰਭਾਵਿਤ ਲੋਕਾਂ ਦਾ ਕੀਮਤੀ ਸਮਾਂ ਅਤੇ ਪੈਸਾ ਬੱਚਦਾ ਹੈ ਉੱਥੇ ਹੀ ਦੋਵੇਂ ਧਿਰਾਂ ਦੀ ਆਪਸੀ ਕੁੜੱਤਣ ਵੀ ਦੂਰ ਹੁੰਦੀ ਹੈ। ਚੌਹਾਨ ਨੇ ਦੱਸਿਆ ਕਿ ਇਸ ਕੌਮੀ ਲੋਕ ਅਦਾਲਤ ਵਿੱਚ ਦੀਵਾਨੀ, ਸਮਝੌਤਾਯੋਗ, ਫੌਜ਼ਦਾਰੀ, ਬੈਂਕ ਰਿਕਵਰੀ, ਚੈੱਕ ਬਾਊਂਸ ਅਤੇ ਪ੍ਰੀ-ਲਿਟੀਗੇਟਿਵ ਕੇਸ ਸਮਝੌਤੇ ਲਈ ਵਿਚਾਰੇ ਜਾਣਗੇ। ਉਨ੍ਹਾਂ ਬੈਂਕ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਬੈਂਕਾਂ ਦੇ ਲੰਬਿਤ ਪਏ ਰਿਕਵਰੀ ਦੇ ਕੇਸ ਵੱਧ ਤੋਂ ਵੱਧ ਇਸ ਲੋਕ ਅਦਾਲਤ ਵਿੱਚ ਲਗਾਏ ਜਾਣ ਤਾਂ ਜੋ ਉਨ੍ਹਾਂ ਦਾ ਪਹਿਲ ਦੇ ਆਧਾਰ 'ਤੇ ਨਿਪਟਾਰਾ ਹੋ ਸਕੇ। ਸਕੱਤਰ ਨੇ ਜ਼ਿਲ੍ਹੇ ਦੇ ਨਾਗਰਿਕਾਂ ਨੂੰ ਅਪੀਲ ਕੀਤੀ ਕਿ ਉਹ ਗੰਭੀਰ ਕਿਸਮ ਦੇ ਫੌਜ਼ਦਾਰੀ ਕੇਸਾਂ ਨੂੰ ਛੱਡ ਕੇ ਹਰ ਤਰ੍ਹਾਂ ਦੇ ਝਗੜਿਆਂ ਦੇ ਨਿਪਟਾਰੇ ਲਈ ਇਸ ਲੋਕ ਅਦਾਲਤ ਦਾ ਲਾਭ ਉਠਾਉਣ, ਕਿਉਂਕਿ ਇਸ ਲੋਕ ਅਦਾਲਤ ਰਾਹੀਂ ਕੇਸਾਂ ਦਾ ਨਿਪਟਾਰਾ ਹੋਣ ਨਾਲ ਦੋਵਾਂ ਧਿਰਾਂ ਨੂੰ ਬਹੁਤ ਵੱਡੀ ਰਾਹਤ ਮਿਲਦੀ ਹੈ। ਇਸ ਲੋਕ ਅਦਾਲਤ ਵਿੱਚ ਲਗਾਏ ਜਾਣ ਵਾਲੇ ਕੇਸਾਂ ਦੀ ਕੋਰਟ ਫੀਸ ਵੀ ਨਹੀਂ ਲੱਗਦੀ ਅਤੇ ਲੋੜਵੰਦਾਂ ਨੂੰ ਵਕੀਲ ਦੀਆਂ ਮੁਫਤ ਸੇਵਾਵਾਂ ਵੀ ਮੁਹੱਈਆ ਕਰਵਾਈਆਂ ਜਾਂਦੀਆਂ ਹਨ।

ਚੀਫ ਜੂਡੀਸ਼ੀਅਲ ਮੈਜਿਸਟਰੇਟ - ਕਮ -ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਚੌਹਾਨ ਨੇ ਕਿਹਾ ਕਿ ਵੱਖ-ਵੱਖ ਝਗੜਿਆਂ ਦੇ ਨਿਪਟਾਰੇ ਲਈ ਕੌਮੀ ਲੋਕ ਅਦਾਲਤ ਵਿੱਚ ਕੇਸ ਲਗਾਉਣ ਦੇ ਚਾਹਵਾਨ ਨਾਗਰਿਕ ਜ਼ਿਲ੍ਹਾ ਪੱਧਰ 'ਤੇ ਕਿਸੇ ਵੀ ਅਦਾਲਤ ਵਿੱਚ ਅਤੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਦਫਤਰ ਵਿਖੇ ਅਤੇ ਸਬ ਡਵੀਜਨ ਪੱਧਰ ਦੀਆਂ ਅਦਾਲਤਾਂ ਵਿੱਚ ਵੀ ਸੰਪਰਕ ਕਰਕੇ ਆਪਣੇ ਕੇਸ ਕੌਮੀ ਲੋਕ ਅਦਾਲਤ ਵਿੱਚ ਲਗਾਉਣ ਲਈ ਬੇਨਤੀ ਪੱਤਰ ਦੇ ਸਕਦੇ ਹਨ।

# ਕੈਨੇਡਾ ਦੀ ਸੰਸਦ ਲਈ ਚੁਣੇ ਗਏ 22 ਪੰਜਾਬੀ ਮੂਲ ਦੇ ਸੰਸਦ ਮੈਂਬਰ




ਲੁਧਿਆਣਾ,6 ਮਈ (ਜਤਿੰਦਰ ਪਾਲ ਸਿੰਘ ਛਾਬੜਾ): ਕੈਨੇਡਾ ਵਿੱਚ ਪੰਜਾਬੀਆ ਦੀ ਮੁੜ ਬੱਲੇ ਬੱਲੇ 2025 ਵਿੱਚ ਲਿਬਰਲ ਅਤੇ ਕੰਜ਼ਰਵੇਟਿਵ ਪਾਰਟੀਆਂ ਵਿੱਚੋਂ ਕੈਨੇਡਾ ਦੀ ਸੰਸਦ ਲਈ ਚੁਣੇ ਗਏ 22 ਪੰਜਾਬੀ ਮੂਲ ਦੇ ਸੰਸਦ ਮੈਂਬਰ, ਪ੍ਰਤੀਨਿਧਤਾ ਲਈ ਇੱਕ ਇਤਿਹਾਸਕ ਪਲ ਸੀ। ਪ੍ਰਾਪਤ ਜਾਣਕਾਰੀ ਅਨੁਸਾਰਅਸੀ ਇਸ ਦਾ ਵੇਰਵਾ ਪੇਸ਼ ਕਰ ਰਹੇ ਹਾਂਓਨਟਾਰੀਓ ਤੋਂ ਬਰੈਂਪਟਨ ਨੌਰਥ-ਕੈਲੇਡਨ: ਰੂਬੀ ਸਹੋਤਾ (ਲਿਬਰਲ) ਨੇ ਅਮਨਦੀਪ ਜੱਜ (ਕੰਜ਼ਰਵੇਟਿਵ) ਨੂੰ ਹਰਾਇਆਬਰੈਂਪਟਨ ਈਸਟ: ਮਨਿੰਦਰ ਸਿੱਧੂ (ਲਿਬਰਲ) ਨੇ ਬੌਬ ਦੋਸਾਂਝ ਸਿੰਘ (ਕੰਜ਼ਰਵੇਟਿਵ) ਨੂੰ ਹਰਾਇਆਬਰੈਂਪਟਨ ਸੈਂਟਰ: ਅਮਨਦੀਪ ਸੋਢੀ (ਲਿਬਰਲ) ਨੇ ਤਰਨ ਚਾਹਲ (ਕੰਜ਼ਰਵੇਟਿਵ) ਨੂੰ ਹਰਾਇਆਮ ਬਰੈਂਪਟਨ ਸਾਊਥ: ਸੋਨੀਆ ਸਿੱਧੂ (ਲਿਬਰਲ) ਨੇ ਸੁਖਦੀਪ ਕੰਗ (ਕੰਜ਼ਰਵੇਟਿਵ) ਨੂੰ ਹਰਾਇਆਬਰੈਂਪਟਨ ਵੈਸਟ: ਅਮਰਜੀਤ ਗਿੱਲ (ਕੰਜ਼ਰਵੇਟਿਵ) ਨੇ ਮੰਤਰੀ ਕਮਲ ਖੇੜਾ (ਕੰਜ਼ਰਵੇਟਿਵ) ਨੂੰ ਹਰਾਇਆਓਕਵਿਲ ਈਸਟ: ਅਨੀਤਾ ਆਨੰਦ (ਲਿਬਰਲ) ਨੇ ਰੌਨ ਛਿੰਜ਼ਰ (ਕੰਜ਼ਰਵੇਟਿਵ) ਨੂੰ ਹਰਾਇਆ ਵਾਟਰਲੂ: ਬਰਦੀਸ਼ ਚੱਗਰ (ਲਿਬਰਲ) ਨੇ ਵਸੀਮ ਬੋਟਰੋਸ (ਕੰਜ਼ਰਵੇਟਿਵ) ਨੂੰ ਹਰਾਇ ਮਿਸੀਸਾਗਾ-ਮਾਲਟਨ: ਇਕਵਿੰਦਰ ਸਿੰਘ ਗਹੀਰ (ਲਿਬਰਲ) ਨੇ ਜਸਪ੍ਰੀਤ ਸੰਧੂ ਨੂੰ ਹਰਾਇਆ (ਕੰਜ਼ਰਵੇਟਿਵ)ਆਕਸਫੋਰਡ: ਅਰਪਨ ਖੰਨਾ (ਕੰਜ਼ਰਵੇਟਿਵ) ਨੇ ਡੇਵਿਡ ਹਿਲਡਰਲੀ (ਲਿਬਰਲ) ਨੂੰ ਹਰਾਇਆ ਮਿਲਟਨ ਈਸਟ-ਹਾਲਟਨ ਹਿਲਜ਼ ਸਾਊਥ: ਪਰਮ ਗਿੱਲ (ਕੰਜ਼ਰਵੇਟਿਵ) ਨੇ ਕ੍ਰਿਸਟੀਨਾ ਟੈਸਰ (ਲਿਬਰਲ) ਨੂੰ ਹਰਾਇਆ ਵਿੰਡਸਰ ਵੈਸਟ: ਹਾਰਬ ਗਿੱਲ (ਕੰਜ਼ਰਵੇਟਿਵ) ਨੇ ਰਿਚਰਡ ਪੋਲਕ (ਲਿਬਰਲ) ਨੂੰ ਹਰਾਇਆ ਬ੍ਰਿਟਿਸ਼ ਕੋਲੰਬੀਆ ਤੋਂ ਸਰੀ-ਨਿਊਟਨ: ਸੁੱਖ ਧਾਲੀਵਾਲ (ਲਿਬਰਲ) ਨੇ ਹਰਜੀਤ ਗਿੱਲ (ਕੰਜ਼ਰਵੇਟਿਵ) ਨੂੰ ਹਰਾਇਆ ਸਰੀ ਸੈਂਟਰ: ਰਣਦੀਪ ਸਰਾਏ (ਲਿਬਰਲ) ਨੇ ਰਾਜਵੀਰ ਢਿੱਲੋਂ (ਕੰਜ਼ਰਵੇਟਿਵ) ਨੂੰ ਹਰਾਇਆ ਫਲੀਟਵੁੱਡ-ਪੋਰਟ ਕੇਲਸ: ਗੁਰਬਖਸ਼ ਸੈਣੀ (ਲਿਬਰਲ) ਨੇ ਸੁੱਖ ਪੰਧੇਰ (ਕੰਜ਼ਰਵੇਟਿਵ) ਨੂੰਹਰਾਇਆ. 15. ਰਿਚਮੰਡ ਈਸਟ-ਸਟੀਵਸਟਨ: ਪਰਮ ਬੈਂਸ (ਲਿਬਰਲ) ਨੇ ਜ਼ੈਕ ਸੇਗਲ (ਕੰਜ਼ਰਵੇਟਿਵ) ਨੂੰ ਹਰਾਇਆ ਐਬਟਸਫੋਰਡ ਸਾਊਥ-ਲੈਂਗਲੇ: ਸੁਖਮਨ ਗਿੱਲ (ਕੰਜ਼ਰਵੇਟਿਵ) ਨੇ ਕੇਵਿਨ ਗਿਲੀਜ਼ (ਲਿਬਰਲ) ਨੂੰ ਹਰਾਇਆ ਅਲਬਰਟਾ ਤੋਂ ,ਕੈਲਗਰੀ ਈਸਟ: ਜਸਰਾਜ ਸਿੰਘ ਹਾਲਨ (ਕੰਜ਼ਰਵੇਟਿਵ) ਨੇ ਪ੍ਰੀਤੀ ਓਬਰਾਏ (ਲਿਬਰਲ) ਨੂੰ ਹਰਾਇਆ ਕੈਲਗਰੀ ਮੈਕਨਾਈਟ: ਦਲਵਿੰਦਰ ਗਿੱਲ (ਕੰਜ਼ਰਵੇਟਿਵ) ਨੇ ਜਾਰਜ ਚਾਹਲ (ਲਿਬਰਲ) ਨੂੰ ਹਰਾਇਆ ਕੈਲਗਰੀ ਸਕਾਈਵਿਊ: ਅਮਨਪ੍ਰੀਤ ਗਿੱਲ (ਕੰਜ਼ਰਵੇਟਿਵ)ਹਾਫਿਜ਼ ਮਲਿਕ (ਲਿਬਰਲ) ਨੂੰ ਹਰਾਇਆ ਐਡਮੰਟਨ ਗੇਟਵੇ: ਟਿਮ ਉੱਪਲ (ਕੰਜ਼ਰਵੇਟਿਵ) ਨੇ ਜੇਰੇਮੀ ਹੋਫਸਲੂਟ (ਲਿਬਰਲ) ਨੂੰ ਹਰਾਇਆਐਡਮੰਟਨ ਸਾਊਥਈਸਟ: ਜਗਸ਼ਰਨ ਸਿੰਘ ਮਾਹਲ (ਕੰਜ਼ਰਵੇਟਿਵ) ਨੇ ਅਮਰਜੀਤ ਸੋਹੀ ਨੂੰ ਹਰਾਇਆ (ਉਦਾਰਵਾਦੀ)ਕਿਊਬਿਕ ਤੋਂ ਡੋਰਵਾਲ-ਲਾਚੀਨ: ਅੰਜੂ ਢਿੱਲੋਂ (ਲਿਬਰਲ) ਦੀ ਜੇਤੂ ਰਹੀ ਇਸ ਤਰਾ ਕਨੈਡਾ ਵਿੱਚ ਪੰਜਾਬੀਆ ਦੀ ਇਤਿਹਾਸਿਕ ਜਿੱਤ ਰਹੀ।

# ਆਪਣੇ ਕਾਰੋਬਾਰ ਸ਼ੁਰੂ ਕਰਨ ਵਾਲੇ ਵਿਅਕਤੀ ਹੋਰ ਲੋਕਾਂ ਲਈ ਵੀ ਰੋਜ਼ਗਾਰ ਦੇ ਰਾਹ ਖੋਲ੍ਹਦੇ ਹਨ : ਰਾਜੂ ਖੰਨਾ/ ਰਵਿੰਦਰ ਖਾਲਸਾ



ਅਮਲੋਹ, 6 ਮਈ, (ਚ.ਨ.ਸ.) : ਅਮਲੋਹ ਸ਼ਹਿਰ ਵਿਖੇ ਜੰਜੂਆ ਇਲੈਕਟ$ਰੋਨਿਕਸ ਵੱਲੋਂ ਨਵੇਂ ਤੇ ਵੱਡੇ ਸ਼ੋਅ ਰੂਮ ਦਾ ਸ਼ਾਨਦਾਰ ਉਦਘਾਟਨ ਕੀਤਾ ਗਿਆ। ਇਸ ਉਤਸ਼ਾਹਪੂਰਨ ਮੌਕੇ 'ਤੇ ਸ਼੍ਰੋਮਣੀ ਅਕਾਲੀ ਦਲ ਹਲਕਾ ਅਮਲੋਹ ਦੇ ਇੰਚਾਰਜ ਗੁਰਪ੍ਰੀਤ ਸਿੰਘ ਰਾਜੂ ਖੰਨਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅੰਤ੍ਰਿੰਗ ਕਮੇਟੀ ਮੈਂਬਰ ਭਾਈ ਰਵਿੰਦਰ ਸਿੰਘ ਖਾਲਸਾ ਅਤੇ ਪ੍ਰਧਾਨ ਦਰਸ਼ਨ ਸਿੰਘ ਚੀਮਾ ਵਿਸ਼ੇਸ਼ ਤੌਰ 'ਤੇ ਪਹੁੰਚੇ। ਇਸ ਮੌਕੇ ਮਹਿਮਾਨਾਂ ਦਾ ਸੰਤੋਖ ਸਿੰਘ ਜੰਜੂਆ ਅਤੇ ਜਤਿੰਦਰ ਸਾਬੀ ਖਨਿਆਣ ਵੱਲੋਂ ਸਵਾਗਤ ਕੀਤਾ ਗਿਆ। ਉਦਘਾਟਨ ਸਮਾਗਮ ਦੌਰਾਨ ਰਾਜੂ ਖੰਨਾ ਨੇ ਸੰਤੋਖ ਸਿੰਘ ਦੀ ਮਿਹਨਤ ਅਤੇ ਸਫਲਤਾ ਦੀ ਸਹਾਰਨਾ ਕਰਦੇ ਹੋਏ ਕਿਹਾ ਕਿ ਜੰਜੂਆ ਇਲੈਕਟ$ਰੋਨਿਕਸ ਦਾ ਨਵਾਂ ਸ਼ੋਅ ਰੂਮ ਇਲਾਕੇ ਲਈ ਇੱਕ ਵੱਡੀ ਪ੍ਰਾਪਤੀ ਹੈ। ਉਨ੍ਹਾਂ ਕਿਹਾ ਕਿ ਇਹ ਨਾ ਸਿਰਫ਼ ਇਕ ਵਪਾਰਕ ਉਪਰਾਲਾ ਹੈ, ਸਗੋਂ ਕਈ ਨੌਜਵਾਨਾਂ ਲਈ ਰੁਜ਼ਗਾਰ ਦਾ ਸਰੋਤ ਵੀ ਬਣਿਆ ਹੈ ।ਰਾਜੂ ਖੰਨਾ ਨੇ ਲੋਕਾਂ ਨੂੰ ਸਵੈ ਰੁਜ਼ਗਾਰੀ ਵੱਲ ਵਧਣ ਦੀ ਅਪੀਲ ਕਰਦਿਆਂ ਕਿਹਾ ਕਿ ਆਪਣੇ ਕਾਰੋਬਾਰ ਸ਼ੁਰੂ ਕਰਨ ਵਾਲੇ ਵਿਅਕਤੀ ਨਾਂ ਸਿਰਫ ਆਪਣੇ ਪਰਿਵਾਰ ਦੀ ਭਲਾਈ ਕਰਦੇ ਹਨ, ਸਗੋਂ ਹੋਰ ਲੋਕਾਂ ਲਈ ਵੀ ਰੋਜ਼ਗਾਰ ਦੇ ਰਾਹ ਖੋਲ੍ਹਦੇ ਹਨ ।ਇਸ ਮੌਕੇ ਸੰਤੋਖ ਸਿੰਘ ਜੰਜੂਆ ਨੇ ਦੱਸਿਆ ਕਿ ਸਾਡੇ ਕੋਲ ਵੱਖ ਵੱਖ ਚੰਗੀ ਕਿਸਮ ਦੇ ਏਸੀ, ਐਲ ਈ ਡੀ, ਫਰਿੱਜ਼, ਵਾਸ਼ਿੰਗ ਮਸ਼ੀਨ, ਕੂਲਰ, ਪੱਖੇ ਅਤੇ ਹੋਰ ਸਾਮਾਨ ਮਿਲੇਗਾ।

# ਐਡਵੋਕੇਟ ਘੁੰਮਣ ਦੀ ਸੂਝਬੂਝ ਨਾਲ ਟਲਿਆ, ਦੋ ਸਮੂਦਾਏ ਦੇ ਲੋਕਾਂ ਵਿਚਕਾਰ ਹੋਣ ਵਾਲਾ ਟਕਰਾਅ



ਲੁਧਿਆਣਾ, 6 ਮਈ ( ਕਰਨੈਲ ਸਿੰਘ ਐੱਮ.ਏ.): ਬੀਤੇ ਦਿਨ ਇਲਾਕਾ ਜਵਾਹਰ ਨਗਰ ਕੈਂਪ ਵਿਖੇ ਦੋ ਸਮੁਦਾਇ ਅਤੇ ਇਲਾਕਾ ਨਿਵਾਸੀਆਂ ਵਿਚਾਰ ਹੋਣ ਵਾਲਾ ਟਕਰਾਅ ਇਸ ਲਈ ਬਚ ਗਿਆ, ਕਿਉਂ ਕਿ ਮੌਕੇ 'ਤੇ ਪਹੁੰਚ ਐਡਵੋਕੇਟ ਪਰਉਪਕਾਰ ਸਿੰਘ ਘੁੰਮਣ ਉਮੀਦਵਾਰ ਸ਼੍ਰੋਮਣੀ ਅਕਾਲੀ ਦਲ ਹਲਕਾ ਪੱਛਮੀ ਉੱਪ ਚੋਣ ਨੇ ਲੋਕਾਂ ਦੀ ਸਮੱਸਿਆ ਸੁਣਨ ਤੋਂ ਬਾਅਦ 10 ਫੁੱਟ ਦੇ ਕਰੀਬ ਪੁੱਟੇ ਗਏ ਗਹਿਰਾ ਖੱਡੇ ਨੂੰ ਦੁਬਾਰਾ ਤੋਂ ਭਰਿਆ ਗਿਆ। ਮਾਮਲਾ ਇਹ ਸੀ ਕਿ ਬੀਤੇ ਦਿਨ ਜਵਾਹਰ ਨਗਰ ਕੈਂਪ ਵਿਖੇ ਬਿਨਾਂ ਕਿਸੇ ਟੈਂਡਰ ਤੋਂ ਗੈਰ ਕਾਨੂੰਨੀ ਢੰਗ ਨਾਲ ਗੇਟ ਲਗਾਏ ਜਾ ਰਹੇ ਸਨ, ਜਿਸ ਦਾ ਵਿਰੋਧ ਇਲਾਕਾ ਨਿਵਾਸੀਆਂ ਵੱਲੋਂ ਕੀਤਾ ਜਾ ਰਿਹਾ ਸੀ। ਇਲਾਕੇ ਦੇ ਹੀ ਬਲਵਿੰਦਰ ਡੂਲਗੱਚ ਵੱਲੋਂ ਜਦੋਂ ਇਹ ਮਾਮਲਾ ਐਡਵੋਕੇਟ ਪਰਉਪਕਾਰ ਸਿੰਘ ਘੁੰਮਣ ਦੇ ਧਿਆਨ ਵਿੱਚ ਲਿਆਂਦਾ ਤਾਂ ਮੌਕੇ 'ਤੇ ਪਹੁੰਚ ਕੇ ਐਡਵੋਕੇਟ ਘੁੰਮਣ ਨੇ ਇਲਾਕਾ ਨਿਵਾਸੀਆਂ ਦੀ ਗੱਲ ਸੁਣਨ ਤੋਂ ਬਾਅਦ ਸੰਬੰਧਤ ਮਹਿਕਮੇ ਦੇ ਅਧਿਕਾਰੀਆਂ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਕੋਲ ਕੋਈ ਸਹੀ ਜਵਾਬ ਨਹੀਂ ਸੀ। ਘੁੰਮਣ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਇਹ ਗੇਟ ਹਲਕੇ ਦੀ ਉੱਪ ਚੋਣ ਨੂੰ ਲੈ ਕੇ ਕਿਸੇ ਇੱਕ ਸਮੁਦਾਏ ਦੇ ਲੋਕਾਂ ਨੂੰ ਖੁਸ਼ ਕਰਨ ਲਈ ਲਗਾਇਆ ਜਾ ਰਿਹਾ ਸੀ। ਜਦ ਕਿ ਦੂਜੇ ਪਾਸੇ ਇਲਾਕੇ ਦੇ ਲੋਕ ਇਸ ਦਾ ਵਿਰੋਧ ਕਰ ਰਹੇ ਸਨ। ਉਹਨਾਂ ਕਿਹਾ ਕਿ ਮੌਜੂਦਾ ਸੂਬਾ ਸਰਕਾਰ ਦੇ ਕਾਰਜਕਾਲ ਦੌਰਾਨ ਪਹਿਲਾਂ ਹੀ ਲਾਅ ਐਂਡ ਆਰਡਰ ਦੀ ਸਥਿਤੀ ਨਾ ਬਰਾਬਰ ਹੈ। ਦੂਜੇ ਪਾਸੇ ਮੌਜੂਦਾ ਸਰਕਾਰ ਦੇ ਹਲਕਾ ਪੱਛਮੀ ਤੋਂ ਚੋਣ ਮੈਦਾਨ ਵਿੱਚ ਉਤਾਰੇ ਉਮੀਦਵਾਰ ਨੇ ਹਲਕਾ ਪੱਛਮੀ ਦੀ ਚੋਣ ਨੂੰ ਜਿੱਤਣ ਲਈ ਕਾਨੂੰਨ ਨੂੰ ਛਿੱਕੇ ਟੰਗਿਆ ਹੋਇਆ ਹੈ। ਉਹਨਾਂ ਕਿਹਾ ਕਿ ਜੇਕਰ ਇਸ ਮਾਮਲੇ ਨੂੰ ਸੂਝਬੂਝ ਨਾਲ ਨਾ ਸੁਲਝਾਇਆ ਜਾਂਦਾ ਤਾਂ ਇੱਥੇ ਦੋ ਸਮੂਦਾਏ ਦੇ ਲੋਕਾਂ ਵਿਚਕਾਰ ਖੂਨੀ ਟਕਰਾਅ ਹੋਣਾ ਸੁਭਾਵਿਕ ਸੀ। ਉਨ੍ਹਾਂ ਕਿਹਾ ਕਿ ਚੋਣਾਂ ਜਿੱਤਣ ਲਈ ਇੱਕ ਵੀਜ਼ਨ 'ਤੇ ਕੰਮ ਕਰਨ ਦੀ ਲੋੜ ਹੁੰਦੀ ਹੈ ਨਾ ਕਿ ਲੋਕਾਂ ਵਿਚਕਾਰ ਟਕਰਾਓ ਕਰਵਾ ਕੇ ਜਿੱਤੀ ਜਾ ਸਕਦੀ ਹੈ। ਇਸ ਮੌਕੇ ਬਲਵਿੰਦਰ ਡੂਲਗੱਚ ਨੇ ਕਿਹਾ ਕਿ ਐਡਵੋਕੇਟ ਪਰਉਪਕਾਰ ਸਿੰਘ ਘੁੰਮਣ ਉਮੀਦਵਾਰ ਸ਼੍ਰੋਮਣੀ ਅਕਾਲੀ ਦਲ ਉੱਪ ਚੋਣ ਹਲਕਾ ਪੱਛਮੀ ਲੋਕਾਂ ਦੇ ਮਸੀਹਾ ਬਣ ਲੋਕਾਂ ਵਿੱਚ ਵਿਚਰ ਰਹੇ ਹਨ।

# ਸੇਫ ਪੰਜਾਬ ਹੈਲਪ ਲਾਈਨ 'ਤੇ ਕਈ ਅਸਰ ਰਸੂਖ਼ ਰੱਖਦੇ ਵਿਅਕਤੀਆਂ ਦੀਆਂ ਹੋਣ ਲੱਗੀਆਂ ਸ਼ਿਕਾਇਤਾਂ

## ਜਾਂਚ ਪੜਤਾਲ ਤੋਂ ਬਾਅਦ ਹੀ ਕੀਤੀ ਜਾਂਦੀ ਹੈ ਕਾਨੂੰਨੀ ਕਾਰਵਾਈ: ਥਾਣਾ ਮੁਖੀ

ਸ੍ਰੀ ਕੀਰਤਪੁਰ ਸਾਹਿਬ, 6 ਮਈ (ਬੀ ਐਸ ਰਾਣਾ): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਯੁੱਧ ਨਸ਼ਿਆਂ ਦੇ ਵਿਰੁੱਧ ਮੁਹਿੰਮ ਦੇ ਤਹਿਤ ਸੂਬੇ ਵਿੱਚੋਂ ਨਸ਼ਾ ਖਤਮ ਕਰਨ ਲਈ ਸੇਫ ਪੰਜਾਬ ਹੈਲਪ ਲਾਈਨ ਨੰਬਰ ਸ਼ੁਰੂ ਕੀਤਾ ਸੀ, ਜਿਸ ਉੱਪਰ ਲੋਕ ਬਿਨਾਂ ਡਰ ਭੈਅ ਤੋਂ ਨਸ਼ਾ ਕਰਨ ਵਾਲੇ ਵਿਅਕਤੀਆਂ ਬਾਰੇ ਸੂਚਨਾ ਦੇ ਸਕਦੇ ਹਨ, ਪਰ ਹੁਣ ਕੁਝ ਲੋਕਾਂ ਵੱਲੋਂ ਆਪਣੀ ਨਿੱਜੀ ਰੰਜਿਸ਼ ਕੱਢਣ ਲਈ ਅਸਰ ਰਸੂਖ ਰੱਖਦੇ ਲੋਕਾਂ ਬਾਰੇ ਇਸ ਹੈਲਪ ਲਾਈਨ ਨੰਬਰ ਉੱਪਰ ਸ਼ਿਕਾਇਤਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ। ਜਿਸ ਕਾਰਨ ਸ੍ਰੀ ਕੀਰਤਪੁਰ ਸਾਹਿਬ ਸ਼ਹਿਰ ਅਤੇ ਨਾਲ ਲੱਗਦੇ ਇਲਾਕੇ ਦੇ ਅਸਰ ਰਸੂਖ ਰੱਖਦੇ ਵਿਅਕਤੀਆਂ ਵਿੱਚ ਡਰ ਦਾ ਮਾਹੌਲ ਪਾਇਆ ਜਾ ਰਿਹਾ ਹੈ। ਪੁਲਿਸ ਦੀ ਕਾਰਵਾਈ ਤੋਂ ਬਚਣ ਲਈ ਅਤੇ ਲੋਕਾਂ ਵਿੱਚ ਹੋਣ ਵਾਲੀ ਬੇਇਜਤੀ ਦੇ ਡਰੋਂ ਉਕਤ ਵਿਅਕਤੀ ਸਰਪੰਚਾਂ ਅਤੇ ਕੌਂਸਲਰਾਂ ਕੋਲ ਆਪਣੇ ਬਾਰੇ ਸਹੀ ਰਿਪੋਰਟ ਬਣਾ ਕੇ ਦੇਣ ਲਈ ਚੱਕਰ ਕੱਢ ਰਹੇ ਹਨ। ਜਿਨ੍ਹਾਂ ਲੋਕਾਂ ਦੀਆਂ ਸ਼ਿਕਾਇਤਾਂ ਕੀਤੀਆਂ ਗਈਆਂ ਹਨ ਉਨਾਂ ਵਿੱਚ ਵੱਖ-ਵੱਖ ਰਾਜਨੀਤਿਕ ਪਾਰਟੀਆਂ ਦੇ ਆਗੂ ਸ਼ਾਮਿਲ ਹਨ। ਸੇਫ ਪੰਜਾਬ ਹੈਲਪ ਲਾਈਨ ਨੰਬਰ 'ਤੇ ਸ਼ਿਕਾਇਤਾਂ ਹੋਣ ਕਾਰਨ ਦੂਸਰੇ ਮੋਹਤਬਰ ਵਿਅਕਤੀਆਂ ਵਿੱਚ ਵੀ ਡਰ ਦਾ ਮਾਹੌਲ ਬਣਿਆ ਹੋਇਆ ਹੈ। ਬੀਤੀ ਲੰਘੀ ਰਾਤ ਕਰੀਬ 11.15 ਵਜੇ ਚੰਗਰ ਇਲਾਕੇ ਨਾਲ ਸੰਬੰਧਿਤ ਇੱਕ ਰਾਜਨੀਤਿਕ ਪਾਰਟੀ ਨਾਲ ਸੰਬੰਧਿਤ ਵਿਅਕਤੀ ਦਾ ਪੱਤਰਕਾਰ ਨੂੰ ਫੋਨ ਆਇਆ ਕਿ ਇਹ ਸਮੇਂ ਥਾਣਾ ਸ੍ਰੀ ਕੀਰਤਪੁਰ ਸਾਹਿਬ ਦੇ ਪੁਲਿਸ ਕਰਮਚਾਰੀ ਉਸ ਨੂੰ ਫੋਨ ਕਰਕੇ ਬੁਲਾ ਰਹੇ ਹਨ, ਉਹ ਕਹਿ ਰਹੇ ਹਨ ਕਿ ਤੁਹਾਡੀ ਨਸ਼ਾ ਕਰਨ ਬਾਰੇ ਕਿਸੇ ਨੇ ਸ਼ਿਕਾਇਤ ਕੀਤੀ ਹੋਈ ਹੈ। ਉਸ ਨੇ ਪੱਤਰਕਾਰ ਨੂੰ ਦੱਸਿਆ ਕਿ ਪੁਲਿਸ ਅਧਿਕਾਰੀ ਦਾ ਬੋਲਣ ਦਾ ਰਵੱਈਆ ਕਾਫੀ ਰੁੱਖਾ ਸੀ। ਉਹ ਪਿੰਡ ਵਾਸੀਆਂ ਦੇ ਸਾਹਮਣੇ ਉਸ ਪੁਲਿਸ ਅਧਿਕਾਰੀ ਨੂੰ ਮਿਲਿਆ ਅਤੇ ਉਸ ਨੇ ਆਪਣੇ ਰਾਜਨੀਤਿਕ ਆਗੂ ਨਾਲ ਪੁਲਿਸ ਅਧਿਕਾਰੀ ਦੀ ਫੋਨ ਉੱਪਰ ਗੱਲ ਵੀ ਕਰਵਾਈ। ਜਿਸ ਕਾਰਨ ਪੁਲਿਸ ਅਧਿਕਾਰੀ ਉਸ ਨੂੰ ਇਹ ਕਹਿ ਕੇ ਛੱਡ ਗਿਆ ਕਿ ਉਹ ਸਵੇਰੇ ਥਾਣੇ ਆ ਕੇ ਮੈਨੂੰ ਮਿਲੇ। ਉਕਤ ਆਗੂ ਨੇ ਕਿਹਾ ਕਿ ਉਸ ਨੂੰ ਹੋਈ ਸ਼ਿਕਾਇਤ ਬਾਰੇ ਪਿੰਡ ਦੇ ਹੀ ਇੱਕ ਵਿਅਕਤੀ ਤੋਂ ਇੱਕ ਦਿਨ ਪਹਿਲਾਂ ਪਤਾ ਲੱਗ ਗਿਆ ਸੀ,ਕਿ ਤੇਰਾ ਨਾਮ ਵੀ ਲਿਸਟ ਵਿੱਚ ਆਇਆ ਹੋਇਆ ਹੈ, ਜਦ ਕਿ ਪੁਲਿਸ ਵਾਲੇ ਦੂਸਰੇ ਦਿਨ ਰਾਤ 11 ਵਜੇ ਉਸ ਨੂੰ ਪਿੰਡ ਪਹੁੰਚ ਕੇ ਫੋਨ ਕਰਕੇ ਬੁਲਾ ਰਹੇ ਸਨ। ਉਕਤ ਆਗੂ ਨੇ ਕਿਹਾ ਕਿ ਜੇਕਰ ਉਹ ਆਪਣੀ ਰਾਜਨੀਤਿਕ ਪਾਰਟੀ ਦੇ ਸੀਨੀਅਰ ਆਗੂ ਨੂੰ ਫੋਨ ਨਾ ਕਰਦਾ ਤਾਂ ਪੁਲਿਸ ਵਾਲਿਆਂ ਨੇ ਉਸ ਨੂੰ ਚੁੱਕ ਕੇ ਲੈ ਜਾਣਾ ਸੀ।

# ਭਾਕਿਯੂ (ਲੱਖੋਵਾਲ) ਵੱਲੋਂ ਟਿਕੈਤ 'ਤੇ ਹੋਏ ਹਮਲੇ ਦੀ ਸਖਤ ਸ਼ਬਦਾਂ ਵਿੱਚ ਨਿੰਦਾ



ਸਮਰਾਲਾ, 6 ਮਈ ( ਵਰਿੰਦਰ ਸਿੰਘ ਹੀਰਾ/ ਜਸਵੀਰ ਹੇਡੋਂ): ਬੀਤੇ ਦਿਨੀਂ ਮੁਜੱਫਰਨਗਰ (ਯੂ.ਪੀ.) ਵਿਖੇ ਉੱਥੋਂ ਦੀ ਯੋਗੀ ਸਰਕਾਰ ਵੱਲੋਂ ਸ਼ਾਂਤਮਈ ਆਪਣੀਆਂ ਹੱਕੀ ਮੰਗਾਂ ਸਬੰਧੀ ਸੰਘਰਸ਼ ਕਰ ਰਹੇ ਕਿਸਾਨਾਂ ਉੱਪਰ ਲਾਠੀਚਾਰਜ ਕੀਤਾ ਹੈ ਅਤੇ ਇਸੇ ਦੌਰਾਨ ਭਾਜਪਾ ਦੇ ਅੰਧ ਭਗਤਾਂ ਵੱਲੋਂ ਕਿਸਾਨ ਆਗੂ ਰਾਕੇਸ਼ ਟਿਕੈਤ ਦੀ ਪੱਗ ਲਾਹੀ ਗਈ ਉਸਦੀ ਭਾਰਤੀ ਕਿਸਾਨ ਯੂਨੀਅਨ (ਲੱਖੋਵਾਲ) ਸਖਤ ਸ਼ਬਦਾਂ ਵਿੱਚ ਨਿੰਦਾ ਕਰਦੀ ਹੈ, ਇਨ੍ਹਾਂ ਸ਼ਬਦਾਂ ਦਾ ਪਗ੍ਰਟਾਵਾ ਮਨਜੀਤ ਸਿੰਘ ਢੀਂਡਸਾ ਪ੍ਰਧਾਨ ਜ਼ਿਲ੍ਹਾ ਲੁਧਿਆਣਾ ਭਾਰਤੀ ਕਿਸਾਨ ਯੂਨੀਅਨ (ਲੱਖੋਵਾਲ) ਨੇ ਪ੍ਰੈਸ ਨਾਲ ਗੱਲਬਾਤ ਕਰਦੇ ਹੋਏ ਕੀਤਾ। ਉਨ੍ਹਾਂ ਅੱਗੇ ਕਿਹਾ ਕਿ ਇਸ ਹਮਲੇ ਨਾਲ ਭਾਜਪਾ ਦਾ ਕਿਸਾਨ ਵਿਰੋਧੀ ਚਿਹਰਾ ਨੰਗਾ ਹੋਇਆ ਹੈ। ਟਿਕੈਤ ਦੇ ਸਿਰ ਉੱਤੇ ਬੰਨ੍ਹੀ ਪੱਗ ਗੁਰੂ ਘਰ ਦੀ ਬਖਸ਼ਿਸ਼ ਹੈ, ਭਾਜਪਾਈ ਹੁੱਲੜਬਾਜਾਂ ਨੇ ਉਨ੍ਹਾਂ ਦੇ ਸਿਰ ਉੱਤੋਂ ਪੱਗ ਲਾਹ ਕੇ ਗੁਰੂ ਦੀ ਬਖਸ਼ਿਸ਼ ਦਾ ਘੋਰ ਅਪਮਾਨ ਕੀਤਾ ਹੈ, ਜਿਸ ਨਾਲ ਸਿੱਖਾਂ ਦੇ ਹਿਰਦੇ ਵਲੂੰਧਰੇ ਗਏ ਹਨ। ਯੂ. ਪੀ. ਸਰਕਾਰ ਅਜਿਹੀ ਹਰਕਤ ਕਰਨ ਵਾਲੇ ਹੁੱਲੜਬਾਜਾਂ ਵਿਰੁੱਧ ਕਾਨੂੰਨੀ ਕਾਰਵਾਈ ਕਰੇ। ਉਨ੍ਹਾਂ ਅੱਗੇ ਕਿਹਾ ਕਿ ਹੁਣ ਭਾਜਪਾ ਦੇ ਰਾਜ ਵਿੱਚ ਆਪਣੇ ਹੱਕ ਮੰਗਣ ਵਾਲਿਆਂ ਉੱਤੇ ਲਾਠੀਚਾਰਜ ਕਰਨੇ ਆਮ ਗੱਲ ਹੋ ਗਈ ਹੈ, ਭਾਜਪਾ ਸੋਚ ਰਹੀ ਹੈ ਕਿ ਉਹ ਜਬਰ ਕਰਕੇ ਹੱਕ ਮੰਗਣ ਵਾਲਿਆਂ ਨੂੰ ਦਬਾਅ ਲਵੇਗੀ। ਟਿਕੈਤ ਇਕ ਰਾਸ਼ਟਰੀ ਕਿਸਾਨ ਆਗੂ ਹੈ, ਇਸ ਲਈ ਯੂ. ਪੀ. ਸਰਕਾਰ ਘਟਨਾ ਵਿੱਚ ਸ਼ਾਮਲ ਮੁਲਜ਼ਮਾਂ ਉਪਰ ਬਾਈਨੇਮ ਪਰਚਾ ਕੀਤਾ ਜਾਵੇ। ਉਨ੍ਹਾਂ ਕੇਂਦਰ ਦੀ ਭਾਜਪਾ ਸਰਕਾਰ ਨੂੰ ਚਿਤਾਵਨੀ ਵੀ ਦਿੱਤੀ ਕਿ ਭਾਜਪਾ ਅਜਿਹੇ ਹੱਥਕੰਢੇ ਅਪਣਾਉਣੇ ਬੰਦ ਕਰਕੇ ਕਿਸਾਨਾਂ ਦੀਆਂ ਮੰਗਾਂ ਵੱਲ ਸੰਜੀਦਗੀ ਨਾਲ ਧਿਆਨ ਦੇਵੇ, ਜੇਕਰ ਭਾਰਤ ਦੇ ਕਿਸਾਨਾਂ ਨੇ ਮੁੜ ਭਾਜਪਾ ਵਿਰੁੱਧ ਆਪਣਾ ਮੋਰਚਾ ਖੋਲ੍ਹ ਦਿੱਤਾ ਤਾਂ ਇਸ ਵਾਰੀ ਕਿਸਾਨ ਆਪਣੇ ਹੱਕੀਆਂ ਮੰਗਾਂ ਲਈ ਜਾਨਾਂ ਵਾਰਨ ਤੋਂ ਪਿੱਛੇ ਨਹੀਂ ਹਟਣਗੇ।

# ਨਸ਼ਾ ਛੁਡਾਊ ਕੇਂਦਰਾਂ ਵਿੱਚ ਮਰੀਜ਼ਾਂ ਨੂੰ ਕਰਵਾਇਆ ਜਾ ਰਿਹਾ ਹੈ ਯੋਗਾ



ਫਿਰੋਜ਼ਪੁਰ, 6 ਮਈ (ਤਿਵਾੜੀ) : ਪੰਜਾਬ ਸਰਕਾਰ ਵੱਲੋਂ ਨਸ਼ਿਆਂ ਦੇ ਖਿਲਾਫ ਜਾਰੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਸ਼ਲਾਘਾਯੋਗ ਪਹਿਲ ਕਰਦੇ ਹੋਏ ਸੀਐਮ ਦੀ ਯੋਗਸ਼ਾਲਾ ਜ਼ਿਲ੍ਹੇ ਦੇ ਨਸ਼ਾ ਛੜਾਊ ਕੇਂਦਰਾਂ ਵਿੱਚ ਵੀ ਸ਼ੁਰੂ ਕੀਤੀ ਗਈ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸੀਐਮ ਦੀ ਯੋਗਸ਼ਾਲਾ ਦੇ ਜ਼ਿਲ੍ਹਾ ਕੁਆਰਡੀਨੇਟਰ ਅਮਨਪ੍ਰੀਤ ਕੌਰ ਨੇ ਦੱਸਿਆ ਕਿ ਡਿਪਟੀ ਕਮਿਸ਼ਨਰ ਫਿਰੋਜ਼ਪੁਰ ਦੀਪਸ਼ਿਖਾ ਸ਼ਰਮਾ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਜ਼ਿਲ੍ਹੇ ਦੇ ਨਸ਼ੇ ਦੇ ਆਦੀ ਨੌਜਵਾਨਾਂ ਨੂੰ ਮਾਨਸਿਕ ਅਤੇ ਸਰੀਰਕ ਰੂਪ ਨਾਲ ਤਾਕਤਵਰ ਬਣਾਉਣ ਲਈ ਹੁਣ ਨਸ਼ਾ ਛਡਾਊ ਕੇਂਦਰਾਂ ਵਿੱਚ ਵੀ ਨਿਯਮਿਤ ਰੂਪ ਨਾਲ ਯੋਗ ਕਲਾਸਾਂ ਸ਼ੁਰੂ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਫ਼ਿਰੋਜ਼ਪੁਰ ਸ਼ਹਿਰ ਵਿਖੇ ਸਥਿਤ ਸਿਵਲ ਹਸਪਤਾਲ ਵਿੱਚ ਨਸ਼ਾ ਛੁਡਾਊ ਕੇਂਦਰ ਵਿੱਚ ਹਰ ਰੋਜ਼ ਸਵੇਰੇ ਅਤੇ ਸ਼ਾਮ ਨੂੰ ਯੋਗ ਟਰੇਨਰ ਬਲਜਿੰਦਰ ਸਿੰਘ ਵੱਲੋਂ ਤਕਰੀਬਨ 15 ਮਰੀਜ਼ਾਂ ਨੂੰ ਯੋਗ ਅਭਿਆਸ ਕਰਾਇਆ ਜਾਂਦਾ ਹੈ।ਉਨ੍ਹਾਂ ਦੱਸਿਆ ਕਿ ਇਨ੍ਹਾਂ ਕਲਾਸਾਂ ਵਿੱਚ ਮੁੱਖ ਰੂਪ ਨਾਲ ਰਿਲੈਕਸੇਸ਼ਨ ਬਰੀਦਿੰਗ, ਅਵੇਅਰਨੈਸ ਮੈਡੀਟੇਸ਼ਨ, ਸੁਖਮ ਥੈਰੇਪੀ, ਕਲੈਪਿੰਗ, ਯੋਗ ਆਸਨ ਅਤੇ ਪ੍ਰਾਣਾਯਾਮ ਵਰਗੀਆਂ ਯੋਗ ਕਿਰਿਆਵਾਂ ਕਰਵਾਈਆਂ ਜਾਂਦੀਆਂ ਹਨ। ਇਹ ਸਾਰੀਆਂ ਯੋਗ ਕਿਰਿਆਵਾਂ ਮਰੀਜ਼ਾਂ ਨੂੰ ਤਨਾਅ ਮੁਕਤ ਕਰਕੇ ਉਨ੍ਹਾਂ ਦੇ ਸਰੀਰਕ ਅਤੇ ਮਾਨਸਿਕ ਸਵਾਸਥ ਨੂੰ ਬਿਹਤਰ ਬਣਾ ਕੇ ਨਸ਼ੇ ਤੋਂ ਮੁਕਤ ਹੋਣ ਵਿੱਚ ਬਹੁਤ ਹੀ ਮੱਦਦਗਾਰ ਸਾਬਤ ਹੁੰਦੀਆਂ ਹਨ।

# ਅਪਰ ਦਬੂੜ ਦੇ ਵਸਨੀਕਾਂ ਵੱਲੋਂ ਪਿੰਡ ਮੱਸੇਵਾਲ ਨੂੰ ਆਉਣ ਲਈ ਖੱਡ ਵਿੱਚ ਬਣਾਇਆ ਪਾਈਪਾਂ ਵਾਲਾ ਆਰਜੀ ਰਸਤਾ ਰੁੜ੍ਹਿਆ



ਸ੍ਰੀ ਕੀਰਤਪੁਰ ਸਾਹਿਬ, 6 ਮਈ (ਬੀ ਐਸ ਰਾਣਾ) : ਚੰਗਰ ਇਲਾਕੇ ਦੇ ਪਿੰਡ ਬਰੂਵਾਲ ਅਤੇ ਦਬੂੜ ਦੇ ਵਸਨੀਕਾਂ ਵੱਲੋਂ ਸਾਂਝੇ ਤੌਰ 'ਤੇ ਖੱਡ ਦੇ ਵਿੱਚ ਵੱਡੇ ਪਾਈਪ ਪਾ ਕੇ ਆਉਣ ਜਾਣ ਲਈ ਆਪਣਾ ਰਸਤਾ ਬਣਾਇਆ ਗਿਆ ਸੀ, ਜੋ ਕਿ ਬੀਤੇ ਕੱਲ੍ਹ ਹੋਈ ਭਾਰੀ ਬਰਸਾਤ ਕਾਰਨ ਰੁੜ੍ਹ ਗਿਆ ਹੈ। ਜਿਸ ਸਬੰਧੀ ਜਾਣਕਾਰੀ ਦਿੰਦਿਆਂ ਪਿੰਡ ਦਬੂੜ ਦੇ ਸਾਬਕਾ ਸਰਪੰਚ ਅਤੇ ਸਾਬਕਾ ਬਲਾਕ ਸੰਮਤੀ ਮੈਂਬਰ ਸੁਰਿੰਦਰ ਕਾਲੀਆ ਨੇ ਦੱਸਿਆ ਕਿ ਪਿੰਡ ਅਪਰ ਦਬੂੜ ਦੇ ਲੋਕਾਂ ਅਤੇ ਸਕੂਲੀ ਬੱਚਿਆਂ ਨੂੰ ਹੇਠਲੇ ਮੱਸੇਵਾਲ ਜਾਣ ਲਈ ਚਾਰ ਪੰਜ ਕਿਲੋਮੀਟਰ ਘੁੰਮ ਕੇ ਆਉਣਾ ਪੈਂਦਾ ਸੀ, ਜਿਸ ਕਰਕੇ ਪਿੰਡ ਅਪਰ ਦਬੂੜ ਦੇ ਲੋਕਾਂ ਨੇ ਇਕੱਠੇ ਹੋ ਕੇ ਪਿੰਡ ਬਰੂਵਾਲ ਦੇ ਵਾਸ ਡੋਲ ਦੇ ਵਾਸੀਆਂ ਦੇ ਸਹਿਯੋਗ ਨਾਲ ਖੱਡ ਵਿੱਚ ਵੱਡੇ ਪਾਈਪ ਪਾ ਕੇ ਆਪਣਾ ਸਿੱਧਾ ਰਸਤਾ ਹੇਠਲੇ ਮੱਸੇਵਾਲ ਨੂੰ ਜਾਣ ਲਈ ਬਣਾਇਆ ਸੀ। ਜੋ ਕਿ ਬੀਤੇ ਕੱਲ੍ਹ ਹੋਈ ਭਾਰੀ ਬਰਸਾਤ ਤੋਂ ਬਾਅਦ ਹੜ ਗਿਆ ਹੈ, ਉਹਨਾਂ ਦੱਸਿਆ ਕਿ ਉਹ ਪਿਛਲੇ ਲੰਮੇ ਸਮੇਂ ਤੋਂ ਵੱਖ-ਵੱਖ ਸਰਕਾਰਾਂ ਤੋਂ ਇਹ ਮੰਗ ਕਰਦੇ ਆ ਰਹੇ ਹਨ, ਕਿ ਪਿੰਡ ਬਰੂਵਾਲ ਅਤੇ ਪਿੰਡ ਅਪਰ ਦਬੂੜ ਦੀ ਸਾਂਝੀ ਖੱਡ ਵਿੱਚ ਇੱਕ ਛੋਟਾ ਕਾਜਵੇਅ ਜਾਂ ਪੁੱਲ ਬਣਾਇਆ ਜਾਵੇ, ਜਿਸ ਨਾਲ ਬਰਸਾਤ ਦੇ ਦਿਨਾਂ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮੱਸੇਵਾਲ ਵਿਖੇ ਪੜ੍ਹਨ ਜਾਣ ਵਾਲੇ ਵਿਦਿਆਰਥੀਆਂ ਨੂੰ ਇੱਕ ਕਿੱਲੋਮੀਟਰ ਦੇ ਸਿੱਧੇ ਰਸਤੇ ਰਾਹੀਂ ਸਕੂਲ ਨਾਲ ਜੋੜਿਆ ਜਾ ਸਕੇ। ਉਹਨਾਂ ਕਿਹਾ ਕਿ ਬਰਸਾਤ ਦੇ ਦਿਨਾਂ ਵਿੱਚ ਸਾਡੇ ਪਿੰਡ ਦੇ ਬੱਚਿਆਂ ਅਤੇ ਹੋਰ ਬਜ਼ੁਰਗਾਂ, ਲੋਕਾਂ ਨੂੰ ਦੇਹਣੀ ਤੋਂ ਚਾਰ ਪੰਜ ਕਿਲੋਮੀਟਰ ਦਾ ਸਫਰ ਤੈਅ ਕਰਕੇ ਘੁੰਮ ਕੇ ਮੱਸੇਵਾਲ ਕੀਰਤਪੁਰ ਸਾਹਿਬ ਨੂੰ ਆਉਣਾ ਪੈਂਦਾ ਹੈ। ਉਹ ਖੱਡ ਵਿੱਚ ਆਉਣ ਜਾਣ ਲਈ ਪੁਲ ਅਤੇ ਕਾਜਵੇਅ ਬਣਾਉਣ ਦੀ ਕਈ ਵਾਰ ਮੰਗ ਕਰ ਚੁੱਕੇ ਹਨ, ਪਰ ਉਨ੍ਹਾਂ ਦੀ ਇਸ ਮੰਗ ਨੂੰ ਕਿਸੇ ਨੇ ਵੀ ਬੂਰ ਨਹੀਂ ਪਾਇਆ। ਉਹਨਾਂ ਕਿਹਾ ਕਿ ਅਸੀਂ ਆਪਣੇ ਤੌਰ 'ਤੇ ਖੱਡ ਵਿੱਚ ਵੱਡੇ ਵੱਡੇ ਪਾਈਪ ਲਿਆ ਕੇ ਪਾ ਦਿੱਤੇ ਸਨ ਅਤੇ ਉਸ ਦੇ ਉੱਪਰੋਂ ਲੰਘਣ ਲਈ ਆਰਜੀ ਰਸਤਾ ਵੀ ਬਣਾ ਦਿੱਤਾ ਸੀ ਜਿਸ ਨਾਲ ਸਕੂਲੀ ਵਿਦਿਆਰਥੀਆਂ ਅਤੇ ਪਿੰਡ ਦੇ ਲੋਕਾਂ ਨੂੰ ਕਾਫੀ ਜਿਆਦਾ ਲਾਭ ਮਿਲਿਆ ਸੀ। ਪਰ ਬੀਤੇ ਕੱਲ੍ਹ ਹੋਈ ਭਾਰੀ ਬਰਸਾਤ ਕਾਰਨ ਉਕਤ ਆਰਜੀ ਰਸਤਾ ਹੜ੍ਹ ਗਿਆ ਹੈ। ਉਹਨਾਂ ਦੱਸਿਆ ਕਿ ਉਕਤ ਪੁਲ ਨੂੰ ਬਣਾਉਣ ਲਈ ਐਸਟੀਮੇਟ ਵੀ ਲੱਗ ਚੁੱਕਿਆ ਹੈ, ਪਰ ਹਲੇ ਤੱਕ ਸਰਕਾਰ ਵੱਲੋਂ ਫੰਡ ਜਾਰੀ ਨਹੀਂ ਕੀਤਾ ਗਿਆ ਹੈ। ਇਸ ਮੌਕੇ ਉਹਨਾਂ ਨੇ ਸੂਬਾ ਸਰਕਾਰ ਅਤੇ ਹਲਕਾ ਵਿਧਾਇਕ ਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਤੋਂ ਮੰਗ ਕੀਤੀ ਹੈ ਕਿ ਉਨ੍ਹਾਂ ਦੀ ਉਕਤ ਸਮੱਸਿਆ ਨੂੰ ਦੇਖਦੇ ਹੋਏ ਜਲਦ ਤੋਂ ਜਲਦ ਫੰਡ ਜਾਰੀ ਕਰਕੇ ਉਕਤ ਪੁਲ ਨੂੰ ਬਣਾਉਣ ਦਾ ਕੰਮ ਸ਼ੁਰੂ ਕੀਤਾ ਜਾਵੇ ਤਾਂ ਜੋ ਬਰਸਾਤ ਤੋਂ ਪਹਿਲਾਂ ਪਹਿਲਾਂ ਉਕਤ ਪੁਲ ਨੂੰ ਬਣਾਉਣ ਦਾ ਕੰਮ ਮੁਕੰਮਲ ਕੀਤਾ ਜਾ ਸਕੇ ਅਤੇ ਸਕੂਲ ਜਾਣ ਵਾਲੇ ਵਿਦਿਆਰਥੀਆਂ ਤੋਂ ਇਲਾਵਾ ਲੋਕਾਂ ਨੂੰ ਵੀ ਇਸਦਾ ਲਾਭ ਮਿਲ ਸਕੇ । ਇਸ ਮੌਕੇ ਉਹਨਾਂ ਨਾਲ ਜੀਤ ਸਿੰਘ ,ਕਮਲ ਸਿੰਘ, ਰਿੰਕੂ ਚੌਧਰੀ ਬਰੂਵਾਲ, ਹਰਬੰਸ ਲਾਲ ਕਾਲੀਆ, ਕੁਲਦੀਪ ਕਾਲੀਆ, ਸੁਰਜੀਤ ਸਿੰਘ , ਗੁਰਨਾਮ ਸਿੰਘ , ਵਰਿੰਦਰ ਸਿੰਘ, ਬਲਵਿੰਦਰ ਸਿੰਘ ਬਿੰਦਰ, ਕ੍ਰਿਸ਼ਨ ਲਾਲ, ਹਰਮੇਸ਼ ਸਿੰਘ, ਕ੍ਰਿਸ਼ਨ ਲਾਲ, ਭਾਗ ਸਿੰਘ, ਸ਼ਿਵ ਰਾਮ, ਚੰਨਣ ਸਿੰਘ, ਰਣਵੀਰ ਸਿੰਘ, ਸੁਖਰਾਮ, ਪਵਨ ਕੁਮਾਰ ਪੰਮੀ ਆਦਿ ਹਾਜ਼ਰ ਸਨ।

# ਭਟਨੂਰਾ ਲੁਬਾਣਾ ਵਿਖੇ ਗੁਰਮਤਿ ਸਮਾਗਮ ਕਰਵਾਏ

ਭੋਗਪੁਰ, 6 ਮਈ ( ਅਮਰਜੀਤ ਸਿੰਘ ਸੈਣੀ ਜੰਡੀਰ): ਮਿਸਲ ਨਵਾਬ ਕਪੂਰ ਸਿੰਘ ਜੀ ਬੁੱਢਾ ਦਲ ਮੁਖੀ ਜਥੇਦਾਰ ਬਾਬਾ ਦਵਿੰਦਰ ਸਿੰਘ ਜੀ ਅਕਾਲੀ ਜੀ ਦੀ ਅਗਵਾਈ ਹੇਠ ਪਿੰਡ ਭਟਨੂਰਾ ਲੁਬਾਣਾ ਵਿਖੇ ਗੁਰਮਤਿ ਸਮਾਗਮ ਕਰਵਾਏ ਗਏ। ਵੱਖ ਵੱਖ ਰਾਗੀ ਜੱਥਿਆਂ ਨੇ ਗੁਰਬਾਣੀ ਕੀਰਤਨ ਰਾਹੀਂ ਸੰਗਤਾਂ ਨੂੰ ਖੂਬ ਨਿਹਾਲ ਕੀਤਾ। ਢਾਡੀ ਜਥਿਆਂ ਨੇ ਮਿਸਲ ਨਵਾਬ ਕਪੂਰ ਸਿੰਘ ਜੀ ਦੇ ਇਤਿਹਾਸ ਤੇ ਸਿੱਖ ਇਤਿਹਾਸ ਤੋਂ ਵੀ ਜਾਣੂੰ ਕਰਵਾਇਆ। ਛਬੀਲਾਂ ਤੇ ਚਾਹ ਪਕੌੜਿਆਂ ਦੇ ਲੰਗਰ ਲਗਾਏ ਗਏ। ਭਟਨੂਰਾ ਲੁਬਾਣਾ ਵਿੱਚ ਖੂਬ ਰੌਣਕਾਂ ਲੱਗੀਆਂ। ਦੁਕਾਨਾਂ ਸਜੀਆਂ ਹੋਈਆਂ ਸਨ। ਸਮਾਗਮ ਵਿੱਚ ਵੱਖ ਵੱਖ ਨਿਹੰਗ ਸਿੰਘ ਜਥੇਬੰਦੀਆਂ ਨੇ ਹਾਜ਼ਰੀਆਂ ਭਰੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨਾਂ ਵਿੱਚ ਸਰਬੱਤ ਦੇ ਭਲੇ ਦੀ ਅਰਦਾਸ ਬੇਨਤੀ ਕੀਤੀ,ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ ਦੇ ਜਗਾਰੇ ਗੂੰਜ ਰਹੇ ਸਨ। ਘੋੜਿਆਂ ਦੀ ਦੌੜ ਅਤੇ ਕੁਸ਼ਤੀਆਂ ਦੇ ਮੁਕਾਬਲੇ ਵੀ ਕੀਤੇ ਗਏ, ਗੁਰੂ ਦੀਆਂ ਫੌਜਾਂ ਨੇ ਗੱਤਕੇ ਦੇ ਜ਼ੌਹਰ ਵੀ ਦਿਖਾਏ, ਇਸ ਮੌਕੇ 'ਤੇ ਮੁਖੀ ਜਥੇਦਾਰ ਬਾਬਾ ਦਵਿੰਦਰ ਸਿੰਘ ਜੀ ਅਕਾਲੀ ਨੇ ਚੜ੍ਹਦੀਕਲਾ ਟਾਈਮ ਟੀਵੀ ਦੇ ਪੱਤਰਕਾਰ ਅਮਰਜੀਤ ਸਿੰਘ ਸੈਣੀ ਨੂੰ ਸਿਰਪਾਓ ਨਾਲ ਸਨਮਾਨਿਤ ਕੀਤਾ। ਅਤੇ ਚੜ੍ਹਦੀ ਟਾਈਮ ਟੀਵੀ ਦੇ ਸੰਪਾਦਕ ਨੂੰ ਵਧਾਈ, ਕਿਹਾ ਕਿ ਦੇਸ਼ ਅਤੇ ਕੌਮ ਦੀ ਖੂਬ ਸੇਵਾ ਕਰ ਰਹੇ ਹਨ ਉਪਰੰਤ ਬਾਬਾ ਦਵਿੰਦਰ ਸਿੰਘ ਜੀ ਨੇ ਕੁਸ਼ਤੀ ਪਹਿਲਵਾਨਾਂ ਨੂੰ ਇਨਾਮ ਵੰਡੇ ਅਤੇ ਗੁਰੂ ਦੀਆਂ ਫੌਜਾਂ ਨੂੰ ਸਨਮਾਨਿਤ ਵੀ ਕੀਤਾ। ਉਪਰੰਤ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ

# ਮਾਨ ਸਰਕਾਰ ਨੇ ਗ੍ਰਾਂਟਾਂ ਦੇ ਗੱਫੇ ਦੇ ਕੇ ਸਰਕਾਰੀ ਸਕੂਲਾਂ ਦੀ ਬਦਲੀ ਨੁਹਾਰ-ਚੇਅਰਮੈਨ ਘੁੱਲੀ/ਢਿੱਲੋਂ



ਸ਼ੇਰਪੁਰ, 6 ਮਈ (ਰਣਜੀਤ ਸਿੰਘ ਪੇਧਨੀ):ਪੰਜਾਬ ਦੇ ਸਮੂਹ ਸਰਕਾਰੀ ਸਕੂਲਾਂ ਵਿੱਚ ਪਿਛਲੇ ਤਿੰਨ ਸਾਲਾਂ ਤੋਂ ਕਰੋੜਾਂ ਰੁਪਏ ਦੀ ਲਾਗਤ ਨਾਲ ਚੱਲ ਰਹੇ ਵਿਕਾਸ ਕਾਰਜਾਂ ਨੂੰ ਨਵੀਂ ਦਿਸ਼ਾ ਪ੍ਰਦਾਨ ਕੀਤੀ ਜਾ ਰਹੀ ਹੈ। ਇਸੇ ਤਹਿਤ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਹਲਕੇ ਵਿੱਚ ਪੈਂਦੇ ਸਕਾਰੀ ਪ੍ਰਾਇਮਰੀ ਸਕੂਲ ਕੁੰਭੜਵਾਲ ਵਿਖੇ ਇੰਟਰਲੌਕ ਪਾਉਣ ਦਾ ਉਦਘਾਟਨ ਮੁੱਖ ਮੰਤਰੀ ਕੈਂਪਸ ਦੇ ਇੰਚਾਰਜ ਰਾਜਵੰਤ ਸਿੰਘ ਘੁੱਲੀ ਚੇਅਰਮੈਨ ਮਾਰਕੀਟ ਕਮੇਟੀ ਧੂਰੀ ਅਤੇ ਦਲਬੀਰ ਸਿੰਘ ਢਿੱਲੋਂ ਚੇਅਰਮੈਨ ਲਘੂ ਉਦਯੋਗ ਨਿਗਮ ਪੰਜਾਬ ਨੇ ਸਾਂਝੇ ਤੌਰ 'ਤੇ ਕੀਤਾ। ਉਹਨਾਂ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਸਕੂਲਾਂ ਦੀ ਬਦਲੀ ਜਾ ਰਹੀ ਨੁਹਾਰ 'ਤੇ ਖੁਸ਼ੀ ਜਾਹਰ ਕੀਤੀ। ਉਹਨਾਂ ਕਿਹਾ ਕਿ ਸਰਕਾਰ ਵੱਲੋਂ ਕੀਤੇ ਜਾ ਰਹੇ ਵਿਕਾਸ ਕਾਰਜਾਂ ਨਾਲ ਪੂਰੇ ਸੂਬੇ ਦੀ ਨੁਹਾਰ ਬਦਲ ਦਿੱਤੀ ਜਾਵੇਗੀ। ਇਸ ਮੌਕੇ ਕੋਆਰਡੀਨੇਟਰ ਦਰਸ਼ਨ ਸਿੰਘ ਪਾਠਕ, ਪਰਮਜੀਤ ਸਿੰਘ ਕਾਂਝਲਾ,ਹੈਡ ਟੀਚਰ ਜਗਜੀਤ ਸਿੰਘ ,ਐਡਵੋਕੇਟ ਹੈਪੀ ਗੋਇਲ, ਸਰਪੰਚ ਗੁਰਸੇਵਕ ਸਿੰਘ ਕੁੰਭੜਵਾਲ, ਬਖਸੀਸ ਸਿੰਘ ਅਲਾਲ, ਗੁਰਪ੍ਰੀਤ ਸਿੰਘ ਰਣੀਕੇ, ਸੁਖਪਾਲ ਸਿੰਘ ਪਾਲਾ, ਅਰਸ ਧੂਰੀ, ਜੱਸੀ ਕੁੰਭੜਵਾਲ ਹਾਜ਼ਰ ਸਨ।

# ਸਿਵਲ ਸਰਜਨ ਵੱਲੋਂ ਸਿਵਲ ਹਸਪਤਾਲ ਦੇ ਜੱਚਾ ਬੱਚਾ ਵਿਭਾਗ ਦਾ ਦੌਰਾ



ਬਰਨਾਲਾ, 6 ਮਈ (ਬਘੇਲ ਸਿੰਘ ਧਾਲੀਵਾਲ):ਸਿਹਤ ਵਿਭਾਗ ਵੱਲੋਂ ਮਿਆਰੀ ਸਿਹਤ ਸਹੂਲਤਾਂ ਵਿੱਚ ਹੋਰ ਸੁਧਾਰ ਕਰਨ ਦੇ ਮੰਤਵ ਨਾਲ ਸਿਵਲ ਸਰਜਨ ਬਰਨਾਲਾ ਡਾ. ਬਲਜੀਤ ਸਿੰਘ ਵੱਲੋਂ ਮਰੀਜ਼ਾਂ ਨੂੰ ਦਿੱਤੀਆਂ ਜਾ ਰਹੀਆਂ ਸਿਹਤ ਸੇਵਾਵਾਂ ਦਾ ਜਾਇਜ਼ਾ ਲੈਣ ਹਿੱਤ ਸਿਵਲ ਹਸਪਤਾਲ ਬਰਨਾਲਾ ਦੇ ਜੱਚਾ ਬੱਚਾ ਵਿੰਗ ਦਾ ਦੌਰਾ ਕੀਤਾ ਗਿਆ। ਸਿਵਲ ਸਰਜਨ ਬਰਨਾਲਾ ਵੱਲੋਂ ਇਸ ਨਿਰੀਖਣ ਦੌਰਾਨ ਵਾਰਡਾਂ ਵਿੱਚ ਦਾਖਲ ਜੱਚਾ-ਬੱਚਾ, ਗਰਭਵਤੀ ਔਰਤਾਂ ਅਤੇ ਬੱਚਿਆਂ ਦਾ ਹਾਲਚਾਲ ਪੁੱਛਿਆ ਅਤੇ ਉਨ੍ਹਾਂ ਦੇ ਇਲਾਜ ਲਈ ਦਿੱਤੀਆਂ ਜਾ ਰਹੀਆਂ ਮੁਫ਼ਤ ਸਿਹਤ ਸੇਵਾਵਾਂ ਸਬੰਧੀ ਤਸੱਲੀ ਪ੍ਰਗਟਾਈ। ਸਿਵਲ ਸਰਜਨ ਬਰਨਾਲਾ ਨੇ ਸੀਨੀਅਰ ਮੈਡੀਕਲ ਅਫਸਰ, ਸਿਵਲ ਹਸਪਤਾਲ ਬਰਨਾਲਾ ਅਤੇ ਸਟਾਫ ਨੂੰ ਹਾਈ ਰਿਸਕ ਗਰਭਵਤੀ ਮਾਵਾਂ ਦਾ ਖਾਸ ਧਿਆਨ ਰੱਖਣ, ਆਰ.ਸੀ.ਐਚ.ਦੇ ਕੰਮ ਨੂੰ ਵਧਾਉਣ, ਹਸਪਤਾਲ ਦੀ ਸਾਫ ਸਫਾਈ ਦਾ ਖਾਸ ਧਿਆਨ ਰੱਖਣ,ਸਿਹਤ ਸੇਵਾਵਾਂ ਦੇਣੀਆਂ ਯਕੀਨੀ ਬਣਾਏ ਜਾਣ, ਡਿਊਟੀ ਸਮੇਂ ਦੌਰਾਨ ਸਮੇਂ ਦੀ ਪਾਬੰਦੀ ਦਾ ਧਿਆਨ ਰੱਖਣ,ਸਿਹਤ ਸੰਸਥਾ ਵਿੱਚ ਜਣੇਪੇ ਦੀ ਗਿਣਤੀ ਵਧਾਉਣ ,ਹਰ ਤਰ੍ਹਾਂ ਦੇ ਰਿਕਾਰਡ ਨੂੰ ਮੇਨਟੇਨ ਰੱਖਣ ਆਦਿ ਸਬੰਧੀ ਹਦਾਇਤਾਂ ਜਾਰੀ ਕੀਤੀਆਂ ਗਈਆਂ।

# ਪ੍ਰੋਗ੍ਰੈਸਿਵ ਸੀਨੀਅਰ ਸਿਟੀਜ਼ਨ ਸੁਸਾਇਟੀ ਦਾ ਵ.ਫਦ ਸਿਵਲ ਸਰਜਨ ਬਰਨਾਲਾ ਨੂੰ ਮਿਲਿਆ



ਬਰਨਾਲਾ, 6 ਮਈ (ਸੁਖਵਿੰਦਰ ਸਿੰਘ ਭੰਡਾਰੀ):ਪ੍ਰੋਗ੍ਰੈਸਿਵ ਸੀਨੀਅਰ ਸਿਟੀਜ਼ਨ ਸੋਸਾਇਟੀ ਦਾ ਵਫ਼ਦ ਸਿਵਲ ਸਰਜਨ ਬਰਨਾਲਾ ਡਾਕਟਰ ਬਲਜੀਤ ਸਿੰਘ ਨੂੰ ਸੋਸਾਇਟੀ ਦੇ ਮੁੱਖ ਸਰਪ੍ਰਸਤ ਪਿਆਰਾ ਲਾਲ ਰਾਇਸਰ ਵਾਲੇ ਅਤੇ ਪ੍ਰਧਾਨ ਸੁਖਵਿੰਦਰ ਸਿੰਘ ਭੰਡਾਰੀ ਦੀ ਅਗਵਾਈ 'ਚ ਮਿਲਿਆ। ਵਫਦ ਨੇ ਸਿਵਿਲ ਸਰਜਨ ਨੂੰ ਫੁੱਲਾਂ ਦਾ ਗੁਲਦਸਤਾ ਅਤੇ ਟਰਾਫ਼ੀ ਭੇਂਟ ਕਰਕੇ ਜੀ ਆਇਆ ਕਿਹਾ ਅਤੇ ਉਨ੍ਹਾਂ ਦਾ ਸਨਮਾਨ ਕੀਤਾ। ਇਸ ਮੌਕੇ ਡਾਕਟਰ ਬਲਜੀਤ ਸਿੰਘ ਨੇ ਵਫ਼ਦ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸਰਕਾਰ ਵੱਲੋਂ ਜ਼ਿਲ੍ਹੇ ਅੰਦਰ ਲੋਕਾਂ ਨੂੰ ਮਿਲਦੀਆਂ ਮੁਫ਼ਤ ਸਿਹਤ ਸੇਵਾਵਾਂ ਨੂੰ ਯਕੀਨੀ ਬਣਾਇਆ ਜਾਵੇਗਾ ਤਾਂ ਜੋ ਹਰ ਲੋੜਵੰਦ ਵਿਅਕਤੀ ਸਿਹਤ ਸੇਵਾਵਾਂ ਦਾ ਲਾਭ ਉਠਾ ਸਕੇ। ਉਨ੍ਹਾਂ ਕਿਹਾ ਕਿ ਸਿਹਤ ਵਿਭਾਗ ਵੱਲੋਂ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਆਯੂਸਮਾਨ ਭਾਰਤ, ਸਰਬੱਤ ਸਿਹਤ ਬੀਮਾ ਯੋਜਨਾ, ਜਨਨੀ ਸ਼ਿਸ਼ੂ ਸੁਰੱਖਿਆ ਕਾਰਿਆਕਰਮ, ਮੁੱਖ ਮੰਤਰੀ ਕੈਂਸਰ ਰਾਹਤ ਫੰਡ ਕੋਸ਼ ਯੋਜਨਾ, ਆਰ ਬੀ ਐਸ ਕੇ, ਮੁਫ਼ਤ ਹੈਪੇਟਾਈਟਸ ਸੀ ਰਿਲੀਫ਼ ਫੰਡ ਯੋਜਨਾ, ਬੱਚਿਆਂ ਤੇ ਗਰਭਵਤੀ ਔਰਤਾਂ ਨੂੰ ਮੁਫ਼ਤ ਟੀਕਾਕਰਨ ਸਮੇਤ ਕਈ ਹੋਰ ਯੋਜਨਾਵਾਂ ਚਲਾਈਆਂ ਜਾ ਰਹੀਆਂ ਹਨ। ਲੋੜਵੰਦਾਂ ਨੂੰ ਸਹੂਲਤਾਂ ਦੇਣ ਦੇ ਨਾਲ ਨਾਲ ਉਨ੍ਹਾਂ ਨੂੰ ਜਾਗਰੂਕ ਵੀ ਕੀਤਾ ਜਾ ਰਿਹਾ ਹੈ। ਸਿਵਿਲ ਸਰਜਨ ਬਰਨਾਲਾ ਨੇ ਕਿਹਾ ਕਿ ਕੋਈ ਵੀ ਵਿਅਕਤੀ ਜੋ ਨਸ਼ਾ ਕਰਨ ਦਾ ਆਦੀ ਹੈ ਤਾਂ ਉਸਨੂੰ ਸਾਡੇ ਕੋਲ ਲੈ ਆਓ ਅਤੇ ਸਿਹਤ ਵਿਭਾਗ ਉਸ ਦਾ ਪੂਰਾ ਇਲਾਜ ਕਰੇਗਾ। ਉਥੇ ਨਾਲ ਹੀ ਉਸ ਵਿਅਕਤੀ ਦੇ ਮੁੜ ਵਸੇਬੇ ਲਈ ਉਸਨੂੰ ਕਿੱਤਾ ਮੁਖੀ ਟ੍ਰੇਨਿੰਗ ਵੀ ਦਿੱਤੀ ਜਾਵੇਗੀ ਤਾਂ ਜੋ ਨੌਜਵਾਨ ਨਸ਼ੇ ਛੱਡ ਕੇ ਕਿਸੇ ਰੁਜ਼ਗਾਰ ਤੇ ਲੱਗ ਸਕਣ। ਇਸ ਮੌਕੇ ਵਫ਼ਦ ਨੇ ਸਿਵਿਲ ਸਰਜਨ ਬਰਨਾਲਾ ਦਾ ਵਿਸ਼ੇਸ਼ ਧੰਨਵਾਦ ਕੀਤਾ। ਇਸ ਦੌਰਾਨ ਵਾਤਾਵਰਣ ਪ੍ਰੇਮੀ ਰਾਜੇਸ਼ ਭੂਟਾਨੀ, ਸਮਾਜ ਸੇਵੀ ਹਰਮਨਜੀਤ ਸਿੰਘ ਰੁਪਾਲ, ਪ੍ਰਿੰਸੀਪਲ ਰਾਕੇਸ਼ ਗਰਗ, ਰਾਕੇਸ਼ ਜਿੰਦਲ ਐਮ ਡੀ ਜਿੰਦਲ ਸਟੀਲ ਇੰਡਸਟਰੀਜ਼ ਬਰਨਾਲਾ, ਜਗਵਿੰਦਰ ਭੰਡਾਰੀ, ਕੁਲਦੀਪ ਸਿੰਘ ਗੁੱਗ, ਮੰਗਲੀ ਵਰਮਾ ਪ੍ਰਧਾਨ ਸੂਰਿਆਵੰਸ਼ੀ ਖੱਤਰੀ ਸਭਾ ਬਰਨਾਲਾ, ਦੀਪ ਚੰਦ ਬਾਂਸਲ, ਹਰਮਨਜੀਤ ਸਿੰਘ, ਵਿਨੋਦ ਸ਼ਹਿਣਾ, ਪ੍ਰੇਮ ਕੁਮਾਰ, ਡਾਕਟਰ ਰਾਜ ਕੁਮਾਰ, ਕਸਤੂਰੀ ਲਾਲ ਬਿੱਲੂ,ਪ੍ਰੇਮ ਸੂਦ ਆਦਿ ਹਾਜ਼ਰ ਸਨ।

# ਬੱਚਿਆਂ ਲਈ ਐਨੀਮਲ ਵਾਕ ਗਤੀਵਿਧੀ ਕਰਵਾਈ





ਬਰਨਾਲਾ, 6 ਮਈ (ਅਮਨਦੀਪ ਸਿੰਘ):ਬੀਵੀਐਮ ਇੰਟਰਨੈਸ਼ਨਲ ਸਕੂਲ ਨੇ ਛੋਟੇ ਬੱਚਿਆਂ ਲਈ ਇੱਕ ਵਿਲੱਖਣ ਅਤੇ ਮਨੋਰੰਜਕ ਐਨੀਮਲ ਵਾਕ ਗਤੀਵਿਧੀ ਦਾ ਆਯੋਜਨ ਕੀਤਾ। ਇਸ ਗਤੀਵਿਧੀ ਦਾ ਉਦੇਸ਼ ਬੱਚਿਆਂ ਨੂੰ ਵੱਖ-ਵੱਖ ਜਾਨਵਰਾਂ ਦੀ ਚਾਲ ਅਤੇ ਗਤੀ ਰਾਹੀਂ ਸਰੀਰਕ ਸੰਤੁਲਨ, ਮੋਟਰ ਹੁਨਰ ਅਤੇ ਕੁਦਰਤੀ ਗਿਆਨ ਵਿਕਸਤ ਕਰਨ ਵਿੱਚ ਮਦਦ ਕਰਨਾ ਸੀ। ਇਹ ਗਤੀਵਿਧੀ ਰੰਗੀਨ ਪੋਸਟਰਾਂ ਅਤੇ ਜਾਨਵਰਾਂ ਦੀਆਂ ਤਸਵੀਰਾਂ ਨਾਲ ਸ਼ੁਰੂ ਹੋਈ। ਬੱਚਿਆਂ ਨੂੰ ਸਿਖਾਇਆ ਗਿਆ ਕਿ ਕਿਵੇਂ ਖਰਗੋਸ਼ ਵਾਂਗ ਛਾਲ ਮਾਰਨੀ ਹੈ, ਡੱਡੂ ਵਾਂਗ ਛਾਲ ਮਾਰਨੀ ਹੈ, ਬੱਤਖ ਵਾਂਗ ਤੁਰਨਾ ਹੈ, ਸੱਪ ਵਾਂਗ ਰੀਂਗਣਾ ਹੈ ਅਤੇ ਹਾਥੀ ਵਾਂਗ ਭਾਰੀ ਕਦਮ ਚੁੱਕਣਾ ਹੈ। ਬੱਚਿਆਂ ਨੇ ਇਸ ਗਤੀਵਿਧੀ ਵਿੱਚ ਬਹੁਤ ਉਤਸ਼ਾਹ ਨਾਲ ਹਿੱਸਾ ਲਿਆ ਅਤੇ ਵੱਖ-ਵੱਖ ਜਾਨਵਰਾਂ ਦੀ ਨਕਲ ਕਰਦੇ ਹੋਏ ਖੇਤ ਵਿੱਚ ਘੁੰਮਦੇ ਰਹੇ। ਸਕੂਲ ਦੇ ਚੇਅਰਮੈਨ ਪ੍ਰਮੋਦ ਅਰੋੜਾ, ਡਾਇਰੈਕਟਰ ਸ਼੍ਰੀਮਤੀ ਗੀਤਾ ਅਰੋੜਾ, ਨਿਖਿਲ ਅਰੋੜਾ ਅਤੇ ਸ਼੍ਰੀਮਤੀ ਨੇਹੁਲ ਅਰੋੜਾ ਨੇ ਇਸ ਨਵੀਨਤਾਕਾਰੀ ਯਤਨ ਦੀ ਸ਼ਲਾਘਾ ਕੀਤੀ। ਸਕੂਲ ਦੇ ਅਧਿਆਪਕਾਂ ਨੇ ਬੱਚਿਆਂ ਨੂੰ ਹਰੇਕ ਜਾਨਵਰ ਦੀਆਂ ਹਰਕਤਾਂ ਨੂੰ ਸਹੀ ਢੰਗ ਨਾਲ ਦਿਖਾਉਣ ਵਿੱਚ ਵੀ ਮਦਦ ਕੀਤੀ। ਬੱਚਿਆਂ ਦੀ ਮੁਸਕਰਾਹਟ ਅਤੇ ਖੁਸ਼ੀ ਭਰੀ ਭਾਗੀਦਾਰੀ ਨੇ ਪੂਰੇ ਮਾਹੌਲ ਨੂੰ ਜੀਵੰਤ ਬਣਾ ਦਿੱਤਾ।

# ਖੁੱਲੇ ਅਸਮਾਨ ਹੇਠ ਪਈਆਂ ਕਣਕ ਦੀਆਂ ਬੋਰੀਆਂ ਬਾਰਿਸ਼ ਨਾਲ ਭਿੱਜੀਆਂ



ਤਪਾ ਮੰਡੀ, 6 ਮਈ (ਭੂਸ਼ਨ ਘੜੈਲਾ):ਸਰਕਾਰ ਭਾਵੇਂ ਕਣਕ ਦੀ ਖਰੀਦ ਸ਼ੁਰੂ ਹੋਣ ਤੋਂ ਪਹਿਲਾਂ ਹੀ ਸਾਰੇ ਪ੍ਰਬੰਧ ਮੁਕੰਮਲ ਹੋਣ ਦੇ ਵੱਡੇ ਵੱਡੇ ਵਾਅਦੇ ਕਰਦੀ ਨਹੀਂ ਸੀ ਥੱਕਦੀ ਪਰ ਇਸ ਵਾਰ ਹਾੜੀ ਦਾ ਸੀਜ਼ਨ ਸ਼ੁਰੂ ਹੁੰ ਦਿਆਂ ਹੀ ਆੜ੍ਹਤੀਆਂ,ਕਿਸਾਨਾਂ,ਮਜ਼ਦੂਰਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕਿਸਾਨਾਂ ਨੂੰ ਫਸਲ ਵਿੱਚ ਨਮੀ ਦੀ ਮਾਤਰਾ ਦੇ ਨਾਮ ਤੇ ਖੱਜਲ ਖੁਆਰ ਕੀਤਾ ਜਾਂਦਾ ਹੈ ਅਤੇ ਉਨਾਂ ਨੂੰ ਮੰਡੀਆਂ ਵਿੱਚ ਕਈ ਕਈ ਰਾਤਾਂ ਫਸਲ ਵੇਚਣ ਲਈ ਗੁਜ਼ਾਰਨੀਆਂ ਪੈਂਦੀਆਂ ਹਨ।ਇਸ ਮੌਕੇ ਕਿਸਾਨਾਂ ਨੇ ਕਿਹਾ ਕਿ ਤਪਾ ਮੰਡੀ ਅਤੇ ਇਸ ਦੇ ਅਧੀਨ ਆਉਂਦੇ ਪਿੰਡਾਂ ਦੀਆਂ ਮੰਡੀਆਂ ਦੇ ਫੜਾਂ ਵਿੱਚ ਪਈਆਂ ਲੱਖਾਂ ਕਣਕ ਦੀਆਂ ਬੋਰੀਆਂ ਦੀਆਂ ਪਈ ਬਾਰਿਸ਼ ਕਾਰਨ ਭਿੱਜ ਗਈਆਂ। ਜਿਸ ਨਾਲ ਕੁਆਲਿਟੀ 'ਤੇ ਮਾੜਾ ਅਸਰ ਪਵੇਗਾ, ਟਰਾਂਸਪੋਟਰ ਠੇਕੇਦਾਰ ਤੇ ਸਬੰਧਤ ਪ੍ਰਸ਼ਾਸਨ ਦੀ ਮਿਹਰਬਾਨੀ ਸਮਝ ਤੋਂ ਪਰੇ ਹੈ ਮੰਡੀਆਂ ਵਿੱਚ ਭਿੱਜੀ ਕਣਕ ਨੂੰ ਆੜ੍ਹਤੀਏ ਆਪਣੇ ਖਰਚੇ ਤੇ ਕਣਕ ਦੇ ਗੱਟਿਆਂ ਦੀਆਂ ਧਾਂਕਾਂ ਅਤੇ ਸੁੱਕੇ ਥਾਂ ਤੇ ਕਰ ਰਹੇ ਹਨ ਜਿਸ ਨਾਲ ਉਹਨਾਂ ਦਾ ਬਹੁਤ ਭਾਰੀ ਆਰਥਿਕ ਨੁਕਸਾਨ ਹੋਵੇਗਾ।ਠੇਕੇਦਾਰ ਨੂੰ ਬਲੈਕ ਲਿਸਟ ਅਤੇ ਹੋਰ ਕਾਨੂੰਨੀ ਕਾਰਵਾਈ ਕਰਨ ਦੀ ਬਜਾਏ ਸਿਰਫ ਕਾਗਜੀ ਕਾਰਵਾਈ ਤੱਕ ਹੀ ਸੀਮਤ ਰੱਖਿਆ ਜਾ ਰਿਹਾ ਹੈ। ਵੱਖ ਵੱਖ ਮਹਿਕਮਿਆਂ ਦੇ ਅਧਿਕਾਰੀ ਠੇਕੇਦਾਰ ਨੂੰ ਕਣਕ ਲਿਫਟ ਕਰਨ ਲਈ ਵੱਧ ਤੋਂ ਵੱਧ ਸਾਧਨਾਂ ਦੀ ਮੰਗ ਕਰ ਰਹੇ ਹਨ। ਠੇਕੇਦਾਰ ਨੇ ਹਰ ਹਾਲਤ ਵਿੱਚ ਮੰਡੀਆਂ ਵਿੱਚ ਮਾਲ ਲਿਫਟ ਕਰਨ ਲਈ ਸਾਧਨ ਉਪਲਬਧ ਕਰਾਉਣੇ ਹੁੰਦੇ ਹਨ ਪਰ ਸਰਕਾਰੀ ਅਫਸਰ ਇਸ ਤਰ੍ਹਾਂ ਵਿਵਹਾਰ ਕਰ ਰਹੇ ਹਨ ਜਿਵੇਂ ਉਨਾਂ ਨੇ ਨਾ ਤਾਂ ਕੁਝ ਦੇਖਿਆ ਹੈ ਨਾ ਕੁਝ ਸੁਣਿਆ ਹੈ ਅਤੇ ਨਾ ਹੀ ਕੁਝ ਕਹਿਣਾ ਹੈ। ਪੰਜਾਬ ਸਰਕਾਰ ਦੀ ਭ੍ਰਿਸ਼ਟਾਚਾਰ ਰਹਿਤ ਜੀਰੋ ਟੋਲਰੈਂਸ ਨੀਤੀ ਇਹਨਾਂ ਠੇਕੇਦਾਰਾਂ ਉੱਪਰ ਕੰਮ ਕਰਦੀ ਨਜ਼ਰ ਨਹੀਂ ਆ ਰਹੀ।ਇਸ ਮੌਕੇ ਕਿਸਾਨਾਂ, ਆੜ੍ਹਤੀਆਂ ਅਤੇ ਮਜ਼ਦੂਰਾਂ ਨੇ ਕਿਹਾ ਲਿਫਟਿੰਗ ਦੀ ਕਾਰਗੁਜ਼ਾਰੀ ਘਟੀਆ ਹੋਣ ਕਾਰਨ ਉਨ੍ਹਾਂ ਨੂੰ ਕਾਫੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

# ਵਾਈਐਸ ਸਕੂਲ ਦੀ ਪੂਲ ਪਾਰਟੀ ਨੇ ਮਨੋਰੰਜਨ ਅਤੇ ਜੀਵਨ ਕੌਸ਼ਲਾਂ ਨੂੰ ਕੀਤਾ ਇਕੱਠੇ





ਬਰਨਾਲਾ, 6 ਮਈ (ਹਿਮਾਂਸ਼ੂ ਗਰਗ):ਵਾਈਐਸ ਪਬਲਿਕ ਸਕੂਲ ਨੇ ਤੀਸਰੀ ਅਤੇ ਚੌਥੀ ਕਲਾਸ ਦੇ ਵਿਦਿਆਰਥੀਆਂ ਲਈ ਇੱਕ ਯਾਦਗਾਰ ਵਿੰਟੇਜ ਪੂਲ ਪਾਰਟੀ ਕਰਵਾਈ ਗਈ। ਲਗਭਗ 70 ਵਿਦਿਆਰਥੀਆਂ ਨੇ ਇਸ ਮਨੋਰੰਜਕ ਅਤੇ ਸਿੱਖਣ ਵਾਲੀ ਯਾਤਰਾ ਵਿੱਚ ਭਾਗ ਲਿਆ, ਜਿੱਥੇ ਤੈਰਾਕੀ ਦੀ ਮੌਜ ਮਸਤੀ ਨਾਲ ਜੀਵਨ ਕੌਸ਼ਲਾਂ ਦੀ ਸਿੱਖ ਮਿਲੀ। ਇਹ ਸਮਾਗਮ ਵਿਦਿਆਰਥੀਆਂ ਲਈ ਇੱਕ ਤਾਜ਼ਗੀ ਭਰੀ ਗਰਮੀਆਂ ਦੀ ਛੁੱਟੀ ਵਾਂਗ ਸਾਬਤ ਹੋਇਆ, ਜਿੱਥੇ ਉਨ੍ਹਾਂ ਨੇ ਪੂਲ ਵਿੱਚ ਠੰਢੇ ਪਾਣੀ 'ਚ ਮਸਤੀ ਕੀਤੀ, ਸਵਾਦਿਸ਼ਟ ਨਾਸ਼ਤਾ ਕੀਤਾ ਅਤੇ ਸਮੂਹਿਕ ਗਤੀਵਿਧੀਆਂ ਦਾ ਆਨੰਦ ਲਿਆ। ਮਨੋਰੰਜਨ ਤੋਂ ਇਲਾਵਾ, ਇਸ ਦਿਨ ਦੀ ਯੋਜਨਾ ਵਿਦਿਆਰਥੀਆਂ ਦੇ ਸਮਾਜਿਕ-ਭਾਵਨਾਤਮਕ ਵਿਕਾਸ ਅਤੇ ਵਰਤੋਂ ਯੋਗ ਜੀਵਨ ਸਿੱਖਿਆ ਨੂੰ ਧਿਆਨ ਵਿੱਚ ਰੱਖ ਕੇ ਕੀਤੀ ਗਈ ਸੀ। ਵਿਦਿਆਰਥੀਆਂ ਨੇ ਆਤਮ ਨਿਰਭਰਤਾ, ਟੀਮ ਵਰਕ, ਤੈਰਾਕੀ ਸੁਰੱਖਿਆ ਨਿਯਮ, ਖਾਣ-ਪੀਣ ਦੇ ਸੱਭਿਆਚਾਰ ਅਤੇ ਅਧਿਆਪਕਾਂ ਨਾਲ ਗੁਫ਼ਤਗੂ ਰਾਹੀਂ ਆਪਣੇ ਆਪ ਨੂੰ ਪ੍ਰਗਟ ਕਰਨ ਵਾਲੀਆਂ ਕੌਸ਼ਲਾਂ ਨੂੰ ਵਿਕਸਤ ਕੀਤਾ। ਪ੍ਰਿੰਸਪਲ ਡਾ. ਅੰਜੀਤਾ ਦਹੀਆ ਅਤੇ ਵਾਈਸ ਪ੍ਰਿੰਸਪਲ ਸਚਿਨ ਗੁਪਤਾ ਦੇ ਦਿਸ਼ਾ-ਨਿਰਦੇਸ਼ ਹੇਠ ਇਹ ਸਮਾਗਮ ਸੁਰੱਖਿਆ, ਸਿੱਖਿਆ ਅਤੇ ਵਿਅਕਤੀਗਤ ਵਿਕਾਸ ਨੂੰ ਧਿਆਨ ਵਿੱਚ ਰੱਖਦਿਆਂ ਸਫਲਤਾਪੂਰਕ ਕਰਵਾਇਆ ਗਿਆ।

# ਸ੍ਰੀ ਗੁਰੂ ਰਵਿਦਾਸ ਮਿਸ਼ਨ ਵੱਲੋਂ ਬੇਗਮਪੁਰਾ ਚੇਤਨਾ ਸਮਾਗਮ ਸਬੰਧੀ ਮੀਟਿੰਗ 11 ਨੂੰ

ਸ਼ੇਰਪੁਰ, 6 ਮਈ (ਸੱਤਪਾਲ ਸਿੰਘ ਕਾਲਾਬੂਲਾ):ਸ੍ਰੀ ਗੁਰੂ ਰਵਿਦਾਸ ਮਿਸ਼ਨ ਪੰਜਾਬ ਵੱਲੋਂ ਸਤਿਗੁਰ ਰਵਿਦਾਸ ਮਹਾਰਾਜ ਜੀਆਂ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਲੈ ਕੇ ਸੂਬਾ ਪੱਧਰੀ ਚੇਤਨਾ ਸਮਾਗਮ ਕਰਵਾਉਣ ਸਬੰਧੀ ਅਨਾਜ ਮੰਡੀ ਥਾਣਾ ਸ਼ੇਰਪੁਰ ਵਿਖੇ11ਮਈ ਨੂੰ ਸਵੇਰੇ 9.00 ਵਜੇ ਮੀਟਿੰਗ ਕਰਵਾਈ ਜਾ ਰਹੀ ਹੈ। ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਮਿਸ਼ਨ ਦੇ ਸੂਬਾ ਪ੍ਰਧਾਨ ਬਾਬਾ ਸੁਖਪਾਲ ਸਿੰਘ ਖੇੜੀ, ਖਜਾਨਚੀ ਗੋਰਾ ਸਿੰਘ ਘਨੌਰੀ ਕਲਾਂ,ਮੀਤ ਪ੍ਰਧਾਨ ਜਰਨੈਲ ਸਿੰਘ ਲੁਧਿਆਣਾ ਅਤੇ ਜਗਤਾਰ ਸਿੰਘ ਤੋਗਾ ਹੇੜੀ ਜਨਰਲ ਸਕੱਤਰ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਗੁਰੂ ਰਵਿਦਾਸ ਮਹਾਰਾਜ ਜੀਆਂ ਨੂੰ ਸਮਰਪਿਤ ਵਿਸ਼ਾਲ ਸਮਾਗਮ ਸਤੰਬਰ ਮਹੀਨੇ ਵਿੱਚ ਕਰਵਾਉਣ ਸਬੰਧੀ ਵੱਖ ਵੱਖ ਪਿੰਡਾਂ ਦੀਆਂ ਸੰਗਤਾਂ ਨਾਲ ਵਿਚਾਰ ਵਟਾਂਦਰਾ ਕੀਤਾ ਜਾਵੇਗਾ। ਬਾਬਾ ਸੁਖਪਾਲ ਸਿੰਘ ਖੇੜੀ ਨੇ ਇਲਾਕੇ ਦੀਆਂ ਸੰਗਤਾਂ ਨੂੰ ਪੁਰਜ਼ੋਰ ਅਪੀਲ ਕੀਤੀ ਉਹ ਇਸ ਮੀਟਿੰਗ ਵਿੱਚ ਵੱਧ ਚੜ੍ਹ ਕੇ ਸਮੂਲੀਅਤ ਕਰਨ ਤਾਂ ਜੋ ਸਮਾਗਮ ਦੀਆਂ ਤਿਆਰੀਆਂ ਸਬੰਧੀ ਵਿਚਾਰ ਵਟਾਂਦਰਾ ਕੀਤਾ ਜਾ ਸਕੇ।

# ਰਿਟਾਇਰਡ ਰੈਵੀਨਿਊ ਪਟਵਾਰੀ/ਕਾਨੂੰਗੋ ਵੈਲ.ਫੇਅਰ ਐਸੋਸੀਏਸ਼ਨ ਦੀ ਮਹੀਨਾਵਾਰ ਮੀਟਿੰਗ



ਬਰਨਾਲਾ, 6 ਮਈ (ਸੁਖਵਿੰਦਰ ਸਿੰਘ ਭੰਡਾਰੀ):ਦੀ ਰਿਟਾਇਰਡ ਰੈਵੀਨਿਊ ਪਟਵਾਰੀ/ਕਾਨੂੰਗੋ ਵੈਲਫੇਅਰ ਐਸੋਸੀਏਸ਼ਨ ਜ਼ਿਲ੍ਹਾ ਬਰਨਾਲਾ ਦੀ ਮਹੀਨਾਵਾਰ ਮੀਟਿੰਗ ਗੁਰਦੁਆਰਾ ਸਾਹਿਬ ਸਿੰਘ ਸਭਾ ਸਦਰ ਬਾਜ਼ਾਰ ਬਰਨਾਲਾ ਵਿਖੇ ਜ਼ਿਲ੍ਹਾ ਪ੍ਰਧਾਨ ਰਾਜਿੰਦਰ ਸਿੰਘ ਢਿੱਲੋਂ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਵੱਡੀ ਗਿਣਤੀ ਵਿੱਚ ਪਟਵਾਰੀ/ਕਾਨੂੰਗੋ ਸ਼ਾਮਿਲ ਹੋਏ ਅਤੇ ਮੀਟਿੰਗ ਵਿੱਚ ਜਥੇਬੰਦੀ ਦੇ ਪ੍ਰਧਾਨ ਰਾਜਿੰਦਰ ਢਿੱਲੋਂ ਨੇ ਸਾਥੀਆਂ ਦੀਆਂ ਸਮੱਸਿਆਵਾਂ, ਪੈਂਡਿੰਗ ਪਏ ਮੈਡੀਕਲ ਬਿਲਾਂ ਦੀ ਅਦਾਇਗੀ ਸਬੰਧੀ ਹੋਰ ਅਧੂਰੇ ਪਏ ਕੰਮਾਂ ਨੂੰ ਵਿਚਾਰਿਆ ਅਤੇ ਰਹਿੰਦੇ ਕੰਮਾਂ ਦੀ ਜਲਦੀ ਹੀ ਪੂਰਤੀ ਲਈ ਵਿਚਾਰ ਵਟਾਂਦਰਾ ਕਰਕੇ ਸਾਰੇ ਮਸਲੇ ਹੱਲ ਕਰਨ ਦਾ ਹਾਊਸ ਨੂੰ ਭਰੋਸਾ ਦਿੱਤਾ। ਇਸ ਮੌਕੇ ਦਰਸ਼ਨ ਸਿੰਘ ਗਿੱਲ ਜ਼ਿਲ੍ਹਾ ਖਜ਼ਾਨਚੀ ਨੇ ਹਾਊਸ ਵਿੱਚ ਪਿਛਲੇ ਫੰਡ ਦਾ ਆਮਦਨ ਅਤੇ ਖ਼ਰਚ ਦਾ ਲੇਖਾ ਜੋਖਾ ਪੇਸ਼ ਕੀਤਾ ਅਤੇ ਨਾਲ ਹੀ ਜਿੰਨ੍ਹਾਂ ਸਾਥੀਆਂ ਵੱਲ ਬਕਾਇਆ ਫੰਡ ਰਹਿੰਦਾ ਹੈ ਉਨ੍ਹਾਂ ਨੂੰ ਬਣਦਾ ਫੰਡ ਜਲਦੀ ਹੀ ਜਮਾਂ ਕਰਾਉਣ ਦੀ ਹਦਾਇਤ ਕੀਤੀ। ਕਾਨੂੰਗੋ ਰਾਜੇਸ਼ ਭੁਟਾਨੀ ਅਤੇ ਕਾਨੂੰਗੋ ਉਜਾਗਰ ਸਿੰਘ ਦਿਉਲ ਨੇ ਛੇਵੇਂ ਪੇ ਕਮਿਸ਼ਨ ਦੇ ਏਰੀਅਰ ਸਮੇਤ ਡੀਏ ਦੇ ਬਕਾਏ ਜੋ 01-01-2016 ਤੋਂ 30-06-2021 ਤੱਕ ਅਦਾਇਗੀ ਕੀਤੀ ਜਾਣੀ ਹੈ ਦੀ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਇਸ ਮੌਕੇ ਹਰਜੀਤ ਸਿੰਘ ਸ਼ਹਿਣਾ, ਸੱਤਪਾਲ ਬਾਂਸਲ ਨੇ ਸਰਕਾਰ ਵੱਲੋਂ ਮੁਲਾਜਮਾਂ ਅਤੇ ਪੈਨਸ਼ਨਰਜ਼ ਨੂੰ ਦਿੱਤੇ ਜਾਣ ਵਾਲੇ ਛੇਵੇ ਪੇ ਕਮਿਸ਼ਨ ਦੇ ਏਰੀਅਰ ਸਮੇਤ ਡੀਏ ਦੇ ਬਕਾਏ ਦੀ ਅਦਾਇਗੀ ਲਈ ਲੰਬੀਆਂ ਕਿਸ਼ਤਾਂ ਕਰਨ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ। ਮੀਟਿੰਗ ਵਿੱਚ ਕਾਨੂੰਗੋ ਬਚਨ ਸਿੰਘ, ਦਰਸ਼ਨ ਸਿੰਘ ਗੁਰੂ, ਰਾਜ ਕੁਮਾਰ ਸ਼ਰਮਾ,ਜੋਰਾ ਸਿੰਘ,ਤੇਜ ਕੁਮਾਰ ਸਿੰਗਲਾ, ਕੁਲਦੀਪ ਸ਼ਹਿਣਾ,ਨਿਰਮਲ ਸਿੰਘ ਗੁਰੂ ਨੇ ਸੰਬੋਧਨ ਕੀਤਾ।

# ਪੰਜਾਬ ਫੋਟੋਗ੍ਰਾਫਰ ਐਸੋਸੀਏਸ਼ਨ ਪੰਜਾਬ ਦੀ ਜ਼ਿਲ੍ਹਾ ਟੀਮ ਨੇ ਫੋਟੋਗ੍ਰਾਫਰ ਯੂਨੀਅਨ ਨਾਲ ਕੀਤੀ ਮੀਟਿੰਗ



ਤਪਾ ਮੰਡੀ, 6 ਮਈ (ਭੂਸ਼ਨ ਘੜੈਲਾ/ਰਾਜੂ ਮਹਿਰਾ):ਤਪਾ ਫੋਟੋਗ੍ਰਾਫਰ ਐਸੋਸੀਏਸ਼ਨ ਦੀ ਮੀਟਿੰਗ ਪ੍ਰਧਾਨ ਵਿਜੇ ਸ਼ਰਮਾ ਦੀ ਪ੍ਰਧਾਨਗੀ ਹੇਠ ਵਿਜੇ ਸਟੂਡੀਓ 'ਤੇ ਹੋਈ। ਇਸ ਮੀਟਿੰਗ ਵਿੱਚ ਪੰਜਾਬ ਫੋਟੋਗ੍ਰਾਫਰ ਐਸੋਸੀਏਸ਼ਨ ਦੇ ਜ਼ਿਲ੍ਹਾ ਪ੍ਰਧਾਨ ਜਸਵੀਰ ਸਿੰਘ ਢਿੱਲੋਂ ਭਦੌੜ, ਜ਼ਿਲ੍ਹਾ ਸਕੱਤਰ ਤਰਸੇਮ ਖਾਨ ਮਹਿਲਕਲਾਂ, ਨਰਿੰਦਰ ਪਾਲ ਸਿੰਘ ਕਾਲੇਕੇ, ਬਸਾਵਾ ਸਿੰਘ ਜ਼ਿਲ੍ਹਾ ਮੀਤ ਪ੍ਰਧਾਨ ਹੰਡਿਆਇਆ, ਪ੍ਰਗਟ ਸਿੰਘ ਗਿੱਲ ਧੂਰਕੋਟ ਅਤੇ ਸਤਪਾਲ ਰੂੜੇਕੇ ਖਜਾਨਚੀ ਨੇ ਵਿਸ਼ੇਸ਼ ਤੌਰ ਤੇ ਸ਼ਮੂਲੀਅਤ ਕਰਦਿਆਂ ਫੋਟੋਗ੍ਰਾਫਰਾਂ ਨੂੰ ਆ ਰਹੀਆਂ ਮੁਸ਼ਕਿਲਾਂ ਸਬੰਧੀ ਵਿਚਾਰ ਵਟਾਂਦਰਾ ਕੀਤਾ। ਮੀਟਿੰਗ ਵਿੱਚ ਜ਼ਿਲ੍ਹਾ ਪ੍ਰਧਾਨ ਜਗਸੀਰ ਸਿੰਘ ਢਿੱਲੋਂ ਨੇ ਸਾਥੀਆਂ ਨਾਲ ਜਾਣ ਪਹਿਚਾਣ ਕਰਵਾਉਂਦਿਆਂ ਹੋਇਆਂ ਪੰਜਾਬ ਪੱਧਰ ਤੇ ਲੱਗਣ ਵਾਲੀ ਫੋਟੋ ਪ੍ਰਦਰਸ਼ਨੀ ਦੇ ਸਬੰਧ ਵਿੱਚ ਵਿਸਥਾਰ ਰੂਪ ਵਿੱਚ ਚਾਨਣਾ ਪਾਉਂਦਿਆਂ ਹੋਇਆਂ ਕਿਹਾ ਕਿ ਪੰਜਾਬ ਫੋਟੋਗ੍ਰਾਫਰ ਐਸੋਸੀਏਸ਼ਨ ਵੱਲੋਂ ਫੋਟੋਗ੍ਰਾਫਰਾਂ ਨੂੰ ਬੇਸਿਕ ਜਾਣਕਾਰੀ ਦਿੱਤੀ ਜਾ ਰਹੀ ਹੈ ਜਿਸ ਤਹਿਤ ਫੋਟੋਗ੍ਰਾਫਰ ਆਪਣੀ ਰਜਿਸਟ੍ਰੇਸ਼ਨ ਆਨਲਾਈਨ ਕਰਵਾ ਸਕਦੇ ਹਨ, ਜਿਨ੍ਹਾਂ ਦਾ ਫੋਟੋਗ੍ਰਾਫਰਾਂ ਨੂੰ ਕਾਫੀ ਲਾਭ ਮਿਲੇਗਾ। ਇਸ ਮੌਕੇ ਜ਼ਿਲ੍ਹਾ ਸਕੱਤਰ ਤਰਸੇਮ ਖਾਨ ਅਤੇ ਬਸਾਵਾ ਸਿੰਘ ਹੰਡਿਆਇਆ ਨੇ ਆਪਣੇ ਵਿਚਾਰ ਪ੍ਰਗਟ ਕੀਤੇ। ਪ੍ਰਧਾਨ ਵਿਜੇ ਸ਼ਰਮਾ ਅਤੇ ਚੇਅਰਮੈਨ ਵਿਸ਼ਵਜੀਤ ਸ਼ਰਮਾ ਨੇ ਜਿਲ੍ਹਾ ਟੀਮ ਨੂੰ ਜੀਓ ਆਇਆ ਆਖਿਆ ਅਤੇ ਸੁਝਾਅ ਦਿੰਦੇ ਹੋਏ ਕਿਹਾ ਕਿ ਪੰਜਾਬ ਫੋਟੋਗਰਾਫਰ ਐਸੋਸੀਏਸ਼ਨ ਵੱਲੋਂ ਸਾਰੇ ਫੋਟੋਗਰਾਫਰਾ ਦਾ ਬੀਮਾ ਹੋਣਾ ਚਾਹੀਦਾ ਹੈ ਕਿਉਂਕਿ ਫੋਟੋਗ੍ਰਾਫਰ ਆਪਣੇ ਬੱਚਿਆਂ ਦਾ ਪਾਲਣ ਪੋਸ਼ਣ ਕਰਨ ਲਈ ਦਿਨ ਰਾਤ ਬਾਹਰ ਅੰਦਰ ਜਾਂਦਾ ਹੈ ਇਸ ਲਈ ਉਹਨਾਂ ਦਾ ਬੀਮਾ ਹੋਣਾ ਅਤੀ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਸਾਲ ਵਿੱਚ ਫੋਟੋਗ੍ਰਾਫਰਾਂ ਦਾ ਇੱਕ ਟੂਰ ਹੋਣਾ ਲਾਜ਼ਮੀ ਹੈ ਤਾਂ ਜੋ ਉਹ ਵੀ ਆਪਣਾ ਜਿੰਦਗੀ ਦਾ ਆਨੰਦ ਮਾਣ ਸਕਣ। ਇਸ ਮੌਕੇ ਵਿਜੇ ਸ਼ਰਮਾ, ਵਿਸ਼ਵਜੀਤ ਸ਼ਰਮਾ, ਮੇਲਾ ਕਾਲੀਆ, ਬਲਜੀਤ ਸਿੰਘ ਬਲਜੀਤਾ, ਕੇਸ਼ਵ ਸ਼ਰਮਾ,ਪਿਕਸ ਸਟੂਡੀਓ, ਸੁਖਚੈਨ ਸਿੰਘ ਭੁੱਲਰ,ਦਵਿੰਦਰ ਮਹਿਰਾ, ਮੱਖਣ ਲਾਲ, ਵਰਿੰਦਰ ਟੈਹਲੀ, ਗੁਰਜੀਤ ਸਿੰਘ, ਕਬੀਰ ਸਟੂਡੀਓ, ਭੁਪਿੰਦਰ ਕੁਮਾਰ ਬੇਪਰਵਾਹ ਆਦਿ ਹਾਜ਼ਰ ਸਨ।

# ਪੁਰਾਣੇ ਰੇਲਵੇ ਸਟੇਸ਼ਨ 'ਤੇ ਬੇਸਹਾਰਾ ਪਸ਼ੂਆਂ ਦਾ ਰੈਣ-ਬਸੇਰਾ ਬਣਨ ਕਾਰਨ ਫ਼ੈਲੀ ਗੰਦਗੀ

ਤਪਾ ਮੰਡੀ, 6 ਮਈ (ਭੂਸ਼ਨ ਘੜੈਲਾ):ਅੰਬਾਲਾ-ਬਠਿੰਡਾ ਡਬਲ ਲਾਈਨ ਦਾ ਰੇਲਵੇ ਸਟੇਸ਼ਨ ਨਵਾਂ ਬਣੇ ਨੂੰ ਅਜੇ ਲਗਭਗ ਇੱਕ ਸਾਲ ਹੀ ਹੋਇਆ ਹੈ ਜਿਸ ਦੇ ਬਣਨ ਤੋਂ ਉਪਰੰਤ ਰੇਲਵੇ ਅਧਿਕਾਰੀਆਂ ਅਤੇ ਸਟੇਸ਼ਨ ਮੁਲਾਜ਼ਮਾਂ ਦੇ ਵੱਲੋਂ ਪੁਰਾਣੇ ਸਟੇਸ਼ਨ ਦੀ ਸਾਂਭ ਸੰਭਾਲ ਕਰਨੀ ਬਿਲਕੁਲ ਹੀ ਬੰਦ ਕਰ ਦਿੱਤੀ ਗਈ ਹੈ। ਜਿਸ



ਕਾਰਨ ਹੁਣ ਇੱਥੇ ਅਵਾਰਾ ਪਸ਼ੂ ਪੂਰੇ ਪੁਰਾਣੇ ਰੇਲਵੇ ਸਟੇਸ਼ਨ ਗੰਦਗੀ ਦਾ ਘਰ ਬਣ ਚੁੱਕਿਆ ਹੈ ਇਥੋਂ ਲੰਘਣ ਵਾਲੇ ਲੋਕਾਂ ਨੂੰ ਭਾਰੀ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਸੰਬੰਧੀ ਆਨੰਦਪੁਰ ਬਸਤੀ 'ਚ ਜਾਣ ਵਾਲੇ ਕੁਝ ਰਾਹਗੀਰਾਂ ਨੇ ਦੱਸਿਆ ਕਿ ਬੇਸਹਾਰਾ ਪਸ਼ੂਆਂ ਵੱਲੋਂ ਕੀਤੇ ਗਏ ਗੋਬਰ ਵਿਚੋਂ ਭੈੜੀ ਬਦਬੂਆਉਣ ਕਾਰਨ ਬਦਬੂ ਕਾਰਨ ਇੱਥੋਂ ਲੰਘਣਾ ਮੁਸ਼ਕਲ ਹੋ ਗਿਆ ਹੈ। ਰੇਲਵੇ ਸਟੇਸ਼ਨ ਦੇ ਮੁਲਾਜ਼ਮਾਂ ਨੂੰ ਚਾਹੀਦਾ ਹੈ ਕਿ ਇਸ ਦੀ ਸਾਫ ਸਫਾਈ ਕੀਤੀ ਜਾਵੇ ਜਾਂ ਫਿਰ ਰੇਲਵੇ ਦੀ ਹਦੂਦ 'ਚ ਆਉਂਦੀ ਜਗ੍ਹਾ 'ਚ ਕੰਧ ਖਿੱਚਕੇ ਬੇਸਹਾਰਾ ਪਸ਼ੂਆਂ ਦਾ ਆਉਣਾ ਬੰਦ ਕੀਤਾ ਜਾਵੇ ਲੋਕਾਂ ਨੇ ਦੱਸਿਆ ਕਿ ਅਵਾਰਾ ਪਸ਼ੂ ਸਟੇਸ਼ਨ ਦੀ ਪਲੇਟੀ ਤੋਂ ਹੁੰਦੇ ਹੋਏ ਨਵੇਂ ਸਟੇਸ਼ਨ 'ਤੇ ਜਾ ਵੜਦੇ ਹਨ, ਜਿਸ ਕਾਰਨ ਸਵਾਰੀਆਂ ਨੂੰ ਵੀ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ। ਉਨ੍ਹਾਂ ਮੰਗ ਕੀਤੀ ਕਿ ਜਲਦੀ ਤੋਂ ਜਲਦੀ ਇਸ ਸਮੱਸਿਆ ਦਾ ਹੱਲ ਕੀਤਾ ਜਾਵੇ।

# ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਨਸ਼ਾ ਮੁਕਤੀ ਯਾਤਰਾ ਅੱਜ ਤੋਂ



ਬਰਨਾਲਾ, 6 ਮਈ (ਬਘੇਲ ਸਿੰਘ ਧਾਲੀਵਾਲ/ਚਮਕੌਰ ਸਿੰਘ ਗੱਗੀ):ਡੀਸੀ ਬਰਨਾਲਾ ਟੀ ਬੈਨਿਥ ਨੇ ਕਿਹਾ ਕਿ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਜ਼ਿਲ੍ਹੇ ਵਿਚ ਨਸ਼ਿਆਂ ਦੇ ਜੜ੍ਹੋਂ ਖਾਤਮੇ ਲਈ ਪਿੰਡ ਅਤੇ ਵਾਰਡ ਦੇ ਪਹਿਰੇਦਾਰ ਦੇ ਰੂਪ ਵਿੱਚ ਨਸ਼ਾ ਵਿਰੋਧੀ ਜੰਗ ਦੀ ਅੱਜ ਤੋਂ ਸ਼ੁਰੂਆਤ ਕੀਤੀ ਹੈ। ਉਨ੍ਹਾਂ ਕਿਹਾ ਕਿ ਇਸ ਯਾਤਰਾ ਦਾ ਮੁੱਖ ਉਦੇਸ਼ ਨਸ਼ਿਆਂ ਦੇ ਖਿਲਾਫ਼ ਲੋਕਾਂ ਵਿੱਚ ਜਾਗਰੂਕਤਾ ਪੈਦਾ ਕਰਨਾ, ਸਮਾਜ ਨੂੰ ਨਸ਼ਾ ਰਹਿਤ ਬਣਾਉਣਾ ਅਤੇ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਦੀ ਲਤ ਤੋਂ ਬਚਾਉਣਾ ਹੈ। ਉਨ੍ਹਾਂ ਜ਼ਿਲ੍ਹੇ ਵਿਚ ਨਸ਼ਾ ਮੁਕਤੀ ਯਾਤਰਾ ਦੇ ਸ਼ਡਿਊਲ ਬਾਰੇ ਦੱਸਿਆ ਕਿ 7 ਮਈ 2025 ਨੂੰ ਬਰਨਾਲਾ ਹਲਕੇ ਦੇ ਪਿੰਡ ਝਲੂਰ, ਸੇਖਾ ਅਤੇ ਫਰਵਾਹੀ , ਹਲਕਾ ਭਦੌੜ ਦੇ ਪਿੰਡ ਦੀਪਗੜ੍ਹ, ਮਝੂਕੇ ਅਤੇ ਅਲਕੜਾ, ਹਲਕਾ ਮਹਿਲ ਕਲਾਂ ਦੇ ਪਿੰਡ ਕੁਤਬਾ, ਨਿਹਾਲੂਵਾਲ ਅਤੇ ਗੰਗੋਹਰ ਵਿਖੇ ਨਸ਼ਾ ਮੁਕਤੀ ਯਾਤਰਾ ਕੱਢੀ ਜਾਵੇਗੀ। ਇਸੇ ਤਰ੍ਹਾਂ 8 ਮਈ 2025 ਹਲਕਾ ਬਰਨਾਲਾ ਦੇ ਪਿੰਡ ਉਪਲੀ, ਦਾਨਗੜ੍ਹ, ਭੱਠਲਾਂ, ਹਲਕਾ ਭਦੌੜ ਦੇ ਪਿੰਡ ਤਲਵੰਡੀ, ਖੜਕ ਸਿੰਘ ਵਾਲਾ (ਬੀਹਲੀ), ਭਦੌੜ ਪਿੰਡ ਅਤੇ ਹਲਕਾ ਮਹਿਲਕਲਾਂ ਦੇ ਪਿੰਡ ਲੋਹਗੜ੍ਹ, ਛਾਪਾ ਅਤੇ ਪੰਡੋਰੀ ਵਿਖੇ ਨਸ਼ਾ ਮੁਕਤੀ ਯਾਤਰਾ ਕੱਢੀ ਜਾਵੇਗੀ। ਉਨ੍ਹਾਂ ਦੱਸਿਆ ਕਿ 9 ਮਈ 2025 ਨੂੰ ਹਲਕਾ ਬਰਨਾਲਾ ਦੇ ਪਿੰਡ ਖੁੱਡੀ ਕਲਾਂ, ਜੋਧਪੁਰ, ਪੱਤੀ ਸੇਖਵਾਂ, ਹਲਕਾ ਭਦੌੜ ਦੇ ਭਦੌੜ ਵਾਰਡ ਨੰ. 1, ਪਿੰਡ ਜੰਗੀਆਨਾ, ਛੰਨਾ ਗੁਲਾਬ ਸਿੰਘ ਵਾਲਾ, ਹਲਕਾ ਮਹਿਲ ਕਲਾਂ ਦੇ ਪਿੰਡ ਛੀਨੀਵਾਲ ਕਲਾਂ, ਮਹਿਲ ਕਲਾਂ ਸੋਧੇ, ਮਹਿਲ ਖੁਰਦ ਵਿਖੇ ਯਾਤਰਾ ਕੱਢੀ ਜਾਵੇਗੀ। ਇਸ ਤੋਂ ਬਾਅਦ 10 ਮਈ ਨੂੰ ਹਲਕਾ ਬਰਨਾਲਾ ਦੇ ਪਿੰਡ ਭੱਦਲਵਡ, ਅਮਲਾ ਸਿੰਘ ਵਾਲਾ, ਕਰਮਗੜ੍ਹ, ਹਲਕਾ ਭਦੌੜ ਦੇ ਪਿੰਡ ਨੈਣੇਵਾਲ, ਬੱਲੋਕੇ, ਮੌੜ ਮਕਸੂਤਾ ਵਿਖੇ ਨਸ਼ਾ ਮੁਕਤੀ ਯਾਤਰਾ ਕੱਢੀ ਜਾਵੇਗੀ। ਉਨ੍ਹਾਂ ਦੱਸਿਆ ਕਿ 11 ਮਈ 2025 ਨੂੰ ਹਲਕਾ ਬਰਨਾਲਾ ਦੇ ਧਨੌਲਾ ਵਾਰਡ ਨੰ. 1 ਤੋਂ 11 ਤੱਕ, ਹਲਕਾ ਭਦੌੜ ਦੇ ਪਿੰਡ ਸਹਿਣਾ, ਬੁਰਜਫਤਿਗੜ੍ਹ, ਮੌੜਨਾਭਾ ਵਿਖੇ ਯਾਤਰਾ ਕੱਢੀ ਜਾਵੇਗੀ। ਇਸੇ ਤਰ੍ਹਾਂ 12 ਮਈ 2025 ਨੂੰ ਬਲਾਕ ਬਰਨਾਲਾ ਦੇ ਪਿੰਡ ਬਡਬਰ, ਹਰੀਗੜ੍ਹ, ਭੂਰੇ, ਬਲਾਕ ਭਦੌੜ ਦੇ ਪਿੰਡ ਜਗਜੀਤਪੁਰਾਂ, ਭਗਤਪੁਰਾਂ, ਸੁਖਪੁਰਾਂ, ਬਲਾਕ ਮਹਿਲ ਕਲਾਂ ਦੇ ਪਿੰਡ ਮਨਾਲ, ਗੁੰਮਟੀ, ਹਮੀਦੀ ਵਿਖੇ ਯਾਤਰਾ ਕੱਢੀ ਜਾਵੇਗੀ। ਉਨ੍ਹਾਂ ਅੱਗੇ ਦੱਸਿਆ ਕਿ 13 ਮਈ 2025 ਨੂੰ ਹਲਕਾ ਬਰਨਾਲਾ ਦੇ ਪਿੰਡ ਰਾਜਗੜ੍ਹ, ਕੱਟੂ, ਭੈਣੀਮਹਿਰਾਜ, ਹਲਕਾ ਭਦੌੜ ਦੇ ਪਿੰਡ ਢਿੱਲਵਾਂ, ਜੈਮਲ ਸਿੰਘ ਵਾਲਾ, ਦਰਾਜ ਵਿਖੇ ਯਾਤਰਾ ਕੱਢੀ ਜਾਵੇਗੀ। ਉਨ੍ਹਾਂ ਦੱਸਿਆ ਕਿ 14 ਮਈ 2025 ਨੂੰ ਹਲਕਾ ਬਰਨਾਲਾ ਦੇ ਹੰਡਿਆਇਆ ਵਾਰਡ ਨੰ. 1 ਤੋਂ 13 ਤੱਕ, ਧਨੌਲਾ ਖੁਰਦ, ਹਲਕਾ ਭਦੌੜ ਦੇ ਪਿੰਡ ਖੁੱਡੀਖੁਰਦ, ਘੁੰਨਸ, ਮਹਿਤਾ ਵਿਖੇ ਯਾਤਰਾ ਕਰਵਾਈ ਜਾਵੇਗੀ। ਇਸੇ ਤਰ੍ਹਾਂ 15 ਮਈ 2025 ਨੂੰ ਹਲਕਾ ਬਰਨਾਲਾ ਦੇ ਪਿੰਡ ਠੁਲੇਵਾਲ, ਨੰਗਲ, ਸੰਗੇੜਾ ਵਾਰਡ ਨੰ. 1 ਅਤੇ 2, ਹਲਕਾ ਭਦੌੜ ਦੇ ਤਪਾ ਵਾਰਡ ਨੰ. 1, ਤਾਜੋਕੇ, ਦਰਾਕਾ ਵਿਖੇ ਨਸ਼ਾ ਮੁਕਤੀ ਯਾਤਰਾ ਕੱਢੀ ਜਾਵੇਗੀ।

# ਅੱਜ ਬਿਜਲੀ ਸਪਲਾਈ ਬੰਦ ਰਹੇਗੀ

ਬਰਨਾਲਾ, 6 ਮਈ (ਤੁਸ਼ਾਰ ਗੋਇਲ):ਮਿਤੀ 07-05-2025 ਦਿਨ ਬੁੱਧਵਾਰ ਨੂੰ ਸਵੇਰੇ 09 ਵਜੇ ਤੋਂ ਸ਼ਾਮ 5 ਵਜੇ ਤੱਕ ਬਿਜਲੀ ਸਪਲਾਈ ਬੰਦ ਰਹੇਗੀ। ਇੰਜ ਪ੍ਰਦੀਪ ਸ਼ਰਮਾ ਐਸਡੀਓ ਸਬ-ਡਵੀਜਨ ਸਬ-ਅਰਬਨ ਬਰਨਾਲਾ ਅਤੇ ਇੰਜ. ਗੁਰਬਚਨ ਸਿੰਘ ਜੇਈ ਅਤੇ ਇੰਜ ਲਵਪ੍ਰੀਤ ਸਿੰਘ ਜੇਈ ਨੇ ਜਾਣਕਾਰੀ ਦਿੰਦਿਆਂ ਹੋਏ ਕਿਹਾ ਕਿ ਹੰਡਿਆਇਆ ਗਰਿਡ ਤੋਂ ਚਲਦੇ 11 ਕੇ ਵੀ ਹੰਡਿਆਇਆ ਸ਼ਹਿਰੀ ਕੈਟਾਗਰੀ-1 ,ਮਾਨਸਾ ਰੋਡ ਕੈਟਾਗਰੀ, ਸਟੈਂਡਰਡ ਕੰਬਾਈਨ ਕੈਟਾਗਰੀ -4 ਅਤੇ ਪੱਤੀ ਰੋਡ,ਫੀਡਰ ਬੰਦ ਰਹਿਣਗੇ। ਜੋ ਕਿ 220 ਕੇ ਵੀ ਹੰਡਿਆਇਆ ਗਰਿਡ ਦੀ ਬਸ-ਬਾਰ-1 'ਤੇ ਜ਼ਰੂਰੀ ਮੈਟੀਨੈਂਸ ਕੀਤੀ ਜਾਵੇਗੀ। ਇਸ ਲਈ ਖੁੱਡੀ ਖੁਰਦ, ਹੰਡਿਆਇਆ ਸ਼ਹਿਰ, ਆਊਟਲੈੱਟ ਹੰਡਿਆਇਆ, ਬਠਿੰਡਾ ਰੋਡ, ਧਨੌਲਾ ਖੁਰਦ, ਕੋਠੇ ਸਰਾਂ, ਮਾਨਸਾ ਰੋਡ, ਛੰਨਾ ਰੋਡ,ਭੈਣੀ ਰੋਡ, ਸ਼ਕਤੀ ਨਗਰ,ਖੁਡੀ ਰੋਡ, ਪੱਤੀ ਰੋਡ, ਸੋਹਲ ਪੱਤੀ ਪਿੰਡ, ਬਾਜਾਖਾਨਾ ਰੋਡ ਅਤੇ ਜੇਲ੍ਹ ਵਾਲਾ ਏਰੀਆ ਆਦਿ ਇਲਾਕਿਆਂ ਦੀ ਸਪਲਾਈ ਪ੍ਰਭਾਵਿਤ ਰਹੇਗੀ।

# ਪਿੰਡਾਂ/ਵਾਰਡਾਂ ਵਿੱਚ ਰੱਖਿਆ ਕਮੇਟੀਆਂ ਨੂੰ ਨਸ਼ਿਆਂ ਖਿਲਾਫ਼ ਜਾਗਰੂਕ ਕਰਨ ਲਈ ਨਸ਼ਾ ਮੁਕਤੀ ਯਾਤਰਾਵਾਂ 7 ਮਈ ਤੋਂ

ਖਨੌਰੀ 6 ਮਈ: (ਓਮਪ੍ਰਕਾਸ਼ ਮੁਆਲ): ਮੁੱਖ ਮੰਤਰੀ, ਪੰਜਾਬ, ਸ. ਭਗਵੰਤ ਸਿੰਘ ਮਾਨ ਵੱਲੋਂ ਬੀਤੀ 24 ਫਰਵਰੀ ਤੋਂ ਆਰੰਭੀ ਨਸ਼ਿਆਂ ਖਿਲਾਫ ਫੈਸਲਾਕੁੰਨ ਲੜਾਈ ਦੇ ਅਗਲੇ ਪੜਾਅ ਵਜੋਂ ਹੁਣ ਸਰਕਾਰ ਵੱਲੋਂ ਨਸ਼ਾ ਮੁਕਤੀ ਯਾਤਰਾ ਤਹਿਤ ਪਿੰਡ ਪੱਧਰ ਅਤੇ ਵਾਰਡ ਪੱਧਰ 'ਤੇ ਜਾ ਕੇ ਰੱਖਿਆ ਕਮੇਟੀਆਂ ਨਾਲ ਜਾਗਰੂਕਤਾ ਮੀਟਿੰਗਾਂ ਦਾ ਸਿਲਸਿਲਾ ਆਰੰਭਿਆ ਗਿਆ ਹੈ।ਇਨ੍ਹਾਂ ਮੀਟਿੰਗਾਂ ਦਾ ਮੰਤਵ ਪਿੰਡ ਰੱਖਿਆ ਕਮੇਟੀਆਂ ਅਤੇ ਵਾਰਡ ਰੱਖਿਆ ਕਮੇਟੀਆਂ ਦੇ ਮੈਂਬਰਾਂ ਨੂੰ ਨਸ਼ਾ ਤਸਕਰਾਂ ਦੀਆਂ ਗਤੀਵਿਧੀਆਂ ਪੁਲਿਸ ਅਤੇ ਜ਼ਿਲ੍ਹਾ ਪ੍ਰਸ਼ਾਸਨ ਤੱਕ ਪਹੁੰਚਾਉਣ, ਨਸ਼ਾ ਪੀੜਤਾਂ ਦੇ ਇਲਾਜ ਲਈ ਉਹਨਾਂ ਨੂੰ ਪ੍ਰੇਰ ਕੇ ਨਸ਼ਾ ਮੁਕਤੀ ਕੇਂਦਰਾਂ ਤੱਕ ਲਿਆਉਣ ਲਈ ਜਾਗਰੂਕ ਕਰਨਾ ਹੋਵੇਗਾ।ਇਹ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਟੀ.ਬੈਨਿਥ ਨੇ ਦੱਸਿਆ ਕਿ ਜ਼ਿਲ੍ਹੇ ਵਿਚਲੇ ਸਾਰੇ ਹਲਕਿਆਂ ਵਿੱਚ ਇਹ ਯਾਤਰਾ 07 ਮਈ ਤੋਂ ਸ਼ੁਰੂ ਹੋਵੇਗੀ, ਜਦਕਿ ਹਲਕਾ ਸੁਨਾਮ ਵਿਖੇ ਇਹ ਯਾਤਰਾ 08 ਮਈ ਤੋਂ ਸ਼ੁਰੂ ਹੋਵੇਗੀ।ਵਿਧਾਨ ਸਭਾ ਹਲਕਾ ਧੂਰੀ ਦੇ ਪਿੰਡ ਭੁਲਰਹੇੜੀ ਵਿਖੇ ਸ਼ਾਮ 04 ਵਜੇ, ਭਲਵਾਨ ਵਿਖੇ ਸ਼ਾਮ 5 ਵਜੇ ਅਤੇ ਪਲਾਸੌਰ ਵਿਖੇ ਸ਼ਾਮ 6 ਵਜੇ ਇਸ ਯਾਤਰਾ ਤਹਿਤ ਮੀਟਿੰਗਾਂ ਕੀਤੀਆਂ ਜਾਣਗੀਆਂ।

# ਚੇਅਰਮੈਨ ਢਿੱਲੋਂ ਨੇ ਰੰਗੀਆਂ ਵਿਖੇ ਹੋਏ ਵਿਕਾਸ ਕਾਰਜਾਂ ਦਾ ਕੀਤਾ ਉਦਘਾਟਨ



ਸ਼ੇਰਪੁਰ, 6 ਮਈ (ਰਣਜੀਤ ਸਿੰਘ ਪੇਧਨੀ):ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸ਼ੁਰੂ ਕੀਤੇ ਪੰਜਾਬ ਸਿੱਖਿਆ ਕ੍ਰਾਂਤੀ ਪ੍ਰੋਗਰਾਮ ਦੇ ਤਹਿਤ ਸਰਕਾਰੀ ਹਾਈ ਸਕੂਲ ਪਿੰਡ ਰੰਗੀਆਂ ਵਿਖੇ ਸ੍ਰੀਮਤੀ ਕੁਲਦੀਪ ਕੌਰ ਸਕੂਲ ਇੰਚਾਰਜ ਦੀ ਅਗਵਾਈ ਹੇਠ ਹੋਏ ਵਿਕਾਸ ਕਾਰਜਾਂ ਦਾ ਉਦਘਾਟਨ ਮੁੱਖ ਮੰਤਰੀ ਕੈਂਪਸ ਦੇ ਇੰਚਾਰਜ ਸ. ਦਲਵੀਰ ਸਿੰਘ ਢਿੱਲੋ ਚੇਅਰਮੈਨ ਲਘੂ ਉਦਯੋਗ ਨਿਗਮ ਪੰਜਾਬ ਨੇ ਕੀਤਾ। ਉਨਾਂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਿੱਖਿਆ ਖੇਤਰ ਵਿੱਚ ਵੱਡੇ ਸੁਧਾਰ ਕੀਤੇ ਗਏ ਹਨ ਅਤੇ ਸਕੂਲਾਂ ਦੇ ਬੁਨਿਆਦੀ ਢਾਂਚੇ ਨੂੰ ਮਜਬੂਤ ਕੀਤਾ ਜਾ ਰਿਹਾ ਹੈ। ਇਸ ਤੋਂ ਬਿਨਾਂ ਸਕੂਲਾਂ ਦੇ ਅਧਿਆਪਕਾਂ ਨੂੰ ਦੇਸ਼ ਵਿਦੇਸ਼ ਤੋਂ ਵਧੀਆ ਸਿਖਲਾਈ ਦਵਾਈ ਜਾ ਰਹੀ ਹੈ ਤਾਂ ਜੋ ਸਾਡੇ ਮਨੁੱਖੀ ਸ਼ਕਤੀ ਦੇ ਹੁਨਰ ਵਿੱਚ ਹੋਰ ਵਾਧਾ ਹੋਵੇ ਅਤੇ ਸਾਡੇ ਅਧਿਆਪਕ ਵਿਦਿਆਰਥੀਆਂ ਨੂੰ ਵਿਸ਼ਵ ਪੱਧਰ ਦੀ ਸਿੱਖਿਆ ਮੁਹਈਆ ਕਰਵਾਈ ਜਾ ਸਕੇ। ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਵੇਲੇ ਸਰਹੱਦੀ ਪਿੰਡਾਂ ਦੇ ਸਕੂਲ ਅਣਗੌਲੇ ਸਨ। ਪਰ ਪਹਿਲੀ ਵਾਰ ਹੋਇਆ ਹੈ ਕਿ ਪੰਜਾਬ ਸਰਕਾਰ ਵੱਲੋ ਸਿੱਖਿਆ ਕ੍ਰਾਂਤੀ ਦੀ ਲੋਅ ਪਹੁੰਚਾਈ ਜਾ ਰਹੀ ਹੈ। ਇਸ ਮੌਕੇ ਦਰਸਨ ਸਿੰਘ ਪਾਠਕ,ਸਰਪੰਚ ਅੰਮ੍ਰਿਤਪਾਲ ਸਿੰਘ ਰਾਜੂ ਰੰਗੀਆਂ, ਬਖਸੀਸ ਸਿੰਘ ਅਲਾਲ, ਗੁਰਚਰਨ ਸਿੰਘ, ਹਰਜਿੰਦਰ ਸਿੰਘ, ਸੰਦੀਪ ਸਿੰਘ, ਅਮਨਦੀਪ ਸਿੰਘ, ਗੁਰਪ੍ਰੀਤ ਕੌਰ ਆਦਿ ਹਾਜਰ ਸਨ।

# ਭਵਾਨੀਗੜ੍ਹ 'ਚ ਮਾਂ ਨੇ ਧੀ ਸਮੇਤ ਨਿਗਲਿਆ ਜ਼ਹਿਰ, ਦੋਵਾਂ ਦੀ ਮੌਤ

ਭਵਾਨੀਗੜ੍ਹ, 6 ਮਈ (ਅਮਨਦੀਪ ਸਿੰਘ ਮਾਝਾ) : ਬੀਤੀ ਰਾਤ ਭਵਾਨੀਗੜ੍ਹ ਦੀ ਮਹਾਂਵੀਰ ਬਸਤੀ ਵਿਖੇ ਰਹਿੰਦੇ ਕਾਲਜ ਦੇ ਇਕ ਪ੍ਰੋਫੈਸਰ ਦੀ ਪਤਨੀ ਨੇ ਆਪਣੀ 9 ਸਾਲਾ ਮਾਸੂਮ ਬੱਚੀ ਸਮੇਤ ਜ਼ਹਿਰ ਨਿਗਲ ਕੇ ਜੀਵਨ ਲੀਲਾ ਸਮਾਪਤ ਕਰ ਲਈ। ਪੁਲਿਸ ਨੇ ਮ੍ਰਿਤਕਾ ਦੀ ਮਾਂ ਦੇ ਬਿਆਨਾਂ 'ਤੇ ਪ੍ਰੋਫੈਸਰ ਪਤੀ, ਉਸਦੀ ਮਾਂ ਤੇ ਭੈਣ ਖਿਲਾਫ਼ ਕੇਸ ਦਰਜ ਕਰਕੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ। ਇਸ ਸਬੰਧੀ ਜਾਂਚ ਅਧਿਕਾਰੀ ਏ.ਐਸ.ਆਈ.ਸੁਰੇਸ਼ ਕੁਮਾਰ ਨੇ ਦੱਸਿਆ ਕਿ ਮਨਜੀਤ ਕੌਰ ਵਾਸੀ ਪਿੰਡ ਰਣੋ ਕਲਾਂ (ਪਟਿਆਲਾ) ਨੇ ਪੁਲਸ ਕੋਲ ਬਿਆਨ ਦਰਜ ਕਰਵਾਏ ਕਿ ਉਸ ਦੀ ਲੜਕੀ ਸੁਖਵਿੰਦਰ ਕੌਰ ਉਰਫ ਰਾਣੀ (30) ਜਿਸਦਾ ਕਰੀਬ 11 ਸਾਲ ਪਹਿਲਾਂ ਸੰਦੀਪ ਸਿੰਘ ਵਾਸੀ ਭਵਾਨੀਗੜ੍ਹ ਨਾਲ ਵਿਆਹ ਹੋਇਆ ਸੀ। ਜਵਾਈ ਸੰਦੀਪ ਸਿੰਘ ਸ਼ਹੀਦ ਊਧਮ ਸਿੰਘ ਕਾਲਜ ਸੁਨਾਮ ਵਿਖੇ ਪ੍ਰੋਫੈਸਰ ਦੀ ਨੌਕਰੀ ਕਰਦਾ ਹੈ ਜਿਨ੍ਹਾਂ ਕੋਲ 9 ਸਾਲ ਦੀ ਇਕ ਬੱਚੀ ਸੀ। ਸ਼ਿਕਾਇਤ 'ਚ ਮਨਜੀਤ ਕੌਰ ਨੇ ਦੋਸ਼ ਲਗਾਇਆ ਕਿ ਜਵਾਈ ਸੰਦੀਪ ਦੀ ਭੈਣ ਹਰਪ੍ਰੀਤ ਕੌਰ ਜੋ ਛੰਨਾ ਨੱਥੂਵਾਲ (ਪਟਿਆਲਾ) ਵਿਖੇ ਵਿਆਹੀ ਹੋਈ ਸੀ ਸੁਖਵਿੰਦਰ ਕੌਰ ਦੀ ਜ਼ਿੰਦਗੀ 'ਚ ਦਖਲ ਅੰਦਾਜ਼ੀ ਕਰਕੇ ਆਪਣੀ ਮਾਂ ਗੁਰਮੇਲ ਕੌਰ ਅਤੇ ਭਰਾ ਸੰਦੀਪ ਸਿੰਘ ਨਾਲ ਮਿਲ ਕੇ ਉਸਦੀ ਲੜਕੀ ਸੁਖਵਿੰਦਰ ਕੌਰ ਨੂੰ ਤੰਗ ਪ੍ਰੇਸ਼ਾਨ ਕਰਦੇ ਸੀ ਨਾਲ ਹੀ ਇਹ ਵੀ ਕਹਿੰਦੀ ਸੀ ਕਿ ਉਸਦਾ ਪਤੀ ਸੰਦੀਪ ਸਿੰਘ ਅਕਸਰ ਕਹਿੰਦਾ ਹੈ ਕਿ ਤੇਰੀ ਮਾਂ ਨੇ ਤੇਰੀ ਭੈਣ ਅਮਨਦੀਪ ਕੌਰ ਨੂੰ ਵਿਦੇਸ਼ ਭੇਜਣ ਲਈ 22 ਲੱਖ ਖਰਚੇ ਹਨ, ਇਸ ਲਈ ਇੰਨ੍ਹੇ ਹੀ ਪੈਸੇ ਉਹ ਸਾਨੂੰ ਦੇਵੇ। ਮਨਜੀਤ ਕੌਰ ਨੇ ਕਿਹਾ ਕਿ ਇਸ ਗੱਲ ਨੂੰ ਲੈ ਕੇ ਸੁਖਵਿੰਦਰ ਕੌਰ ਬਹੁਤ ਦੁਖੀ ਰਹਿੰਦੀ ਸੀ ਤੇ ਮਰ ਜਾਣ ਦੀ ਗੱਲ ਕਰਦੀ ਸੀ। ਮਨਜੀਤ ਕੌਰ ਨੇ ਦੱਸਿਆ ਕਿ ਇਸ ਦੌਰਾਨ ਐਤਵਾਰ ਸ਼ਾਮ 7 ਕੁ ਵਜੇ ਉਸਦੀ ਲੜਕੀ ਸੁਖਵਿੰਦਰ ਕੌਰ ਦਾ ਫੋਨ ਆਇਆ ਕਿ ਉਸਦੀ ਸੱਸ, ਪਤੀ ਤੇ ਨਨਾਣ ਦੀ ਸ਼ਹਿ 'ਤੇ ਉਸਨੂੰ ਬਹੁਤ ਤੰਗ ਪ੍ਰੇਸ਼ਾਨ ਅਤੇ ਲੜਾਈ ਝਗੜਾ ਕਰ ਰਹੀ ਹੈ ਜਿਸ ਕਰਕੇ ਉਹ ਆਪਣੀ ਧੀ ਸਮੇਤ ਜੀਵਨ ਲੀਲਾ ਖ਼ਤਮ ਕਰ ਲਵੇਗੀ। ਇਸ ਮਗਰੋਂ ਸੁਖਵਿੰਦਰ ਕੌਰ ਨੇ ਖੁਦ ਅਤੇ ਆਪਣੀ ਬੇਟੀ ਰਸਮਪ੍ਰੀਤ ਕੌਰ ਨੂੰ ਵੀ ਜ਼ਹਿਰੀਲੀ ਦਵਾਈ ਪਿਆ ਦਿੱਤੀ।

## ਸ਼ਿਵਮ ਕਾਲਜ ਆਫ ਐਜੂਕੇਸ਼ਨ ਵਿੱਚ ਕੀਤੀ ਵਿਦਾਇਗੀ ਪਾਰਟੀ



ਲਹਿਰਾਗਾਗਾ, 6 ਮਈ (ਰਾਮੇਸ਼ਵਰ ਸ਼ਰਮਾ/ਖੁਸ਼ਵਿੰਦਰ ਸ਼ਰਮਾ): ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸ਼ਿਵਮ ਕਾਲਜ ਵਿਖੇ ਜੂਨੀਅਰ ਵਿਦਿਆਰਥੀਆਂ ਦੁਆਰਾ ਸੀਨੀਅਰ ਵਿਦਿਆਰਥੀਆਂ ਲਈ ਵਿਦਾਇਗੀ ਪਾਰਟੀ ਰੱਖੀ ਗਈ। ਸ਼ੁਰੂਆਤ ਤੋਂ ਪਹਿਲਾਂ ਕਾਲਜ ਪਹੁੰਚੇ ਮੁੱਖ ਮਹਿਮਾਨ ਮੈਡਮ ਸੀਮਾ ਗੋਇਲ ਪਤਨੀ ਵਰਿੰਦਰ ਗੋਇਲ ਕੈਬਨਿਟ ਮੰਤਰੀ ਪੰਜਾਬ ਸਰਕਾਰ ਦਾ ਕਾਲਜ ਪਹੁੰਚਣ 'ਤੇ ਚੇਅਰਮੈਨ ਅਨਿਲ ਗਰਗ ਜੀ ਦੁਆਰਾ ਨਿੱਘਾ ਸਵਾਗਤ ਕੀਤਾ ਗਿਆ। ਫਿਰ ਮੁੱਖ ਮਹਿਮਾਨ ਦੁਆਰਾ ਜੋਤ ਸ਼ਮਾ ਕੀਤੀ ਗਈ। ਪਾਰਟੀ ਦੀ ਸ਼ੁਰੂਆਤ ਧਾਰਮਿਕ ਸ਼ਬਦ ਨਾਲ ਕੀਤੀ ਗਈ। ਇਸ ਤੋਂ ਬਾਅਦ ਵਿਦਿਆਰਥੀਆਂ ਦੁਆਰਾ ਕਾਮੇਡੀ ਸਕਿਟ ਪੇਸ਼ ਕੀਤੀ ਗਈ। ਫਿਰ ਕੁੜੀਆਂ ਦੁਆਰਾ ਗਿੱਧਾ ਪੇਸ਼ ਕੀਤਾ ਗਿਆ। ਮੁੰਡਿਆਂ ਦੁਆਰਾ ਸੋਲੋ ਡਾਂਸ ਅਤੇ ਭੰਗੜਾ ਪੇਸ਼ ਕੀਤਾ ਗਿਆ। ਕਾਵੀ ਵਿਦਿਆਰਥੀਆਂ ਦੁਆਰਾ ਗੀਤ ਅਤੇ ਕਵਿਤਾਵਾਂ ਪੇਸ਼ ਕੀਤੀਆ ਗਈਆਂ। ਕਾਲਜ ਦੇ ਪ੍ਰਧਾਨ ਰਾਹੁਲ ਗਰਗ ਜੀ ਨੇ ਕਿਹਾ ਕਿ ਪੜਾਈ ਦੇ ਨਾਲ ਨਾਲ ਹੱਸਣਾ-ਖੇਡਣਾ ਵੀ ਸਾਡੇ ਜੀਵਨ ਦਾ ਇੱਕ ਜ਼ਰੂਰੀ ਹਿੱਸਾ ਹੈ। ਉਨ੍ਹਾਂ ਨੇ ਕਿਹਾ ਕਿ ਸਾਨੂੰ ਆਪਣੇ ਪ੍ਰਤਿਭਾ ਨੂੰ ਸਭ ਦੇ ਸਾਹਮਣੇ ਪੇਸ਼ ਕਰਨਾ ਚਾਹੀਦਾ ਹੈ ਅਤੇ ਆਪਣੀ ਜਿੰਦਗੀ ਵਿੱਚ ਅੱਗੇ ਵੱਧਦੇ ਰਹਿਣਾ ਚਾਹੀਦਾ ਹੈ। ਇਸ ਤੋਂ ਬਾਅਦ ਕਾਲਜ ਦੇ ਪ੍ਰਿੰਸੀਪਲ ਡਾ. ਰਮਨਦੀਪ ਕੌਰ ਨੇ ਵਿਦਿਆਰਥੀਆਂ ਨੂੰ ਹਮੇਸ਼ਾ ਮਿਹਨਤ ਕਰਦੇ ਰਹਿਣ ਲਈ ਪ੍ਰੇਰਿਤ ਕੀਤਾ ਅਤੇ ਭਵਿੱਖ ਵਿੱਚ ਆਪਣੇ ਉਦੇਸ਼ ਤੇ ਚੱਲਦੇ ਰਹਿਣ ਲਈ ਕਿਹਾ। ਇਸ ਤੇ ਬਾਅਦ ਪਾਰਟੀ ਦੇ ਮਿਸਟਰ ਫੇਅਰਵੈੱਲ ਅਤੇ ਮਿਸ ਫੇਅਰਵੈੱਲ ਕੱਢੇ ਗਏ ਅਤੇ ਉਨ੍ਹਾਂ ਨੂੰ ਸਨਮਾਨਿਤ ਕੀਤਾ ਗਿਆ।

# ਪੁਲਿਸ ਮੁਕਾਬਲੇ ਦੌਰਾਨ ਜ਼ਖ਼ਮੀ ਹੋਏ ਲੁਟੇਰੇ ਲਗਾਤਾਰ ਕਰ ਰਹੇ ਸਨ ਠੇਕਿਆਂ 'ਤੇ ਲੁੱਟ

### 29 ਅਪ੍ਰੈਲ ਨੂੰ ਪਿੰਡ ਗਿੱਲ ਪੱਤੀ ਠੇਕੇ ਦੇ ਕਰਿੰਦੇ ਤੋਂ ਖੋਹੇ ਸਨ 8 ਹਜ਼ਾਰ ਰੁਪਏ ਤੇ ਮੋਬਾਇਲ ਫੋਨ

ਬਠਿੰਡਾ, 6 ਮਈ (ਦੀਪਕ ਸ਼ਰਮਾ): ਚਾਰ ਅਪ੍ਰੈਲ ਦੀ ਰਾਤ ਨੂੰ ਪੁਲਿਸ ਮੁਕਾਬਲੇ ਬਾਅਦ ਫੜ੍ਹੇ ਗਏ ਲੁਟੇਰਿਆਂ ਨੇ ਪਹਿਲਾਂ ਵੀ ਸ਼ਰਾਬ ਦੇ ਠੇਕੇ ਉੱਪਰ ਲੁੱਟ ਕੀਤੀ ਸੀ। ਪੁਲਿਸ ਵੱਲੋਂ ਲੁਟੇਰਿਆਂ ਤੋਂ ਕੀਤੀ ਗਈ ਮੁੱਢਲੀ ਪੁੱਛਗਿੱਛ ਦੌਰਾਨ ਇਹ ਗੱਲ ਸਾਹਮਣੇ ਆਈ ਹੈ। ਦੱਸਣਾ ਬਣਦਾ ਹੈ ਕਿ ਪੁਲਿਸ ਮੁਕਾਬਲੇ ਵਿੱਚ ਦੋਵੇਂ ਲੁਟੇਰੇ ਗੋਲੀ ਲੱਗਣ ਨਾਲ ਜਖ਼ਮੀ ਹੋ ਗਏ ਸਨ, ਜਿਸ ਕਾਰਨ ਉਹ ਹਸਪਤਾਲ ਵਿੱਚ ਜੇਰੇ ਇਲਾਜ ਹਨ। ਜਿਸ ਦੇ ਚਲਦਿਆਂ ਪੁਲਿਸ ਅਜੇ ਉਨ੍ਹਾਂ ਤੋਂ ਜਿਆਦਾ ਸਖ਼ਤਾਈ ਨਾਲ ਪੁੱਛ ਗਿੱਛ ਨਹੀਂ ਕਰ ਰਹੀ। ਹਸਪਤਾਲ ਵਿੱਚੋਂ ਛੁੱਟੀ ਮਿਲਣ ਤੋਂ ਬਾਅਦ ਕਥਿਤ ਲੁਟੇਰਿਆਂ ਦਾ ਰਿਮਾਂਡ ਹਾਸਲ ਕਰਕੇ ਹੋਰ ਵੀ ਜ਼ਿਆਦਾ ਡੂੰਘਾਈ ਨਾਲ ਪੁੱਛ ਗਿਛ ਕੀਤੀ ਜਾਵੇਗੀ। ਜਿਸ ਦੌਰਾਨ ਕਈ ਅਹਿਮ ਖੁਲਾਸੇ ਹੋਣ ਦੀ ਸੰਭਾਵਨਾ ਹੈ। ਜ਼ਿਕਰਯੋਗ ਹੈ ਕਿ ਪੁਲਿਸ ਮੁਕਾਬਲੇ ਦੌਰਾਨ ਫੜੇ ਗਏ ਲੁਟੇਰਿਆਂ ਅਮਰਜੀਤ ਸਿੰਘ ਵਾਸੀ ਕੋਠੇ ਅਮਰਪੁਰਾ ਅਤੇ ਜਗੀਰ ਕੁਮਾਰ ਵਾਸੀ ਗੁਰੂ ਗੋਬਿੰਦ ਸਿੰਘ ਨਗਰ ਬਠਿੰਡਾ ਨੇ 2 ਮਈ ਨੂੰ ਸ਼ਹਿਰ ਦੇ ਰਲਾਇੰਸ ਮਾਲ ਨੇੜੇ ਸ਼ਰਾਬ ਦੇ ਠੇਕੇ ਉੱਪਰ ਲੁੱਟ ਕੀਤੀ ਸੀ, ਜਿਸ ਤੋਂ ਬਾਅਦ ਪੁਲਿਸ ਪਾਰਟੀਆਂ ਲੁਟੇਰਿਆਂ ਦੀ ਭਾਲ ਵਿੱਚ ਲੱਗੀਆਂ ਹੋਈਆਂ ਸਨ। ਇਸ ਦੌਰਾਨ ਹੀ ਸੀਆਈਏ ਸਟਾਫ ਇੱਕ ਅਤੇ ਥਾਣਾ ਕੈਂਟ ਦੀ ਟੀਮ ਨੂੰ ਸੂਚਨਾ ਮਿਲੀ ਕਿ ਕੁਝ ਲੁਟੇਰੇ ਪਰਸਰਾਮ ਨਗਰ ਦੇ ਨੌਜਵਾਨ ਰੋਹਿਤ ਪੇਧਨੀ ਦੇ ਘਰ ਠਹਿਰੇ ਹੋਏ ਹਨ। ਪੁਲਿਸ ਪਾਰਟੀ ਨੇ ਪਰਸਰਾਮ ਨਗਰ ਵਿੱਚ ਛਾਪੇਮਾਰੀ ਕੀਤੀ ਤਾਂ ਲੁਟੇਰੇ ਅਮਰਜੀਤ ਸਿੰਘ ਨੇ ਫਾਇਰਿੰਗ ਕਰ ਦਿੱਤੀ, ਜਿਸ ਕਾਰਨ ਸੀਆਈਏ ਸਟਾਫ ਦਾ ਏਐੱਸਆਈ ਸੁਖਪ੍ਰੀਤ ਸਿੰਘ ਜਖਮੀ ਹੋ ਗਿਆ। ਇਸ ਘਟਨਾ ਤੋਂ ਬਾਅਦ ਪੁਲਿਸ ਨੇ ਸਾਰੇ ਜ਼ਿਲ੍ਹੇ ਅੰਦਰ ਨਾਕਾਬੰਦੀ ਕਰ ਦਿੱਤੀ ਤਾਂ ਜੋ ਲੁਟੇਰੇ ਫਰਾਰ ਨਾ ਹੋ ਸਕਣ। 4 ਮਈ ਦੀ ਰਾਤ ਨੂੰ ਸੀਆਈਏ ਸਟਾਫ ਦੇ ਥਾਣੇਦਾਰ ਗੁਰਪ੍ਰੀਤ ਸਿੰਘ ਦੀ ਅਗਵਾਈ ਹੇਠਲੀ ਪੁਲਿਸ ਪਾਰਟੀ ਨੇ ਉਕਤ ਲੁਟੇਰਿਆਂ ਨੂੰ ਸਰਹਿੰਦ ਨਹਿਰ ਦੇ ਬਹਿਮਣ ਪੁਲ ਕੋਲ ਘੇਰ ਲਿਆ। ਇਸ ਦੌਰਾਨ ਲੁਟੇਰਿਆਂ ਨੇ ਪੁਲਿਸ ਪਾਰਟੀ ਉੱਪਰ ਗੋਲੀਆਂ ਚਲਾ ਦਿੱਤੀਆਂ, ਜਵਾਬੀ ਕਾਰਵਾਈ ਵਿੱਚ ਦੋਵੇਂ ਲੁਟੇਰੇ ਅਮਰਜੀਤ ਸਿੰਘ ਤੇ ਜਗੀਰ ਕੁਮਾਰ ਜਖ਼ਮੀ ਹੋ ਗਏ। ਮੁੱਢਲੀ ਪੁੱਛ ਗਿੱਛ ਦੌਰਾਨ ਮੁਲਜ਼ਮਾਂ ਨੇ ਮੰਨਿਆ ਹੈ ਕਿ ਉਨ੍ਹਾਂ ਪਹਿਲਾਂ 29 ਅਪ੍ਰੈਲ ਨੂੰ ਗਿੱਲਪੱਤੀ ਪਿੰਡ ਦੇ ਸ਼ਰਾਬ ਦੇ ਠੇਕੇ ਉੱਪਰ 8000 ਤੇ ਮੋਬਾਇਲ ਫੋਨ ਲੁੱਟਿਆ ਸੀ। ਇਸ ਤੋਂ ਬਾਅਦ ਦੋਵਾਂ ਨੇ ਰਿਲਾਇੰਸ ਮਾਲ ਨੇੜੇ ਸ਼ਰਾਬ ਦੇ ਠੇਕੇ ਉੱਪਰ ਲੁੱਟ ਕੀਤੀ ਸੀ। ਇੱਥੇ ਲੁਟੇਰੇ ਕਰਿੰਦੇ ਕੋਲੋਂ ਪਿਸਤੌਲ ਦੀ ਨੋਕ 'ਤੇ ਦਸ ਹਜ਼ਾਰ ਰੁਪਏ ਅਤੇ ਮੋਬਾਇਲ ਫੋਨ ਖੋਹ ਕੇ ਲੈ ਗਏ ਸਨ। ਹੁਣ ਥਾਣਾ ਥਰਮਲ ਬਠਿੰਡਾ ਦੀ ਪੁਲਿਸ ਨੇ ਠੇਕੇ ਦੇ ਕਰਿੰਦੇ ਰਮੇਸ਼ ਪ੍ਰਸ਼ਾਦ ਦੇ ਬਿਆਨਾਂ ਦੇ ਆਧਾਰ 'ਤੇ ਦੋਵੇਂ ਲੁਟੇਰਿਆਂ ਖਿਲਾਫ ਕੇਸ ਦਰਜ ਕਰ ਲਿਆ ਗਿਆ ਹੈ। ਠੇਕੇ ਦੇ ਕਰਿੰਦੇ ਨੇ ਦੱਸਿਆ ਕਿ 29 ਅਪ੍ਰੈਲ ਨੂੰ ਅਮਰਜੀਤ ਸਿੰਘ ਅਤੇ ਜਗੀਰ ਕੁਮਾਰ ਠੇਕੇ ਉੱਪਰ ਆਏ ਤੇ ਧਮਕੀ ਦਿੱਤੀ ਕਿ ਉਨ੍ਹਾਂ ਕੋਲ ਪਿਸਤੌਲ ਹੈ ਇਸ ਲਈ ਪੈਸੇ ਅਤੇ ਸਮਾਨ ਉਨ੍ਹਾਂ ਹਵਾਲੇ ਕਰ ਦਿੱਤਾ ਜਾਵੇ, ਜੇਕਰ ਅਜਿਹਾ ਨਾ ਕੀਤਾ ਤਾਂ ਉਹ ਗੋਲੀ ਮਾਰ ਦੇਣਗੇ। ਕਰਿੰਦੇ ਨੇ ਡਰਦਿਆਂ ਹੋਇਆਂ ਉਨ੍ਹਾਂ ਨੂੰ ਗੱਲੇ ਵਿੱਚ ਪਏ 8000 ਰੁਪਏ ਅਤੇ ਮੋਬਾਇਲ ਫੋਨ ਤੋਂ ਇਲਾਵਾ ਪਰਸ ਦੇ ਦਿੱਤਾ, ਜਿਸ ਤੋਂ ਬਾਅਦ ਉਹ ਫਰਾਰ ਹੋ ਗਏ। ਐਸਐਸਪੀ ਬਠਿੰਡਾ ਅਮਨੀਤ ਕੌਂਡਲ ਨੇ ਦੱਸਿਆ ਕਿ ਲੁਟੇਰਿਆਂ ਕੋਲੋਂ ਹੋਰ ਡੂੰਘਾਈ ਨਾਲ ਪੁਛਗਿੱਛ ਕੀਤੀ ਜਾ ਰਹੀ ਹੈ। ਪੁੱਛ ਪੜਤਾਲ ਦੌਰਾਨ ਕਈ ਹੋਰ ਅਹਿਮ ਖੁਲਾਸੇ ਹੋਣ ਦੀ ਸੰਭਾਵਨਾ ਹੈ। ਦੱਸਣਾ ਬਣਦਾ ਹੈ ਕਿ ਕਥਿਤ ਦੋਸ਼ੀਆਂ ਖਿਲਾਫ ਇਸ ਤੋਂ ਪਹਿਲਾਂ ਵੀ ਵੱਖ-ਵੱਖ ਅਪਰਾਧਿਕ ਮਾਮਲੇ ਦਰਜ ਹਨ।

## ਚੇਅਰਮੈਨ ਘੁੱਲੀ ਅਤੇ ਢਿੱਲੋਂ ਨੇ ਸਕੂਲ ਦੇ ਵਿਕਾਸ ਕਾਰਜਾਂ ਦਾ ਕੀਤਾ ਉਦਘਾਟਨ



ਧੂਰੀ, 6 ਮਈ (ਰਣਜੀਤ ਸਿੰਘ ਧੇਧਨੀ): ਸਰਕਾਰੀ ਹਾਈ ਸਕੂਲ ਕੁੰਭੜਵਾਲ ਵਿਖੇ ਹੈਡ ਮਾਸਟਰ ਗੁਰਿੰਦਰ ਸਿੰਘ ਸਿੰਘ ਬੀ.ਐਨ.ਓ ਸ਼ੇਰਪੁਰ ਦੀ ਅਗਵਾਈ ਹੇਠ ਹੋਏ ਵਿਕਾਸ ਕਾਰਜਾਂ ਦਾ ਉਦਘਾਟਨ ਮੁੱਖ ਮੰਤਰੀ ਕੈਂਪਸ ਦੇ ਇੰਚਾਰਜ ਰਾਜਵੰਤ ਸਿੰਘ ਘੁੱਲੀ ਚੇਅਰਮੈਨ ਮਾਰਕਿਟ ਕਮੇਟੀ ਧੂਰੀ ਅਤੇ ਦਲਬੀਰ ਸਿੰਘ ਢਿੱਲੋਂ ਚੇਅਰਮੈਨ ਲਘੂ ਉਦਯੋਗ ਨਿਗਮ ਪੰਜਾਬ ਨੇ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੀ ਅਗਵਾਈ ਹੇਠ ਸਿੱਖਿਆ ਕ੍ਰਾਂਤੀ ਦੇ ਤਹਿਤ ਸਰਕਾਰੀ ਸਕੂਲਾਂ ਦੀ ਨੁਹਾਰ ਬਦਲੀ ਜਾ ਰਹੀ ਹੈ। ਉਹਨਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਸ ਭਗਵੰਤ ਸਿੰਘ ਮਾਨ ਵੱਲੋਂ ਨਸ਼ਿਆਂ ਵਿਰੁੱਧ ਚਲਾਈ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਦੀ ਹਰ ਪਾਸੇ ਸ਼ਲਾਘਾ ਹੋ ਰਹੀ ਹੈ, ਸਾਨੂੰ ਸਾਰਿਆਂ ਨੂੰ ਰਲ ਕੇ ਪੰਜਾਬ ਸਰਕਾਰ ਦਾ ਸਾਥ ਦੇਣਾ ਚਾਹੀਦਾ ਹੈ ਤਾਂ ਆਪਾਂ ਸਾਰੇ ਰਲ ਕੇ ਪੰਜਾਬ ਦੀ ਕਿਸਾਨੀ ਅਤੇ ਜਵਾਨੀ ਨੂੰ ਬਚਾਉਣ ਵਿਚ ਕਾਮਯਾਬ ਹੋ ਸਕੀਏ। ਇਸ ਮੌਕੇ ਦਰਸ਼ਨ ਸਿੰਘ ਪਾਠਕ, ਪਰਮਜੀਤ ਸਿੰਘ, ਜਗਜੀਤ ਸਿੰਘ ਹੈੱਡ ਮਾਸਟਰ ਪ੍ਰਾਇਮਰੀ ਸਕੂਲ, ਸੁਖਵਿੰਦਰ ਸਿੰਘ, ਕਰਮਜੀਤ ਸਿੰਘ, ਰਾਜ ਕੁਮਾਰ, ਅਮਨਦੀਪ ਗੋਇਲ, ਅਮਰੀਕ ਸਿੰਘ, ਮਨਪ੍ਰੀਤ ਸਿੰਘ, ਨਿਰਭੈ ਸਿੰਘ, ਸ੍ਰੀਮਤੀ ਗੁਰਮੀਤ ਕੌਰ, ਦੀਪਿਕ ਗੁਪਤਾ ਸਕੁੰਤਲਾ ਰਾਣੀ, ਸੰਦੀਪ ਕੌਰ, ਸਰਪੰਚ ਗੁਰਸੇਵਕ ਸਿੰਘ ਕੁੰਭੜਵਾਲ, ਐਡਵੋਕੇਟ ਦੀਪਤੀ ਗੋਇਲ, ਸੁਖਪਾਲ ਪਾਲਾ ਬਲਾਕ ਪ੍ਰਧਾਨ, ਬਲਾਕ ਪ੍ਰਧਾਨ ਸੁਖਵੰਤ ਸਿੰਘ, ਬਖਸ਼ੀਸ਼ ਸਿੰਘ, ਅਰਸ਼ ਧੂਰੀ ਹਾਜ਼ਰ ਸਨ।

## ਖਨੌਰੀ ਨੇੜਲੇ ਪਿੰਡਾਂ ਦੀਆਂ ਸੜਕਾਂ ਦਾ ਹੋਇਆ ਮਾੜਾ ਹਾਲ




ਖਨੌਰੀ, 6 ਮਈ (ਓਮਪ੍ਰਕਾਸ਼ ਮੁਆਲ): ਖਨੌਰੀ ਸ਼ਹਿਰ ਦੀਆਂ ਸਾਰੀਆਂ ਹੀ ਲਿੰਕ ਸੜਕਾਂ ਨਾਲ ਪਿੰਡਾਂ ਨੂੰ ਜਾਂਦੀਆਂ ਸਾਰੀਆਂ ਹੀ ਸੜਕਾਂ ਦਾ ਬੁਰਾ ਹਾਲ ਹੈ ਪਰ ਐਫ਼. ਸੀ. ਆਈ ਡਿੱਪੂ ਵਾਲੀ ਸੜਕ ਅਤੇ ਟਰੱਕ ਯੂਨੀਅਨ ਤੇ ਪੁਲਿਸ ਥਾਣੇ ਅੱਗੇ ਤੋਂ ਲੰਘਣ ਵਾਲੀਆਂ ਸੜਕਾਂ ਦਾ ਬਹੁਤ ਹੀ ਮਾੜਾ ਹਾਲ ਹੋਣ ਕਰਕੇ ਇੱਥੋਂ ਲੰਘਣ ਵਾਲਿਆਂ ਨੂੰ ਬਹੁਤ ਹੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਆੜਤੀਆ ਐਸੋਸੀਏਸ਼ਨ ਦੇ ਪ੍ਰਧਾਨ ਸਤੀਸ਼ ਕੁਮਾਰ ਸਿੰਗਲਾ ਨੇ ਦੱਸਿਆ ਕਿ ਇਹ ਡਿਪੂ ਅੱਗੇ ਲੰਘਦੀ ਸੜਕ ਦਾ ਬਹੁਤ ਹੀ ਬੁਰਾ ਹਾਲ ਹੈ ਤੇ ਹਰ ਸਮੇਂ ਹੀ ਸੜਕ ਤੇ ਪਾਣੀ ਖੜ੍ਹਾ ਰਹਿੰਦਾ ਹੈ। ਕਣਕ ਦਾ ਸੀਜ਼ਨ ਹੋਣ ਕਰਕੇ ਕਿਸਾਨਾਂ, ਟਰੱਕਾਂ ਵਾਲਿਆਂ ਸਮੇਤ ਹੋਰ ਲੋਕਾਂ ਨੂੰ ਅਨਾਜ ਮੰਡੀ ਤੇ ਐਫ਼ ਸੀ ਆਈ ਡਿਪੂ ਵਿਚ ਜਾਣ ਸਮੇਂ ਇਸ ਚਿੱਕੜ ਰੂਪੀ ਸੜਕ ਤੋਂ ਲੰਘਣਾ ਸਮੁੰਦਰ ਪਾਰ ਕਰਨ ਦੇ ਬਰਾਬਰ ਲੱਗਦਾ ਹੈ। ਇਸੇ ਪ੍ਰਕਾਰ ਹੀ ਬਨਾਰਸੀ, ਮੰਡਵੀ, ਚੱਠਾ ਗੋਬਿੰਦਪੁਰਾ ਨੂੰ ਜਾਣ ਵਾਲੀ ਸੜਕ ਜੋ ਕਿ ਟਰੱਕ ਯੂਨੀਅਨ ਤੇ ਪੁਲਿਸ ਥਾਣੇ ਅੱਗਿਓ ਲੰਘਦੀ ਹੈ, ਥਾਂ ਥਾਂ ਤੋ ਟੁੱਟੀ ਹੋਣ ਕਰ ਕੇ ਇਸ ਦਾ ਤਾਂ ਬਹੁਤ ਹੀ ਬੁਰਾ ਹਾਲ ਹੈ ਤੇ ਇਸ ਸੜਕ ਤੇ ਯੂਨੀਅਨ ਅਤੇ ਥਾਣੇ ਦੇ ਵਿਚਕਾਰ ਤਾਂ ਹਰ ਸਮੇਂ ਹੀ ਗੰਦਾ ਪਾਣੀ ਖੜ੍ਹਾ ਰਹਿਣ ਕਰਕੇ ਇਥੋਂ ਲੰਘਣ ਵਾਲਿਆਂ ਨੂੰ ਬਹੁਤ ਹੀ ਪਰੇਸ਼ਾਨੀ ਆਉਂਦੀ ਹੈ। ਜਿਕਰਯੋਗ ਹੈ ਕਿ ਮੰਡਵੀ, ਬਨਾਰਸੀ, ਅਨਦਾਨਾ, ਚੱਠਾ, ਕੱਚੀ ਖਨੌਰੀ ਆਦਿ ਪਿੰਡਾ ਨੂੰ ਜਾਣ ਵਾਲੇ ਲੋਕਾਂ ਨੂੰ ਇਸੇ ਸੜਕ ਤੋਂ ਹੀ ਲੰਘਣਾ ਪੈਂਦਾ ਹੈ। ਪ੍ਰਧਾਨ ਸਤੀਸ਼ ਕੁਮਾਰ ਸਿੰਗਲਾ, ਗਿਰਧਾਰੀ ਲਾਲ ਗਰਗ ਸਾਬਕਾ ਪ੍ਰਧਾਨ, ਬਲਰਾਜ ਸ਼ਰਮਾ, ਪਰਮ ਵੇਦ, ਰਮੇਸ਼ ਸਿੰਗਲਾ, ਪੁਨੀਤ, ਹਰਵਿੰਦਰ ਸਿੰਘ ਹਿੰਦੀ ਜੱਸਲ, ਗੁਰਵਿੰਦਰ ਸਿੰਘ ਬੇਦੀ ਕਾਲਾ, ਤੇ ਸਤੀਸ਼ ਬਾਂਸਲ, ਪਰਮਜੀਤ ਸਿੰਘ, ਲਖਵਿੰਦਰ ਸਿੰਘ ਥਿੰਦ ਆਦਿ ਸਮੇਤ ਹੋਰ ਕਈ ਲੋਕਾਂ ਨੇ ਮੰਗ ਕੀਤੀ ਹੈ ਕਿ ਖਨੌਰੀ ਦੀਆਂ ਟੁੱਟੀਆਂ ਸੜਕਾਂ ਨੂੰ ਬਣਾਇਆ ਜਾਵੇ।

## ਡੇਅਰੀਆਂ ਤੋਂ ਰੋਜ਼ ਨਿਕਲਣ ਵਾਲੇ ਗੋਬਰ ਕਾਰਨ ਹੋ ਰਿਹਾ ਸੀਵਰੇਜ ਜਾਮ

ਬਠਿੰਡਾ, 6 ਮਈ (ਦੀਪਕ ਸ਼ਰਮਾ): ਸ਼ਹਿਰ ਦੇ ਆਬਾਦੀ ਵਾਲੇ ਇਲਾਕਿਆਂ ਵਿੱਚ ਘਰਾਂ ਵਿੱਚ ਬਣਾਈਆਂ ਗਈਆਂ ਪਸ਼ੂ ਡੇਅਰੀਆਂ ਆਮ ਲੋਕਾਂ ਲਈ ਮੁਸੀਬਤ ਬਣ ਚੁੱਕੀਆਂ ਹਨ। ਹਾਲਾਤ ਇਨ੍ਹੇ ਬਦਤਰ ਹੋ ਚੁੱਕੇ ਹਨ ਕਿ ਡੇਅਰੀਆਂ ਤੋਂ ਨਿਕਲਣ ਵਾਲੀ ਗੋਬਰ ਦੀ ਗਾਦ ਸੀਵਰੇਜ ਸਿਸਟਮ ਨੂੰ ਜਾਮ ਕਰ ਰਹੀ ਹੈ। ਇਨ੍ਹਾਂ ਦੀ ਸਫਾਈ ਲਈ ਨਗਰ ਨਿਗਮ ਅਤੇ ਸੀਵਰੇਜ ਬੋਰਡ ਦੇ ਸਫਾਈ ਕਰਮਚਾਰੀਆਂ ਨੂੰ ਕਾਫੀ ਮਿਹਨਤ ਕਰਨੀ ਪੈਂਦੀ ਹੈ। ਇਸ ਦੇ ਬਾਵਜੂਦ ਵੀ ਡੇਅਰੀ ਮਾਲਕ ਗੋਬਰ ਦੀ ਗਾਦ ਨੂੰ ਨਾਲੀਆਂ ਅਤੇ ਸੀਵਰੇਜ ਵਿੱਚ ਸੁੱਟਣ ਤੋਂ ਬਾਜ ਨਹੀਂ ਆ ਰਹੇ। ਨਗਰ ਨਿਗਮ ਇਨ੍ਹਾਂ ਡੇਅਰੀਆਂ ਉੱਤੇ ਕਾਰਵਾਈ ਦਾ ਦਾਅਵਾ ਤਾਂ ਕਰਦਾ ਹੈ, ਪਰ ਰਾਜਨੀਤਕ ਪ੍ਰਭਾਵ ਹੇਠ ਆ ਕੇ ਅਤੇ ਵੋਟਾਂ ਦੀ ਰਾਜਨੀਤੀ ਦੇ ਦਬਾਅ ਤਹਿਤ ਅਧਿਕਾਰੀਆਂ ਦੀ ਇੱਕ ਨਹੀਂ ਚਲਦੀ। ਅਧਿਕਾਰੀ ਕਾਰਵਾਈ ਦਾ ਆਸ਼ਵਾਸਨ ਤਾਂ ਜਰੂਰ ਦਿੰਦੇ ਹਨ, ਪਰ ਹੁੰਦਾ ਕੁਝ ਵੀ ਨਹੀਂ। ਸ਼ਹਿਰ ਦੇ ਮਾਡਲ ਟਾਊਨ ਫੇਜ਼ 3 ਦਾਦੀ-ਪੋਤੀ ਦੇ ਨੇੜੇ, ਜੁਝਾਰ ਸਿੰਘ ਨਗਰ, ਅਜੀਤ ਰੋਡ ਗਲੀ ਨੰਬਰ 8 ਅਤੇ 9, ਸ਼ਿਵ ਕਾਲੋਨੀ, ਬਾਬਾ ਫਰੀਦ ਨਗਰ, ਹਜ਼ੂਰਾ ਕਪੂਰਾ ਕਾਲੋਨੀ, ਸੁੱਖਪੀਰ ਰੋਡ, ਜੋਗੀ ਨਗਰ, ਮੁਲਤਾਨੀਆ ਰੋਡ, ਅਮਰਪੁਰਾ ਬਸਤੀ, ਦੀਪ ਨਗਰ, ਊਦਮ ਸਿੰਘ ਨਗਰ, ਵਿਸ਼ਵਾਸ ਕਾਲੋਨੀ, ਆਦਰਸ਼ ਨਗਰ, ਜਨਤਾ ਨਗਰ, ਅਰਜੁਨ ਨਗਰ, ਮਹਿਣਾ ਚੌਕ, ਪਰਸ ਰਾਮ ਨਗਰ, ਪ੍ਰਤਾਪ ਨਗਰ, ਲਾਲ ਸਿੰਘ ਬਸਤੀ ਵਿੱਚ 300 ਤੋਂ ਵੱਧ ਛੋਟੀ-ਵੱਡੀ ਪਸ਼ੂ ਡੇਅਰੀਆਂ ਚੱਲ ਰਹੀਆਂ ਹਨ। ਜ਼ਿਆਦਾਤਰ ਡੇਅਰੀ ਮਾਲਕ ਆਪਣੇ ਪਸ਼ੂਆਂ ਦਾ ਗੋਬਰ ਇਕੱਠਾ ਨਹੀਂ ਕਰਦੇ। ਜੋ ਡੇਅਰੀ ਮਾਲਕ ਆਪਣੇ ਪਸ਼ੂਆਂ ਦਾ ਗੋਬਰ ਇਕੱਠਾ ਕਰਦੇ ਹਨ, ਉਹ ਵੀ ਹੋਰਾਂ ਦੀ ਲਾਪਰਵਾਹੀ ਕਾਰਨ ਵਿਭਾਗੀ ਕਾਰਵਾਈ ਦੀ ਚਪੇਟ ਵਿੱਚ ਆ ਜਾਂਦੇ ਹਨ।

**ਰਿਹਾਇਸ਼ੀ ਇਲਾਕਿਆਂ ਵਿੱਚ ਚੱਲ ਰਹੀਆਂ ਡੇਅਰੀਆਂ ਕਾਰਨ ਵਧੀ ਸੀਵਰ ਜਾਮ ਦੀ ਸਮੱਸਿਆ** ਸ਼ਹਿਰ ਵਿੱਚ ਸੀਵਰ ਜਾਮ ਦੀ ਸਭ ਤੋਂ ਵੱਡੀ ਵਜ$ਹਾ ਬਣੀਆਂ ਪਸ਼ੂ ਡੇਅਰੀਆਂ ਉੱਤੇ ਨਗਰ ਨਿਗਮ ਕੋਈ ਸਖ਼ਤੀ ਨਹੀਂ ਕਰ ਰਿਹਾ। ਡੇਅਰੀਆਂ ਨੂੰ ਸ਼ਹਿਰ ਤੋਂ ਬਾਹਰ ਲਿਜਾਣ ਵਿੱਚ ਅਸਫਲ ਨਗਰ ਨਿਗਮ ਲਗਾਤਾਰ ਵਧ ਰਹੀਆਂ ਡੇਅਰੀਆਂ ਦੀ ਗਿਣਤੀ ਵੱਲ ਵੀ ਧਿਆਨ ਨਹੀਂ ਦੇ ਰਿਹਾ। ਸ਼ਹਿਰ ਦੀ ਅੱਧੀ ਆਬਾਦੀ ਸੀਵਰ ਜਾਮ ਦੇ ਨਰਕ ਨੂੰ ਝੱਲ ਰਹੀ ਹੈ।ਨਿਯਮਾਂ ਅਨੁਸਾਰ ਲਾਇਸੈਂਸ ਜਾਰੀ ਕਰਨ ਤੋਂ ਪਹਿਲਾਂ ਪਸ਼ੂ ਡੇਅਰੀਆਂ ਵਿੱਚ ਵਿਆਪਕ ਤੌਰ 'ਤੇ ਫੈਲਣ ਵਾਲੇ ਪ੍ਰਦੂਸ਼ਣ ਨੂੰ ਰੋਕਣ ਦੀ ਵਿਵਸਥਾ ਕਰਨੀ ਲਾਜ਼ਮੀ ਹੈ। ਕੁਝ ਸਮਾਂ ਪਹਿਲਾਂ ਨਿਗਮ ਅਧਿਕਾਰੀਆਂ ਨੇ ਵਾਟਰ ਸਪਲਾਈ ਐਂਡ ਸੀਵਰੇਜ ਬੋਰਡ ਦੇ ਐਕਸਈਐਨ ਨੂੰ ਪੱਤਰ ਲਿਖ ਕੇ ਨਿਰਦੇਸ਼ ਦਿੱਤੇ ਸਨ ਕਿ ਉਹਨਾਂ ਡੇਅਰੀਆਂ ਦੀ ਜਾਂਚ ਕੀਤੀ ਜਾਵੇ ਜਿਨ੍ਹਾਂ ਦਾ ਗੋਬਰ ਅਤੇ ਹੋਰ ਕਚਰਾ ਸੀਵਰੇਜ ਵਿੱਚ ਜਾ ਰਿਹਾ ਹੈ।

**ਡੇਅਰੀਆਂ ਨੂੰ ਸ਼ਹਿਰ ਤੋਂ ਬਾਹਰ ਸ਼ਿਫਟ ਕਰਨ ਦੀ ਯੋਜਨਾ ਵੀ ਰੁਕੀ**

ਸੀਵਰੇਜ ਜਾਮ ਲਈ ਸਭ ਤੋਂ ਵੱਡੀ ਸਮੱਸਿਆ ਬਣ ਚੁੱਕੀਆਂ ਪਸ਼ੂ ਡੇਅਰੀਆਂ ਦੇ ਖਿਲਾਫ ਕੁਝ ਸਾਲ ਪਹਿਲਾਂ ਨਿਗਮ ਨੇ ਸਖ਼ਤ ਕਦਮ ਚੁੱਕਣ ਦੀ ਯੋਜਨਾ ਬਣਾਈ ਸੀ। ਇਸ ਅਧੀਨ ਨਿਗਮ ਨੇ ਸਭ ਤੋਂ ਪਹਿਲਾਂ ਸ਼ਹਿਰ ਵਿੱਚ ਚੱਲ ਰਹੀਆਂ ਡੇਅਰੀਆਂ ਦਾ ਸਰਵੇ ਕੀਤਾ ਸੀ ਅਤੇ ਦੇਖਿਆ ਸੀ ਕਿ ਕਿੰਨੇ ਲੋਕਾਂ ਨੇ ਪਸ਼ੂਆਂ ਦੇ ਮਲ-ਮੂਤਰ ਨੂੰ ਸੀਵਰੇਜ ਵਿੱਚ ਜਾਣ ਤੋਂ ਪਹਿਲਾਂ ਡਿਸਪੋਜ਼ਲ ਦੀ ਵਿਵਸਥਾ ਬਣਾਈ ਹੈ।

## ਚਾਂਦੂ ਦੀ ਪੰਚਾਇਤ ਨੇ ਜ਼ਮੀਨ ਦੀ ਨਿਸ਼ਾਨਦੇਹੀ ਕਰਵਾਈ

ਮੂਨਕ, 6 ਮਈ (ਸਮਸ਼ੇਰ ਸਿੰਘ): ਨਜ਼ਦੀਕ ਪੈਂਦੇ ਪਿੰਡ ਚਾਂਦੂ ਵਿਖੇ ਰਸਤੇ ਨੂੰ ਚੌੜਾ ਕਰਨ ਲਈ ਪਿੰਡ ਦੀ ਪੰਚਾਇਤ ਨੇ ਰੁਕੀ ਹੋਈ ਜ਼ਮੀਨ ਦੀ ਨਿਸ਼ਾਨਦੇਹੀ ਕਰਵਾਈ। ਪਿੰਡ ਚਾਂਦੂ ਦੇ ਸਰਪੰਚ ਦਰਸ਼ਨ ਸਿੰਘ ਨੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਪਿੰਡ ਚਾਂਦੂ ਤੋਂ ਲਿੰਕ ਸੜਕ ਜੋ ਮੁਹੰਮਦ ਅਲੀ ਸ਼ਾਹ ਪੀਰ, ਸ਼ਮਸ਼ਾਨ ਘਾਟ, ਘੱਗਰ ਦੇ ਪੁਲ, ਸਟੇਡੀਅਮ, ਮੈਰਿਜ ਪੈਲਸ ਅਤੇ ਬੰਗਾ ਬਸ਼ਹਿਰਾ ਰੋਡ ਦੇ ਨਾਲ ਜੋੜਦੀ ਹੈ। ਜਿਸ ਦੇ ਕਾਰਨ ਪਿੰਡ ਦੇ ਨਾਲ ਨਾਲ ਇਲਾਕੇ ਦੇ ਲੋਕਾਂ ਦਾ ਇਸ ਸੜਕ ਦੇ ਨਾਲ ਲਿੰਕ ਜੁੜਿਆ ਹੋਇਆ ਹੈ। ਇਸ ਸੜਕ ਦੇ ਦੋਨੋਂ ਸਾਈਡਾਂ ਦੀ ਜ਼ਮੀਨਾਂ 'ਤੇ ਪਿੰਡ ਦੇ ਲੋਕਾਂ ਵੱਲੋਂ ਕਬਜ਼ਾ ਕੀਤਾ ਹੋਇਆ ਸੀ, ਜਿਸ ਦੀ ਅਸੀਂ ਅੱਜ ਨਿਸ਼ਾਨਦੇਹੀ ਕਰਵਾ ਦਿੱਤੀ ਹੈ। ਇਸ ਮੌਕੇ ਪੂਰੇ ਪਿੰਡ ਦਾ ਨਾਲ ਸਹਿਯੋਗ ਰਿਹਾ ਹੈ, ਜਿਨ੍ਹਾਂ ਦੇ ਘਰ ਅੰਦਰ ਸੜਕ ਦੀ ਜਗਹਾ ਆਉਂਦੀ ਹੈ ਉਹਨਾਂ ਨੂੰ ਪੰਚਾਇਤੀ ਤੌਰ 'ਤੇ ਸਮਝਾ ਕੇ ਸੜਕ ਨੂੰ ਚੌੜਾ ਕੀਤਾ ਜਾਵੇਗਾ ਤਾਂ ਜੋ ਆਉਣ ਜਾਣ ਵਾਲੇ ਲੋਕਾਂ ਨੂੰ ਪਰੇਸ਼ਾਨੀ ਨਾ ਹੋਵੇ।

## ਮਹਾਨ ਦਾਰਸ਼ਨਿਕ ਕਾਰਲ ਮਾਰਕਸ ਦਾ ਜਨਮ ਦਿਹਾੜਾ ਮਨਾਇਆ




ਸੁਨਾਮ ਊਧਮ ਸਿੰਘ ਵਾਲਾ, 6 ਮਈ (ਰਾਉਵਰਿੰਦਰ ਸਿੰਘ ਮਠਾੜੂ /ਮੋਹਣ ਸ਼ਰਮਾ): ਸੁਨਾਮ ਦੇ ਬਖਸ਼ੀਵਾਲਾ ਰੋਡ ਤੇ ਭਾਰਤ ਨਿਰਮਾਣ ਮਿਸਤਰੀ ਮਜ਼ਦੂਰ ਯੂਨੀਅਨ (ਸੀਟੂ) ਵੱਲੋਂ ਦੁਨੀਆਂ ਦੇ ਮਹਾਨ ਦਾਰਸ਼ਨਿਕ ਕਾਰਲ ਮਾਰਕਸ ਦਾ 207ਵਾਂ ਜਨਮ ਦਿਹਾੜਾ ਮਨਾਇਆ ਗਿਆ। ਇਸ ਮੌਕੇ ਇੱਕਠੇ ਹੋਏ ਸਾਥੀਆਂ ਨੂੰ ਸੰਬੋਧਨ ਕਰਦਿਆਂ ਹੋਇਆਂ ਸੀਟੂ ਦੇ ਆਗੂ ਕਾਮਰੇਡ ਵਰਿੰਦਰ ਕੌਸ਼ਿਕ ਅਤੇ ਕਿਸਾਨ ਸਭਾ ਦੇ ਐਡਵੋਕੇਟ ਮਿੱਤ ਸਿੰਘ ਜਨਾਲ, ਦਰਸ਼ਨ ਸਿੰਘ ਮੱਟੂ ਨੇ ਕਿਹਾ ਕਿ ਕਾਰਲ ਮਾਰਕਸ 19ਵੀ ਸਦੀ ਦਾ ਮਹਾਨ ਦਾਰਸ਼ਨਿਕ ਸੀ, ਬੀ ਬੀ ਸੀ ਨਿਊਜ਼ ਆਨਲਾਈਨ ਚੋਣ ਵਿੱਚ ਹਜ਼ਾਰ ਸਾਲ ਦੇ ਮਹਾਨ ਚਿੰਤਕ ਦੀ ਚੋਣ ਵਿੱਚ ਵੀ ਕਾਰਲ ਮਾਰਕਸ ਹੀ ਪਹਿਲੇ ਨੰਬਰ ਤੇ ਚੁਣੇ ਗਏ। ਸਮੁੱਚੀ ਦੁਨੀਆਂ ਨੂੰ ਖੁਸ਼ਹਾਲੀ ਪ੍ਰਦਾਨ ਕਰਨ ਲਈ ਕਾਰਲ ਮਾਰਕਸ ਨੇ 19ਵੀ ਸਦੀ ਵਿੱਚ ਦਾਸ ਕੈਪੀਟਲ ਨਾਂ ਦੀ ਗ੍ਰੰਥ ਰੂਪੀ ਕਿਤਾਬ ਲਿਖੀ ਅਤੇ ਜਿਸ ਵਿੱਚ ਡੇਢ ਸਦੀ ਤੋਂ ਵੀ ਵੱਧ ਸਮਾਂ ਪਹਿਲਾਂ ਪੂੰਜੀਵਾਦ ਦਾ ਵਿਆਪਕ ਅਧਿਐਨ ਕੀਤਾ ਗਿਆ, ਜੋ ਅੱਜ ਵੀ ਪ੍ਰਸੰਗਿਕ ਹੈ। ਇਸ ਮੌਕੇ ਕਾਮਰੇਡ ਨਿਰਮਲ ਸਿੰਘ, ਕਾਮਰੇਡ ਰਾਮ ਸਿੰਘ, ਹਰਭਗਵਾਨ ਸ਼ਰਮਾ, ਮਹਿੰਦਰਪਾਲ ਰੇਗਰ, ਸ਼ਮਸ਼ੇਰ ਸਿੰਘ ਸ਼ੇਰੀ, ਪਰਮਜੀਤ ਸਿੰਘ ਪੱਪੂ, ਦਰਸ਼ਨ ਸਿੰਘ ਮਿਸਤਰੀ, ਮੱਖਣ ਸਿੰਘ ਬਖਸ਼ੀਵਾਲਾ, ਗੁਰਚਰਨ ਸਿੰਘ ਆਦਿ ਹਾਜ਼ਰ ਸਨ।

## ਕਾਲਜ 'ਚ ਅੰਤਰਰਾਸ਼ਟਰੀ ਨਰਸਿੰਗ ਹਫ਼ਤੇ ਦਾ ਆਗਾਜ਼




ਭਗਤਾ ਭਾਈ ਕਾ, 6 ਮਈ (ਸਵਰਨ ਸਿੰਘ ਭਗਤਾ): ਸੰਤ ਜਗਜੀਤ ਸਿੰਘ ਦੀ ਸੁਚੱਜੀ ਰਹਿਨਮਾਈ ਅਧੀਨ ਚੱਲ ਰਹੀ ਵਿੱਦਿਅਕ ਸੰਸਥਾ ਸੰਤ ਦਰਬਾਰਾ ਸਿੰਘ ਸਕੂਲ ਆਫ ਨਰਸਿੰਗ ਲੋਪੋਂ ਵਿਖੇ ਅੰਤਰਰਾਸ਼ਟਰੀ ਨਰਸਿੰਗ ਦਿਵਸ ਮਨਾਉਣ ਲਈ ਹਫ਼ਤੇ ਭਰ ਦੇ ਪ੍ਰੋਗਰਾਮਾਂ ਦੀ ਸ਼ੁਰੂਆਤ ਕੀਤੀ ਗਈ। ਨਰਸਿੰਗ ਹਫ਼ਤੇ ਦੇ ਪਹਿਲੇ ਦਿਨ ਪੋਲੈਂਡ ਦੇ ਪ੍ਰਸਿੱਧ ਵੋਮੈਨ ਐਕਟੀਵਿਸਟ 'ਮਿਸ ਪੌਲਾ ਵੋਵਰਜੀਨੇਕਯਾਇਕ ਨੇ ਨਰਸਿੰਗ ਦੇ ਕਿੱਤੇ ਦੇ ਮੁੱਖ ਪਹਿਲੂ ਉੱਪਰ ਵਿਸਥਾਰ ਲੈਕਚਰ ਦਿੱਤਾ। ਜਤਿੰਦਰ ਪੰਜਤੂਰੀ ਨੇ ਮੁੱਖ ਮਹਿਮਾਨ ਦੇ ਤੌਰ ਤੇ ਸ਼ਿਰਕਤ ਕੀਤੀ। ਉਨ੍ਹਾਂ ਨੇ ਸੰਤ ਦਰਬਾਰਾ ਸਿੰਘ ਵਿੱਦਿਅਕ ਸੰਸਥਾ ਵੱਲੋਂ ਇਲਾਕੇ 'ਚ ਵਿੱਦਿਆ ਦੇ ਪਸਾਰ ਦੀ ਸ਼ਲਾਘਾ ਕੀਤੀ। ਉਨ੍ਹਾਂ ਨੇ ਭਗੀਰਥ ਸਿੰਘ ਗਿੱਲ ਪ੍ਰਬੰਧਕੀ ਨਿਰਦੇਸ਼ਕ ਵੱਲੋਂ ਮਹੱਈਆ ਨਰਸਿੰਗ ਸਕੂਲ ਦੀਆਂ ਮੁੱਖ ਸਹੂਲਤਾਂ ਦਾ ਜਾਇਜ਼ਾ ਲਿਆ ਅਤੇ ਕਿਹਾ ਕਿ ਅਜੋਕੇ ਯੁੱਗ ਵਿੱਚ ਇਹ ਸਕੂਲ ਲੜਕੀਆਂ ਲਈ ਵਰਦਾਨ ਸਿੱਧ ਹੋਵੇਗਾ। ਮਿਸ ਪੌਲਾ ਨੇ ਵਿਦਿਆਰਥੀਆਂ ਨੂੰ ਔਰਤਾਂ ਦੀ ਸਿਹਤ ਸੰਭਾਲ ਅਤੇ ਇਸ ਦੇ ਹੋਰ ਪਹਿਲੂਆਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਨੇ ਜਿਨਸੀ ਸਿਹਤ ਸੰਭਾਲ ਬਾਰੇ ਵੀ ਦੱਸਿਆ ਅਤੇ ਸਿਹਤ ਨਾਲ ਜੁੜੀਆਂ ਸਮੱਸਿਆਵਾਂ ਤੋਂ ਜਾਣੂ ਕਰਵਾਇਆ। ਉਨ੍ਹਾਂ ਨੇ ਪ੍ਰਭੂਸਤਾ ਦੀ ਦੇਖਭਾਲ ਕਰਨ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਨੇ ਵਿਦਿਆਰਥੀਆਂ ਤੋਂ ਔਰਤਾਂ ਦੀ ਸਿਹਤ ਸਬੰਧੀ ਆ ਰਹੀਆਂ ਸਮੱਸਿਆਵਾਂ ਬਾਰੇ ਸਵਾਲ ਪੁੱਛੇ ਅਤੇ ਭਰਪੂਰ ਸੁਝਾਅ ਦਿੱਤੇ। ਸਕੂਲ ਆਫ ਨਰਸਿੰਗ ਦੇ ਪ੍ਰਿੰਸੀਪਲ ਹਰਪ੍ਰੀਤ ਕੌਰ ਨੇ ਉਨ੍ਹਾਂ ਦਾ ਵਿਸ਼ੇਸ਼ ਸੁਆਗਤ ਕੀਤਾ। ਅਖੀਰ ਵਿੱਚ ਸੰਸਥਾ ਦੇ ਡਾਇਰੈਕਟਰ ਡਾ.ਗੋਬਿੰਦ ਸਿੰਘ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਡਿਗਰੀ ਕਾਲਜ ਦੇ ਡਾ. ਬਲਵਿੰਦਰ ਕੌਰ, ਐਜੂਕੇਸ਼ਨ ਕਾਲਜ ਦੇ ਪਿੰਸੀਪਲ ਡਾ. ਤ੍ਰਿਪਤਾ ਪਰਮਾਰ ਅਤੇ ਸਕੂਲ ਦੇ ਪ੍ਰਿੰਸੀਪਲ ਰਮਨਦੀਪ ਕੌਰ ਨੇ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ।

# ਸਰਕਾਰ ਦੀ ਡਿੱਗਦੀ ਸਾਖ ਬਚਾਉਣ ਲਈ ਆਪ ਨੇ ਪਾਣੀ ਦੀ ਸਿਆਸਤ ਖੇਡੀ: ਦੁੱਲਟ



ਸੰਗਰੂਰ 6 ਮਈ (ਹਰਕੰਵਲ ਸਿੰਘ ਹੈਪੀ) ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀਆਂ ਨਲਾਇਕੀਆਂ, ਡਿੱਗਦੀ ਸਾਖ ਤੇ ਪੰਜਾਬ ਦੇ ਮੁੱਦਿਆਂ ਤੋਂ ਧਿਆਨ ਭੜਕਾਉਣ ਲਈ ਆਪ ਪਾਰਟੀ ਵੱਲੋਂ ਪੰਜਾਬ ਦੇ ਪਾਣੀਆਂ ਉੱਤੇ ਸਿਆਸਤ ਖੇਡੀ ਜਾ ਰਹੀ ਹੈ ਜੋ ਪੰਜਾਬ ਲਈ ਬਹੁਤ ਹੀ ਖਤਰਨਾਕ ਸਿੱਧ ਹੋ ਸਕਦੀ ਹੈ ਇਹ ਵਿਚਾਰ ਭਾਜਪਾ ਜ਼ਿਲਾ ਪ੍ਰਧਾਨ ਧਰਮਿੰਦਰ ਦੁੱਲਟ ਵੱਲੋਂ ਖਾਸ ਗੱਲਬਾਤ ਦੌਰਾਨ ਸਾਂਝੇ ਕੀਤੇ ਗਏ ਉਨਾਂ ਕਿਹਾ ਕਿ ਪਹਿਲਾਂ ਮੁੱਖ ਮੰਤਰੀ ਵੱਲੋਂ ਬੀਬੀਐਮਬੀ ਦੀ ਮੀਟਿੰਗ ਵਿੱਚ ਪੰਜਾਬ ਦਾ ਪੱਖ ਮਜਬੂਤੀ ਨਾਲ ਨਹੀਂ ਰੱਖਿਆ ਗਿਆ ਅਤੇ ਹੁਣ ਇਸ ਮੁੱਦੇ ਨੂੰ ਆਪਣੀ ਸਰਕਾਰ ਦੀ ਡਿਗਦੀ ਸਾਖ ਬਚਾਉਣ ਲਈ ਵਰਤਿਆ ਜਾ ਰਿਹਾ ਹੈ ਤਾਂ ਜੋ ਪੰਜਾਬ ਦੇ ਲੋਕਾਂ ਦਾ ਧਿਆਨ ਪੰਜਾਬ ਦੀ ਡਾਵਾਂਡੋਲ ਅਰਥ ਵਿਵਸਥਾ ਅਤੇ ਗਰਕ ਵਿੱਚ ਜਾ ਚੁੱਕੀ ਕਾਨੂੰਨ ਵਿਵਸਥਾ ਤੋਂ ਹਟਾਇਆ ਜਾ ਸਕੇ। ਉਨਾ ਕਿਹਾ ਕਿ ਪੰਜਾਬ ਲਈ ਪਾਣੀਆਂ ਦਾ ਮਸਲਾ ਬਹੁਤ ਹੀ ਗੰਭੀਰ ਹੈ ਅਤੇ ਇਸਦੇ ਪੱਕੇ ਹੱਲ ਲਈ ਸਭ ਨੂੰ ਯਤਨਸ਼ੀਲ ਹੋਣ ਦੀ ਲੋੜ ਹੈ ਪਰ ਪੰਜਾਬ ਸਰਕਾਰ ਇਸ ਮੁੱਦੇ ਨੂੰ ਗੰਭੀਰਤਾ ਨਾਲ ਨਹੀਂ ਲੈ ਰਹੀ ਸਿਰਫ ਸਿਆਸਤ ਲਈ ਬਿਆਨਬਾਜੀ ਅਤੇ ਡਰਾਮੇਬਾਜ਼ੀ ਹੋ ਰਹੀ ਹੈ। ਉਹਨਾਂ ਕਿਹਾ ਕਿ ਅੱਜ ਮਾਨ ਸਰਕਾਰ ਦੀ ਕਰੇਡੀਬਿਲਟੀ ਜੀਰੋ ਹੈ ਅਤੇ ਇਸ ਦੀਆਂ ਸਾਰੀਆਂ ਕ੍ਰਾਂਤੀਆਂ ਦੀ ਫੂਕ ਨਿਕਲ ਚੁੱਕੀ ਹੈ। ਸਕੂਲਾਂ ਵਿੱਚ ਪਖਾਨਿਆਂ ਦਾ ਉਦਘਾਟਨ ਰਾਜਸੀ ਪੱਧਰ ਦੇ ਸਮਾਗਮਾਂ ਨਾਲ ਕੀਤਾ ਜਾ ਰਿਹਾ ਹੈ ਅਤੇ ਆਮ ਜਨਤਾ ਦੇ ਟੈਕਸ ਦਾ ਪੈਸਾ ਆਪਣੀ ਪਾਰਟੀ ਨੂੰ ਚਮਕਾਉਣ ਲਈ ਖਰਚਿਆ ਜਾ ਰਿਹਾ ਹੈ।ਸਿੱਖਿਆ ਕ੍ਰਾਂਤੀ ਤੇ ਸਿਹਤ ਕ੍ਰਾਂਤੀ ਦੀ ਪਹਿਲਾਂ ਹੀ ਫੂਕ ਨਿਕਲ ਚੁੱਕੀ ਸੀ ਤੇ ਹੁਣ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਵੀ ਦਮ ਤੋੜ ਚੁੱਕੀ ਹੈ ਤੇ ਇਹ ਮੁਹਿਮ ਵੀ ਛੋਟੇ ਤਸਕਰਾਂ ਦੇ ਘਰਾਂ ਦੀਆਂ ਕੰਧਾਂ ਡੇਗਣ ਤੱਕ ਹੀ ਸੀਮਤ ਹੋ ਚੁੱਕੀ ਹੈ ਜਦ ਕਿ ਅਸਲੀਅਤ ਵਿੱਚ ਰੋਜਾਨਾ ਹੀ ਪੰਜਾਬ ਦੇ ਨੌਜਵਾਨ ਸਿੰਥੈਟਿਕ ਡਰੱਗਜ਼ ਦੀ ਭੇਂਟ ਚੜ ਰਹੇ ਹਨ ਪਰ ਮਾਨ ਸਰਕਾਰ ਇਸ ਵੱਲ ਬਿਲਕੁਲ ਧਿਆਨ ਨਹੀਂ ਦੇ ਰਹੀ ਅਤੇ ਤਸਕਰਾਂ ਦੇ ਹੌਸਲੇ ਪਹਿਲਾਂ ਨਾਲੋਂ ਜਿਆਦਾ ਬੁਲੰਦ ਹੋ ਚੁੱਕੇ ਹਨ। ਉਹਨਾਂ ਦਾਅਵਾ ਕੀਤਾ ਕਿ 2027 ਵਿੱਚ ਭਾਜਪਾ ਦੀ ਸਰਕਾਰ ਬਣਨ ਤੋਂ ਬਾਅਦ ਪੰਜਾਬ ਦੇ ਪਾਣੀਆਂ ਸਮੇਤ ਸਾਰੇ ਮਸਲੇ ਹੱਲ ਹੋਣਗੇ।

# ਭਾਈ ਗੁਰਦਾਸ ਕਾਲਜ 'ਚ 'ਕਿਵ ਸਚਿਆਰਾ ਹੋਈਐ' ਦੇ ਸੰਕਲਪ ਸੰਬੰਧੀ ਲੈਕਚਰ




ਸੰਗਰੂਰ, 6 ਮਈ (ਹਰਕੰਵਲ ਸਿੰਘ ਹੈਪੀ): ਭਾਈ ਗੁਰਦਾਸ ਬੀ.ਐੱਡ. ਕਾਲਜ, ਸੰਗਰੂਰ ਵੱਲੋਂ ਨੈਤਿਕ ਕਦਰਾਂ-ਕੀਮਤਾਂ ਦੇ ਸੰਬੰਧ ਵਿੱਚ ਇਕ ਲੈਕਚਰ ਦਾ ਆਯੋਜਨ ਕੀਤਾ ਗਿਆ। ਲੈਕਚਰ ਦਾ ਮੁੱਖ ਉਦੇਸ਼ ਵਿਦਿਆਰਥੀਆਂ ਵਿੱਚੋਂ ਗੁੰਮ ਹੋ ਰਹੀਆਂ ਨੈਤਿਕ ਕਦਰਾਂ-ਕੀਮਤਾਂ ਨੂੰ ਸਮਝਣ ਅਤੇ ਪਹਿਚਾਣਕੇ ਉਨ੍ਹਾਂ ਦੇ ਜੀਵਨ 'ਚ ਢਾਲਣਾ ਸੀ। ਇਸ ਪ੍ਰੋਗਰਾਮ ਵਿੱਚ ਰਵਿੰਦਰ ਸਿੰਘ ਫ਼ੀਲਡ ਕੋਆਰਡੀਨੇਟਰਆਤਮ ਪ੍ਰਗਾਸ ਸੋਸ਼ਲ ਵੈਲਫੇਅਰ ਕਾਊਂਸਿਲ, ਲੁਧਿਆਣਾ ਤੋਂ ਵਿਸ਼ੇਸ਼ ਤੌਰ 'ਤੇ ਪਹੁੰਚੇ ਅਤੇ ਵਿਦਿਆਰਥੀਆਂ ਦੇ ਰੂਬਰੂ ਹੋਏ। ਉਨ੍ਹਾਂ ਆਪਣੇ ਲੈਕਚਰ ਰਾਹੀਂ ਵਿਦਿਆਰਥੀਆਂ ਨੂੰ "ਕਿਵ ਸਚਿਆਰਾ ਹੋਈਐ"ਦੇ ਸੰਕਲਪ ਅਨੁਸਾਰ ਇੱਕ ਚੰਗਾ ਸਚਿਆਰਾ ਜੀਵਨ ਕਿਵੇਂ ਜਿਉਣਾ ਹੈ, ਉਸ ਬਾਰੇ ਬਹੁਤ ਬਾਰੀਕੀ ਨਾਲ ਸਮਝਾਇਆ ਅਤੇ ਨਾਲ ਹੀ ਦੱਸਿਆ ਕਿ ਅਸੀਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਤੋਂ ਕਿਵੇਂ ਸੇਧ ਲੈਕੇ ਜੀਵਨ ਜਿਉਂਣਾ ਹੈ। ਇਸ ਪ੍ਰੋਗਰਾਮ ਵਿੱਚ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕਾਲਜ ਪ੍ਰਿੰਸੀਪਲ ਵੱਲੋਂ ਕੀਤਾ ਗਿਆ। ਰਵਿੰਦਰ ਸਿੰਘ ਵੱਲੋਂ ਵਿਦਿਆਰਥੀਆਂ ਅਤੇ ਸਟਾਫ ਵੱਲੋਂ ਕੀਤੇ ਸਵਾਲਾਂ ਦੇ ਜਵਾਬ ਬਾਖ਼ੂਬੀ ਢੰਗ ਨਾਲ ਦਿੱਤੇ ਗਏ। ਇਸ ਸਬੰਧੀ ਡਾ. ਗੁਨਿੰਦਰਜੀਤ ਸਿੰਘ ਜਵੰਧਾ ਚੇਅਰਮੈਨ ਭਾਈ ਗੁਰਦਾਸ ਗਰੁੱਪ ਆਫਇੰਸਟੀਚਿਊਸ਼ਨਜ਼ ਨੇ ਦੱਸਿਆ ਕਿ ਭਾਈ ਗੁਰਦਾਸ ਬੀ. ਐੱਡ. ਕਾਲਜ ਵਿਦਿਆਰਥੀਆਂ ਦੇ ਚਹੁੰ ਪੱਖੀ ਵਿਕਾਸ ਨੂੰ ਲੈਕੇ ਬਹੁਤ ਹੀ ਸੁਹਿਰਦ ਹੈ ਇਸ ਲਈ ਸੰਸਥਾ ਵੱਲੋਂ ਅਜਿਹੇ ਪ੍ਰੋਗਰਾਮ ਸਮੇਂ ਸਮੇਂ 'ਤੇ ਉਲੀਕੇ ਜਾਂਦੇ ਹਨ, ਜਿਹਨਾਂ ਨਾਲ ਵਿਦਿਆਰਥੀਆਂ ਦੇ ਅਕਾਦਮਿਕ ਭਵਿੱਖ ਦੇ ਨਾਲ-ਨਾਲ ਉਹਨਾਂ ਵਿੱਚ ਨੈਤਿਕ ਕਦਰਾਂ-ਕੀਮਤਾਂ ਦਾ ਵੀ ਨਿਰਮਾਣ ਹੋਕੇ ਸਕੇ ਅਤੇ ਉਹ ਇੱਕ ਸਿਹਤਮੰਦ ਅਤੇ ਪ੍ਰਭਾਵਸ਼ਾਲੀ ਸਮਾਜ ਦਾ ਹਿੱਸਾ ਬਣ ਸਕਣ। ਇਸ ਮੌਕੇ 'ਤੇ ਭਾਈ ਗੁਰਦਾਸ ਗਰੁੱਪ ਦੇ ਸਕੱਤਰ ਸ੍ਰੀਮਤੀ ਬਲਜਿੰਦਰ ਕੌਰ ਜਵੰਧਾ ਅਤੇ ਮੈਨੇਜਿੰਗ ਡਾਇਰੈਕਟਰ ਡਾ. ਸੁਵਰੀਤ ਕੌਰ ਜਵੰਧਾ ਨੇ ਸਮਾਗਮ ਦੇ ਸਫ਼ਲ ਆਯੋਜਨ ਲਈ ਕਾਲਜ ਦੇ ਪ੍ਰਿੰਸੀਪਲ, ਸਟਾਫ਼ ਅਤੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਤੇ ਇਸ ਚੰਗੇ ਉਪਰਾਲੇ ਦੀ ਭਰਵੀਂ ਪ੍ਰਸ਼ੰਸਾ ਕੀਤੀ।

## ਨਗਰ ਕੌਂਸਲਰਾਂ ਦੀ ਮੀਟਿੰਗ ਹੋਈ



ਲੌਂਗੋਵਾਲ, 6 ਮਈ (ਭਗਵੰਤ ਸ਼ਰਮਾ): ਅੱਜ ਨਗਰ ਕੌਂਸਲ ਲੌਂਗਵਾਲ ਵਿਖੇ ਸਮੂਹ ਨਗਰ ਕੌਂਸਲਰਾਂ ਦੀ ਇੱਕ ਸਾਂਝੀ ਮੀਟਿੰਗ ਹੋਈ, ਜਿਸ ਵਿੱਚ ਨਗਰ ਕੌਂਸਲਰਾਂ ਨੇ ਬਸ ਅੱਡੇ ਦੀ ਫੀਸ ਬਾਰੇ ਚਰਚਾ ਕੀਤੀ ਅਤੇ ਸਮੂਹ ਨਗਰ ਕੌਂਸਲਰਾਂ ਨੇ ਆਪਣੇ ਵਾਰਡਾਂ ਦੀਆਂ ਕੁਝ ਸਮੱਸਿਆ ਪ੍ਰਧਾਨ ਪਰਮਿੰਦਰ ਕੌਰ ਬਰਾੜ ਦੇ ਸਾਹਮਣੇ ਰੱਖੀਆਂ ਜਿਸ ਵਿੱਚ ਕਈ ਵਾਰਡਾਂ ਵਿੱਚ ਸਫਾਈ ਦਾ ਮਸਲਾ ਸੀ ਅਤੇ ਕਈ ਵਾਰਡਾਂ ਵਿੱਚ ਪਾਣੀ ਦੀ ਸਮੱਸਿਆ ਸੀ ਅਤੇ ਨਵੇਂ ਵਿਕਾਸ ਕਾਰਜਾਂ ਲਈ ਕਈ ਕੌਂਸਲਰਾ ਨੇ ਆਪਣੀਆ ਯੋਜਨਾਵਾਂ ਪ੍ਰਧਾਨ ਨਗਰ ਕੌਂਸਲ ਦੇ ਸਾਹਮਣੇ ਰੱਖੀਆਂ ਲੰਮੇ ਸਮੇਂ ਤੋਂ ਲਟਕਦੀ ਆ ਰਹੀ ਮੀਤ ਪ੍ਰਧਾਨ ਦੀ ਚੋਣ ਦਾ ਵੀ ਮੁੱਦਾ ਮੀਟਿੰਗ ਵਿੱਚ ਰੱਖਿਆ ਗਿਆ ਜਿਸ ਦਾ ਪ੍ਰਧਾਨ ਨਗਰ ਕੌਂਸਲ ਸ੍ਰੀ ਪਰਮਿੰਦਰ ਕੌਰ ਬਰਾੜ ਵੱਲੋਂ ਦੱਸਿਆ ਗਿਆ ਕਿ ਮੀਤ ਪ੍ਰਧਾਨ ਦੀ ਚੋਣ ਕੈਬਿਨਟ ਮੰਤਰੀ ਅਮਨ ਅਰੋੜਾ ਦੇ ਧਿਆਨ ਵਿੱਚ ਲਿਆ ਚੁੱਕੇ ਹਾਂ ਜਲਦ ਹੀ ਇਸ ਦੀ ਚੋਣ ਕੀਤੀ ਜਾਵੇਗੀ ਸਫਾਈ ਦੇ ਮੁੱਦੇ ਉੱਤੇ ਪ੍ਰਧਾਨ ਵੱਲੋਂ ਨਵੇਂ ਕੁਝ ਸਫਾਈ ਸੇਵਕ ਰੱਖਣ ਦੀ ਯੋਜਨਾ ਵੀ ਤਿਆਰ ਕੀਤੀ ਜਾ ਰਹੀ ਹੈ। ਜਲਦ ਹੀ ਇਹ ਯੋਜਨਾ ਦੇ ਵਿੱਚ ਸਫਾਈ ਸੇਵਕ ਰੱਖੇ ਜਾਣਗੇ। ਉਹਨਾਂ ਕਿਹਾ ਕਿ ਅੱਜ ਕੱਲ ਤੂੜੀ ਦਾ ਜਾਂ ਸੀਜ਼ਨ ਹੋਣ ਕਰਕੇ ਨਾਲੀਆਂ ਵਿੱਚ ਸਫਾਈ ਨਹੀਂ ਹੋ ਰਹੀ ਨਾਲੀਆਂ ਭਰੀਆਂ ਰਹਿੰਦੀਆਂ ਹਨ ਕੁਝ ਦਿਨਾਂ ਵਿੱਚ ਇਹ ਸਾਫ ਸੁਥਰੀਆਂ ਕੀਤੀਆਂ ਜਾਣਗੀਆਂ। ਕੁਝ ਵਾਰਡਾਂ ਦੇ ਵਿੱਚ ਨਵੇਂ ਕਾਰਜ ਪ੍ਰਣਾਲੀ ਦੀਆਂ ਯੋਜਨਾਵਾਂ ਤਿਆਰ ਕੀਤੀਆਂ ਜਾ ਰਹੀਆਂ ਹਨ। ਜਲਦ ਹੀ ਉਹ ਯੋਜਨਾਵਾਂ ਨੂੰ ਸਿਰੇ ਲਾ ਦਿੱਤਾ ਜਾਵੇ।

## ਬੀ.ਕੇ.ਯੂ. ਨੇ ਬਿਜਲੀ ਸਪਲਾਈ ਨਿਰਵਿਘਨ ਚਾਲੂ ਕਰਨ ਦੀ ਕੀਤੀ ਮੰਗ

ਭਵਾਨੀਗੜ੍ਹ, 6 ਮਈ (ਅਮਨਦੀਪ ਸਿੰਘ ਮਾਝਾ): ਕਿਸਾਨ ਯੂਨੀਅਨ ਡਕੌਂਦਾ ਦੀ ਮੀਟਿੰਗ ਬਲਾਕ ਪ੍ਰਧਾਨ ਚਮਕੌਰ ਸਿੰਘ ਭੱਟੀਵਾਲ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਜ਼ਿਲ੍ਹਾ ਪ੍ਰਧਾਨ ਕਰਮ ਸਿੰਘ ਬਲਿਆਲ, ਸੂਬਾ ਸੀਨੀਅਰ ਮੀਤ ਪ੍ਰਧਾਨ ਗੁਰਮੀਤ ਸਿੰਘ ਭੱਟੀਵਾਲ ਵੀ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ। ਸੂਬਾ ਪ੍ਰਧਾਨ ਸਰਦਾਰ ਗੁਰਮੀਤ ਸਿੰਘ ਭੱਟੀਵਾਲ ਨੇ ਬੀਤੇ ਦਿਨੀ ਆਏ ਤੂਫਾਨ ਨਾਲ ਨੁਕਸਾਨੀ ਗਈਆਂ ਫਸਲਾਂ ਦਾ ਮੁਆਵਜ਼ਾ ਦੇਣ ਬਾਰੇ ਸਰਕਾਰ ਤੋਂ ਮੰਗ ਕੀਤੀ। ਬਿਜਲੀ ਦੇ ਖੰਭੇ, ਟਰਾਂਸਫਾਰਮਰ ਅਤੇ ਹੋਰ ਟੁੱਟੀਆਂ ਤਾਰਾਂ ਨੂੰ ਜਲਦੀ ਤੋਂ ਜਲਦੀ ਠੀਕ ਕਰਕੇ ਬਿਜਲੀ ਦੀ ਸਪਲਾਈ ਨੂੰ ਨਿਰਵਿਘਨ ਕੀਤਾ ਜਾਵੇ। ਸਰਕਾਰ ਤੋਂ ਮੰਗ ਕਰਦਿਆਂ ਸੂਬਾ ਪ੍ਰਧਾਨ ਸਰਦਾਰ ਗੁਰਮੀਤ ਸਿੰਘ ਭੱਟੀਵਾਲ ਨੇ ਮੰਗ ਕਰਦਿਆਂ ਕੋਪਰੇਟ ਸੁਸਾਇਟੀਆਂ ਵੱਲੋਂ ਬਿਨਾਂ ਵਜਾ ਕਿਸਾਨਾਂ ਨੂੰ ਤੰਗ ਪਰੇਸ਼ਾਨ ਕਰਨ ਤੇ ਕਿਸਾਨਾਂ ਵੱਲੋਂ ਹੱਦ ਕਰਜੇ ਦੀਆਂ ਲਿਮਟਾਂ ਦੀਆਂ ਪੇਮੈਂਟਾਂ ਜਮ੍ਹਾਂ ਕਰਾਉਣ ਤੋਂ ਬਾਅਦ ਸੁਸਾਇਟੀਆਂ ਵੱਲੋਂ ਫਰਦਾਂ ਦੀ ਮੰਗ ਕਰਨ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ ਅਤੇ ਤਾੜਨਾ ਕੀਤੀ ਗਈ। ਜੇਕਰ ਕਿਸਾਨਾਂ ਨੂੰ ਇਸੇ ਤਰ੍ਹਾਂ ਤੰਗ ਪਰੇਸ਼ਾਨ ਕੀਤਾ ਗਿਆ ਤਾਂ ਕਿਸਾਨ ਯੂਨੀਅਨ ਡਕੌਂਦਾ ਸਰਕਾਰ ਖਿਲਾਫ ਕੋਈ ਵੀ ਕਾਰ ਕਾਰਵਾਈ ਕਰਨ ਲਈ ਮਜਬੂਰ ਹੋਵੇਗੀ।

## ਸ਼ੰਭੂ ਥਾਣੇ ਦੇ ਘਿਰਾਓ ਲਈ ਕਿਸਾਨ ਪਿੰਡ ਹਰੀਗੜ੍ਹ ਤੋਂ ਹੋਏ ਰਵਾਨਾ



ਦਿੜ੍ਹਬਾ, 6 ਮਈ (ਅਵਤਾਰ ਸਿੰਘ ਜਟਾਣਾ): ਕਿਸਾਨ ਮਜ਼ਦੂਰ ਮੋਰਚਾ ਭਾਰਤ ਐਸਕੇਐਮ ਗੈਰ ਰਾਜਨੀਤਿਕ ਦੇ ਸੱਦੇ 'ਤੇ ਸ਼ੰਭੂ ਦੇ ਥਾਣੇ ਅੱਗੇ ਇਕ ਰੋਜ਼ਾ ਰੋਸ ਧਰਨੇ ਦਾ ਪ੍ਰੋਗਰਾਮ ਦਿੱਤਾ ਗਿਆ ਸੀ ਇਸ ਤਹਿਤ ਬੀਕੇਯੂ ਏਕਤਾ ਆਜ਼ਾਦ ਦੇ ਜ਼ਿਲ੍ਹਾ ਪ੍ਰਧਾਨ ਸੁਖਦੇਵ ਸ਼ਰਮਾ ਭੁਟਾਲ ਖੁਰਦ ਦੀ ਗਵਾਹੀ ਹੇਠ ਸੈਂਕੜੇ ਕਿਸਾਨ ਪਿੰਡ ਹਰੀਗੜ੍ਹ ਤੋਂ ਰਵਾਨਾ ਹੋਏ। ਇਸ ਮੌਕੇ ਸੂਬਾਈ ਆਗੂ ਦਿਲਬਾਗ ਸਿੰਘ ਹਰੀਗੜ੍ਹ ਨੇ ਸੰਬੋਧਨ ਕਰਦੇ ਹੋਏ ਕਿਹਾ ਕਿ ਸ਼ੰਭੂ ਥਾਣੇ ਦੇ ਐਸ ਐਚ ਓ ਵੱਲੋਂ ਬੀਤੇ ਦਿਨੀਂ ਕਿਸਾਨ ਬੀਬੀਆਂ ਨੂੰ ਮੰਦੀ ਭਾਸ਼ਾ ਦਾ ਇਸਤੇਮਾਲ ਕੀਤਾ ਗਿਆ ਅਤੇ ਕਿਸਾਨ ਬਲਵੰਤ ਸਿੰਘ ਬਹਿਰਾਮ ਤੇ ਤਸ਼ੱਦਦ ਕੀਤਾ ਗਿਆ, ਕਿਸਾਨਾਂ ਦੀਆਂ ਕਰੋੜਾਂ ਰੁਪਏ ਦੀਆਂ ਟਰਾਲੀਆਂ, ਟਰੈਕਟਰ ਅਤੇ ਹੋਰ ਕੀਮਤੀ ਸਮਾਨ ਬਰਾਬਾਦ ਕੀਤਾ। ਦੋਸ਼ੀਆਂ 'ਤੇ ਕੋਈ ਕਾਰਵਾਈ ਨਹੀਂ ਕੀਤੀ ਗਈ ਉਹਨਾਂ 'ਤੇ ਕਾਰਵਾਈ ਕਰਵਾਉਣ ਲਈ ਅੱਜ ਇੱਕ ਦਿਨਾਂ ਧਰਨੇ ਦਾ ਐਲਾਨ ਕੀਤਾ ਗਿਆ ਸੀ ਪ੍ਰੰਤੂ ਪ੍ਰਸ਼ਾਸਨ ਵੱਲੋਂ ਧਰਨੇ ਨੂੰ ਅਸਫਲ ਕਰਨ ਲਈ ਕਿਸਾਨ ਆਗੂਆਂ ਦੀ ਬੀਤੇ ਕੱਲ ਤੋਂ ਫੜੋ ਫੜੀ ਚੱਲ ਰਹੀ ਹੈ ਬਹੁਤ ਸਾਰੇ ਆਗੂਆਂ ਨੂੰ ਘਰਾਂ ਵਿੱਚ ਹੀ ਨਜ਼ਰਬੰਦ ਕੀਤਾ ਗਿਆ ਹੈ। ਉਹਨਾਂ ਕਿਹਾ ਕਿ ਅਸੀਂ ਸ਼ੰਭੂ ਥਾਣੇ ਪਹੁੰਚਣ ਲਈ ਯਤਨ ਕਰਾਂਗੇ, ਉਹਨਾਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਕਹਿੰਦਾ ਹੈ ਕਿ ਧਰਨੇ ਪ੍ਰਦਰਸ਼ਨ ਨਹੀਂ ਹੋਣ ਦਿਆਂਗੇ। ਉਹਨਾਂ ਕਿਹਾ ਕਿ ਧਰਨੇ ਪ੍ਰਦਰਸ਼ਨ ਹਰ ਹਾਲ ਵਿੱਚ ਹੋਣਗੇ ਪਰੰਤੂ ਪਿੰਡਾਂ ਵਿੱਚ ਕਿਸ ਪਾਰਟੀ ਨੂੰ ਆਉਣ ਦੇਣਾ ਹੈ ਕਿਸ ਨੂੰ ਨਹੀਂ ਇਹ ਕਿਸਾਨ ਤਹਿ ਕਰਨਗੇ, ਇਸ ਮੌਕੇ ਸਤਪਾਲ ਸਿੰਘ, ਜਸਪ੍ਰੀਤ ਸਿੰਘ , ਅਰਵਿੰਦਰ ਸਿੰਘ ਹਨੀ ਦਲਬਾਰਾ ਸਿੰਘ ਖੇਤਲਾ,ਕੁਲਦੀਪ ਸਿੰਘ, ਦੀਪ ਸਿੰਘ ਕੌਹਰੀਆਂ, ਮਾਂਗਾ ਸਿੰਘ ਸਾਦੀਹਰੀ ਅਮਨਦੀਪ ਸਿੰਘ ਮੰਡਵੀ ਤੋਂ ਇਲਾਵਾ ਵੱਡੀ ਗਿਣਤੀ ਕਿਸਾਨ ਅਤੇ ਕਿਸਾਨ ਬੀਬੀਆਂ ਹਾਜ਼ਰ ਸਨ।

# ਗੁਰੂ ਗੋਬਿੰਦ ਸਿੰਘ ਰਿਫ਼ਾਈਨਰੀ ਦੀ ਟਾਊਨਸ਼ਿਪ 'ਚ ਹਾਦਸੇ ਦੌਰਾਨ ਤਿੰਨ ਮਜ਼ਦੂਰਾਂ ਦੀ ਮੌਤ

ਬਠਿੰਡਾ, 6 ਮਈ( ਦੀਪਕ ਸ਼ਰਮਾ): ਮੰਗਲਵਾਰ ਸਵੇਰੇ ਰਾਮਾ ਮੰਡੀ ਵਿਖੇ ਸਥਿਤ ਗੁਰੂ ਗੋਬਿੰਦ ਸਿੰਘ ਰਿਫਾਇਨਰੀ ਵਿੱਚ ਉਸ ਸਮੇਂ ਵੱਡਾ ਹਾਦਸਾ ਵਾਪਰ ਗਿਆ ਜਦ ਟਾਊਨਸ਼ਿਪ ਵਿੱਚ ਸਥਿਤ ਐਸਟੀਪੀ ਦੀ ਸਫਾਈ ਕਰ ਰਹੇ ਤਿੰਨ ਮਜ਼ਦੂਰਾਂ ਦੀ ਗੈਸ ਚੜਨ ਨਾਲ ਦੁਖਦਾਈ ਮੌਤ ਹੋ ਗਈ,ਜਦਕਿ ਇੱਕ ਮਜ਼ਦੂਰ ਹਸਪਤਾਲ ਵਿੱਚ ਇਲਾਜ ਅਧੀਨ ਹੈ। ਜਾਣਕਾਰੀ ਅਨੁਸਾਰ ਗੁਰੂ ਗੋਬਿੰਦ ਸਿੰਘ ਰਿਫਾਈਨਰੀ ਦੀ ਰਾਮਸਰਾ ਰੋਡ ਸਥਿਤ ਟਾਊਨਸ਼ਿਪ 'ਚ ਮੰਗਲਵਾਰ ਸਵੇਰੇ ਵਾਪਰੇ ਹਾਦਸੇ ਦੌਰਾਨ ਨਿਮਬਸ ਹਾਰਬਰ ਨਾਂ ਦੀ ਕੰਪਨੀ ਦੇ ਤਿੰਨ ਕਰਮਚਾਰੀਆਂ ਦੀ ਮੌਤ ਹੋ ਗਈ, ਜਦਕਿ ਇਕ ਵਿਅਕਤੀ ਜ਼ਖਮੀ ਹੋ ਗਿਆ, ਜਿਸ ਦੀ ਹਾਲਤ ਹਾਲੇ ਖ਼ਤਰੇ ਤੋਂ ਬਾਹਰ ਦੱਸੀ ਜਾ ਰਹੀ ਹੈ। ਮਿਲੀ ਜਾਣਕਾਰੀ ਅਨੁਸਾਰ ਟਾਊਨਸ਼ਿਪ ਵਿੱਚ ਐਸਟੀਪੀ ਦੀ ਸਫਾਈ ਚੱਲ ਰਹੀ ਸੀ। ਇਸ ਦੌਰਾਨ ਕੰਮ ਕਰ ਰਹੇ ਮਜ਼ਦੂਰਾਂ ਨੂੰ ਸਾਹ ਲੈਣ ਵਿੱਚ ਦਿੱਕਤ ਆਉਣੀ ਸ਼ੁਰੂ ਹੋ ਗਈ। ਜਾਣਕਾਰੀ ਮਿਲਣ 'ਤੇ ਸਿਹਤ ਅਤੇ ਸੁਰੱਖਿਆ ਟੀਮ ਵਲੋਂ ਮੌਕੇ 'ਤੇ ਪਹੁੰਚ ਕੇ ਪ੍ਰਭਾਵਿਤ ਮਜ਼ਦੂਰਾਂ ਨੂੰ ਤੁਰੰਤ ਏਮਜ ਹਸਪਤਾਲ ਬਠਿੰਡਾ ਲਿਜਾਇਆ ਗਿਆ। ਇਸ ਹਾਦਸੇ ਵਿੱਚ ਤਿੰਨ ਮਜ਼ਦੂਰਾਂ ਦੀ ਮੌਤ ਹੋ ਗਈ,ਜਦਕਿ ਇਕ ਵਿਅਕਤੀ ਦੀ ਹਾਲਤ ਠੀਕ ਦੱਸੀ ਜਾ ਰਹੀ ਹੈ। ਮਰਨ ਵਾਲਿਆਂ ਦੀ ਪਛਾਣ ਸੁਖਪਾਲ ਸਿੰਘ, ਰਾਜਵਿੰਦਰ ਸਿੰਘ ਅਤੇ ਅਸਤਰ ਅਲੀ ਵਜੋਂ ਹੋਈ ਹੈ। ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਦੱਸਣਯੋਗ ਹੈ ਕਿ ਸਫਾਈ ਅਤੇ ਗਹਿਰੀਆਂ ਖੱਡਾਂ ਦੀ ਸਫਾਈ ਨੂੰ ਲੈ ਕੇ ਸੁਪਰੀਮ ਕੋਰਟ ਤੋਂ ਲੈ ਕੇ ਰਾਜ ਸਰਕਾਰਾਂ ਵੱਲੋਂ ਸਖ਼ਤ ਹਿਦਾਇਤਾਂ ਜਾਰੀ ਕੀਤੀਆਂ ਗਈਆਂ ਹਨ। ਇਸ ਦੇ ਬਾਵਜੂਦ ਕਈ ਪ੍ਰਾਈਵੇਟ ਠੇਕੇਦਾਰ ਸੀਵਰੇਜ ਅਤੇ ਹੋਲ ਦੀ ਸਫਾਈ ਕਰਦੇ ਸਮੇਂ ਸੁਰੱਖਿਆ ਉਪਕਰਨਾਂ ਦੀ ਵਰਤੋਂ ਨਹੀਂ ਕਰਦੇ। ਕਿਸੇ ਵੀ ਤਰ੍ਹਾਂ ਦੇ ਸੀਵਰੇਜ਼ ਦੇ ਕੰਮ 'ਚ ਲੱਗੇ ਮਜ਼ਦੂਰਾਂ ਜਾਂ ਕਰਮਚਾਰੀਆਂ ਨੂੰ ਖੱਡ 'ਚ ਉਤਰਨ ਦੀ ਮਨਾਹੀ ਹੁੰਦੀ ਹੈ ਅਤੇ ਸਾਰੇ ਕੰਮ ਆਧੁਨਿਕ ਮਸ਼ੀਨਾਂ ਰਾਹੀਂ ਕਰਵਾਏ ਜਾਂਦੇ ਹਨ। ਇੱਥੋਂ ਤੱਕ ਕਿ ਜੇਕਰ ਮਜ਼ਦੂਰ ਜਾਂ ਕਰਮਚਾਰੀ ਖੱਡ 'ਚ ਉਤਰਦੇ ਵੀ ਹਨ, ਤਾਂ ਉਨ੍ਹਾਂ ਨੂੰ ਆਕਸੀਜ਼ਨ ਉਪਕਰਨ, ਹੈਲਮੈਟ ਅਤੇ ਯੂਨੀਫਾਰਮ ਦਿੱਤੀ ਜਾਂਦੀ ਹੈ ਅਤੇ ਐਮਰਜੈਂਸੀ ਲਈ ਹੁੱਕ ਅਤੇ ਰੱਸੀ ਵਰਤੀ ਜਾਂਦੀ ਹੈ, ਜੋ ਉਨ੍ਹਾਂ ਦੇ ਸਰੀਰ ਨਾਲ ਬੰਨ੍ਹੀ ਜਾਂਦੀ ਹੈ, ਤਾਂ ਜੋ ਔਖੀ ਘੜੀ ਵਿੱਚ ਉਨ੍ਹਾਂ ਨੂੰ ਫੌਰੀ ਤੌਰ 'ਤੇ ਸੀਵਰੇਜ 'ਚੋਂ ਕੱਢਿਆ ਜਾ ਸਕੇ। ਰਾਮਸਰਾ ਰੋਡ ਸਥਿਤ ਟਾਊਨਸ਼ਿਪ 'ਚ ਤਿੰਨ ਲੋਕਾਂ ਦੀ ਮੌਤ ਲਈ ਠੇਕੇਦਾਰ ਪੂਰੀ ਤਰ੍ਹਾਂ ਜ਼ਿੰਮੇਵਾਰ ਹੈ, ਜਿਸ ਨੇ ਸੁਰੱਖਿਆ ਨਿਯਮਾਂ ਦੀ ਪਾਲਣਾ ਨਹੀਂ ਕੀਤੀ ਅਤੇ ਮਜ਼ਦੂਰਾਂ ਦੀ ਜ਼ਹਿਰੀਲੀ ਗੈਸ ਚੜ੍ਹਣ ਕਾਰਨ ਮੌਤ ਹੋ ਗਈ।

## ਬੱਸ ਅੱਡਾ ਬਚਾਓ ਸੰਘਰਸ਼ ਕਮੇਟੀ ਦੀ ਡਿਪਟੀ ਕਮਿਸ਼ਨਰ ਨਾਲ ਮੁਲਾਕਾਤ

ਬਠਿੰਡਾ, 6 ਮਾਈ (ਦੀਪਕ ਸ਼ਰਮਾ): ਬੱਸ ਅੱਡਾ ਬਚਾਉਣ ਲਈ ਆਮ ਲੋਕਾਂ ਵੱਲੋਂ ਇਕੱਠੇ ਹੋ ਕੇ ਸ਼ੁਰੂ ਕੀਤੇ ਗਏ ਸੰਘਰਸ਼ ਹੇਠ ਅੰਬੇਡਕਰ ਪਾਰਕ ਵਿੱਚ ਚੱਲ ਰਹੇ ਪੱਕੇ ਮੋਰਚੇ ਵੱਲੋਂ ਤੇਰਵੇਂ ਦਿਨ ਡਿਪਟੀ ਕਮਿਸ਼ਨਰ ਨਾਲ ਮੁਲਾਕਾਤ ਕੀਤੀ ਗਈ। ਇਸ ਦੌਰਾਨ ਡਿਪਟੀ ਕਮਿਸ਼ਨਰ ਨੇ ਸੰਘਰਸ਼ ਕਮੇਟੀ ਨੂੰ ਭਰੋਸਾ ਦਿਵਾਇਆ ਕਿ ਬਸ ਅੱਡੇ ਬਾਰੇ ਕੋਈ ਫੈਸਲਾ ਲੈਣ ਤੋਂ ਪਹਿਲਾਂ ਆਮ ਲੋਕਾਂ, ਸੰਸਥਾਵਾਂ ਅਤੇ ਲੋਕ ਰਾਏ ਲਈ ਇਕ ਕਮੇਟੀ ਦਾ ਗਠਨ ਕੀਤਾ ਜਾਵੇਗਾ। ਇਹ ਕਮੇਟੀ ਲੋਕਾਂ ਤੋਂ ਸੁਝਾਵ ਲੈ ਕੇ ਡਿਪਟੀ ਕਮਿਸ਼ਨਰ ਬਠਿੰਡਾ ਨੂੰ ਰਿਪੋਰਟ ਸੌਂਪੇਗੀ, ਜਿਸ ਤੋਂ ਬਾਅਦ ਬੱਸ ਅੱਡੇ ਦੀ ਸਥਿਤੀ ਸਾਫ ਹੋਵੇਗੀ ਅਤੇ ਲੋਕ ਰਾਏ ਦੇ ਅਧਾਰ 'ਤੇ ਫੈਸਲਾ ਲਿਆ ਜਾਵੇਗਾ। ਮੁਲਾਕਾਤ ਤੋਂ ਬਾਅਦ ਸੰਘਰਸ਼ ਕਮੇਟੀ ਦੇ ਨੇਤਾ ਬਲਤੇਜ ਸਿੰਘ ਵਾਂਦਰ, ਹਰਵਿੰਦਰ ਹੈਪੀ, ਸੰਦੀਪ ਬਾਬੀ ਅਤੇ ਕੰਵਲਜੀਤ ਨੇ ਕਿਹਾ ਕਿ ਕਮੇਟੀ ਦੇ ਬਣਨ ਨਾਲ ਲੋਕ ਹਿਤਾਂ ਦੀ ਸੁਰੱਖਿਆ ਦੀ ਇੱਕ ਨਵੀਂ ਉਮੀਦ ਦੀ ਕਿਰਨ ਜਾਗੀ ਹੈ। ਅਸੀਂ ਪੂਰੀ ਮਜ਼ਬੂਤੀ ਨਾਲ ਬਸ ਅੱਡੇ ਨੂੰ ਮੌਜੂਦਾ ਥਾਂ 'ਤੇ ਕਾਇਮ ਰੱਖਣ ਲਈ ਆਪਣਾ ਪੱਖ ਰੱਖਾਂਗੇ। ਗੁਰਪ੍ਰੀਤ ਸਿੰਘ ਆਰਟਿਸਟ ਅਤੇ ਸੰਦੀਪ ਅਗਰਵਾਲ ਨੇ ਕਿਹਾ ਕਿ ਇਸ ਕਮੇਟੀ ਰਾਹੀਂ ਆਮ ਲੋਕਾਂ ਦੇ ਸੁਝਾਵਾਂ ਦੇ ਜ਼ਰੀਏ ਬਸ ਅੱਡੇ ਦੀ ਮੌਜੂਦਾ ਸਥਿਤੀ ਨਾਲ ਜੁੜੇ ਲੋਕ ਹਿਤਾਂ ਦੀ ਆਵਾਜ਼ ਸਰਕਾਰ ਅਤੇ ਪ੍ਰਸ਼ਾਸਨ ਤੱਕ ਪਹੁੰਚੇਗੀ। ਅੰਬੇਡਕਰ ਪਾਰਕ ਵਿੱਚ ਚੱਲ ਰਹੇ ਮੋਰਚੇ 'ਚ ਅਧਿਕਾਰਕ ਘੋਸ਼ਣਾ ਹੋਵੇਗੀ, ਤਾਂ ਸੰਘਰਸ਼ ਕਮੇਟੀ ਵੱਲੋਂ ਇਸ ਅੰਦੋਲਨ ਨੂੰ ਹੋਰ ਅੱਗੇ ਵਧਾਉਣ ਦੀ ਨਵੀਂ ਰਣਨੀਤੀ ਬਣਾਈ ਜਾਵੇਗੀ, ਤਾਂ ਜੋ ਹਰ ਨਾਗਰਿਕ ਜਾਗਰੂਕ ਹੋ ਕੇ ਆਪਣਾ ਪੱਖ ਰੱਖ ਸਕੇ ਅਤੇ ਬਸ ਅੱਡੇ ਨੂੰ ਸ਼ਹਿਰ ਤੋਂ ਬਾਹਰ ਭੇਜਣ ਨਾਲ ਹੋਣ ਵਾਲੇ ਨੁਕਸਾਨ ਬਾਰੇ ਦੱਸ ਸਕੇ। । ਪੰਕਜ ਭਾਰਦਵਾਜ ਅਤੇ ਡੇਜ਼ੀ ਮੋਹਨ ਨੇ ਕਿਹਾ ਕਿ ਇਸ ਮੁਹਿਮ ਨੂੰ ਘਰ-ਘਰ ਤੱਕ ਪਹੁੰਚਾਉਣ ਲਈ ਟੀਮਾਂ ਬਣਾਈ ਜਾਣਗੀਆਂ। ਇਸ ਮੌਕੇ ਤੇ ਵਿਦਿਆਰਥੀ ਯੂਨੀਅਨ ਤੋਂ ਪਾਇਲ ਅਰੋੜਾ, ਬੀਕੇਯੂ ਸਿੱਧੂਪੁਰ ਤੋਂ ਗੁਰਪ੍ਰੀਤ ਸਿੰਘ, ਡਾਕਟਰ ਐਸੋਸੀਏਸ਼ਨ ਤੋਂ ਵਿਕਾਸ ਛਾਬੜਾ, ਵਪਾਰ ਮੰਡਲ ਤੋਂ ਬਲਵਿੰਦਰ ਬਾਹੀਆ, ਦੇਹਾਤੀ ਮਜ਼ਦੂਰ ਸਭਾ ਤੋਂ ਪ੍ਰਕਾਸ਼ ਸਿੰਘ, ਭਾਜਪਾ ਦੇ ਮੰਡਲ ਸਕੱਤਰ ਰਵਿੰਦਰ ਕੁਮਾਰ, ਪਾਰਸ਼ਦ ਸੁਖਰਾਜ ਔਲਖ, ਹਰਜਿੰਦਰ ਸਿੰਘ ਸਿੱਧੂ, ਮਲਕੀਤ ਸਿੰਘ, ਡਾਕਟਰ ਅਜੀਤ ਪਾਲ ਸਿੰਘ, ਬਿਸ਼ਨਦੀਪ ਕੌਰ, ਗੁਰਵਿੰਦਰ ਸ਼ਰਮਾ ਅਤੇ ਹੋਰ ਲੋਕਾਂ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ।



# ਪਟਿਆਲਾ-ਆਸ/ਪਾਸ



## ਰੋਟਰੀ ਕਲੱਬ ਦੇ ਨਵੇਂ ਪ੍ਰਧਾਨਾਂ ਤੇ ਸੈਕਟਰੀਆਂ ਨੂੰ ਦਿੱਤੀ ਟ੍ਰੇਨਿੰਗ

### ਹਰਿਆਣਾ ਅਤੇ ਦਿੱਲੀ ਦੇ ਕੈਬਨਿਟ ਮੰਤਰੀ ਨਰਵੀਰ ਸਿੰਘ ਅਤੇ ਮਨਜਿੰਦਰ ਸਿੰਘ ਸਿਰਸਾ ਨੇ ਦਿੱਤੇ ਸਰਟੀਫ਼ਿਕੇਟ




ਸਮਾਣਾ, 6 ਮਈ (ਵਿਜੇ ਕੁਮਾਰ/ਜਵੰਦਾ) : ਰੋਟਰੀ ਕਲੱਬ ਗਵਰਨਰ (2025-26) ਭੁਪੇਸ਼ ਮਹਿਤਾ ਦੀ ਅਗਵਾਈ 'ਚ ਜ਼ਿਲ੍ਹਾ 3090 ਲਈ ਟ੍ਰੇਨਿੰਗ ਕੈਂਪ ਮੈਰੀਡਿਅਨ ਹੋਟਲ ਗੁਰੂਗ੍ਰਾਮ (ਹਰਿਆਣਾ) 'ਚ ਆਯੋਜਨ ਕੀਤਾ ਗਿਆ। ਜਿਸ ਵਿਚ ਇੰਟਰਨੈਸ਼ਨਲ ਦੇ ਅਹੁਦੇਦਾਰਾਂ ਨੇ ਆ ਕੇ ਜਿਲਾ 3090 ਦੇ (2025-26) ਦੇ ਪ੍ਰਧਾਨਾਂ ਅਤੇ ਸੈਕਟਰੀਆਂ ਨੂੰ ਸਮੇਂ-ਸਮੇਂ ਤੇ ਲਗਾਉਣ ਵਾਲੇ ਪ੍ਰਾਜੈਕਟਾਂ ਸੰਬਧੀ ਟ੍ਰੇਨਿੰਗ ਦਿੱਤੀ ਗਈ। ਰੋਟਰੀ ਕਲੱਬ ਸਮਾਣਾ ਅਤੇ ਰੋਟਰੀ ਕਲੱਬ ਸਮਾਣਾ ਸਿਟੀ ਵੱਲੋਂ ਇਸ ਕੈਂਪ ਵਿਚ ਹਿਸਾ ਲਿਆ ਗਿਆ। ਇਸ ਕੈਂਪ ਵਿਚ ਹਰਿਆਣਾ ਸਰਕਾਰ ਦੇ ਕੈਬਨਿਟ ਮੰਤਰੀ ਨਰਵੀਰ ਸਿੰਘ ਅਤੇ ਦਿੱਲੀ ਸਰਕਾਰ ਦੇ ਕੈਬਨਿਟ ਮੰਤਰੀ ਮਨਜਿੰਦਰ ਸਿੰਘ ਸਿਰਸਾ ਵੱਲੋਂ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਗਈ। ਕੈਂਪ ਦੌਰਾਨ ਰੋਟਰੀ ਕਲੱਬ ਸਮਾਣਾ ਦੇ ਆਉਣ ਵਾਲੇ ਪ੍ਰਧਾਨ ਅਰੁਣ ਬਾਂਸਲ, ਮਲਿਕਾ ਬਾਂਸਲ ਅਤੇ ਸੈਕਟਰੀ ਸੁਮਿਤ ਗੋਇਲ, ਬਨਿਕਾ ਗੋਇਲ ਵੱਲੋਂ ਵੀ ਆਪਣੀ ਟ੍ਰੇਨਿੰਗ ਪੂਰੀ ਕਰਨ ਉਪਰੰਤ ਮੁੱਖ ਮਹਿਮਾਨ ਮਨਜਿੰਦਰ ਸਿੰਘ ਸਿਰਸਾ ਤੋਂ ਸਰਟੀਫਿਕੇਟ ਹਾਸਲ ਕੀਤੇ। ਇਸ ਕੈਂਪ 'ਚ ਮੰਤਰੀ ਨਰਵੀਰ ਸਿੰਘ ਅਤੇ ਮਨਜਿੰਦਰ ਸਿੰਘ ਸਿਰਸਾ ਨੇ ਸੰਬੋਧਨ ਕਰਦਿਆਂ ਰੋਟਰੀ ਇੰਟਰਨੈਸ਼ਨਲ ਤੋਂ ਪੋਲੀਥੀਨ ਮੁਕਤ ਭਾਰਤ ਬਣਾਉਣ ਲਈ ਯੋਗਦਾਨ ਮੰਗਿਆ। ਇਸ ਮੌਕੇ ਰੋਟਰੀ ਕਲੱਬ ਸਮਾਣਾ ਦੇ ਮੌਜੂਦਾ ਪ੍ਰਧਾਨ ਜੀ.ਸੀ.ਗੋਇਲ, ਮਨੋਜ ਬਾਂਸਲ ਆਦਿ ਵੀ ਮੌਜੂਦ ਸਨ।

## ਡੀ.ਸੀ., ਨਗਰ ਨਿਗਮ ਕਮਿਸ਼ਨਰ ਤੇ ਹੋਰ ਅਧਿਕਾਰੀਆਂ ਵੱਲੋਂ ਰਾਜਿੰਦਰਾ ਲੇਕ ਦਾ ਦੌਰਾ

### ☛ਛੋਟੀ ਤੇ ਵੱਡੀ ਨਦੀ ਸਮੇਤ ਰਾਜਿੰਦਰਾ ਲੇਕ ਪ੍ਰੋਜੈਕਟ ਜਲਦ ਹੋਣਗੇ ਮੁਕੰਮਲ : ਡਾ. ਪ੍ਰੀਤੀ ਯਾਦਵ

ਪਟਿਆਲਾ, 6 ਮਈ (ਰੁਪਾਣਾ) : ਪਟਿਆਲਾ ਜ਼ਿਲ੍ਹਾ ਪ੍ਰਸ਼ਾਸਨ, ਸਾਡੇ ਭਵਿੱਖ ਪਾਣੀ ਦੇ ਜ਼ਿਲ੍ਹੇ ਅੰਦਰਲੇ ਸਾਰੇ ਸਰੋਤਾਂ, ਨਦੀਆਂ, ਨਾਲਿਆਂ, ਨਹਿਰਾਂ, ਰਜਬਾਹਿਆਂ ਤੇ ਡਰੇਨਾਂ ਦੀ ਸੰਭਾਲ ਤੇ ਸਾਫ਼ ਸਫ਼ਾਈ ਲਈ ਵਚਨਬੱਧ ਹੈ। ਇਸ ਲਈ ਵੱਖ-ਵੱਖ ਵਿਭਾਗਾਂ ਵੱਲੋਂ ਆਪਸੀ ਤਾਲਮੇਲ ਨਾਲ ਰਾਜਿੰਦਰਾ ਲੇਕ ਸਮੇਤ ਛੋਟੀ ਨਦੀ ਤੇ ਵੱਡੀ ਨਦੀ ਅਤੇ ਪਿੰਡਾਂ ਵਿੱਚ ਛੱਪੜਾਂ ਦੀ ਸਾਫ਼-ਸਫ਼ਾਈ ਤੇ ਨਵੀਨੀਕਰਨ ਦੇ ਕੰਮ ਮੁਕੰਮਲ ਕਰਨ ਦਾ ਤਹੱਈਆ ਕੀਤਾ ਗਿਆ ਹੈ। ਇਸੇ ਤਹਿਤ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਨਗਰ ਨਿਗਮ ਦੇ ਕਮਿਸ਼ਨਰ ਪਰਮਵੀਰ ਸਿੰਘ ਸਮੇਤ ਲੋਕ ਨਿਰਮਾਣ, ਡਰੇਨੇਜ, ਮੱਛੀ ਪਾਲਣ ਤੇ ਹੋਰ ਵਿਭਾਗਾਂ ਦੇ ਅਧਿਕਾਰੀਆਂ ਨੂੰ ਨਾਲ ਲੈਕੇ ਰਾਜਿੰਦਰਾ ਲੇਕ ਦਾ ਦੌਰਾ ਕਰਕੇ ਇਸਦਾ ਪਿਛਲੇ ਸਾਲਾਂ ਤੋਂ ਲਮਕਿਆ ਕੰਮ ਮੁੜ ਸ਼ੁਰੂ ਕਰਨ ਲਈ ਟੈਂਡਰ ਲਗਾਉਣ ਦੀ ਪ੍ਰਕ੍ਰਿਆ ਦਾ ਜਾਇਜ਼ਾ ਲਿਆ। ਉਨ੍ਹਾਂ ਦੱਸਿਆ ਕਿ ਪਾਣੀ ਦੀ ਸੰਭਾਲ ਲਈ ਜ਼ਿਲ੍ਹਾ ਪ੍ਰਸ਼ਾਸਨ ਯਤਨਸ਼ੀਲ ਹੈ, ਜਿਸ ਲਈ ਵੱਡੀ ਨਦੀ ਤੇ ਛੋਟੀ ਨਦੀ ਦਾ ਕੰਮ



ਵੀ ਅੰਤਿਮ ਪੜਾਅ ਹੇਠ ਹੈ ਤੇ ਇਸ ਦਾ ਕੰਮ ਕੇਂਦਰ ਸਰਕਾਰ ਤੋਂ ਜੰਗਲਾਤ ਤੇ ਜੰਗਲੀ ਜੀਵ ਵਿਭਾਗ ਦੀ ਐਨ.ਓ.ਸੀ. ਆਉਣ ਉਪਰੰਤ ਬੀੜ ਖੇਤਰ ਵਿੱਚ ਲਾਇਨਿੰਗ ਬੰਨ੍ਹੇ ਪੱਕੇ ਕਰਨ ਦਾ ਕੰਮ ਮੁਕੰਮਲ ਕਰਕੇ ਇਹ ਪ੍ਰਾਜੈਕਟ ਵੀ ਚਾਲੂ ਕਰ ਦਿਤਾ ਜਾਵੇਗਾ ਕਿਉਂਕਿ ਬਾਕੀ ਕੰਮ ਮੁਕੰਮਲ ਹਨ, ਜਦੋਂਕਿ ਜ਼ਿਲ੍ਹੇ ਦੇ ਪਿੰਡਾਂ ਵਿੱਚ 1204 ਛੱਪੜਾਂ ਦੀ ਮਗਨਰੇਗਾ ਰਾਹੀਂ ਸਫ਼ਾਈ ਤੇ ਡੀ-ਵਾਟਰਿੰਗ ਦਾ ਕੰਮ ਵੀ ਜਾਰੀ ਹੈ। ਰਾਜਿੰਦਰਾ ਟੈਂਕ ਬਾਰੇ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਪ੍ਰਾਜੈਕਟ ਨੂੰ ਪ੍ਰਵਾਨਗੀ ਤੇ ਬਜ਼ਟ ਮਿਲਣ ਚੁੱਕਾ ਹੈ ਤੇ ਇਸੇ ਹਫ਼ਤੇ ਟੈਂਡਰ ਲੱਗ ਜਾਵੇਗਾ। ਉਨ੍ਹਾਂ ਕਿਹਾ ਕਿ ਰਾਜਿੰਦਰਾ ਟੈਂਕ 'ਚ ਪਾਣੀ ਪੱਕੇ ਤੌਰ 'ਤੇ ਭਰਨ ਲਈ ਨਗਰ ਨਿਗਮ ਦੇ ਨਿਗਰਾਨ ਇੰਜੀਨੀਅਰ ਦੀ ਅਗਵਾਈ ਹੇਠ ਗਠਿਤ ਲੋਕ ਨਿਰਮਾਣ, ਜਲ ਨਿਕਾਸ, ਮੱਛੀ ਪਾਲਣ ਵਿਭਾਗ ਤੇ ਮਾਹਰਾਂ ਦੀ ਕਮੇਟੀ ਨੂੰ ਸਰਗਰਮ ਕੀਤਾ ਗਿਆ ਹੈ। ਅਧਿਕਾਰੀਆਂ ਨੇ ਇਸ ਮੌਕੇ ਝੀਲ ਕੰਪਲੈਕਸ ਦੀ ਸੁੰਦਰਤਾ, ਸੁੱਰਖਿਆ ਤੇ ਹੋਰ ਪ੍ਰਬੰਧਾਂ ਸਮੇਤ ਝੀਲ ਕੰਪਲੈਕਸ ਨੂੰ ਸੈਲਾਨੀਆਂ ਤੇ ਸ਼ਹਿਰ ਵਾਸੀਆਂ ਲਈ ਸੈਰਗਾਹ ਵਜੋਂ ਵਿਕਸਤ ਕਰਨ ਲਈ ਚਰਚਾ ਕੀਤੀ। ਜਲ ਨਿਕਾਸ ਦੇ ਅਧਿਕਾਰੀਆਂ ਨੇ ਦੱਸਿਆ ਕਿ ਰਾਜਿੰਦਰਾ ਲੇਕ ਵਿੱਚ ਭਾਖੜਾ ਨਹਿਰ ਦਾ ਪਾਣੀ ਪਾਉਣ ਲਈ ਮਹਾਰਾਣੀ ਕਲੱਬ ਤੋਂ ਤਿੰਨ ਫੁੱਟ ਚੌੜੀ ਪੱਕੀ ਪਾਇਪਲਾਈਨ ਵਿਛਾਈ ਜਾ ਰਹੀ ਹੈ, ਕਿਉਂਕਿ ਪੁਰਾਣੀ ਪਾਈਪਲਾਈਨ ਕਈ ਥਾਵਾਂ ਤੋਂ ਟੁੱਟ ਗਈ ਸੀ ਤੇ ਦਰਖ਼ਤਾਂ ਦੀਆਂ ਜੜ੍ਹਾਂ ਵਿੱਚ ਆਉਣ ਕਰਕੇ ਪਾਈਪ ਬੰਦ ਹੋ ਗਈ ਸੀ। ਹੁਣ ਰਾਜਿੰਦਰਾ ਟੈਂਕ ਨੂੰ ਪੱਕੇ ਤੌਰ 'ਤੇ ਚਲਾਉਣ ਤੋਂ ਪਹਿਲਾਂ, ਇਸ ਦੀ ਡੀਸਿਲਟਿੰਗ, ਆਲੇ ਦੁਆਲੇ ਸੈਰ ਲਈ ਫੁਟਪਾਥ ਬਣਾਉਣ ਤੇ ਫ਼ੁਹਾਰੇ ਚਲਾਉਣ ਦੇ ਪੱਕੇ ਪ੍ਰਬੰਧ ਕਰਨ ਲਈ ਮੁੜ ਤੋਂ ਵਿਉਂਤਬੰਦੀ ਕੀਤੀ ਗਈ ਹੈ ਤਾਂ ਕਿ ਜਿੰਨਾ ਪਾਣੀ ਇਸ ਝੀਲ ਵਿੱਚ ਭਰਿਆ ਜਾਵੇ, ਉਹ ਨਾਲ ਦੀ ਨਾਲ ਜਮੀਨਦੋਜ਼ ਨਾ ਹੋਵੇ ਅਤੇ ਇਸ ਵਿੱਚ ਬੂਟੀ ਵੀ ਪੈਦਾ ਨਾ ਹੋਵੇ। ਡਾ. ਪ੍ਰੀਤੀ ਯਾਦਵ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀਆਂ ਹਦਾਇਤਾਂ ਮੁਤਾਬਕ ਰਾਜਿੰਦਰਾ ਟੈਂਕ ਦੀ ਸਾਫ਼-ਸਫ਼ਾਈ ਪੱਕੇ ਤੌਰ 'ਤੇ ਕੀਤੇ ਜਾਣ ਸਮੇਤ ਇਸ ਨੂੰ ਸੈਲਾਨੀਆਂ ਤੇ ਸ਼ਹਿਰ ਵਾਸੀਆਂ ਲਈ ਸਥਾਈ ਤੌਰ 'ਤੇ ਇੱਕ ਸੁੰਦਰ ਸੈਰਗਾਹ ਵਜੋਂ ਵਿਕਸਤ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਉਹ ਇਸ ਪ੍ਰਾਜੈਕਟ ਦੇ ਮੁਕੰਮਲ ਹੋਣ ਤੱਕ ਰੋਜ਼ਾਨਾ ਰੀਵਿਊ ਕਰਨਗੇ। ਇਸੇ ਦੌਰਾਨ ਡਿਪਟੀ ਕਮਿਸ਼ਨਰ ਨੇ ਜ਼ਿਲ੍ਹਾ ਨਿਵਾਸੀਆਂ ਨੂੰ ਅਪੀਲ ਵੀ ਕੀਤੀ ਕਿ ਉਹ ਨਹਿਰਾਂ, ਨਦੀਆਂ, ਨਾਲਿਆਂ ਤੇ ਡਰੇਨਾਂ ਸਮੇਤ ਪਾਣੀ ਦੇ ਸਰੋਤਾਂ ਨੂੰ ਸੰਭਾਲਣ ਲਈ ਅੱਗੇ ਆਉਣ ਤੇ ਇਨ੍ਹਾਂ ਵਿੱਚ ਕੋਈ ਵੀ ਕੂੜਾ ਕਚਰਾ ਨਾ ਸੁੱਟਿਆ ਜਾਵੇ, ਕਿਉਂਕਿ ਪਾਣੀ ਦੇ ਸਰੋਤ ਸਾਡਾ ਭਵਿੱਖ ਹਨ। ਇਸ ਮੌਕੇ ਨਗਰ ਨਿਗਮ ਦੇ ਸੰਯੁਕਤ ਕਮਿਸ਼ਨਰ ਬਬਨਦੀਪ ਸਿੰਘ ਵਾਲੀਆ, ਨਿਗਰਾਨ ਇੰਜੀਨੀਅਰ ਹਰਕਿਰਨ ਸਿੰਘ, ਲੋਕ ਨਿਰਮਾਣ ਵਿਭਾਗ ਦੇ ਕਾਰਜਕਾਰੀ ਇੰਜੀਨੀਅਰ ਪਿਯੂਸ਼ ਅਗਰਵਾਲ, ਜਲ ਨਿਕਾਸ ਦੇ ਕਾਰਜਕਾਰੀ ਇੰਜੀਨੀਅਰ ਪ੍ਰਥਮ ਗੰਭੀਰ, ਮੱਛੀ ਪਾਲਣ ਵਿਭਾਗ ਦੇ ਡਿਪਟੀ ਡਾਇਰੈਕਟਰ ਕਰਮਜੀਤ ਸਿੰਘ, ਬਾਗਬਾਨੀ ਵਿੰਗ ਦੇ ਕਾਰਜਕਾਰੀ ਇੰਜੀਨੀਅਰ ਸੁਰਜੀਤ ਸਿੰਘ ਸਮੇਤ ਹੋਰ ਅਧਿਕਾਰੀ ਵੀ ਮੌਜੂਦ ਸਨ।

## ਤਿੰਨ ਦਿਨ ਪਹਿਲਾਂ ਭਾਖੜਾ 'ਚ ਡੁੱਬੇ ਵਿਅਕਤੀ ਦੀ ਲਾਸ਼ ਬ੍ਰਾਮਦ

ਸਮਾਣਾ, 6 ਮਈ (ਵਿਜੇ ਕੁਮਾਰ) : ਤਿੰਨ ਦਿਨ ਪਹਿਲਾਂ ਭਾਖੜਾ ਨਹਿਰ ਵਿਚ ਡੁੱਬੇ ਵਿਅਕਤੀ ਦੀ ਲਾਸ਼ ਬੀਤੀ ਸ਼ਾਮ ਖਨੌਰੀ ਨੇੜਿਓ ਬ੍ਰਾਮਦ ਹੋਣ 'ਤੇ ਪੋਸਟਮਾਰਟਮ ਲਈ ਸਿਵਲ ਹਸਪਤਾਲ ਸਮਾਣਾ ਲਿਆਂਦਾ ਗਿਆ। ਮਾਮਲੇ ਦੇ ਜਾਂਚ ਅਧਿਕਾਰੀ ਸਿਟੀ ਪੁਲਿਸ ਦੇ ਏ.ਐਸ.ਆਈ. ਧਰਮਿੰਦਰ ਸਿੰਘ ਨੇ ਦੱਸਿਆ ਕਿ ਮ੍ਰਿਤਕ ਸੁਰਿੰਦਰ ਕੁਮਾਰ (46) ਨਿਵਾਸੀ ਭਿੰਡਰ ਕਲੋਨੀ ਸਮਾਣਾ ਦੇ ਪੁੱਤਰ ਨਵਨੀਤ ਧੀਮਾਨ ਵੱਲੋਂ ਪੁਲਸ ਨੂੰ ਦਰਜ ਕਰਵਾਏ ਬਿਆਨ ਦੇ ਅਨੁਸਾਰ ਰੋਜ਼ਾਨਾਂ ਵਾਂਗ 2 ਮਈ ਨੂੰ ਸਵੇਰੇ ਭਾਖੜਾ ਨਹਿਰ 'ਤੇ ਸੈਰ ਕਰਨ ਲਈ ਗਿਆ ਉਸ ਦਾ ਪਿਤਾ ਮਛਲੀਆਂ ਨੂੰ ਆਟਾ ਪਾ ਰਿਹਾ ਸੀ ਕਿ ਪੈਰ ਧਿਲਕਨ ਨਾਲ ਨਹਿਰ ਵਿਚ ਡਿੱਗ ਗਿਆ ਅਤੇ ਤੇਜ਼ ਪਾਣੀ ਦੇ ਬਹਾਅ ਵਿਚ ਰੁੜ ਕੇ ਡੁੱਬ ਗਿਆ। ਉਸ ਦੀ ਤਲਾਸ਼ ਨਹਿਰ ਵਿਚ ਕੀਤੀ ਜਾ ਰਹੀ ਸੀ ਕਿ ਐਤਵਾਰ ਸ਼ਾਮ ਉਸ ਦੀ ਲਾਸ਼ ਖਨੌਰੀ ਨੇੜਿਓ ਰੁੜਦੀ ਹੋਈ ਬਰਾਮਦ ਹੋ ਗਈ। ਅਧਿਕਾਰੀ ਦੇ ਅਨੁਸਾਰ ਦਰਜ ਕਰਵਾਏ ਬਿਆਨ ਦੇ ਅਧਾਰ 'ਤੇ ਪੁਲਸ ਨੇ ਧਾਰਾ 194 ਤਹਿਤ ਪੋਸਟਮਾਰਟਮ ਉਪਰੰਤ ਲਾਸ਼ ਪ੍ਰੀਵਾਰ ਹਵਾਲੇ ਕਰ ਦਿੱਤੀ।

## ਪੁਲਿਸ ਵੱਲੋਂ 5 ਗ੍ਰਾਮ ਹੈਰੋਇਨ ਬ੍ਰਾਮਦ

ਪਟਿਆਲਾ, 6 ਮਈ (ਵਿਨੋਦ ਸ਼ਰਮਾ) : ਥਾਣਾ ਘੱਗਾ ਪੁਲਿਸ ਨੇ ਕਥਿਤ ਦੋਸ਼ੀ ਤਾਰਾ ਸਿੰਘ ਪੁੱਤਰ ਮੁਕੰਦ ਸਿੰਘ ਵਾਸੀ ਚੁਨਾਗਰਾ ਰੋਡ ਹਰਮਨ ਨਗਰ ਪਾਤੜਾਂ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਏ.ਐਸ.ਆਈ. ਗੁਰਦੇਵ ਸਿੰਘ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਤਲਾਸ਼ ਸ਼ੱਕੀ ਤੇ ਭੈੜੇ ਪੁਰਸ਼ਾਂ ਦੇ ਸਬੰਧ ਵਿੱਚ ਬੱਸ ਅੱਡਾ ਕਲਵਾਨੂੰ ਮੌਜੂਦ ਸੀ, ਜੋ ਇਤਲਾਹ ਮਿਲੀ ਕਿ ਦੋਸ਼ੀ ਹੈਰੋਇਨ ਵੇਚਣ ਲਈ ਪਿੰਡ ਛਬੀਲਪੁਰ ਪਾਸ ਭਾਖੜਾ ਨਹਿਰ ਦੀ ਪਟੜੀ ਪਰ ਗ੍ਰਾਹਕਾਂ ਦਾ ਇੰਤਜ਼ਾਰ ਕਰ ਰਿਹਾ ਹੈ, ਜੋ ਰੇਡ ਕਰਨ ਪਰ 5 ਗ੍ਰਾਮ ਹੈਰੋਇਨ ਬ੍ਰਾਮਦ ਹੋਈ।

## ਸਿਟੀ-2 ਟ੍ਰੈਫ਼ਿਕ ਇੰਚਾਰਜ ਜਗਵਿੰਦਰ ਸਿੰਘ ਬੁੱਟਰ ਨੇ ਸਕੂਲੀ ਬੱਸਾਂ ਦੀ ਕੀਤੀ ਚੈਕਿੰਗ

### ਡਰਾਈਵਰਾਂ ਨੂੰ ਟ੍ਰੈਫਿਕ ਨਿਯਮਾਂ ਬਾਰੇ ਕੀਤਾ ਜਾਗਰੂਕ

ਪਟਿਆਲਾ, 6 ਮਈ (ਚ.ਨ.ਸ.) : ਸਿਟੀ-2 ਟ੍ਰੈਫਿਕ ਪੁਲਿਸ ਪਟਿਆਲਾ ਵਲੋਂ ਮਾਨਯੋਗ ਡਾਇਰੈਕਟਰ ਜਨਰਲ ਆਫ਼ ਪੁਲਿਸ ਗੋਰਵ ਯਾਦਵ, ਏ.ਡੀ.ਜੀ.ਪੀ. ਟ੍ਰੈਫਿਕ ਏ ਐਸ ਰਾਏ, ਡੀ ਆਈ ਜੀ ਪਟਿਆਲਾ ਰੇਂਜ ਡਾਕਟਰ ਨਾਨਕ ਸਿੰਘ, ਐਸ ਐਸ ਪੀ ਪਟਿਆਲਾ ਵਾਰੁੰਣ ਸ਼ਰਮਾ, ਐਸ ਪੀ ਟ੍ਰੈਫਿਕ ਕ੍ਰਿਸ਼ਨ ਕੁਮਾਰ ਪੈਥੇ, ਡੀ ਐਸ ਪੀ ਟ੍ਰੈਫਿਕ ਅੱਛਰੂ ਰਾਮ ਸ਼ਰਮਾ ਜੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਿਟੀ-2 ਟ੍ਰੈਫਿਕ ਇੰਚਾਰਜ਼ ਏ ਐਸ ਆਈ ਜਗਵਿੰਦਰ ਸਿੰਘ ਬੁੱਟਰ ਵਲੋਂ ਸਕੂਲੀ ਵਾਹਨਾਂ ਦੀ ਚੈਕਿੰਗ ਅਕਾਲ ਐਕਡਮੀ ਰੀਠਖੇੜੀ ਵਿਖੇ ਕੀਤੀ ਗਈ। ਇਸ ਮੌਕੇ ਸਿਟੀ-2 ਟ੍ਰੈਫਿਕ ਪੁਲਿਸ ਦੇ ਇੰਚਾਰਜ ਜਗਵਿੰਦਰ ਸਿੰਘ ਬੁੱਟਰ ਨੇ ਅਕਾਲ ਐਕਡਮੀ ਰੀਠਖੇੜੀ ਵਿਖੇ ਸਕੂਲੀ ਬੱਸਾਂ ਦੀ ਚੈਕਿੰਗ ਕੀਤੀ ਗਈ ਅਤੇ ਉਹਨਾਂ ਵਲੋਂ ਬੱਸ ਡਰਾਈਵਰਾ ਨੂੰ ਟ੍ਰੈਫਿਕ ਨਿਯਮਾਂ ਬਾਰੇ ਜਾਣਕਾਰੀ ਦਿੱਤੀ ਅਤੇ ਕਿਹਾ ਕਿ ਹਰ ਸਕੂਲੀ ਬੱਸ ਵਿਚ ਫਸਟ ਏਡ ਬਾਕਸ ਹੋਣਾ ਬਹੁਤ ਜ਼ਰੂਰੀ ਹੈ ਅਤੇ ਸਾਰੀਆਂ ਬੱਸਾਂ ਵਿਚ ਅੱਗ



ਬਜਾਓ ਜੰਤਰ ਹੋਣਾ ਚਾਹੀਦਾ ਹੈ ਅਤੇ ਸਕੂਲੀ ਵਾਹਨਾਂ ਦੇ ਕਾਗਜ਼ਾਤ ਪੂਰੇ ਹੋਣੇ ਚਾਹੀਦੇ ਹਨ। ਉਹਨਾਂ ਕਿਹਾ ਕਿ ਕਈ ਵਾਰ ਵਹੀਕਲਾ ਉਪਰ ਰਿਫਲੈਕਟਰ ਨਾ ਲੱਗੇ ਹੋਣ ਕਾਰਨ ਐਕਸੀਡੈਂਟ ਹੋ ਜਾਂਦੇ ਹਨ ਅਤੇ ਕਈ ਜ਼ਿੰਦਗੀਆਂ ਮੌਤ ਦੇ ਮੂੰਹ ਵਿੱਚ ਚੱਲੀਆਂ ਜਾਂਦੀਆਂ ਹਨ, ਉਹਨਾਂ ਕਿਹਾ ਕਿ ਐਕਸੀਡੈਂਟਾਂ ਦਾ ਮੁੱਖ ਕਾਰਨ ਨਸ਼ਿਆਂ ਦਾ ਸੇਵਨ ਕਰਕੇ ਵਹੀਕਲਜ਼ ਚਲਾਉਣਾ, ਓਵਰਸਪੀਡ ਅਤੇ ਰਾਤ ਦੇ ਸਮੇਂ ਗੱਡੀਆਂ ਉਪਰ ਰਿਫਲੈਕਟਰ ਲੱਗੇ ਨਾ ਹੋਣ ਦਾ ਵੀ ਕਾਰਨ ਬਣਦੇ ਹਨ। ਉਹਨਾਂ ਪਬਲਿਕ ਨੂੰ ਵੀ ਅਪੀਲ ਕੀਤੀ ਕਿ ਉਹੋ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨ ਉਹਨਾਂ ਨੌਜਵਾਨਾਂ ਅਤੇ ਪਬਲਿਕ ਨੂੰ ਦੋ ਪਹੀਆਂ ਵਾਹਨ ਉਪਰ ਹੈਲਮਟ ਪਾਉਣ ਅਤੇ ਚਾਰ ਪਹੀਆ ਵਾਹਨਾਂ ਵਿਚ ਸੀਟ ਬੈਲਟ ਲਗਾਉਣ ਲਈ ਅਪੀਲ ਕੀਤੀ।

## ਦੇਵ ਮਾਨ ਨੇ 'ਸਿੱਖਿਆ ਕ੍ਰਾਂਤੀ' ਤਹਿਤ ਪਿੰਡਾਂ 'ਚ ਲੱਖਾਂ ਦੀ ਗਰਾਂਟ ਦੇ ਵਿਕਾਸ ਕੰਮ ਕੀਤੇ ਲੋਕ ਅਰਪਿਤ

ਨਾਭਾ, 6 ਮਈ (ਗੁਰਚਰਨ ਸਿੰਘ ਚੌਧਰੀਮਾਜਰਾ) : ਮੁੱਖ ਮੰਤਰੀ ਪੰਜਾਬ ਸ੍ਰ: ਭਗਵੰਤ ਸਿੰਘ ਮਾਨ ਦੀ ਰਹਿਨੁਮਾਈ ਅਤੇ ਸਿੱਖਿਆ ਮੰਤਰੀ ਪੰਜਾਬ ਸ੍ਰੀ ਹਰਜੋਤ ਸਿੰਘ ਬੈਂਸ ਦੀ ਅਗਵਾਈ ਹੇਠ ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਨਾਭਾ ਤੋਂ ਵਿਧਾਇਕ ਸ੍ਰੀ ਗੁਰਦੇਵ ਸਿੰਘ ਦੇਵ ਮਾਨ ਨੇ ਸਰਕਾਰੀ ਮਿਡਲ ਸਕੂਲ ਖੋਖ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਅਗੌਲ ਵਿਖੇ ਲੱਖਾਂ ਰੁਪਏ ਦੀ ਗਰਾਂਟਾਂ ਨਾਲ ਹੋਏ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ। ਉਹਨਾਂ ਕਿਹਾ ਕਿ ਸਿੱਖਿਆ ਹੀ ਅਸਲ ਆਧਾਰ ਹੈ, ਜਿਸ ਰਾਹੀਂ ਬੇਰੁਜ਼ਗਾਰੀ ਨੂੰ ਦੂਰ ਕੀਤਾ ਜਾ ਸਕਦਾ ਹੈ। ਵਿਧਾਇਕ ਸ੍ਰੀ ਗੁਰਦੇਵ ਸਿੰਘ ਦੇਵ ਮਾਨ ਨੇ ਸਰਕਾਰੀ ਪ੍ਰਾਇਮਰੀ ਸਕੂਲ ਪਿੰਡ ਖੋਖ ਵਿਖੇ 1 ਲੱਖ 60 ਹਜਾਰ ਰੁਪਏ ਦੀ ਲਾਗਤ ਨਾਲ 200 ਮੀਟਰ ਟਰੈਕ, ਸਰਕਾਰੀ ਮਿਡਲ ਸਕੂਲ ਖੋਖ ਵਿਖੇ 17 ਲੱਖ 50 ਹਜ਼ਾਰ ਰੁਪਏ ਦੀ ਲਾਗਤ ਨਾਲ ਨਵੀਂ ਚਾਰ ਦਿਵਾਰੀ, ਸਰਕਾਰੀ ਪ੍ਰਾਇਮਰੀ ਸਕੂਲ



ਅਗੌਲ ਵਿਖੇ 5 ਲੱਖ 8 ਹਜ਼ਾਰ 900 ਰੁਪਏ ਦੀ ਲਾਗਤ ਨਾਲ ਨਵੀਂ ਚਾਰ ਦਿਵਾਰੀ ਅਤੇ ਸਰਕਾਰੀ ਹਾਈ ਸਕੂਲ ਅਗੌਲ ਵਿਖੇ 8 ਲੱਖ ਰੁਪਏ ਦੀ ਲਾਗਤ ਨਾਲ ਨਵੀਂ ਚਾਰ ਦਿਵਾਰੀ ਦਾ ਉਦਘਾਟਨ ਕੀਤਾ। ਵਿਧਾਇਕ ਸ੍ਰੀ ਦੇਵ ਮਾਨ ਨੇ ਸੰਬੋਧਨ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਸ੍ਰ: ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਪੇਂਡੂ ਖੇਤਰ ਦੇ ਵਿਦਿਆਰਥੀਆਂ ਲਈ ਬਹੁਤ ਉਪਰਾਲੇ ਕਰ ਰਹੀ ਹੈ, ਤਾਂ ਜੋ ਹਰੇਕ ਬੱਚੇ ਨੂੰ ਪੂਰਣ ਸਿੱਖਿਆ ਅਤੇ ਅਨੁਕੂਲ ਸਿੱਖਿਆ ਵਾਲਾ ਮਾਹੌਲ ਮਿਲ ਸਕੇ। ਸਮਾਗਮ ਦੌਰਾਨ ਉਹਨਾ ਨਾਲ ਕੋਆਰਡੀਨੇਟਰ ਰਾਮ ਕ੍ਰਿਸ਼ਨ ਵਿਧਾਨ ਸਭਾ ਹਲਕਾ ਨਾਭਾ, ਕਪਿਲ ਮਾਨ ਭਰਾ ਦੇਵ ਮਾਨ, ਦੀਪਾ ਰਾਮਗੜ੍ਹ ਚੇਅਰਮੈਨ ਮਾਰਕੀਟ ਕਮੇਟੀ ਭਾਦਸੋਂ, ਗੁਰਦੀਪ ਸਿੰਘ ਟਿਵਾਣਾ ਚੇਅਰਮੈਨ, ਜਸਵਿੰਦਰ ਸਿੰਘ ਬੀਡੀਪੀਓ, ਪੰਚ, ਸਰਪੰਚ, ਸਕੂਲਾਂ ਦੇ ਪ੍ਰਿੰਸੀਪਲ, ਅਧਿਆਪਕ ਅਤੇ ਬੱਚਿਆਂ ਦੇ ਮਾਪੇ ਮੌਜੂਦ ਸਨ।

## ਡਾ. ਨਾਨਕ ਸਿੰਘ ਨੇ ਭਲਵਾਨ ਤੇ ਗਰੇਵਾਲ ਨੂੰ ਨਸ਼ਿਆਂ ਵਿਰੁੱਧ ਕੀਤੇ ਜਾ ਰਹੇ ਕੰਮਾਂ ਲਈ ਕੀਤਾ ਸਨਮਾਨਤ




ਪਟਿਆਲਾ, 6 ਮਈ (ਚ.ਨ.ਸ.) : ਨਾਮਵਰ ਸਮਾਜ ਸੇਵੀ ਸੰਸਥਾਵਾਂ ਜੋ ਕਿ ਪੰਜਾਬ ਦੇ ਹਰ ਜ਼ਿਲ੍ਹੇ ਵਿੱਚ ਨਸ਼ਿਆਂ ਵਿਰੁੱਧ ਜਾਗਰੂਕਤਾ ਪ੍ਰੋਗਰਾਮ ਦਾ ਆਯੋਜਨ ਕਰ ਰਹੀਆਂ ਯੂਥ ਫੈਡਰੇਸ਼ਨ ਆਫ ਇੰਡੀਆ ਅਤੇ ਪਾਵਰ ਹਾਊਸ ਯੂਥ ਕਲੱਬ ਦੇ ਸਰਪ੍ਰਸਤ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਮੈਂਬਰ ਜ਼ਿਲ੍ਹਾ ਸਾਂਝ ਕੇਂਦਰ ਕਮੇਟੀ, ਮੈਂਬਰ ਜ਼ਿਲ੍ਹਾ ਯੁਵਾ ਸਾਂਝ ਕੇਂਦਰ ਕਮੇਟੀ ਅਤੇ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਵੱਲੋਂ ਕੀਤੇ ਜਾ ਰਹੇ ਪਿਛਲੇ 20 ਸਾਲਾਂ ਤੋਂ ਨਸ਼ਿਆਂ ਵਿਰੁੱਧ ਕੀਤੇ ਜਾ ਰਹੇ ਕੰਮਾਂ ਅਤੇ ਹੋਰ ਸਮਾਜ ਸੇਵੀ ਕਾਰਜਾਂ ਨੂੰ ਵੇਖਦਿਆਂ ਡੀ ਆਈ ਜੀ ਪਟਿਆਲਾ ਰੇਂਜ ਡਾ. ਨਾਨਕ ਸਿੰਘ ਵੱਲੋਂ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਡੀ ਆਈ ਜੀ ਪਟਿਆਲਾ ਰੇਂਜ ਡਾ. ਨਾਨਕ ਸਿੰਘ ਨੇ ਕਿਹਾ ਕਿ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਅਤੇ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਵੱਲੋਂ ਬਗੈਰ ਕਿਸੇ ਸੁਆਰਥ ਦੇ ਪਿੰਡਾਂ, ਸ਼ਹਿਰਾਂ, ਕਸਬਿਆਂ, ਸਕੂਲਾਂ, ਕਾਲਜਾਂ, ਯੂਨੀਵਰਸਿਟੀਆ ਵਿੱਚ ਜਾ ਕੇ ਪਬਲਿਕ ਅਤੇ ਖ਼ਾਸ ਕਰਕੇ ਨੌਜਵਾਨਾਂ ਨੂੰ ਨਸ਼ਿਆਂ ਵਿਰੁੱਧ ਜਾਗਰੂਕਤਾ ਲਈ ਕੀਤੇ ਜਾ ਰਹੇ ਸਮਾਜ ਸੇਵੀ ਕਾਰਜ ਬਹੁਤ ਹੀ ਪ੍ਰਸੰਸਾਯੋਗ ਹਨ ਅਤੇ ਉਨ੍ਹਾਂ ਕਿਹਾ ਕਿ ਉਹੋ ਇਹਨਾਂ ਦੀ ਸਮਾਜ ਸੇਵੀ ਕਾਰਜਾਂ ਲਈ ਹਰ ਸੰਭਵ ਮਦਦ ਲਈ ਹਮੇਸ਼ਾ ਤਿਆਰ ਹਾਂ। ਉਹਨਾਂ ਪਬਲਿਕ ਨੂੰ ਅਪੀਲ ਕੀਤੀ ਕਿ ਉਹ ਨਸ਼ਿਆਂ ਦੇ ਖਾਤਮੇ ਲਈ ਪੁਲਿਸ ਨੂੰ ਸਹਿਯੋਗ ਦੇਣ ਲਈ ਅੱਗੇ ਆਏ। ਇਹ ਸਾਰੇ ਸਮਾਜ ਸੇਵੀ ਕਾਰਜ ਉਹਨਾਂ ਦੀ ਟੀਮ ਸਟੇਟ ਐਵਾਰਡੀ ਰੁਪਿੰਦਰ ਕੌਰ, ਰੁਦਰਪ੍ਰਤਾਪ ਸਿੰਘ, ਹਰਮਨਜੀਤ ਸਿੰਘ ਰੰਧਾਵਾ, ਲੱਕੀ ਹਰਦਾਸਪੁਰ ਦੀ ਮਿਹਨਤ ਸਦਕਾ ਸੰਭਵ ਹੋ ਰਹੇ ਹਨ, ਅਤੇ ਉਨ੍ਹਾਂ ਦੀ ਟੀਮ ਅੱਗੇ ਤੋਂ ਵੀ ਸਮਾਜ ਸੇਵੀ ਕਾਰਜ ਕਰਦੀ ਰਹੇਗੀ।

## ਘਨੌਰ ਹਲਕੇ ਦੇ 173 ਪਿੰਡਾਂ 'ਚ ਕਰੀਬ 10 ਕਰੋੜ ਦੀ ਲਾਗਤ ਨਾਲ ਬਣਾਏ ਵਾਲੀਬਾਲ ਕੋਰਟ : ਗੁਰਲਾਲ ਘਨੌਰ

### ਹਲਕੇ ਦੇ ਹਰੇਕ ਪਿੰਡ 'ਚ ਬਣੇ ਵਾਲੀਬਾਲ ਮੈਦਾਨਾਂ 'ਚ ਲੱਗਣ ਲੱਗੀਆਂ ਰੌਣਕਾਂ

ਘਨੌਰ, 6 ਮਈ (ਮਦਨ ਲਾਲ/ਰਾਜਿੰਦਰ ਸਿੰਘ ਕੰਬੋਜ) : ਕੌਮਾਂਤਰੀ ਕਬੱਡੀ ਖਿਡਾਰੀ ਤੇ ਘਨੌਰ ਹਲਕੇ ਦੇ ਵਿਧਾਇਕ ਗੁਰਲਾਲ ਘਨੌਰ ਵੱਲੋਂ ਹਲਕੇ ਦੇ ਬੱਚਿਆਂ, ਨੌਜਵਾਨਾਂ ਤੇ ਬਜ਼ੁਰਗਾਂ ਨੂੰ ਖੇਡਾਂ ਨਾਲ ਜੋੜਨ ਲਈ ਕੀਤੇ ਜਾ ਰਹੇ ਅਣਥੱਕ ਯਤਨਾਂ ਸਦਕਾ ਹਲਕੇ ਦੇ 173 ਪਿੰਡਾਂ 'ਚ ਕਰੀਬ 10 ਕਰੋੜ ਰੁਪਏ ਦੀ ਲਾਗਤ ਨਾਲ ਵਾਲੀਬਾਲ ਕੋਰਟ ਬਣਕੇ ਤਿਆਰ ਹਨ, ਜਿਨ੍ਹਾਂ ਦਾ 98 ਫ਼ੀਸਦੀ ਕੰਮ ਮੁਕੰਮਲ ਹੋ ਚੁੱਕਾ ਹੈ ਤੇ ਮਈ ਮਹੀਨੇ 'ਚ ਸਾਰੇ ਵਾਲੀਬਾਲ ਕੋਰਟ ਖਿਡਾਰੀਆਂ ਲਈ ਉਪਲਬਧ ਹੋਣਗੇ। ਸੂਬੇ ਦੇ ਲੋਕਾਂ ਤੇ ਖਾਸਕਰ ਨੌਜਵਾਨੀ ਨੂੰ ਤੰਦਰੁਸਤ ਰੱਖਣ, ਨਸ਼ਿਆਂ ਤੋਂ ਦੂਰ ਕਰਨ ਤੇ ਖੇਡਾਂ ਨਾਲ ਜੋੜਨ ਦੇ ਮਕਸਦ ਨਾਲ ਰਾਜਨੀਤੀ 'ਚ ਆਏ ਕੌਮਾਂਤਰੀ ਕਬੱਡੀ ਖਿਡਾਰੀ ਗੁਰਲਾਲ ਘਨੌਰ ਵੱਲੋਂ ਆਪਣੇ ਹਲਕੇ ਦੇ ਹਰੇਕ ਪਿੰਡ 'ਚ ਖੇਡ ਮੈਦਾਨ ਵਿਕਸਤ ਕੀਤੇ ਗਏ ਹਨ, ਜਿੱਥੇ ਵਾਲੀਬਾਲ ਸਮੇਤ



ਹੋਰਨਾਂ ਖੇਡਾਂ ਲਈ ਸਹੂਲਤਾਂ ਉਪਲਬਧ ਹਨ। ਹਲਕੇ 'ਚ 15 ਗਰਾਊਂਡ ਜੋ ਇਕ ਤੋਂ ਚਾਰ ਏਕੜ ਵਿੱਚ ਵਿਕਸਤ ਕੀਤੇ ਜਾ ਰਹੇ ਹਨ, ਜਿਸ ਵਿੱਚੋਂ ਖੇੜੀਗੁਰਨਾ ਵਿਖੇ 40 ਲੱਖ ਰੁਪਏ ਦੀ ਲਾਗਤ ਅਤੇ ਘੜਾਮ ਵਿਖੇ 20 ਲੱਖ ਰੁਪਏ ਦੀ ਲਾਗਤ ਨਾਲ ਬਣੇ ਖੇਡ ਮੈਦਾਨਾਂ ਦਾ ਵੱਡੀ ਗਿਣਤੀ ਖਿਡਾਰੀ ਲਾਭ ਉਠਾ ਰਹੇ ਹਨ। ਹਲਕਾ ਵਿਧਾਇਕ ਗੁਰਲਾਲ ਘਨੌਰ ਨੇ ਹਲਕੇ 'ਚ ਖੇਡਾਂ ਦੇ ਖੇਤਰ 'ਚ ਹੋਏ ਕੰਮ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਘਨੌਰ ਹਲਕੇ 'ਚ 175 ਪਿੰਡ ਆਉਂਦੇ ਹਨ ਤੇ ਇਨ੍ਹਾਂ ਵਿਚੋਂ 173 ਵਿੱਚ ਵਾਲੀਬਾਲ ਕੋਰਟ ਬਣਾਏ ਗਏ ਹਨ। ਉਨ੍ਹਾਂ ਦੱਸਿਆ ਕਿ ਵਾਲੀਬਾਲ ਕੋਰਟ ਬਣਾਉਣ ਦਾ ਮੁੱਖ ਮਕਸਦ ਇਸ ਖੇਡ ਨੂੰ ਹਰੇਕ ਉਮਰ ਵਰਗ ਵੱਲੋਂ ਖੇਡਿਆਂ ਜਾਣਾ ਤੇ 10 ਜਾ 15 ਵਿਅਕਤੀ ਇਕੱਠੇ ਹੋ ਕੇ ਕਿਸੇ ਵੀ ਸਮੇਂ ਭਾਵੇਂ ਰਾਤ ਹੋਵੇ ਖੇਡ ਸਕਦੇ ਹਨ। ਉਨ੍ਹਾਂ ਦੱਸਿਆ ਕਿ ਖੇਡ ਕੋਰਟ ਪਿੰਡਾਂ ਦੇ ਨੇੜੇ ਜ਼ਿਆਦਾਤਰ ਸਕੂਲਾਂ ਨੇੜੇ ਜਾਂ ਨਿਆਈ ਵਾਲੀ ਜਗ੍ਹਾ 'ਤੇ ਬਣਾਏ ਗਏ ਹਨ ਤੇ ਰਾਤ ਨੂੰ ਖੇਡਣ ਲਈ ਲਾਈਟਾਂ ਵੀ ਲਗਾਈਆਂ ਗਈਆਂ ਹਨ। ਐਮ.ਐਲ.ਏ ਗੁਰਲਾਲ ਨੇ ਕਿਹਾ ਕਿ ਜੇਕਰ ਹਰੇਕ ਪਿੰਡ ਦੇ 20 ਬੱਚੇ ਵੀ ਵਾਲੀਬਾਲ ਗਰਾਊਂਡ 'ਚ ਜਾਣ ਲੱਗਦੇ ਹਨ ਤਾਂ ਹਲਕੇ ਦੇ 3500 ਬੱਚੇ ਖੇਡ ਗਰਾਊਂਡਾਂ 'ਚ ਪੁੱਜ ਜਾਣਗੇ। ਇਸ ਤੋਂ ਇਲਾਵਾ ਯੂਨੀਵਰਸਿਟੀ ਕਾਲਜ ਘਨੌਰ ਵਿਖੇ 1 ਕਰੋੜ ਰੁਪਏ ਦੀ ਲਾਗਤ ਨਾਲ ਜ਼ਿਮਨੇਜੀਅਮ ਹਾਲ ਵੀ ਬਣਾਇਆ ਗਿਆ ਹੈ ਤੇ ਹਲਕੇ 'ਚ 40 ਜਿਮ ਬਣਾਈਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਰਾਜਪੁਰਾ ਰੋਡ 'ਤੇ ਪਿੰਡ ਢੀਂਡਸਾ ਵਿਖੇ ਰੋਇੰਗ ਖੇਡ ਸ਼ੁਰੂ ਕਰਨ ਲਈ ਵੀ ਕੰਮ ਜਾਰੀ ਹੈ ਜਲਦ ਹੀ ਇਸ ਖੇਡ ਦਾ ਅਨੰਦ ਸੂਬਾ ਵਾਸੀ ਉਠਾ ਸਕਣਗੇ। ਗੁਰਲਾਲ ਘਨੌਰ ਨੇ ਆਪਣੀਆਂ ਭਵਿੱਖੀ ਯੋਜਨਾਵਾਂ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਹਲਕੇ ਦੇ ਸਾਰੇ ਬੱਚੇ, ਨੌਜਵਾਨ ਤੇ ਬਜ਼ੁਰਗਾਂ ਨੂੰ ਸਵੇਰ ਤੇ ਸ਼ਾਮ ਸਮੇਂ ਖੇਡ ਮੈਦਾਨਾਂ ਨਾਲ ਜੋੜਨਾ ਹੈ, ਇਸ ਲਈ ਉਹ ਲਗਾਤਾਰ ਤਿੰਨ ਸਾਲਾ ਤੋਂ ਹਲਕੇ 'ਚ ਖੇਡ ਮੈਦਾਨ ਵਿਕਸਤ ਕਰਦੇ ਆ ਰਹੇ ਹਨ ਤੇ ਹੁਣ ਵੱਡੀ ਗਿਣਤੀ ਬੱਚੇ, ਨੌਜਵਾਨ ਤੇ ਬਜ਼ੁਰਗ ਸਵੇਰੇ ਸ਼ਾਮ ਗਰਾਊਂਡਾਂ 'ਚ ਪ੍ਰੈਕਟਿਸ ਲਈ ਪੁੱਜ ਰਹੇ ਹਨ। ਉਨ੍ਹਾਂ ਕਿਹਾ ਕਿ ਬਹੁਤ ਜਲਦੀ ਹੀ ਇਨ੍ਹਾਂ ਮੈਦਾਨਾਂ 'ਚੋਂ ਕੌਮੀ ਤੇ ਕੌਮਾਂਤਰੀ ਪੱਧਰ ਦੇ ਖਿਡਾਰੀ ਪੈਦਾ ਹੋਣਗੇ, ਜੋ ਸੂਬੇ ਦਾ ਨਾਮ ਰੋਸ਼ਨ ਕਰਨਗੇ।

## ਬਲਾਤਕਾਰ ਸਬੰਧੀ ਮਾਮਲਾ ਦਰਜ

ਪਟਿਆਲਾ, 6 ਮਈ (ਵਿਨੋਦ ਸ਼ਰਮਾ) : ਨਹਿਰ 'ਚ ਧੱਕਾ ਦੇਣ ਅਤੇ ਬਲਾਤਕਾਰ ਕਰਨ ਸਬੰਧੀ ਥਾਣਾ ਲਾਹੌਰੀ ਗੇਟ ਪਟਿਆਲਾ ਪੁਲਿਸ ਨੇ ਕਥਿਤ ਦੋਸ਼ੀ ਸੰਦੀਪ ਵਾਸੀ ਸਾਹਿਬ ਨਗਰ ਥੇਹੜੀ ਵਿਰੁੱਧ ਧਾਰਾ 64, 140(1), 351(2),79 ਬੀ. ਐਨ. ਐਸ. ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਕਥਿਤ ਦੋਸ਼ੀ ਉਸ ਦੀ ਭੈਣ ਦਾ ਦਿਉਰ ਹੈ, ਜੋ ਉਸ ਨੂੰ ਉਸ ਨਾਲ ਵਿਆਹ ਨਾ ਕਰਾਉਣ ਦੀ ਸੂਰਤ ਵਿੱਚ ਮਰ ਜਾਣ ਦੀਆਂ ਧਮਕੀਆਂ ਦਿੰਦਾ ਸੀ। ਕਥਿਤ ਦੋਸ਼ੀ ਉਸ ਨੂੰ ਮਾਤਾ ਕੁਸ਼ੱਲਿਆ ਹਸਪਤਾਲ ਪਟਿਆਲਾ ਤੋਂ ਮੋਟਰਸਾਈਕਲ 'ਤੇ ਬਿਠਾ ਕੇ ਘਨੌਰ ਸਾਇਡ ਲੈ ਗਿਆ ਅਤੇ ਘਨੌਰ ਨਹਿਰ ਵਿੱਚ ਧੱਕਾ ਦੇ ਦਿੱਤਾ, ਫਿਰ ਖੁਦ ਨਹਿਰ ਵਿੱਚ ਛਾਲ ਮਾਰ ਕੇ ਉਸ ਨੂੰ ਬਚਾ ਲਿਆ ਅਤੇ ਬਹਾਦਰਗੜ੍ਹ ਵਿਖੇ ਫਾਰਮਰ ਚਿਕਨ ਹੋਟਲ ਦੇ ਇੱਕ ਕਮਰੇ ਵਿੱਚ ਲੈ ਗਿਆ ਅਤੇ ਜਬਰਦਸਤੀ ਉਸ ਨਾਲ ਦੋ ਦਿਨ ਕਥਿਤ ਤੌਰ 'ਤੇ ਬਲਾਤਕਾਰ ਕੀਤਾ ਤੇ ਰਾਜਪੁਰਾ ਵਿਖੇ ਉਸ ਦੇ ਚਾਚੇ ਦੇ ਘਰ ਪਾਸ ਛੱਡ ਗਿਆ।

## ਮਾਤਾ ਜਸਵੰਤ ਕੌਰ ਦਿਓਲ ਦੀ ਬਰਸੀ ਮਨਾਈ



ਸਮਾਣਾ, 6 ਮਈ (ਵਿਜੇ ਕੁਮਾਰ) : ਗੁਰਦੁਆਰਾ ਸ੍ਰੀ ਗੁਰੂ ਰਵਿਦਾਸ, ਰਵਿਦਾਸ ਨਗਰ ਸਮਾਣਾ ਵਿਖੇ ਸਮੂਹ ਦਿਓਲ ਪਰਿਵਾਰ ਵੱਲੋਂ ਮਾਤਾ ਜਸਵੰਤ ਕੌਰ ਦੀ 8ਵੀਂ ਸਾਲਾਨਾ ਬਰਸੀ ਮਨਾਈ ਗਈ। ਇਸ ਮੌਕੇ ਗੁਰੂ ਘਰ ਦੇ ਕੀਰਤਨੀਆਂ ਵੱਲੋਂ ਇਲਾਹੀ ਬਾਣੀ ਦਾ ਕੀਰਤਨ ਕਰਦਿਆਂ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪਰਿਵਾਰ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਗੁਰੂ ਘਰ ਦੇ ਮੁੱਖ ਸੇਵਾਦਾਰ ਭਾਈ ਰਾਜ ਸਿੰਘ ਅਤੇ ਕਰਮ ਸਿੰਘ ਦਿਓਲ ਵੱਲੋਂ ਸਮੂਹ ਸੰਗਤ ਦਾ ਧੰਨਵਾਦ ਕੀਤਾ। ਉਪਰੰਤ ਦਿਓਲ ਪਰਿਵਾਰ ਵੱਲੋਂ ਆਈਆਂ ਸੰਗਤਾਂ ਲਈ ਚਾਹ ਦਾ ਲੰਗਰ ਵਰਤਾਇਆ ਗਿਆ।

### ਸੇਫ਼ ਸਕੂਲ ਵਾਹਨ ਨੀਤੀ ਲਾਗੂ ਕਰਨ ਲਈ ਸਕੂਲਾਂ ਦੇ ਮੁਖੀਆਂ ਨਾਲ ਮੀਟਿੰਗ

## ਵਿਦਿਆਰਥੀਆਂ ਦੀ ਸਕੂਲਾਂ 'ਚ ਆਵਾਜਾਈ ਸੁਰੱਖਿਆ ਯਕੀਨੀ ਬਣਾਈ ਜਾਵੇ : ਕ੍ਰਿਪਾਲਵੀਰ ਸਿੰਘ

ਦੂਧਨਸਾਧਾਂ, 6 ਮਈ (ਗੁਰਜੀਤ ਸਿੰਘ ਢੋਟ) : ਵਿਦਿਆਰਥੀਆਂ ਦੇ ਸਕੂਲਾਂ 'ਚ ਆਉਣ-ਜਾਣ ਨੂੰ ਸੁੱਰਖਿਅਤ ਬਣਾਉਣ ਲਈ ਲਾਗੂ ਕੀਤੀ ਗਈ 'ਸੇਫ਼ ਸਕੂਲ ਵਾਹਨ ਪਾਲਿਸੀ' ਦੇ ਸਬੰਧ 'ਚ ਸਬ ਡਵੀਜਨ ਦੇ ਸਕੂਲਾਂ ਦੇ ਪ੍ਰਿੰਸੀਪਲਾਂ ਅਤੇ ਹੋਰਨਾਂ ਜਿੰਮੇਵਾਰ ਵਿਅਕਤੀਆਂ ਨਾਲ ਦੂਧਨ ਸਾਧਾਂ ਦੇ ਐਸ.ਡੀ.ਐਮ. ਕ੍ਰਿਪਾਲਵੀਰ ਸਿੰਘ ਨੇ ਇੱਕ ਮੀਟਿੰਗ ਕਰਕੇ ਇਸ ਨੀਤੀ ਨੂੰ ਲਾਗੂ ਕੀਤੇ ਜਾਣ ਦਾ ਜਾਇਜ਼ਾ ਲਿਆ। ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਕ੍ਰਿਪਾਲਵੀਰ ਸਿੰਘ ਨੇ ਸਮੂਹ ਸਕੂਲਾਂ ਦੇ ਮੁਖੀਆਂ ਨੂੰ ਹਦਾਇਤ ਕੀਤੀ ਕਿ ਉਹ ਸੇਫ਼ ਸਕੂਲ ਵਾਹਨ ਨੀਤੀ ਨੂੰ ਹਰ ਹਾਲ 'ਚ ਲਾਗੂ ਕਰਨਾ ਯਕੀਨੀ ਬਣਾਉਣ। ਉਨ੍ਹਾਂ ਕਿਹਾ ਕਿ ਜੇਕਰ ਇਸ ਨੀਤੀ ਨੂੰ ਲਾਗੂ ਕਰਨ 'ਚ ਕੋਈ ਸਕੂਲ ਅਣਗਹਿਲੀ ਵਰਤਦਾ ਹੈ, ਤਾਂ ਸਕੂਲ ਪ੍ਰਬੰਧਕਾਂ ਵਿਰੁੱਧ ਨਿਯਮਾਂ ਮੁਤਾਬਕ ਕਾਰਵਾਈ ਕੀਤੀ ਜਾਵੇਗੀ। ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਦੇ ਦਿਸ਼ਾ ਨਿਰਦੇਸ਼ਾਂ 'ਤੇ ਇਸ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਕ੍ਰਿਪਾਲਵੀਰ ਸਿੰਘ ਨੇ ਸਾਰੇ ਸਕੂਲਾਂ ਦੇ ਮੁਖੀਆਂ ਨੂੰ ਹਦਾਇਤ ਕੀਤੀ ਕਿ ਉਹ




ਯਕੀਨੀ ਬਣਾਉਣ ਕਿ 18 ਸਾਲ ਤੋਂ ਘੱਟ ਉਮਰ ਦਾ ਕੋਈ ਵੀ ਵਿਦਿਆਰਥੀ ਆਪਣੇ ਪ੍ਰਾਈਵੇਟ ਵਾਹਨ ਸਕੂਲ 'ਚ ਨਾ ਲੈ ਕੇ ਆਵੇ। ਇਸ ਤੋਂ ਬਿਨ੍ਹਾਂ ਵਿਦਿਆਰਥੀਆਂ ਨੂੰ ਪ੍ਰਾਈਵੇਟ ਤੌਰ 'ਤੇ ਟਰਾਂਸਪੋਰਟ ਦੀ ਸੁਵਿਧਾ ਪ੍ਰਦਾਨ ਕਰਨ ਵਾਲੇ ਟਰਾਂਸਪੋਟਰਾਂ ਸਮੇਤ ਸਕੂਲ ਆਪਣੇ ਵਾਹਨਾਂ ਵਿੱਚ ਰਹਿੰਦੀਆਂ ਕਮੀਆਂ ਨੂੰ ਸੇਫ਼ ਸਕੂਲ ਵਾਹਨ ਪਾਲਿਸੀ ਤਹਿਤ ਪੂਰਾ ਕਰਨਾ ਯਕੀਨੀ ਬਣਾਉਣ। ਐਸ.ਡੀ.ਐਮ ਨੇ ਕਿਹਾ ਕਿ ਸਕੂਲਾਂ ਨੂੰ ਇਹ ਪਾਲਿਸੀ ਲਾਗੂ ਕਰਨ ਲਈ ਰਹਿੰਦੀਆਂ ਕਮੀਆਂ ਪੇਸ਼ੀਆਂ ਦੂਰ ਕਰਨ ਲਈ ਹਦਾਇਤ ਕੀਤੀ ਗਈ ਹੈ ਅਤੇ ਇਸ ਲਈ ਸਕੂਲਾਂ ਵੱਲੋਂ ਹਲਫ਼ੀਆ ਬਿਆਨ ਜ਼ਿਲ੍ਹਾ ਸਿੱਖਿਆ ਦਫ਼ਤਰ ਵਿਖੇ ਹਰ ਹਾਲ ਭੇਜਿਆ ਜਾਵੇ। ਉਨ੍ਹਾਂ ਨੇ ਸਕੂਲਾਂ ਦੇ ਪ੍ਰਿਸੀਪਲਾਂ ਨੂੰ ਸੇਫ ਸਕੂਲ ਵਾਹਨ ਪਾਲਿਸੀ ਦੀਆਂ ਹਦਾਇਤਾਂ ਜਿਵੇਂ ਕਿ ਬੱਸਾਂ ਵਿੱਚ ਮਹਿਲਾ ਅਟੈਂਡੈਂਟ ਦਾ ਹੋਣਾ, ਸੀ.ਸੀ.ਟੀ.ਵੀ ਕੈਮਰਾ ਲਗਵਾਉਣਾ, ਬੱਸਾਂ ਵਿੱਚ ਓਵਰ-ਲੋਡਿੰਗ ਰੋਕਣਾ ਆਦਿ ਲਾਗੂ ਕਰਨ ਲਈ ਕਿਹਾ ਗਿਆ। ਇਸ ਮੀਟਿੰਗ 'ਚ ਜ਼ਿਲ੍ਹਾ ਸਿੱਖਿਆ ਅਫ਼ਸਰ ਸੰਜੀਵ ਕੁਮਾਰ, ਡਿਪਟੀ ਡੀਈਓ ਰਾਵਿੰਦਰਪਾਲ ਸਿੰਘ ਸਮੇਤ ਸਕੂਲਾਂ ਦੇ ਹੋਰ ਵਿਭਾਗਾਂ ਦੇ ਅਧਿਕਾਰੀ ਵੀ ਹਾਜ਼ਰ ਸਨ।

## ਪੁਲਿਸ ਵੱਲੋਂ 11 ਕਿੱਲੋ ਗਾਂਜਾ ਬ੍ਰਾਮਦ

ਘਨੌਰ, 6 ਮਈ (ਮਦਨ ਲਾਲ) : ਥਾਣਾ ਸਿਟੀ ਰਾਜਪੁਰਾ ਪੁਲਿਸ ਨੇ ਕਥਿਤ ਦੋਸ਼ੀਆਂ ਮਨੋਜ ਕੁਮਾਰ ਵਾਸੀ ਨੇੜੇ ਬੱਸ ਸਟੈਂਡ ਡੇਹਲੋਂ ਰੋਡ ਸਾਹਨੇਵਾਲ, ਗੁੱਡੀਆ ਰਾਣੀ ਪਤਨੀ ਸਤੀਸ਼ ਕੁਮਾਰ ਵਾਸੀ ਡੇਹਲੋਂ ਰੋਡ ਵਿਰੁੱਧ ਮਾਮਲਾ ਦਰਜ ਕੀਤਾ ਹੈ। ਏ.ਐਸ.ਆਈ. ਪਰਮਜੀਤ ਸਿੰਘ ਸਮੇਤ ਪੁਲਿਸ ਪਾਰਟੀ ਮਿਡਵੇ ਢਾਬਾ ਰਾਜਪੁਰਾ ਮੌਜੂਦ ਸੀ, ਜੋ ਬੱਸ ਵਿੱਚੋਂ ਉਤਰੇ ਕਥਿਤ ਦੋਸ਼ੀਆਂ ਨੂੰ ਸ਼ੱਕ ਦੇ ਅਧਾਰ ਪਰ ਰੋਕ ਕੇ ਚੈਕ ਕਰਨ ਪਰ 11 ਕਿੱਲੋ ਗਾਂਜਾ ਬ੍ਰਾਮਦ ਹੋਇਆ।

## ਸ਼ਿਵ ਸ਼ੰਕਰ ਯੂਥ ਸੇਵਾ ਦਲ ਨੇ ਸ੍ਰੀ ਅਨਾਥ ਗਊਸ਼ਾਲਾ ਸਮਾਣਾ ਦੇ ਸਹਿਯੋਗ ਨਾਲ 5 ਲੜਕੀਆਂ ਦੇ ਸਮੂਹਿਕ ਵਿਆਹ ਕਰਵਾਏ

### ਦਲ ਵੱਲੋਂ ਕੀਤੇ ਜਾ ਰਹੇ ਸਮਾਜਿਕ ਅਤੇ ਧਾਰਮਿਕ ਕਾਰਜ ਸ਼ਲਾਘਾਯੋਗ : ਵਿਧਾਇਕ ਜੌੜਾਮਾਜਰਾ

ਸਮਾਣਾ, 6 ਮਈ (ਹਰਜਿੰਦਰ ਸਿੰਘ ਜਵੰਦਾ) ਸ਼ਿਵ ਸ਼ੰਕਰ ਯੂਥ ਸੇਵਾ ਦਲ ਸਮਾਣਾ ਅਤੇ ਉਦਯੋਗਪਤੀ ਗਿਆਨ ਚੰਦ ਕਟਾਰੀਆ ਵੱਲੋਂ ਸ੍ਰੀ ਅਨਾਥ ਗਊਸ਼ਾਲਾ ਸਮਾਣਾ ਵਿਖੇ ਲੋੜਵੰਦ ਪਰਿਵਾਰਾਂ ਦੀਆਂ 5 ਲੜਕੀਆਂ ਦੇ ਸਮੂਹਿਕ ਵਿਆਹ ਕਰਵਾਏ ਗਏ। ਇਸ ਮੌਕੇ ਮੁੱਖ ਮਹਿਮਾਨ ਵਜੋਂ ਹਲਕਾ ਸਮਾਣਾ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ, ਉਦਯੋਗਪਤੀ ਸ੍ਰੀ ਰਮੇਸ਼ ਗਰਗ, ਗਿਆਨ ਚੰਦ ਕਟਾਰੀਆ, ਮਾਤਾ ਅਨੀਤਾ ਜੀ, ਅਗਰਵਾਲ ਧਰਮਸ਼ਾਲਾ ਪ੍ਰਧਾਨ ਮਦਨ ਮਿੱਤਲ, ਡਾ ਸੁਰਜੀਤ ਸਿੰਘ ਦਈਆ, ਸੰਦੀਪ ਸਿੰਗਲਾ, ਯਸ਼ਪਾਲ ਸਿੰਗਲਾ, ਜੀਵਨ ਗਰਗ, ਅਸ਼ੋਕ ਮੋਦਗਿੱਲ, ਡਾ ਰਾਜੇਸ਼ ਗੋਇਲ ਲੱਕੀ, ਪ੍ਰਦੀਪ ਗੋਇਲ ਮਿੰਕਾ, ਸੁਨੈਨਾ ਮਿੱਤਲ, ਗੋਪਾਲ ਕ੍ਰਿਸ਼ਨ ਗਰਗ, ਸੰਜੇ ਥਰੇਜਾ, ਹੇਮੰਤ ਸੰਧੂ, ਧਰਮਪਾਲ ਨਾਹਰ, ਸੰਜੇ ਮੰਤਰੀ, ਪਵਨ ਸ਼ਾਸਤਰੀ, ਸਰਪੰਚ ਰਾਣਾ ਢਿੱਲੋਂ, ਸ੍ਰੀ ਮਤੀ ਸੁਸ਼ਮਾ ਗਰਗ ਅਤੇ ਸਤੀ ਮੰਦਿਰ ਮਹਿਲਾ ਸੰਕੀਰਤਨ ਮੰਡਲੀ, ਰਿੰਪੀ



ਮੇਨਕਾ ਆਦਿ ਸਮੇਤ ਵੱਡੀ ਗਿਣਤੀ ਵਿੱਚ ਇਲਾਕੇ ਭਰ ਤੋਂ ਸ਼ਖਸੀਅਤਾਂ ਨੇ ਵਿਸ਼ੇਸ਼ ਤੌਰ 'ਤੇ ਹਾਜ਼ਰੀ ਭਰੀ ਅਤੇ ਨਵ-ਵਿਆਹੁਤਾ, ਜੋੜਿਆਂ ਨੂੰ ਆਪਣਾ ਆਸ਼ੀਰਵਾਦ ਪ੍ਰਦਾਨ ਕਰਦਿਆਂ ਉਨ੍ਹਾਂ ਨੂੰ ਜ਼ਿੰਦਗੀ ਦੇ ਨਵੇਂ ਪੜਾਅ ਲਈ ਆਪਣੀਆਂ ਸ਼ੁਭਕਾਮਨਾਵਾਂ ਵੀ ਦਿੱਤੀਆਂ। ਇਸ ਮੌਕੇ ਜੌੜਾਮਾਜਰਾ ਨੇ ਸ਼ਿਵ ਸ਼ੰਕਰ ਸੇਵਾ ਦਲ ਵੱਲੋਂ ਕੀਤੇ ਜਾ ਰਹੇ ਸਮਾਜਿਕ ਅਤੇ ਧਾਰਮਿਕ ਕਾਰਜਾਂ ਦੀ ਸ਼ਲਾਘਾ ਕੀਤੀ। ਇਸ ਮੌਕੇ ਮੰਚ ਸੰਚਾਲਨ ਦੀ ਜ਼ਿੰਮੇਵਾਰੀ ਸੰਜੇ ਮੰਤਰੀ ਵੱਲੋਂ ਬਾਖ਼ੂਬੀ ਨਿਭਾਈ ਗਈ। ਇਸ ਮੌਕੇ ਪ੍ਰਧਾਨ ਰਮਨ ਮਹਿੰਦਰਾ, ਕਮਲ ਸ਼ਰਮਾ, ਹੈਪੀ ਸ਼ਰਮਾ, ਰਵੀ ਗਰਗ ਟੀਮਾ, ਰਣਜੀਤ ਰਾਣਾ, ਹਰਜਿੰਦਰ ਸਿੰਘ ਜਵੰਦਾ, ਰਾਹੁਲ ਗਰਗ ਰੌਕੀ, ਸ਼ਨੀ ਪੋਪਲੀ, ਸਾਹਿਲ ਭਟਨਾਗਰ, ਲੱਕੀ ਵਰਮਾ, ਰਾਕੇਸ਼ ਧੀਮਾਨ, ਅਮਿਤ ਧੀਮਾਨ, ਜੋਨੀ, ਕਰਨ ਬਜਾਜ, ਮਨੋਜ ਰਹੇਜਾ, ਸਾਗਰ ਕੁਮਾਰ, ਅਮਿਤ ਕੁਮਾਰ, ਮੋਹਨ ਲਾਲ, ਆਸ਼ੂ ਸਮਾਣਾ, ਸੰਦੀਪ ਧੀਮਾਨ, ਟਿੰਕਾ ਕੁਮਾਰ, ਰਾਕੇਸ਼ ਕੁਮਾਰ, ਰਿੰਕੂ ਸ਼ਰਮਾ, ਰਜਿੰਦਰ ਬਜਾਜ, ਅੰਸੂਲ ਜੈ ਸਿੰਘ, ਅਜੇ ਵੋਹਰਾ, ਦੀਪਕ ਗਰਗ ਅਤੇ ਵਿਕਾਸ ਕੁਮਾਰ ਆਦਿ ਵੀ ਮੌਜੂਦ ਰਹੇ।

## ਤੇਜ਼ ਮੋਟਰਸਾਈਕਲ ਦੀ ਟੱਕਰ ਨਾਲ ਜ਼ਖ਼ਮੀ, ਮਾਮਲਾ ਦਰਜ

ਪਟਿਆਲਾ, 6 ਮਈ (ਵਿਨੋਦ ਸ਼ਰਮਾ) : ਥਾਣਾ ਅਰਬਨ ਅਸਟੇਟ ਪਟਿਆਲਾ ਪੁਲਿਸ ਕੋਲ ਰਿੰਕੂ ਸਿੰਘ ਪੁੱਤਰ ਸਤਨਾਮ ਸਿੰਘ ਵਾਸੀ ਪਿੰਡ ਹਰੀਗੜ੍ਹ ਥਾਣਾ ਘਨੌਰ ਨੇ ਕਥਿਤ ਦੋਸ਼ੀ ਮੋਟਰਸਾਈਕਲ ਡਰਾਈਵਰ ਆਜਾਦ ਵਾਸੀ ਪੱਥਰ ਦੀ ਦੁਕਾਨ ਬੈਕਸਾਇਡ ਬਾਈਪਾਸ ਰੋਡ ਪਟਿਆਲਾ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਉਹ ਆਪਣੇ ਹੈਲਪਰ ਜੈ ਰਾਮ ਸਮੇਤ ਮੋਟਰਸਾਈਕਲ 'ਤੇ ਸਵਾਰ ਹੋ ਕੇ ਵਰਧਮਾਨ ਹਸਪਤਾਲ ਪਟਿਆਲਾ ਕੋਲ ਜਾ ਰਿਹਾ ਸੀ, ਜੋ ਕਥਿਤ ਦੋਸ਼ੀ ਡਰਾਇਵਰ ਨੇ ਆਪਣਾ ਮੋਟਰਸਾਈਕਲ ਤੇਜ ਰਫਤਾਰ ਤੇ ਲਾਪ੍ਰਵਾਹੀ ਨਾਲ ਲਿਆ ਕੇ ਉਸ ਦੇ ਵਿੱਚ ਮਾਰਿਆ, ਜੋ ਐਕਸੀਡੈਂਟ ਵਿੱਚ ਉਸ ਅਤੇ ਉਸ ਦੇ ਹੈਲਪਰ ਦੇ ਸੱਟਾਂ ਲੱਗੀਆਂ। ਪੁਲਿਸ ਨੇ ਧਾਰਾ 279,337, 427 ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ।



# ਪਟਿਆਲਾ-ਆਸ/ਪਾਸ



## ਸ਼ਹੀਦ ਕਰਤਾਰ ਸਿੰਘ ਸਰਾਭਾ ਵੈਲਫ਼ੇਅਰ ਟਰੱਸਟ ਵੱਲੋਂ ਵਿਸ਼ਵ ਪ੍ਰੈੱਸ ਆਜ਼ਾਦੀ ਦਿਵਸ ਨੂੰ ਸਮਰਪਿਤ ਭਾਸ਼ਣ ਮੁਕਾਬਲਾ ਤੇ ਸਨਮਾਨ ਸਮਾਰੋਹ

### ☛ਪੱਤਰਕਾਰੀ ਦੇ ਖੇਤਰ 'ਚ ਪ੍ਰਾਪਤੀਆਂ ਕਰਨ ਵਾਲੀਆਂ 18 ਸ਼ਖ਼ਸੀਅਤਾਂ ਦਾ ਸਨਮਾਨ



ਪਟਿਆਲਾ, 6 ਮਈ (ਚ.ਨ.ਸ.) : ਸ਼ਹੀਦ ਕਰਤਾਰ ਸਿੰਘ ਸਰਾਭਾ ਵੈਲਫੇਅਰ ਟਰੱਸਟ ਪਟਿਆਲਾ ਵੱਲੋਂ ਪਰਭਾਤ ਪਰਵਾਨਾ ਹਾਲ ਪਟਿਆਲਾ ਵਿਖੇ ਵਿਸ਼ਵ ਪ੍ਰੈੱਸ ਆਜ਼ਾਦੀ ਦਿਵਸ ਨੂੰ ਸਮਰਪਿਤ ਭਾਸ਼ਣ ਮੁਕਾਬਲਾ, ਸੈਮੀਨਾਰ ਅਤੇ ਪੰਜਵਾਂ ਸਨਮਾਨ ਸਮਾਰੋਹ ਕਰਵਾਇਆ ਗਿਆ। ਪ੍ਰੋਗਰਾਮ ਦੇ ਪਹਿਲੇ ਸੈਸ਼ਨ ਵਿੱਚ ਸਕੂਲਾਂ ਦੇ ਸੈਕੰਡਰੀ ਵਰਗ ਦੇ ਵਿਦਿਆਰਥੀਆਂ ਦਾ ਭਾਸ਼ਣ ਮੁਕਾਬਲਾ ਕਰਵਾਇਆ ਗਿਆ। ਇਸ ਭਾਸ਼ਣ ਮੁਕਾਬਲੇ ਵਿੱਚ ਪਟਿਆਲਾ ਸ਼ਹਿਰ ਦੇ 28 ਸਕੂਲਾਂ ਨੇ ਭਾਗ ਲਿਆ। ਵਿਦਿਆਰਥੀਆਂ ਨੇ ਪੱਤਰਕਾਰੀ ਨਾਲ ਸੰਬੰਧਿਤ ਵਿਸ਼ਿਆਂ ਪ੍ਰੈੱਸ ਦੀ ਆਜ਼ਾਦੀ ਦਾ ਮਹੱਤਵ, ਪੱਤਰਕਾਰੀ ਅਤੇ ਨੈਤਿਕਤਾ, ਪੱਤਰਕਾਰੀ: ਲੋਕਤੰਤਰ ਦਾ ਚੌਥਾ ਥੰਮ ਆਦਿ ਤੇ ਆਪਣੇ ਵਿਚਾਰ ਪੇਸ਼ ਕੀਤੇ। ਇਸ ਮੌਕੇ ਤੇ ਸਰਕਾਰੀ ਸਕੂਲਾਂ ਅਤੇ ਪ੍ਰਾਈਵੇਟ ਸਕੂਲਾਂ ਦਾ ਨਤੀਜਾ ਵੱਖਰਾ-ਵੱਖਰਾ ਤਿਆਰ ਕੀਤਾ ਗਿਆ। ਦੂਜੇ ਸੈਸ਼ਨ ਵਿੱਚ ਆਧੁਨਿਕ ਪੱਤਰਕਾਰੀ ਚੁਣੌਤੀਆਂ ਅਤੇ ਜ਼ਿੰਮੇਵਾਰੀਆਂ ਵਿਸ਼ੇ 'ਤੇ ਸੈਮੀਨਾਰ ਆਯੋਜਿਤ ਕੀਤਾ ਗਿਆ। ਇਸ ਮੌਕੇ 'ਤੇ ਪ੍ਰਧਾਨਗੀ ਮੰਡਲ ਵਿੱਚ ਭੂਪੇਸ਼ ਚੱਠਾ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ ਪਟਿਆਲਾ, ਡਾ.ਨੈਨਸੀ ਦਵਿੰਦਰ ਕੌਰ ਮੁਖੀ ਪੱਤਰਕਾਰੀ ਅਤੇ ਜਨ ਸੰਚਾਰ ਵਿਭਾਗ ਪੰਜਾਬੀ ਯੂਨੀਵਰਸਿਟੀ ਪਟਿਆਲਾ, ਸ.ਅਮਰਜੀਤ ਵੜੈਚ ਸਾਬਕਾ ਅਸਿਸਟੈਂਟ ਡਾਇਰੈਕਟਰ ਆਲ ਇੰਡੀਆ ਰੇਡੀਓ, ਡਾ.ਹਰਗੁਣਪ੍ਰੀਤ ਸਿੰਘ ਮੁਖੀ ਪੱਤਰਕਾਰੀ ਅਤੇ ਜਨ ਸੰਚਾਰ ਵਿਭਾਗ ਮਾਤਾ ਗੁਜਰੀ ਕਾਲਜ ਫਤਿਹਗੜ੍ਹ ਸਾਹਿਬ, ਡਾ. ਕੁਲਦੀਪ ਕੌਰ ਅਸਿਸਟੈਂਟ ਪ੍ਰੋਫੈਸਰ ਮੁਲਤਾਨੀ ਮੱਲ ਮੋਦੀ ਕਾਲਜ ਪਟਿਆਲਾ ਅਤੇ ਟਰੱਸਟ ਪ੍ਰਧਾਨ ਅਕਸ਼ੈ ਕੁਮਾਰ ਖਨੌਰੀ ਸ਼ਾਮਿਲ ਹੋਏ। ਟਰੱਸਟ ਦੇ ਪ੍ਰਧਾਨ ਅਕਸ਼ੈ ਕੁਮਾਰ ਖਨੌਰੀ ਨੇ ਆਏ ਮੁੱਖ ਮਹਿਮਾਨਾਂ ਨੂੰ ਗੁਲਦਸਤਾ ਭੇਟ ਕਰਕੇ ਸਵਾਗਤ ਕੀਤਾ ਅਤੇ ਟਰੱਸਟ ਵੱਲੋਂ ਕੀਤੇ ਜਾਂਦੇ ਸਮਾਜ ਸੇਵਾ ਦੇ ਕਾਰਜਾਂ ਬਾਰੇ ਦੱਸਿਆ। ਇਸ ਮੌਕੇ 'ਤੇ ਟਰੱਸਟ ਪ੍ਰਧਾਨ ਅਕਸ਼ੈ ਖਨੌਰੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਮੀਡੀਆ ਨੂੰ ਲੋਕਤੰਤਰ ਦਾ ਚੌਥਾ ਥੰਮ ਮੰਨਿਆ ਜਾਂਦਾ ਹੈ। ਇਸ ਮੌਕੇ 'ਤੇ ਪੰਜਾਬੀ ਜਾਗਰਣ ਤੋਂ ਨਵਦੀਪ ਢੀਂਗਰਾ, ਜਗਬਾਣੀ/ਪੰਜਾਬ ਕੇਸਰੀ ਤੋਂ ਰਾਜੇਸ਼ ਪੰਜੋਲਾ, ਚੜ੍ਹਦੀਕਲਾ ਤੋਂ ਗੁਰਮੁੱਖ ਸਿੰਘ ਰੁਪਾਣਾ, ਪੰਜਾਬੀ ਟ੍ਰਿਬਿਊਨ ਤੋਂ ਗੁਰਨਾਮ ਅਕੀਦਾ ਅਤੇ ਦਾ ਇੰਡੀਅਨ ਐਕਸਪ੍ਰੈਸ ਤੋਂ ਦਿੱਵਿਆ ਗੋਇਲ ਨੇ ਸੰਬੋਧਨ ਕੀਤਾ। ਇਸ ਮੌਕੇ 'ਤੇ ਟਰੱਸਟ ਵੱਲੋਂ ਪੱਤਰਕਾਰੀ ਦੇ ਖੇਤਰ ਵਿੱਚ ਪ੍ਰਾਪਤੀਆਂ ਕਰਨ ਵਾਲੀਆਂ 18 ਸ਼ਖ਼ਸੀਅਤਾਂ ਦਾ ਸਨਮਾਨ ਕੀਤਾ ਗਿਆ। ਇਸ ਮੌਕੇ 'ਤੇ ਪੱਤਰਕਾਰੀ ਦੇ ਖੇਤਰ ਵਿੱਚ ਨਵਦੀਪ ਢੀਂਗਰਾ ਜ਼ਿਲ੍ਹਾ ਇੰਚਾਰਜ ਪੰਜਾਬੀ ਜਾਗਰਣ, ਪਰਮੀਤ ਸਿੰਘ ਸੀਨੀਅਰ ਪੱਤਰਕਾਰ ਜਗਬਾਣੀ/ਪੰਜਾਬ ਕੇਸਰੀ, ਖੁਸ਼ਵੀਰ ਸਿੰਘ ਤੂਰ ਬਿਊਰੋ ਚੀਫ਼ ਰੋਜ਼ਾਨਾ ਸੱਚ ਕਹੂੰ, ਰਣਧੀਰ ਸਿੰਘ ਰਾਣਾ ਸੀਨੀਅਰ ਪੱਤਰਕਾਰ ਦੈਨਿਕ ਭਾਸਕਰ, ਗੁਰਨਾਮ ਸਿੰਘ ਅਕੀਦਾ ਸੀਨੀਅਰ ਪੱਤਰਕਾਰ ਅਤੇ ਲੇਖਕ, ਰਾਜੇਸ਼ ਪੰਜੋਲਾ ਬਿਊਰੋ ਚੀਫ਼ ਜੱਗਬਾਣੀ/ਪੰਜਾਬ ਕੇਸਰੀ, ਧਰਮਿੰਦਰ ਸਿੰਘ ਸਿੱਧੂ ਜ਼ਿਲ੍ਹਾ ਇੰਚਾਰਜ ਅਜੀਤ, ਗੁਰਮੁੱਖ ਸਿੰਘ ਰੁਪਾਣਾ ਵਿਸ਼ੇਸ਼ ਪ੍ਰਤੀਨਿਧ ਚੜ੍ਹਦੀਕਲਾ ਗਰੁੱਪ, ਸਰਬਜੀਤ ਸਿੰਘ ਭੰਗੂ ਜ਼ਿਲ੍ਹਾ ਕੋਆਰਡੀਨੇਟਰ ਪੰਜਾਬੀ ਟ੍ਰਿਬਿਊਨ ਪਟਿਆਲਾ, ਸੁਰੇਸ਼ ਕਾਮਰਾ ਜ਼ਿਲ੍ਹਾ ਇੰਚਾਰਜ ਦੈਨਿਕ ਸਵੇਰਾ, ਪਰਮਿੰਦਰ ਸਿੰਘ ਰਾਏਪੁਰ ਜ਼ਿਲ੍ਹਾ ਇੰਚਾਰਜ ਸਪੋਕਸਮੈਨ, ਦਿੱਵਿਆ ਗੋਇਲ ਪ੍ਰਮੁੱਖ ਪੱਤਰਕਾਰ ਦਾ ਇੰਡੀਅਨ ਐਕਸਪ੍ਰੈਸ, ਰਿੰਪੀ ਗੁਪਤਾ ਪੱਤਰਕਾਰ ਅਮਰ ਉਜਾਲਾ, ਗੌਰਵ ਸੂਦ ਪੱਤਰਕਾਰ ਦੈਨਿਕ ਜਾਗਰਣ, ਪਰਗਟ ਸਿੰਘ ਪੱਤਰਕਾਰ ਪੰਜਾਬੀ ਜਾਗਰਣ, ਨਰਿੰਦਰ ਬਠੋਈ ਪੱਤਰਕਾਰ ਸੱਚ ਕਹੂੰ, ਭੁਪਿੰਦਰਜੀਤ ਮੌਲਵੀਵਾਲਾ ਪੱਤਰਕਾਰ ਪੰਜਾਬੀ ਜਾਗਰਣ ਅਤੇ ਪਰਮਿੰਦਰ ਮੋਦਗਿੱਲ ਪੱਤਰਕਾਰ ਦੇਸ਼ ਸੇਵਕ ਦਾ ਟਰੱਸਟ ਵੱਲੋਂ ਸਨਮਾਨ ਕੀਤਾ ਗਿਆ। ਅੰਤ ਦੇ ਵਿੱਚ ਟਰੱਸਟ ਮੈਂਬਰ ਮੈਡਮ ਡਾ.ਕਿਰਨ ਸ਼ਰਮਾ ਨੇ ਸਭ ਦਾ ਧੰਨਵਾਦ ਕੀਤਾ। ਇਸ ਮੌਕੇ 'ਤੇ ਸਟੇਜ ਸਕੱਤਰ ਦੀ ਜ਼ਿੰਮੇਵਾਰੀ ਟਰੱਸਟ ਦੇ ਖਜਾਨਚੀ ਨਰਿੰਦਰ ਪਾਲ ਸਿੰਘ ਤੇ ਉਪ ਸਕੱਤਰ ਮੈਡਮ ਸੰਤੋਸ਼ ਸੰਧੀਰ ਨੇ ਬਾਖੂਬੀ ਨਿਭਾਈ। ਇਸ ਮੌਕੇ 'ਤੇ ਸਾਬਕਾ ਪੱਤਰਕਾਰ ਅਮਨ ਅਰੋੜਾ, ਸਾਬਕਾ ਪੱਤਰਕਾਰ ਹਰਿੰਦਰ ਸ਼ਾਰਦਾ, ਸਰਪੰਚ ਚਰਨਜੀਤ ਸਿੰਘ ਸੰਧੂ, ਮੈਡਮ ਹਰਲੀਨ ਕੌਰ, ਗਗਨਦੀਪ ਬਾਂਸਲ, ਟਰੱਸਟ ਮੈਂਬਰਜ਼ ਰਿੰਕੂ ਮੋਦਗਿੱਲ, ਦੀਪਕ ਭਾਰਦਵਾਜ, ਕੁਲਵਿੰਦਰ ਸਿੰਘ, ਪ੍ਰਿੰਯਕਾ ਸ਼ਰਮਾ, ਹਰਵਿੰਦਰ ਕੌਰ ਅਤੇ ਸੁਮਨ ਗੋਇਲ ਅਤੇ ਭਾਗ ਲੈਣ ਵਾਲੇ ਵਿਦਿਆਰਥੀਆਂ ਦੇ ਪਰਿਵਾਰਕ ਮੈਂਬਰ ਤੇ ਅਧਿਆਪਕ ਵੀ ਹਾਜ਼ਰ ਸਨ।

## ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ ਵਿਖੇ ਗੁਰਬਚਨ ਸਿੰਘ ਨੇ ਮੀਤ ਮੈਨੇਜਰ ਵਜੋਂ ਕਾਰਜਭਾਰ ਸੰਭਾਲਿਆ



ਪਟਿਆਲਾ, 6 ਮਈ (ਗੁਰਮੁੱਖ ਰੁਪਾਣਾ) : ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਪਾਵਨ ਅਸਥਾਨ ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਵਿਖੇ ਸ਼੍ਰੋਮਣੀ ਕਮੇਟੀ ਪ੍ਰਧਾਨ ਦੇ ਆਦੇਸ਼ਾਂ 'ਤੇ ਤਾਇਨਾਤ ਕੀਤੇ ਮੀਤ ਮੈਨੇਜਰ ਗੁਰਬਚਨ ਸਿੰਘ ਨੇ ਆਪਣੇ ਅਹੁਦੇ ਦਾ ਕਾਰਜਕਾਰ ਸੰਭਾਲ ਲਿਆ ਹੈ। ਇਸ ਦੌਰਾਨ ਉਚੇਚੇ ਤੌਰ 'ਤੇ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ, ਅੰਤ੍ਰਿੰਗ ਕਮੇਟੀ ਮੈਂਬਰ ਜਥੇਦਾਰ ਸੁਰਜੀਤ ਸਿੰਘ ਗੜ੍ਹੀ, ਹੈੱਡ ਗ੍ਰੰਥੀ ਭਾਈ ਪ੍ਰਨਾਮ ਸਿੰਘ, ਹੈੱਡ ਗ੍ਰੰਥੀ ਗਿਆਨੀ ਫੂਲਾ ਸਿੰਘ ਉਚੇਚੇ ਤੌਰ 'ਤੇ ਸ਼ਾਮਲ ਸਨ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮੈਨੇਜਰ ਭਾਗ ਸਿੰਘ, ਐਡੀਸ਼ਨਲ ਮੈਨੇਜਰ ਜਸਵਿੰਦਰ ਸਿੰਘ, ਮੀਤ ਮੈਨੇਜਰ ਆਤਮ ਪ੍ਰਕਾਸ਼ ਸਿੰਘ ਬੇਦੀ, ਮਨਦੀਪ ਸਿੰਘ ਭਲਵਾਨ, ਮੈਨੇਜਰ ਬਹਾਦਰਗੜ੍ਹ ਮਨਜੀਤ ਸਿੰਘ ਕੌਲੀ, ਭਾਈ ਸਰਬਜੀਤ ਸਿੰਘ, ਭਾਈ ਹਜ਼ੂਰ ਸਿੰਘ, ਮਨਜੀਤ ਸਿੰਘ ਪਵਾਰ ਤੇ ਸ਼੍ਰੋਮਣੀ ਕਮੇਟੀ ਦਾ ਸਮੁੱਚਾ ਸਟਾਫ਼ ਅਧਿਕਾਰੀ ਤੇ ਮੈਂਬਰ ਆਦਿ ਸ਼ਾਮਲ ਸਨ।

## ਪਟਿਆਲਾ, ਰਾਜਪੁਰਾ, ਸਮਾਣਾ ਅਤੇ ਨਾਭਾ ਵਿਖੇ ਨਿਆਇਕ ਅਦਾਲਤਾਂ ਦੇ ਬੈਂਚਾਂ ਦਾ ਗਠਨ 10 ਨੂੰ

ਪਟਿਆਲਾ, 6 ਮਈ (ਵਿਨੋਦ ਸ਼ਰਮਾ) : ਨੈਸ਼ਨਲ ਲੀਗਲ ਸਰਵਿਸਿਜ਼ ਅਥਾਰਟੀ, ਨਵੀਂ ਦਿੱਲੀ ਅਤੇ ਪੰਜਾਬ ਰਾਜ ਕਾਨੂੰਨ ਸੇਵਾਵਾਂ ਅਥਾਰਟੀ , ਮੋਹਾਲੀ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਪਰਸਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਪਟਿਆਲਾ ਸ੍ਰੀਮਤੀ ਰੁਪਿੰਦਰਜੀਤ ਚਾਹਲ ਦੀ ਯੋਗ ਅਗਵਾਈ ਹੇਠ ਨੈਸ਼ਨਲ ਲੋਕ ਅਦਾਲਤ ਦਾ ਆਯੋਜਨ 10 ਮਈ ਨੂੰ ਜ਼ਿਲ੍ਹਾ ਪਟਿਆਲਾ ਸਮੇਤ ਰਾਜਪੁਰਾ , ਸਮਾਣਾ ਅਤੇ ਨਾਭਾ ਵਿਖੇ ਨਿਆਂਇਕ ਅਦਾਲਤਾਂ ਦੇ ਬੈਂਚਾਂ ਦਾ ਗਠਨ ਕੀਤਾ ਜਾਵੇਗਾ ।ਇਸ ਆਯੋਜਨ ਵਿੱਚ ਚੈਕ ਬਾਊਂਸ ਕੇਸਾਂ, ਪੈਸੇ ਦੀ ਵਸੂਲੀ ਦੇ ਕੇਸ, ਲੇਬਰ ਅਤੇ ਰੁਜ਼ਗਾਰ ਝਗੜਿਆਂ ਦੇ ਕੇਸ, ਬਿਜਲੀ, ਪਾਣੀ ਦੇ ਬਿਲਾਂ ਅਤੇ ਹੋਰ ਬਿਲਾਂ ਦੇ ਭੁਗਤਾਨ ਦੇ ਕੇਸ (ਨਾਨ ਕੰਪਾਊਂਡੇਬਲ ਨੂੰ ਛੱਡ ਕੇ), ਰੱਖ ਰਖਾਅ ਦੇ ਕੇਸ, ਹੋਰ ਫੌਜਦਾਰੀ ਕੰਪਾਊਂਡੇਬਲ ਕੇਸ ਅਤੇ ਹੋਰ ਦੀਵਾਨੀ ਝਗੜੇ ਅਤੇ ਅਦਾਲਤਾਂ ਵਿੱਚ ਲੰਬਿਤ ਕੇਸਾਂ ਨਾਲ ਸਬੰਧਤ ਟ੍ਰਿਬਿਊਨਲ ਜਿਵੇਂ ਕਿ ਕ੍ਰਿਮੀਨਲ ਕੰਪਾਊਂਡੇਬਲ ਓਫੈਂਸ, ਚੈਕ ਬਾਊਂਸ ਕੇਸ, ਮਨੀ ਰਿਕਵਰੀ ਕੇਸ, ਐਮਏਸੀਟੀ ਕੇਸ, ਭੱਤਿਆਂ ਅਤੇ ਸੇਵਾਮੁਕਤੀ ਲਾਭਾਂ, ਮਾਲ ਕੇਸਾਂ ਆਦਿ ਨਾਲ ਸਬੰਧਤ ਕੇਸ ਵਿਚਾਰ ਜਾਣਗੇ ।ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਅਮਨਦੀਪ ਕੰਬੋਜ ਨੇ ਦੱਸਿਆ ਕਿ ਲੋਕ ਅਦਾਲਤਾਂ ਦਾ ਮੁੱਢਲਾ ਉਦੇਸ਼ ਸਮਝੌਤਿਆਂ ਰਾਹੀਂ ਝਗੜਿਆਂ ਨੂੰ ਸੁਲਝਾਉਣਾ ਹੈ।

## ਭਾਰਤੀ ਮਿਆਰ ਬਿਊਰੋ ਵੱਲੋਂ ਘਨੌਰ ਬਲਾਕ ਵਿਖੇ ਪੰਚਾਂ, ਸਰਪੰਚਾਂ ਅਤੇ ਸਕੱਤਰਾਂ ਲਈ ਜਾਗਰੂਕਤਾ ਪ੍ਰੋਗਰਾਮ




ਘਨੌਰ, 6 ਮਈ (ਮਦਨ ਲਾਲ) : ਭਾਰਤੀ ਮਿਆਰ ਬਿਊਰੋ (ਖਪਤਕਾਰ ਮਾਮਲੇ, ਖੁਰਾਕ ਅਤੇ ਜਨਤਕ ਵੰਡ ਮੰਤਰਾਲਾ, ਭਾਰਤ ਸਰਕਾਰ) ਵਲੋਂ ਬੀ ਡੀ ਪੀ ਦਫਤਰ ਘਨੌਰ ਵਿਖੇ ਪਰਵਾਣੂ ਬ੍ਰਾਂਚ ਦੇ ਡਾਇਰੈਕਟਰ ਸ੍ਰੀ ਐਸ ਸੀ ਨਾਇਕ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਕਿਸਾਨਾਂ ਲਈ ਖੇਤੀ ਦੇ ਅਧਾਰਿਤ ਅਤੇ ਹੋਰ ਲੋੜਾਂ ਅਨੁਸਾਰ ਜਾਗਰੂਕਤਾ ਪ੍ਰੋਗਰਾਮ ਕਰਵਾਇਆ ਗਿਆ ਜਿਸ ਵਿਚ ਤਕਰੀਬਨ 70 ਸਰਪੰਚਾਂ , ਪੰਚਾਂ ਅਤੇ ਸਕੱਤਰਾਂ ਨੂੰ ਜਾਣਕਾਰੀ ਅਧਾਰਿਤ ਈ- ਕਿਤਾਬਚਾ ਵੰਡਿਆ ਗਿਆ। ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਅਤੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਇਸ਼ਾ ਸਿੰਗਲ ਦੇ ਸਹਿਯੋਗ ਨਾਲ ਬਲਾਕ ਘਨੌਰ ਵਿਖੇ ਆਯੋਜਿਤ ਇਸ ਸਮਾਗਮ ਦੌਰਾਨ ਭਾਗੀਦਾਰਾਂ ਨੂੰ ਕਿਸੇ ਵੀ ਵਿਕਾਸ ਗਤੀਵਿਧੀ ਜਾਂ ਨਿੱਜੀ ਲੋੜਾਂ ਲਈ ਗੁਣਵੱਤਾ ਵਾਲੀਆਂ ਚੀਜ਼ਾਂ ਦੀ ਖਰੀਦ ਲਈ ਮਿਆਰਾਂ ਦੀ ਮਹੱਤਤਾ ਬਾਰੇ ਜਾਣੂ ਕਰਵਾਇਆ ਗਿਆ ਅਤੇ ਭਾਗੀਦਾਰਾਂ ਨੇ ਬੀ ਆਈ ਐਸ ਕੇਅਰ ਐਪ ਨੂੰ ਵੀ ਆਪਣੇ ਮੋਬਾਈਲ ਉੱਪਰ ਡਾਊਨਲੋਡ ਕੀਤਾ ਅਤੇ ਅਸਲ ਆਈ ਐਸ ਆਈ ਮਾਰਕ ਦੀ ਪ੍ਰਮਾਣਿਕਤਾ ਦੀ ਪੁਸ਼ਟੀ ਕਰਨ ਲਈ ਇਸ ਐਪ ਦੀ ਵਰਤੋਂ ਕਰਨਾ ਸਿੱਖਿਆ ਤਾਂ ਜੋ ਰੋਜ਼ਾਨਾ ਜੀਵਨ ਵਿੱਚ ਮਿਆਰਾਂ ਬਾਰੇ ਉਹਨਾਂ ਦੇ ਗਿਆਨ ਵਿੱਚ ਵਾਧਾ ਕੀਤਾ ਜਾ ਸਕੇ।ਭਾਗੀਦਾਰਾਂ ਦੀ ਰਜਿਸਟ੍ਰੇਸ਼ਨ ਕੀਤੀ ਗਈ ਅਤੇ ਬੀਆਈਐਸ ਦੁਆਰਾ ਪ੍ਰਦਾਨ ਕੀਤੀ ਗਈ ਸਰੋਤ ਸਮੱਗਰੀ ਭਾਗੀਦਾਰਾਂ ਵਿੱਚ ਵੰਡੀ ਗਈ। ਪ੍ਰੋਗਰਾਮ ਦੀ ਸ਼ੁਰੂਆਤ ਬੀ ਆਈ ਐਸ ਦੇ ਰਿਸੋਰਸ ਪਰਸਨ ਦੁਆਰਾ ਪੰਚਾਇਤ ਪੱਧਰ 'ਤੇ ਮਿਆਰਾਂ ਦੀ ਮਹੱਤਤਾ ਬਾਰੇ ਦੱਸ ਕੇ ਕੀਤੀ ਗਈ। ਭਾਗੀਦਾਰਾਂ ਨੂੰ ਦੱਸਿਆ ਗਿਆ ਕਿ ਭਾਰਤੀ ਮਿਆਰ ਬਿਊਰੋ ਵੱਲੋਂ ਗੁਣਵੱਤਾ ਵਾਲੇ ਉਤਪਾਦਾਂ ਨੂੰ ਉਤਸ਼ਾਹਿਤ ਕਰਨ ਲਈ ਵੱਖ-ਵੱਖ ਪੱਧਰਾਂ 'ਤੇ ਨਵੇਂ ਯਤਨ ਕੀਤੇ ਜਾ ਰਹੇ ਹਨ। ਭਾਗੀਦਾਰਾਂ ਨੇ ਵਰਕਸ਼ਾਪ ਦੌਰਾਨ ਪ੍ਰਾਪਤ ਕੀਤੀ ਜਾਣਕਾਰੀ ਦੀ ਪ੍ਰਭਾਵੀ ਵਰਤੋਂ ਕਰਨ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ। ਬੀ.ਡੀ.ਪੀ.ਓ.ਘਨੌਰ ਸਰਦਾਰ ਜਤਿੰਦਰ ਸਿੰਘ ਢਿੱਲੋਂ ਨੇ ਬੀ.ਆਈ.ਐਸ. ਦੇ ਰਿਸੋਰਸ ਪਰਸਨ ਸ਼੍ਰੀ ਦਲਬੀਰ ਸਿੰਘ ਦਾ ਜਾਗਰੂਕਤਾ ਪ੍ਰੋਗਰਾਮ ਲਈ ਧੰਨਵਾਦ ਕੀਤਾ। ਪ੍ਰੋਗਰਾਮ ਸਫਲਤਾਪੂਰਵਕ ਸੰਚਾਲਿਤ ਅਤੇ ਸੰਪੂਰਨ ਹੋਇਆ।

## ਪੰਜਾਬੀ ਯੂਨੀਵਰਸਿਟੀ ਵਿਖੇ 74 ਵਰਕਚਾਰਜ ਕਰਮਚਾਰੀਆਂ ਨੂੰ ਰੈਗੂਲਰ ਕਰਨ ਸਬੰਧੀ ਪ੍ਰਸ਼ਾਸਨ ਵੱਲੋਂ ਪੱਤਰ ਜਾਰੀ

### .ਗੈਰ ਅਧਿਆਪਨ ਕਰਮਚਾਰੀਆਂ ਦਾ ਭਵਿੱਖ ਸੁਰੱਖਿਅਤ ਕਰਨ ਲਈ ਵਾਈਸ ਚਾਂਸਲਰ ਅਤੇ ਰਜਿਸਟਰਾਰ ਵੱਲੋਂ ਲਿਆ ਫੈਸਲਾ ਸ਼ਲਾਘਾਯੋਗ : ਬਾਗੜੀਆਂ



ਪਟਿਆਲਾ, 6 ਮਈ (ਰੁਪਾਣਾ) : ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਗੈਰ ਅਧਿਆਪਨ ਕਰਮਚਾਰੀ ਸੰਘ ਦੇ ਆਗੂ ਰਾਜਿੰਦਰ ਸਿੰਘ ਬਾਗੜੀਆਂ ਦੀ ਅਗਵਾਈ ਹੇਠ ਵਰਕਚਾਰਜ ਕਰਮਚਾਰੀਆਂ ਦੀ ਵਿਸ਼ੇਸ਼ ਇਕੱਤਰਤਾ ਹੋਈ। ਪਿਛਲੇ ਦਿਨੀਂ ਪੰਜਾਬੀ ਯੂਨੀਵਰਸਿਟੀ ਵਿਖੇ ਗੈਰ ਅਧਿਆਪਨ ਕਰਮਚਾਰੀਆਂ ਵੱਲੋਂ ਲਗਾਏ ਧਰਨੇ ਦੌਰਾਨ ਪ੍ਰਸ਼ਾਸਨ ਵੱਲੋਂ ਸਿੰਡੀਕੇਟ ਕਰਵਾ ਕੇ 74 ਵਰਕਚਾਰਜ ਕਰਮਚਾਰੀਆਂ ਨੂੰ ਰੈਗੂਲਰ ਕਰਨ ਸਬੰਧੀ ਫੈਸਲਾ ਕੀਤਾ ਗਿਆ ਸੀ।ਜਿਸ 'ਤੇ ਅਮਲ ਕਰਦੇ ਹੋਏ ਯੂਨੀਵਰਸਿਟੀ ਪ੍ਰਸ਼ਾਸਨ ਵੱਲੋਂ ਅੱਜ 74 ਕਰਮਚਾਰੀਆਂ ਨੂੰ ਪੱਕਾ ਕਰਨ ਲਈ ਲਿਖਤੀ ਰੂਪ ਵਿੱਚ ਪੱਤਰ ਸਬੰਧਤ ਵਿਭਾਗਾਂ ਨੂੰ ਜਾਰੀ ਕਰ ਦਿੱਤਾ ਗਿਆ। ਰੈਗੂਲਰ ਹੋਣ ਦੀ ਖੁਸ਼ੀ ਸਾਂਝੀ ਕਰਦਿਆਂ ਕਰਮਚਾਰੀਆਂ ਵੱਲੋਂ ਆਗੂ ਰਾਜਿੰਦਰ ਸਿੰਘ ਬਾਗੜੀਆਂ ਦੀ ਅਗਵਾਈ ਹੇਠ ਰਜਿਸਟਰਾਰ ਸੰਜੀਵ ਪੁਰੀ ਦਾ ਵਿਸ਼ੇਸ਼ ਧੰਨਵਾਦ ਕੀਤਾ। ਰਾਜਿੰਦਰ ਸਿੰਘ ਬਾਗੜੀਆਂ ਅਤੇ ਪ੍ਰਕਾਸ਼ ਧਾਲੀਵਾਲ ,ਅਮਰਜੀਤ ਕੌਰ ਨੇ ਪ੍ਰਸ਼ਾਸਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਮਾਨਯੋਗ ਵਾਇਸ ਚਾਂਸਲਰ ਵੱਲੋਂ ਗੈਰ ਅਧਿਆਪਨ ਕਰਮਚਾਰੀਆਂ ਦੇ ਭਵਿੱਖ ਨੂੰ ਸੁਰੱਖਿਅਤ ਕਰਨ ਦਾ ਲਿਆ ਫੈਸਲਾ ਸ਼ਲਾਘਾਯੋਗ ਹੈ। ਕਰਮਚਾਰੀਆਂ ਦੇ ਰੈਗੂਲਰ ਹੋਣ ਨਾਲ ਉਨ੍ਹਾਂ ਦੇ ਪਰਿਵਾਰਾਂ ਨੂੰ ਬਹੁਤ ਵੱਡਾ ਲਾਭ ਮਿਲਿਆ ਹੈ। ਵਾਇਸ ਚਾਂਸਲਰ ਪ੍ਰੋ. ਕਰਮਜੀਤ ਸਿੰਘ ਵੱਲੋਂ ਪਿਛਲੇ ਦਿਨੀਂ ਹੋਈ ਸਿੰਡੀਕੇਟ ਦੌਰਾਨ ਵਰਕਚਾਰਜ ਤੋਂ ਰੈਗੂਲਰ ਕਰਨ ਅਤੇ ਮੁਲਾਜ਼ਮਾਂ ਨੂੰ ਸਕੱਤਰੇਤ ਪੇਅ ਦੇਣ ਦੇ ਅਹਿਮ ਫੈਸਲੇ 'ਤੇ ਮੋਹਰ ਲਗਾਈ ਗਈ ਸੀ। ਗੈਰ ਅਧਿਆਪਨ ਕਰਮਚਾਰੀਆਂ ਦੇ ਦੋ ਵੱਡੇ ਮਸਲੇ ਹੱਲ ਹੋਣ ਨਾਲ ਕਰਮਚਾਰੀਆਂ ਨੇ ਆਪਸ ਵਿੱਚ ਖੁਸ਼ੀ ਸਾਂਝੀ ਕੀਤੀ। ਕਰਮਚਾਰੀ ਆਗੂ ਰਾਜਿੰਦਰ ਸਿੰਘ ਬਾਗੜੀਆਂ ਅਤੇ ਸਮੂਹ ਮੈਂਬਰਾਂ ਨੇ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਕਰਮਚਾਰੀਆਂ ਦੀਆਂ ਤਰੱਕੀਆਂ, ਬਕਾਇਆ ਰਾਸ਼ੀ ਰਿਲੀਜ਼ ਕਰਨ, ਪ੍ਰੀਖਿਆ ਸ਼ਾਖਾ ਕਰਮਚਾਰੀਆਂ ਦੇ ਮਸਲਿਆਂ ਨੂੰ ਹੱਲ ਕਰਵਾਉਣ, ਸਮਾਂ ਪੂਰਾ ਕਰ ਚੁੱਕੇ ਰਹਿੰਦੇ ਕਰਮਚਾਰੀਆਂ ਨੂੰ ਰੈਗੂਲਰ ਕਰਵਾਉਣਾ ਬਾਗੜੀਆਂ ਗਰੁੱਪ ਦਾ ਮੁੱਖ ਏਜੰਡਾ ਰਹੇਗਾ। ਅੱਜ ਦੀ ਧੰਨਵਾਦੀ ਇਕੱਤਰਤਾ ਦੌਰਾਨ ਰਾਜਿੰਦਰ ਸਿੰਘ ਬਾਗੜੀਆਂ, ਪ੍ਰਕਾਸ਼ ਧਾਲੀਵਾਲ ,ਅਮਰਜੀਤ ਕੌਰ ਗਿੱਲ, ਨਵਦੀਪ ਸਿੰਘ ਚੰਨੀ, ਤੇਜਿੰਦਰ ਸਿੰਘ,ਪ੍ਰਭਜੋਤ ਸਿੰਘ, ਸੁਖਵਿੰਦਰ ਸਿੰਘ ਸੁੱਖੀ, ਜਗਤਾਰ ਸਿੰਘ ਸੈਣੀ,ਮੁਹੰਮਦ ਜ਼ਹੀਰ,ਲੱਖੀ ਰਾਮ, ਰਛਪਾਲ ਸਿੰਘ,ਸੰਤ ਰਾਮ ਤਲਵੰਡੀ ਸਾਬੋ, ਗੁਰਮੁੱਖ ਸਿੰਘ,ਗੁਰਪਿਆਰ ਸਿੰਘ, ਸੁਰੇਸ਼ ਸਿੰਘ, ਕਰਨੈਲ ਸਿੰਘ, ਸੋਹਣ ਸਿੰਘ,ਜੱਸੀ ਸਿੰਘ,ਕੇਵਲ ਸਿੰਘ, ਲਾਡੀ ਸਿੰਘ ਆਦਿ ਵੱਡੀ ਗਿਣਤੀ ਵਿੱਚ ਕਰਮਚਾਰੀ ਸ਼ਾਮਲ ਹੋਏ।

## ਸਰਕਾਰੀ ਸਕੂਲ ਦੋਦੜਾ ਨੂੰ ਇਨਵਰਟਰ ਦਾਨ




ਸਮਾਣਾ, 6 ਮਈ (ਜਵੰਦਾ) : ਰੋਟਰੀ ਕਲੱਬ ਸਮਾਣਾ ਸੈਂਟਰਲ ਅਤੇ ਸਤੀ ਮੰਦਿਰ ਮਹਿਲਾ ਸੰਕੀਰਤਨ ਮੰਡਲ ਸਮਾਣਾ ਵੱਲੋਂ ਸਰਕਾਰੀ ਐਲੀਮੈਂਟਰੀ ਸਕੂਲ ਦੋਦੜਾ ਨੂੰ ਇੱਕ ਇਨਵਰਟਰ ਦਾਨ ਕੀਤਾ ਗਿਆ। ਇਸ ਲਈ ਸਕੂਲ ਸਟਾਫ ਵੱਲੋਂ ਇਸ ਕਾਰ ਲਈ ਸੰਸਥਾਵਾਂ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਸ੍ਰੀ ਅਸ਼ੋਕ ਮੋਦਗਿੱਲ , ਪ੍ਰਦੀਪ ਗੋਇਲ ਮਿੰਕਾ ਅਤੇ ਡਾਕਟਰ ਰਾਜੇਸ਼ ਗੋਇਲ ਲੱਕੀ ਨੇ ਦੱਸਿਆ ਕਿ ਸਟੇਟ ਐਵਾਰਡੀ ਰਿਟਾਇਰਡ ਅਧਿਆਪਕ ਸ੍ਰੀ ਪਰਮਜੀਤ ਲਾਲ ਦੀ ਮੰਗ ਅਨੁਸਾਰ ਸਕੂਲ ਵਿਖੇ ਇਨਵਰਟਰ ਦੀ ਸੇਵਾ ਕੀਤੀ ਗਈ ਹੈ। ਉਨ੍ਹਾਂ ਸਕੂਲ ਸਟਾਫ਼ ਨੂੰ ਅੱਗੇ ਭਵਿੱਖ ਵਿੱਚ ਵੀ ਸੇਵਾਵਾਂ ਦੇਣ ਦਾ ਭਰੋਸਾ ਦਿਵਾਇਆ।ਇਸ ਮੌਕੇ ਮੈਂਬਰ ਭਾਰਤੀ ,ਰੈਲੀ ਸਿੰਗਲਾ ਅਤੇ ਸ਼੍ਰੀ ਵਿਪਨ ਕੁਮਾਰ ਗਰਗ ਪ੍ਰਧਾਨ ਹਿੰਦੂ ਸਮਾਜ ਸੇਵਾ ਆਦਿ ਤੋਂ ਇਲਾਵਾ ਅਧਿਆਪਕ ਸਾਹਿਬਾਨ ,ਮਿਡ ਡੇ ਮੀਲ ਵਰਕਰ ਅਤੇ ਸਕੂਲ ਦੇ ਬੱਚੇ ਹਾਜ਼ਰ ਸਨ।

## ਹੈਰੋਇਨ ਸਮੇਤ ਮੁਲਜ਼ਮ ਕਾਬੂ

ਸਮਾਣਾ, 6 ਮਈ (ਵਿਜੇ ਕੁਮਾਰ) : ਬਾਦਸ਼ਾਹਪੁਰ ਪੁਲਿਸ ਨੇ ਇੱਕ ਵਿਅਕਤੀ ਨੂੰ ਪੰਜ ਗ੍ਰਾਮ ਹੈਰੋਇਨ ਸਣੇ ਕਾਬੂ ਕਰਕੇ ਉਸ ਖਿਲਾਫ ਨਸ਼ਾ ਵਿਰੋਧੀ ਐਕਟ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ। ਮੁਲਜ਼ਮ ਦੀ ਪਹਿਚਾਣ ਤਾਰਾ ਸਿੰਘ ਵਾਸੀ ਪਾਤੜਾ ਵਜੋਂ ਹੋਈ। ਮਾਮਲੇ ਸਬੰਧੀ ਜਾਣਕਾਰੀ ਦਿੰਦਿਆਂ ਬਾਦਸ਼ਾਹਪੁਰ ਪੁਲਿਸ ਚੌਕੀ ਮੁੱਖੀ ਪ੍ਰੇਮ ਸਿੰਘ ਨੇ ਦੱਸਿਆ ਕਿ ਏ.ਐਸ.ਆਈ. ਗੁਰਦੇਵ ਸਿੰਘ ਸਣੇ ਪੁਲਿਸ ਪਾਰਟੀ ਬੱਸ ਅੱਡਾ ਕਲਵਾਣੂ ਮੌਜੂਦ ਸੀ, ਕਿ ਇਤਲਾਹ ਮਿਲੀ ਕਿ ਇੱਕ ਵਿਅਕਤੀ ਹੈਰੋਇਨ ਵੇਚਣ ਲਈ ਪਿੰਡ ਛਬੀਲਪੁਰ ਨੇੜੇ ਭਾਖੜਾ ਨਹਿਰ ਦੀ ਪਟੜੀ ਉੱਤੇ ਗਾਹਕਾ ਦਾ ਇੰਤਜ਼ਾਰ ਕਰ ਰਿਹਾ ਹੈ। ਪੁਲਿਸ ਨੇ ਰੇਡ ਕਰਕੇ ਕਥਿਤ ਮੁਲਜ਼ਮ ਤਾਰਾ ਸਿੰਘ ਵਾਸੀ ਹਰਮਨ ਨਗਰ ਪਾਤੜਾ ਨੂੰ ਪੰਜ ਗ੍ਰਾਮ ਹੈਰੋਇਨ ਸਣੇ ਕਾਬੂ ਕਰ ਲਿਆ। ਅਧਿਕਾਰੀ ਅਨੁਸਾਰ ਮੁਲਜ਼ਮ ਨੂੰ ਹੋਰ ਪੁੱਛ-ਗਿੱਛ ਲਈ ਮਾਨਯੋਗ ਅਦਾਲਤ 'ਚ ਪੇਸ਼ ਕਰ ਮਿਲੇ ਹੁਕਮਾਂ ਅਨੁਸਾਰ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ।

## ਮੋਟਰਸਾਈਕਲ ਚੋਰੀ

ਪਟਿਆਲਾ, 6 ਮਈ (ਵਿਨੋਦ ਸ਼ਰਮਾ) : ਥਾਣਾ ਲਾਹੌਰੀ ਗੇਟ ਪਟਿਆਲਾ ਪੁਲਿਸ ਕੋਲ ਸੰਦੀਪ ਪੁੱਤਰ ਮੁਖਤਿਆਰ ਸਿੰਘ ਵਾਸੀ ਮੁਹੱਲਾ ਦਾਰੂ ਕੁਟੀਆ ਪਟਿਆਲਾ ਨੇ ਅਦਪਛਾਤੇ ਵਿਅਕਤੀਆਂ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ ਕਿ ਉਸ ਨੇ ਆਪਣਾ ਮੋਟਰਸਾਈਕਲ ਜੋ ਕਿ ਵੱਡੀ ਬਾਰਾਦਰੀ ਗਾਰਡਨ ਪਟਿਆਲਾ ਦੇ ਬਾਹਰ ਖੜ੍ਹਾ ਕੀਤਾ ਸੀ, ਜਦੋਂ ਕੁੱਝ ਸਮੇਂ ਬਾਅਦ ਆ ਕੇ ਦੇਖਿਆ ਤਾਂ ਮੋਟਰਸਾਈਕਲ ਗਾਇਬ ਸੀ, ਜੋ ਕਿਸੇ ਅਣਪਛਾਤੇ ਵਿਅਕਤੀਆਂ ਨੇ ਚੋਰੀ ਕਰ ਲਿਆ। ਪੁਲਿਸ ਨੇ ਧਾਰਾ 303(2) ਬੀ.ਐਨ.ਐਸ. ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ।

## ਜ਼ਮੀਨ 'ਚ ਬਣਾਈ ਕੰਧ ਢਾਹ ਕੇ ਕਬਜ਼ੇ ਦੀ ਕੋਸ਼ਿਸ਼

ਪਟਿਆਲਾ, 6 ਮਈ (ਵਿਨੋਦ ਸ਼ਰਮਾ) : ਥਾਣਾ ਘੱਗਾ ਪੁਲਿਸ ਕੋਲ ਅਮਨਦੀਪ ਸਿੰਘ ਪੁੱਤਰ ਦਰਸ਼ਨ ਰਾਮ ਵਾਸੀ ਘੱਗਾ ਨੇ ਕਥਿਤ ਦੋਸ਼ੀਆਂ ਸੰਜੀਵ ਕੁਮਾਰ ਪੁੱਤਰ ਗਿਆਨ ਚੰਦ ਵਾਸੀ ਪੁੱਡਾ ਕਲੋਨੀ ਪਾਤੜਾਂ, ਜੁਗਲ ਕਿਸ਼ੋਰ ਪੁੱਤਰ ਕ੍ਰਿਸ਼ਨ ਚੰਦ (ਕਿਸ਼ੋਰ ਡੈਂਟਲ ਕਲੀਨਿਕ ਪਾਤੜਾਂ) ਵਾਸੀ ਪਟਿਆਲਾ ਰੋਡ ਪਾਤੜਾਂ ਅਤੇ 2 ਅਣਪਛਾਤੇ ਵਿਅਕਤੀਆਂ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਕਥਿਤ ਦੋਸ਼ੀਆਂ ਨੇ ਆਪਸ ਵਿੱਚ ਕਥਿਤ ਮਿਲੀ ਭੁਗਤ ਕਰਕੇ ਉਸ ਦੀ ਮਾਲਕੀ ਵਾਲੀ ਜ਼ਮੀਨ ਵਿੱਚ ਬਣਾਈ ਹੋਈ ਕੰਧ ਢਾਹ ਕੇ ਕਬਜਾ ਕਰਨ ਦੀ ਕੋਸ਼ਿਸ਼ ਕੀਤੀ ਅਤੇ ਉਸ 'ਤੇ ਉਸਦੇ ਪਰਿਵਾਰ ਨੂੰ ਜਾਨੋਂ ਮਾਰਨ ਦੀਆ ਧਮਕੀਆ ਵੀ ਦਿੱਤੀਆਂ। ਪੁਲਿਸ ਨੇ ਮਾਮਲਾ ਦਰਜ ਕਰ ਲਿਆ ਹੈ।

## ਜ਼ਿਲ੍ਹਾ ਭੱਠਾ ਮਾਲਕ ਐਸੋਸੀਏਸ਼ਨ ਦੀ ਮੀਟਿੰਗ

### 15 ਜੂਨ ਤੋਂ ਬਾਅਦ ਜ਼ਿਲ੍ਹੇ ਦੇ ਸਾਰੇ ਭੱਠੇ 6 ਮਹੀਨੇ ਲਈ ਰਹਿਣਗੇ ਬੰਦ



ਸਮਾਣਾ, 6 ਮਈ (ਵਿਜੇ ਕੁਮਾਰ) : ਮਾਈਨਿੰਗ ਅਤੇ ਜੀ.ਐਸ.ਟੀ. ਦੇ ਮੁੱਦੇ ਨੂੰ ਲੈ ਕੇ ਜ਼ਿਲ੍ਹਾ ਭੱਠਾ ਮਾਲਕ ਐਸੋਸੀਏਸਨ ਪਟਿਆਲਾ ਦੀ ਇਕ ਵਿਸ਼ੇਸ਼ ਮੀਟਿੰਗ ਜ਼ਿਲ੍ਹਾ ਸਰਪ੍ਰਸਤ ਯਸ਼ਪਾਲ ਸਿੰਗਲਾ ਅਤੇ ਪ੍ਰਧਾਨ ਹਰਸ਼ ਗੁਪਤਾ ਦੀ ਅਗਵਾਈ 'ਚ ਹੋਈ, ਜਿਸ ਵਿਚ ਭੱਠੇ ਚਲਾਉਣ ਵਿਚ ਆ ਰਹੀਆਂ ਮੁਸ਼ਕਲਾਂ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਮੌਕੇ ਵੱਖ-ਵੱਖ ਭੱਠਿਆਂ ਦੇ ਮਾਲਕਾਂ ਨੇ ਆਪਣੇ-ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਜੇ ਕਰ ਸਰਕਾਰ ਨੇ ਸਾਡੀਆਂ ਸਮੱਸਿਆਵਾਂ ਦਾ ਹੱਲ ਜਲਦੀ ਨਾ ਕੀਤਾ ਤਾਂ ਉਨ੍ਹਾਂ ਨੂੰ ਸੰਘਰਸ਼ ਵਿੱਢਣ ਲਈ ਮਜ਼ਬੂਰ ਹੋਣਾ ਪਵੇਗਾ ਅਤੇ 15 ਜੂਨ ਤੋਂ ਬਾਅਦ ਜ਼ਿਲ੍ਹੇ ਦੇ ਸਾਰੇ ਭੱਠੇ 6 ਮਹੀਨੇ ਲਈ ਬੰਦ ਕਰ ਦਿੱਤੇ ਜਾਣਗੇ। ਜ਼ਿਲ੍ਹੇ ਭਰ ਦੇ ਸਮੁੱਚੇ ਭੱਠਾ ਮਾਲਕਾਂ ਨੇ ਇਸ ਮੀਟਿੰਗ 'ਚ ਲਏ ਗਏ ਫੈਸਲਿਆਂ ਨੂੰ ਪੂਰਨ ਸਮਰਥਨ ਦੇਣ ਦਾ ਐਲਾਨ ਕੀਤਾ। ਇਸ ਮੌਕੇ ਜ਼ਿਲ੍ਹਾ ਸੰਗਰੂਰ ਤੋਂ ਜ਼ਿਲ੍ਹਾ ਪ੍ਰਧਾਨ ਸ੍ਰ: ਸੇਖੋਂ ਵੀ ਸ਼ਾਮਲ ਰਹੇ।

## ਬੁੱਢਾ ਦਲ ਪਬਲਿਕ ਸਕੂਲ ਪਟਿਆਲਾ ਨੇ ਮਨਾਇਆ ਆਪਣਾ 41ਵਾਂ ਸਥਾਪਨਾ ਦਿਵਸ




ਪਟਿਆਲਾ , 6 ਮਈ (ਚ.ਨ.ਸ.) ਬੁੱਢਾ ਦਲ ਪਬਲਿਕ ਸਕੂਲ, ਪਟਿਆਲਾ ਨੇ ਆਪਣੇ 41ਵੇਂ ਸਥਾਪਨਾ ਦਿਵਸ ਨੂੰ ਬੜੇ ਮਾਣ ਨਾਲ ਮਨਾਇਆ, ਜੋ ਕਿ ਸਿੱਖਿਆ ਅਤੇ ਸੰਪੂਰਨ ਵਿਕਾਸ ਵਿੱਚ ਚਾਰ ਦਹਾਕਿਆਂ ਤੋਂ ਵੱਧ ਸਮੇਂ ਦੀ ਉੱਤਮਤਾ ਨੂੰ ਦਰਸਾਉਂਦਾ ਹੈ। ਇਹ ਸ਼ਾਨਦਾਰ ਮੌਕਾ ਬਹੁਤ ਜੋਸ਼, ਉਤਸ਼ਾਹ ਅਤੇ ਸੱਭਿਆਚਾਰਕ ਪ੍ਰਦਰਸ਼ਨਾਂ ਨਾਲ ਮਨਾਇਆ ਗਿਆ। ਇਸ ਮੌਕੇ ਮੁੱਖ ਸਰਪ੍ਰਸਤ ਸਿੰਘ ਸਾਹਿਬ ਜੱਥੇਦਾਰ ਬਾਬਾ ਬਲਬੀਰ ਸਿੰਘ (ਅਕਾਲੀ) 96 ਕਰੋੜੀ ਨੇ ਵਿਦਿਆਰਥੀਆਂ ਅਤੇ ਸਟਾਫ ਨੂੰ ਦਿਲੋਂ ਸ਼ੁਭਕਾਮਨਾਵਾਂ ਅਤੇ ਅਸ਼ੀਰਵਾਦ ਦਿੱਤਾ। ਇਸ ਮੌਕੇ ਸਕੂਲ ਪ੍ਰਧਾਨ ਸੁਖਵਿੰਦਰਜੀਤ ਕੌਰ ਅਤੇ ਸ਼੍ਰੀਮਤੀ ਮਨਪ੍ਰੀਤ ਕੌਰ ਵਿਸ਼ੇਸ਼ ਤੌਰ 'ਤੇ ਸ਼ਾਮਲ ਸਨ। ਉਨ੍ਹਾਂ ਦੇ ਨਾਲ ਸਕੂਲ ਪ੍ਰਿੰਸੀਪਲ ਹਰਪ੍ਰੀਤ ਕੌਰ, ਅਮਨਦੀਪ ਕੌਰ ਪ੍ਰਿੰਸੀਪਲ, ਬੁੱਢਾ ਦਲ ਪਬਲਿਕ ਸਕੂਲ, ਸਮਾਣਾ ਅਤੇ ਭਾਰਤੀ ਕਵਾਤਰਾ ਇੰਚਾਰਜ, ਜੂਨੀਅਰ ਵਿੰਗ ਵੀ ਮੌਜੂਦ ਸਨ। ਸਕੂਲ ਕੈਂਪਸ ਨੂੰ ਰੰਗ-ਬਿਰੰਗੇ ਗੁਬਾਰਿਆਂ ਅਤੇ ਝੰਡਿਆਂ ਨਾਲ ਸਜਾਇਆ ਗਿਆ ਅਤੇ ਸਕੂਲ ਦੀ ਸੁੰਦਰਤਾ ਨੂੰ ਚਾਰ ਚੰਨ ਲਾ ਦਿੱਤੇ। ਸਕੂਲ ਪ੍ਰਧਾਨ ਸੁਖਵਿੰਦਰਜੀਤ ਕੌਰ, ਮਨਪ੍ਰੀਤ ਕੌਰ ਅਤੇ ਸਕੂਲ ਪ੍ਰਿੰਸੀਪਲ ਹਰਪ੍ਰੀਤ ਕੌਰ ਦੀ ਅਗਵਾਈ ਵਿੱਚ ਸਕੂਲ ਅਤੇ ਵਾਤਾਵਰਨ ਨੂੰ ਹਰਿਆ-ਭਰਿਆ ਰੱਖਣ ਦੀ ਮੁਹਿੰਮ ਤਹਿਤ ਰੁੱਖ ਲਗਾਏ ਗਏ। ਸਮਾਗਮ ਦੀ ਸ਼ੁਰੂਆਤ ਗੁਰਬਾਣੀ ਦੇ ਰਸ-ਭਿੰਨੇ ਕੀਰਤਨ ਨਾਲ ਹੋਈ। ਯਾਨਾਦੀਪ ਕੌਰ ਅਤੇ ਜਗਜੀਵਨ ਨੂੰ ਸੀਨੀਅਰ ਵਿੰਗ ਦੇ ਸਕੂਲ ਕੈਪਟਨ ਅਤੇ ਅਸ਼ਨੀਰ ਕੌਰ ਅਤੇ ਅਰਸ਼ਿੰਦਰ ਸਿੰਘ ਨੂੰ ਜੂਨੀਅਰ ਵਿੰਗ ਦੇ ਸਕੂਲ ਕੈਪਟਨ ਵਜੋਂ ਘੋਸ਼ਿਤ ਕੀਤਾ ਗਿਆ। ਇਸ ਮੌਕੇ ਵਿਦਿਆਰਥੀਆਂ ਦੁਆਰਾ ਕਰਾਸ ਕੰਟਰੀ ਤੋਂ ਇਲਾਵਾ ਦਸਤਾਰ ਮੁਕਾਬਲੇ ਅਤੇ ਗੱਤਕਾ ਕਰਵਾਇਆ ਗਿਆ।

## ਸ੍ਰੀ ਸਨਾਤਨ ਧਰਮ ਮਹਾਂਵੀਰ ਦਲ ਦੀ ਮੀਟਿੰਗ



ਨਾਭਾ, 6 ਮਈ (ਗੁਰਚਰਨ ਸਿੰਘ ਚੌਧਰੀਮਾਜਰਾ) : ਸ੍ਰੀ ਸਨਾਤਨ ਧਰਮ ਮਹਾਂਵੀਰ ਦਲ ਨਾਭਾ ਦੀ ਇੱਕ ਵਿਸ਼ੇਸ਼ ਮੀਟਿੰਗ ਨਾਭਾ ਦੇ ਪ੍ਰਧਾਨ ਅਮਰਦੀਪ ਆਹੂਜਾ ਦੀ ਅਗਵਾਈ ਹੇਠ ਹੋਈ। ਇਸ ਮੀਟਿੰਗ ਵਿਚ ਸ੍ਰੀ ਸਨਾਤਨ ਧਰਮ ਮਹਾਂਵੀਰ ਦਲ ਆਲ ਇੰਡੀਆ ਦੇ ਪ੍ਰਧਾਨ ਮਹੰਤ ਸਵਰੂਪ ਬਿਹਾਰੀ ਸ਼ਰਨ ਜੀ ਅਤੇ ਜ਼ਿਲ੍ਹਾ ਪਟਿਆਲਾ ਦੇ ਪ੍ਰਧਾਨ ਡਾ: ਸਤਪਾਲ ਅਗਰਵਾਲ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ ।ਇਸ ਮੌਕੇ ਜਿੱਥੇ ਮੈਂਬਰਾਂ ਨੇ ਪਿਛਲੇ ਸਮੇਂ ਵਿੱਚ ਲਗਾਏ ਗਏ ਲੰਗਰ ਵਿੱਚ ਆ ਰਹੀਆਂ ਸਮੱਸਿਆਵਾਂ 'ਤੇ ਚਰਚਾ ਕੀਤੀ, ਉੱਥੇ ਹੀ 2025 ਵਿੱਚ ਲਗਾਏ ਜਾਣ ਵਾਲੇ ਲੰਗਰ ਸਬੰਧੀ ਵੀ ਸਾਰੇ ਮੈਂਬਰਾਂ ਦੀਆਂ ਡਿਊਟੀਆਂ ਲਗਾਈਆਂ ਗਈਆਂ। ਇਸ ਮੌਕੇ 'ਤੇ ਅਖਿਲ ਭਾਰਤੀ ਮੁਖੀ ਮਹੰਤ ਸਵਰੂਪ ਬਿਹਾਰੀ ਸ਼ਰਨ ਨੇ ਕਿਹਾ ਕਿ ਜੋ ਵੀ ਸਮੱਸਿਆਵਾਂ ਹੋਣਗੀਆਂ। ਇਸ ਮੌਕੇ ਡਾ. ਸਤਪਾਲ ਅਗਰਵਾਲ ਨੇ ਸਾਰੇ ਮੈਂਬਰਾਂ ਦਾ ਧੰਨਵਾਦ ਕੀਤਾ। ਅੰਤ ਵਿੱਚ, ਜ਼ਿਲ੍ਹਾ ਪਟਿਆਲਾ ਮੁਖੀ ਅਤੇ ਨਾਭਾ ਮੁਖੀ ਅਮਰਦੀਪ ਆਹੂਜਾ ਅਤੇ ਨਾਭਾ ਸਮੂਹ ਦੇ ਮੈਂਬਰਾਂ ਵੱਲੋਂ, ਆਲ ਇੰਡੀਆ ਮੁਖੀ ਮਹੰਤ ਸਵਰੂਪ ਬਿਹਾਰੀ ਸ਼ਰਨ ਨੂੰ ਸਨਮਾਨਤ ਕੀਤਾ। ਇਸ ਮੌਕੇ ਡਾ: ਸਤ ਪਾਲ ਅਗਰਵਾਲ, ਅਮਰਦੀਪ ਆਹੂਜਾ, ਚਮਨ ਮਿੱਤਲ, ਪਵਨ ਸ਼ਰਮਾ, ਲਛਮਣ ਦਾਸ, ਕੇਵਲ ਸਿੰਘ, ਹੰਸ ਰਾਜ, ਹੈਪੀ, ਸੁਰੇਸ਼ ਗੁਪਤਾ, ਰਤਨ ਸ਼ਰਮਾ, ਧਰਮਿੰਦਰ ਵਰਮਾ, ਬੋਵੀ ਸ਼ਰਮਾ, ਰਾਕੇਸ਼ ਕੁਮਾਰ, ਰਾਜੇਸ਼ ਕੁਮਾਰ, ਵੋਨੀ, ਪਿਆਰਾ ਸਿੰਘ, ਚੰਦਰ ਪ੍ਰਕਾਸ਼, ਗਿਰਧਾਰੀ ਲਾਲ, ਚਮਨਕੋਰ ਸਿੰਘ, ਸੁਮਿਤ, ਕੁਮਾਰ ਸ਼ਰਮਾ ਹੈਪੀ ਦੁਗਲ ਹਾਜ਼ਰ ਸਨ।

## ਮਾਤਾ ਗੁਜਰੀ ਸਕੂਲ 'ਚ ਸੈਮੀਨਾਰ ਕਰਵਾਇਆ



ਦੇਵੀਗੜ੍ਹ, 6 ਮਈ (ਗੁਰਜੀਤ ਸਿੰਘ ਢੋਟ) : ਪੰਜਾਬ ਸਰਕਾਰ ਵੱਲੋਂ ਚਲਾਈ ਗਈ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਅਤੇ ਸੇਫ ਸਕੂਲ ਵਾਹਨ ਤਹਿਤ ਮਾਤਾ ਗੁਜਰੀ ਸੀਨੀਅਰ ਸੈਕੰਡਰੀ ਸਕੂਲ ਵਿਖੇ ਐਸ.ਡੀ.ਐਮ. ਕਿਰਪਾਲਵੀਰ ਸਿੰਘ ਦੀ ਅਗਵਾਈ ਹੇਠ ਸੈਮੀਨਾਰ ਕਰਵਾਇਆ ਗਿਆ। ਇਸ ਸੈਮੀਨਾਰ ਵਿੱਚ ਪਟਿਆਲਾ ਹਲਕੇ ਦੇ ਸਾਰੇ ਪ੍ਰਾਈਵੇਟ ਸਕੂਲਾਂ ਦੇ ਪ੍ਰਿੰਸੀਪਲ ਸਾਹਿਬਾਨ ਹਾਜ਼ਰ ਹੋਏ ।ਸ. ਕਿਰਪਾਲਵੀਰ ਸਿੰਘ ਨੇ ਉਹਨਾਂ ਨੂੰ ਦੱਸਿਆ ਕਿ ਬੱਚਿਆਂ ਦੀ ਸੁਰੱਖਿਆ ਬਹੁਤ ਹੀ ਜ਼ਰੂਰੀ ਹੈ । ਸਕੂਲ ਦੀਆਂ ਕੰਟੀਨਾਂ ਸਾਫ ਸੁਥਰੀਆਂ ਹੋਣੀਆਂ ਚਾਹੀਦੀਆਂ ਹਨ।ਡੀ.ਈ.ਓ.ਸੈਕੰਡਰੀ ਸੰਜੀਵ ਕੁਮਾਰ ਨੇ ਵੀ ਦੱਸਿਆ ਕਿ ਸਕੂਲ ਦੇ ਸਾਰੇ ਪੋਰਟਲ ਅਪਡੇਟ ਹੋਣੇ ਚਾਹੀਦੇ ਹਨ ਬੱਚਿਆਂ ਨੂੰ ਸਮੇਂ ਸਮੇਂ 'ਤੇ ਵਾਹਨ ਸੇਫਟੀ ਸਬੰਧੀ ਜਾਣਕਾਰੀ ਦਿੱਤੀ ਜਾਣੀ ਚਾਹੀਦੀ ਹੈ ।ਟਰੈਫਿਕ ਇੰਚਾਰਜ ਤਰਸੇਮ ਸਿੰਘ ਨੇ ਸਾਰੇ ਪ੍ਰਿੰਸੀਪਲਾਂ ਨੂੰ ਟਰੈਫਿਕ ਨਿਯਮਾਂ ਦੇ ਬਾਰੇ ਜਾਣੂ ਕਰਵਾਇਆ। ਇਸ ਸੈਮੀਨਾਰ ਦੇ ਵਿੱਚ ਡਿਪਟੀ ਡੀਈਓ ਰਵਿੰਦਰ ਪਾਲ ਸ਼ਰਮਾ ਜੂਨੀਅਰ ਅਸਿਸਟੈਂਟ ਡੀਈਓ ਸੁਖਬੀਰ ਸਿੰਘ ਟਰੈਫਿਕ ਇੰਚਾਰਜ ਤਰਸੇਮ ਸਿੰਘ , ਡਾਇਰੈਕਟ ਸਰਦਾਰ ਭੁਪਿੰਦਰ ਸਿੰਘ ਅਤੇ ਪ੍ਰਿੰਸੀਪਲ ਸਾਹਿਬਾਨ ਹਾਜ਼ਰ ਹੋਏ।

## ਕੀਮਤੀ ਜਾਨਾਂ ਬਚਾਉਣ ਦੀ ਮੌਕ ਡਰਿੱਲ ਅੱਜ



ਪਟਿਆਲਾ, 6 ਮਈ (ਚ.ਨ.ਸ.) : ਭਾਰਤ ਅਤੇ ਪੰਜਾਬ ਸਰਕਾਰ ਵੱਲੋਂ ਅੱਜ 7 ਮਈ ਨੂੰ ਦੇਸ਼ ਦੇ ਹਰੇਕ ਜ਼ਿਲ੍ਹੇ ਅੰਦਰ ਜੰਗਾਂ ਅਤੇ ਕੁਦਰਤੀ ਆਪਦਾਵਾਂ ਦੌਰਾਨ ਕੀਮਤੀ ਜਾਨਾਂ ਬਚਾਉਣ ਦੀ ਟ੍ਰੇਨਿੰਗ ਅਤੇ ਮੌਕ ਡਰਿੱਲਾਂ ਕਰਵਾਉਣ ਦੇ ਨਿਰਦੇਸ਼ ਦਿੱਤੇ ਹਨ। ਇਸ ਸਬੰਧੀ ਭਾਰਤ ਸਰਕਾਰ ਦੇ ਆਫ਼ਤ ਪ੍ਰਬੰਧਨ, ਸਿਵਲ ਡਿਫੈਂਸ, ਫਸਟ ਏਡ ਟ੍ਰੇਨਰ ਅਤੇ ਫਸਟ ਏਡ, ਸੇਫਟੀ ਸਿਹਤ, ਜਾਗਰੂਕਤਾ ਮਿਸ਼ਨ ਦੇ ਚੀਫ ਟ੍ਰੇਨਰ ਸ੍ਰੀ ਕਾਕਾ ਰਾਮ ਵਰਮਾ ਵਲੋ ਕੁਝ ਹਸਪਤਾਲਾਂ, ਸਿੱਖਿਆ ਸੰਸਥਾਵਾਂ ਅਤੇ ਫੈਕਟਰੀਆਂ ਵਿਖੇ ਕਈ ਵਾਰ ਆਫ਼ਤ ਪ੍ਰਬੰਧਨ ਸਿਵਲ ਡਿਫੈਂਸ ਫਸਟ ਏਡ ਫਾਇਰ ਸੇਫਟੀ ਦੀ ਟ੍ਰੇਨਿੰਗ ਦੇ ਕੇ ਮੌਕ ਡਰਿੱਲਾਂ ਕਰਵਾਈਆਂ ਗਈਆਂ ਹਨ। ਕਾਕਾ ਰਾਮ ਵਰਮਾ ਨੇ ਦੱਸਿਆ ਕਿ 8 ਪ੍ਰਕਾਰ ਦੀਆਂ ਟੀਮਾਂ ਬਣਾ ਕੇ ਟ੍ਰੇਨਿੰਗ, ਅਭਿਆਸ ਕਰਵਾਕੇ, ਮੌਕ ਡਰਿੱਲਾਂ ਕਰਵਾਈਆਂ ਜਾਂਦੀਆਂ ਹਨ। ਵਿਸ਼ਵ ਰੈਡ ਕਰਾਸ ਅਤੇ ਨਰਸਿੰਗ ਦਿਵਸ ਦੇ ਸਬੰਧ ਵਿੱਚ ਉਨ੍ਹਾਂ ਵੱਲੋਂ ਵੀਰ ਹਕੀਕਤ ਰਾਏ ਮਾਡਲ ਸੀਨੀਅਰ ਸੈਕੰਡਰੀ ਸਕੂਲ ਪਟਿਆਲਾ ਦੇ ਐਨ ਸੀ ਸੀ ਕੇਡਿਟਜ, ਐਨ.ਐਸ.ਐਸ. ਵੰਲਟੀਅਰਾਂ, ਸਕਾਊਟ ਗਾਈਡ ਅਤੇ ਪੰਜਾਬ ਰੈਡ ਕਰਾਸ ਸਾਕੇਤ ਹਸਪਤਾਲ ਦੇ ਕਰਮਚਾਰੀਆਂ ਦੀ ਸਹਾਇਤਾ ਨਾਲ, 7 ਮਈ ਨੂੰ ਸਵੇਰੇ 9 ਵਜੇ ਵੀਰ ਹਕੀਕਤ ਰਾਏ ਸਕੂਲ ਵਿਖੇ ਮੌਕ ਡਰਿੱਲਾਂ ਕਰਵਾਈਆਂ ਜਾਣਗੀਆਂ। ਉਨ੍ਹਾਂ ਨੇ ਕਿਹਾ ਕਿ ਸਕੂਲ ਦੇ ਪ੍ਰਿੰਸੀਪਲ ਸਰਲਾ ਭਟਨਾਗਰ ਵਲੋਂ ਪੂਰਨ ਸਹਿਯੋਗ ਦਿੱਤਾ ਜਾ ਰਿਹਾ ਹੈ ਜਦਕਿ ਕੁਝ ਹੋਰ ਸੰਸਥਾਵਾਂ ਵੀ, ਮੌਕ ਡਰਿੱਲਾਂ ਕਰਵਾਉਣ ਲਈ ਸਪੰਰਕ ਕਰ ਰਹੀਆਂ ਹਨ। ਇਨ੍ਹਾਂ ਵਿਦਿਆਰਥੀਆਂ ਦੀ ਸਹਾਇਤਾ ਨਾਲ ਇਸ ਤਰ੍ਹਾਂ ਦੀਆਂ ਮੌਕ ਡਰਿੱਲਾਂ ਪਬਲਿਕ ਸਥਾਨਾਂ ਅਤੇ ਸਿਖਿਆ ਸੰਸਥਾਵਾਂ ਵਿਖੇ ਵੀ ਪ੍ਰਸ਼ਾਸਨ ਦੇ ਸਹਿਯੋਗ ਨਾਲ ਕਰਵਾਈਆਂ ਜਾ ਸਕਦੀਆਂ ਹਨ।

## ਦਿਵਿਆਂਗਜਨ ਵਿਅਕਤੀਆਂ ਨੂੰ ਸਹਾਇਕ ਉਪਕਰਨ ਅੱਜ ਵੰਡੇ ਜਾਣਗੇ : ਡੀ.ਸੀ.

ਮਲੇਰਕੋਟਲਾ, 6 ਮਈ (ਚ.ਨ.ਸ.) : ਡਿਪਟੀ ਕਮਿਸ਼ਨਰ ਵਿਰਾਜ ਐਸ ਤਿੜਕੇ ਦੇ ਦਿਸ਼ਾ ਨਿਰਦੇਸ਼ਾਂ ਹੇਠ ਰੈੱਡ ਕਰਾਸ ਜ਼ਿਲ੍ਹਾ ਵਿਕਲਾਂਗ ਪੁਨਰਵਾਸ ਕੇਂਦਰ, ਸੰਗਰੂਰ, ਜ਼ਿਲ੍ਹਾ ਸਮਾਜਿਕ ਸੁਰਖਿਆ ਅਫਸਰ, ਮਾਲੇਰਕੋਟਲਾ ਅਤੇ ਅਲਿਮਕੋ ਮੋਹਾਲੀ ਦੇ ਸਹਿਯੋਗ ਨਾਲ 7 ਮਈ ਨੂੰ ਕਾਲੀ ਦੇਵੀ ਮੰਦਿਰ, ਨੇੜੇ ਬੱਸ ਸਟੈਂਡ, ਮਾਲੇਰਕੋਟਲਾ ਵਿਖੇ ਦਿਵਿਆਂਗਜਨ ਵਿਅਕਤੀਆਂ ਨੂੰ ਸਹਾਇਕ ਉਪਕਰਨ ਵੰਡਣ ਲਈ ਕੈਂਪ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਸ ਗੱਲ ਦੀ ਜਾਣਕਾਰੀ ਜਿਲ੍ਹਾ ਸਮਾਜਿਕ ਸੁਰਖਿਆ ਅਫਸਰ, ਮਾਲੇਰਕੋਟਲਾ ਜਸਵੀਰ ਕੌਰ ਨੇ ਦਿੱਤੀ । ਉਨ੍ਹਾਂ ਕਿਹਾ ਕਿ ਇਸ ਕੈਂਪ ਵਿਚ ਵਿਧਾਇਕ ਮਾਲੇਰਕੋਟਲਾ ਡਾ ਜਮੀਲ ਉਰ ਰਹਿਮਾਨ ਮੁੱਖ ਮਹਿਮਾਨ ਵੱਜੋਂ ਸਿਰਕਤ ਕਰਨਗੇ। ਉਨ੍ਹਾਂ ਹੋਰ ਦੱਸਿਆ ਕਿ ਬੀਤੀ ਨਵੰਬਰ ਵਿੱਚ ਇੱਕ ਅਸੈਸਮੈਂਟ ਕੈਂਪ ਲਗਾਇਆ ਗਿਆ ਸੀ, ਜਿਸ ਵਿਚ ਕੁੱਲ 149 ਵਿਅਕਤੀਆਂ ਦੀ ਸਨਾਖਤ ਕੀਤੀ ਗਈ ਸੀ। ਜਿਹਨਾਂ ਵਿੱਚੋਂ 106 ਅਡਿਪ ਸਕੀਮ ਅਧੀਨ ਅਤੇ 43 ਸੀਨੀਅਰ ਸਿਟੀਜ਼ਨ ਵੱਜੋਂ ਸਨਾਖਤ ਕੀਤੀ ਗਈ ਸੀ। ਇਸ ਵਿਚ ਮੋਟਰਾਈਜਡ ਟਰਾਈਸਾਇਕਲ 37, ਟਰਾਈਸਾਇਕਲ 14, ਵਹੀਲ ਚੇਅਰ 28, ਕੰਨਾਂ ਵਾਲੀਆ ਮਸ਼ੀਨਾਂ 66, ਸਮਾਰਟ ਫੋਨ 6, ਸਮਾਰਟ ਕੈਨ 6, ਸੀ.ਪੀ ਕੁਰਸੀਆਂ 1, ਫੌੜੀਆਂ 28, ਵਾਕਿੰਗ ਸਟੀਕ 17, ਨਕਲੀ ਅੰਗ - 6, ਕੈਲੀਪਰ -12 ਆਦਿ ਸਮਾਨ ਦੀ ਵੰਡ ਕੀਤੀ ਜਾਵੇਗੀ।